ਪਰਚਾਰਕ ਗਾਈਡ

ਅਰਥਾਤ

ਗੁਰਮਤਿ ਸਿਧਾਂਤ ਤੇ ਕੌਮਾਂਤ੍ਰੀ ਵਿਚਾਰਧਾਰਾ

ਲੇਖਕ ਤੇ ਪਰਕਾਸ਼ਕ

ਗਿਆਨੀ ਲਾਲ ਸਿੰਘ ਜੀ

ਜਨਕ ਪੁਸਤਕ ਭੰਡਾਰ,
ਸੰਗਰੂਰ

ਕੀਮਤ ੫-੦੦

ਗਿਆਨੀ ਲਾਲ ਸਿੰਘ ਰਚਿਤ ਗਰੰਥ

੧. ਸ੍ਰਿਸ਼ਟੀ ਰਚਨਾ ।
੨. ਗੁਰਮਤਿ ਮਾਰਤੰਡ (ਦੋ ਭਾਗ) ਆਦਿ ਤੇ ਦਸਮ ਗਰੰਥ ।
੩. ਸਿਖ ਕਾਨੂੰਨ ।
੪. ਦਸਾਂ ਗੁਰਾਂ ਦਾ ਜੀਵਨ ਬਿਰਤਾਂਤ ।
੫. ਤਵਾਰੀਖ ਗੁਰੂ ਖਾਲਸਾ ਪੰਥ ।
੬. ਗੁਰ ਗਿਰਾ ਕਸੌਟੀ ਤੇ ਗੁਰਮਤਿ ਕਸੌਟੀ ।
੭. ਖਾਲਸਾ ਮ੍ਰਯਾਦਾ ਪ੍ਰਕਾਸ਼ ਤੇ ਸਿਖਾਂ ਦੀ ਰਹੁ ਰੀਤੀ ।
੮. ਗੁਰੂ ਗਰੰਥ ਸਾਹਿਬ ਜੀ ਦੇ ਕਠਨ ਪਾਠਾਂ ਤੇ ਅਰਥਾਂ ਦੀ ਕੁੰਜੀ ।
੯. ਹਮ ਹਿੰਦੂ ਨਹੀਂ ਅਥਵਾ ਅਨਮਤਿ ਖੰਡਨ ।
੧੦. ਖਾਲਸਾ ਨੀਤੀ ਧਰਮ ਸ਼ਾਸਤਰ ।
੧੧. ਸਿੱਖਾਂ ਨੇ ਰਾਜ ਕਿਵੇਂ ਲਿਆ ।
੧੨. ਖਾਲਸਾ ਦਰਬਾਰ ।
੧੩. ਸਿੱਖ ਰਾਜ ਕਿਵੇਂ ਗਿਆ ।
੧੪. ਕਕਾਰ ਫਿਲਾਸਫੀ ।
੧੫. ਗੁਰਮਤਿ ਤੇ ਭਗਤ ਮਤਿ ।
੧੬. ਪ੍ਰਚਾਰਕ ਗਾਈਡ ।

ਇਤਆਦਿ ਸੱਤਰ ਗਰੰਥ ਹਨ । ਜੋ ਕਈ ਐਡੀਸ਼ਨ ਵਿਚ ਛਪ ਚੁਕੇ ਹਨ । ਮੰਗਵਾਉਣ ਦਾ ਪਤਾ :–

ਜਨਕ ਪੁਸਤਕ ਭੰਡਾਰ ਸੰਗਰੂਰ

ੴ

ਮੁੱਖ ਸ਼ਬਦ

ਪਰਚਾਰ ਕਰਨਾ ਇਕ ਵਿਸ਼ੇਸ਼ ਆਰਟ ਹੈ, ਪਰ ਇਹ ਹਰ ਇਕ ਦੇ ਹਿਸੇ ਨਹੀਂ ਆਇਆ। ਇਹ ਤਾਂ ਕੁਦਰਤੀ ਦਾਤ ਹੈ! ਵਾਹਿਗੁਰੂ ਜਾਣੇ ਕਿਸ ਨੂੰ ਕਦੋਂ ਪਰਾਪਤ ਹੋ ਜਾਵੇ। ਇਤਨਾ ਕੁਝ ਹੁੰਦਿਆਂ ਹੋਇਆਂ. ਪਰਾਪੇਗੰਡੇ ਦਾ ਸਮਾਂ ਆ ਜਾਣ ਦੇ ਕਾਰਨ, ਦਿਨੋ ਦਿਨ ਪਰਚਾਰ ਦੀ ਲੋੜ ਹਰ ਵੇਲੇ ਭਾਸਣ ਲਗੀ। ਪ੍ਰਚਾਰਕਾਂ ਦਾ ਬੋਲ ਬਾਲਾ ਹੋਣ ਲਗ ਪਿਆ। ਅਫਸੋਸ ਕਿ ਇਨ੍ਹਾਂ ਦੀ ਸਹਾਇਤਾ ਲਈ ਕੋਈ ਪੁਸਤਕ, ਅਤੇ ਸਹਾਇਕ ਸਾਮੱਗਰੀ ਨਹੀਂ ਸੀ, ਜਿਸ ਦੀ ਰੋਸ਼ਨੀ ਵਿਚ ਪਰਚਾਰਕ ਆਪਣੇ ਮਿਸ਼ਨ ਦੀ ਪੂਰਤੀ ਕਰ ਸਕਣ।

ਇਸ ਘਾਟੇ ਨੂੰ ਪੂਰਾ ਕਰਨ ਲਈ, ਪ੍ਰਸਿੱਧ ਵਿਦਵਾਨ ਕਈ ਪੁਸਤਕਾਂ ਦੇ ਕਰਤਾ, ਸ੍ਰੀ ਮਾਨ ਗਿਆਨੀ ਲਾਲ ਸਿੰਘ ਜੀ ਨੇ ਇਹ ਗਾਈਡ ਤਿਆਰ ਕੀਤੀ ਹੈ। ਕਰਤਾ ਨੇ ਆਪਣੇ ਸਾਰੇ ਜੀਵਨ ਦਾ ਨਿਚੋੜ ਇਸ ਪੁਸਤਕ ਵਿਚ ਭਰ ਕੇ ਪਰਚਾਰਕਾਂ ਦੇ ਰਾਹ ਵਿਚ ਆਈਆਂ ਔਕੜਾਂ ਦੂਰ ਕਰ ਦਿਤੀਆਂ ਹਨ।

ਪੁਸਤਕ ਵਿਚ ਜਿਥੇ ਪ੍ਰਚਾਰਕ ਨੂੰ ਆਪਣੀ ਨਿਜੀ ਤਿਆਰੀ ਬਾਰੇ ਸੰਕੇਧਿਆ ਹੈ, ਉਥੇ ਹਰ ਪਰਕਾਰ ਦਾ ਪਦਾਰਥ ਸੁਚੱਜਤਾ ਨਾਲ ਪਰੋਸ ਕੇ ਕਾਗਜ਼ ਦੀ ਛਾਤੀ ਤੇ ਰੱਖ ਦਿਤਾ ਹੈ, ਜਿਸ ਦੀ

ਸਹਾਇਤਾ ਨਾਲ ਹਰ ਕਿਸਮ ਦੇ ਪਰਚਾਰਕਾਂ ਦੀਆਂ ਲਗ ਪਗ ਸਾਰੀਆਂ ਮੁਸ਼ਕਲਾਂ ਦੂਰ ਹੋ ਜਾਂਦੀਆਂ ਹਨ।

ਮੈਂ ਪਰਚਾਰਕ ਸਾਹਿਬਾਨ ਨੂੰ ਸਚੇ ਦਿਲੋਂ ਸਲਾਹ ਦੇਵਾਂਗਾ ਕਿ ਇਸ ਅਮੋਲਕ ਪੁਸਤਕ ਨੂੰ ਪੜ੍ਹ ਕੇ, ਸਚੇ ਅਰਥਾਂ ਵਿਚ ਪਰਚਾਰਕ ਬਣਦੇ ਹੋਏ ਸਰੋਤਿਆਂ ਦੀਆਂ ਖੁਸ਼ੀਆਂ ਪਰਾਪਤ ਕਰਨ।

ਬਸੰਤੀ ਕੋਠੀ
ਲੁਧਿਆਣਾ–੧
੧੩ ਅਪਰੈਲ ੧੯੬੪ ਈ:

ਪ੍ਰਚਾਰਕ ਸਾਹਿਬਾਨ ਦਾ
ਸਚੇ ਦਿਲੋਂ :–
ਨਿਰੰਜਨ ਸਿੰਘ
ਜਰਨਲਿਸਟ

ਤਤਕਰਾ ਪ੍ਰਚਾਰਕ ਗਾਈਡ

+4 +4 +4

ਸਿਖ ਗੁਰੂਆਂ ਦਾ ਸਮਾਂ

ਦਸ ਗੁਰੂ ਸਾਹਿਬਾਨ ਦਾ ਸਮਾਂ ਸੰਮਤ ੧੫੨੬ (ਸੰਨ ੧੪੬੯) ਤੋਂ ਲੈ ਕੇ ਸੰਮਤ ੧੬੬੫ (ਸੰਨ ੧੭੦੮) ਤਕ ਅਰਥਾਤ ੨੪੦ ਸਾਲਾਂ ਵਿਚ ਨਿਕਲ ਜਾਂਦਾ ਹੈ। ਪਾਠਕਾਂ ਦੀ ਗਿਆਤ ਵਾਸਤੇ ਅਗੇ ਵੇਰਵਾ ਦਿਤਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਜਨਮ ਤੋਂ ਹੀ ਗੁਰੂ ਸਨ। ਆਪ ਦਾ ਤ੍ਰਿਤੀਆ ਵਿਸਾਖ ਸੰਮਤ ੧੫੨੬ ਮੁਤਾਬਕ ੧੫ ਅਪ੍ਰੈਲ ਸੰਨ ੧੪੬੯ ਈ: ਨੂੰ ਹੋਇਆ ਅਤੇ ਅੱਸੂ ਵਦੀ ੧੦ ਸੰਮਤ ੧੫੯੬ (੨੨ ਸਤੰਬਰ ਸੰਨ ੧੫੩੯) ਨੂੰ ਜੋਤੀ ਜੋਤ ਸਮਾਏ। ਆਪ ਦੀ ਸਾਰੀ ਉਮਰ ੭੦ ਸਾਲ ੪ ਮਹੀਨੇ ਤਿੰਨਾਂ ਦਿਨਾਂ ਦੀ ਸੀ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜਨਮ ਵਿਸਾਖ ਵਦੀ ੧ ਸੰਮਤ ੧੫੬੧ (੩੧ ਮਾਰਚ ਸੰਨ ੧੫੦੪) ਆਪ ੧੭ ਹਾੜ ਸੰਮਤ ੧੫੯੬ ਨੂੰ ਗੁਰੂ ਗੱਦੀ ਪਰ ਬਿਰਾਜੇ, ੧੨ ਸਾਲ ੯ ਮਹੀਨੇ ੧੭ ਦਿਨ ਗੁਰਤਾ ਕੀਤੀ ਅਤੇ ੩ ਵਿਸਾਖ ੧੬੦੯ (੨੯ ਮਾਰਚ ਸੰਨ ੧੫੫੨) ਨੂੰ ਸੱਚ ਖੰਡ ਪਧਾਰੇ ਆਪ ਦੀ ਕੁਲ ਉਮਰ ੪੭ ਬਰਸ ੧੧ ਮਹੀਨੇ ੨੯ ਦਿਨ ਦੀ ਸੀ।

ਗੁਰੂ ਅਮਰ ਦਾਸ ਦਾ ਜਨਮ ਵਿਸਾਖ ਸੁਦੀ ਚੌਥ (੧੦ ਜੇਠ) ਸੰਮਤ ੧੫੩੬ (੫ ਮਈ ਸੰਨ ੧੪੭੯) ਆਪ ੩ ਵਿਸਾਖ ਸੰਮਤ ੧੬੦੯ ਨੂੰ ਗੁਰੂ ਗੱਦੀ ਪਰ ਬਿਰਾਜੇ ਅਤੇ ੨ ਅਸੂ (ਭਾਦਰੋਂ ਸੁਦੀ ੧੫) ਸੰਮਤ ੧੬੩੧ (੧ ਸਤੰਬਰ ਸੰਨ ੧੫੭੪) ਨੂੰ ਸੱਚ ਖੰਡ ਪਧਾਰੇ ਆਪ ਨੇ ੨੨ ਸਾਲ ੫ ਮਹੀਨੇ ਗੁਰਤਾ ਕੀਤੀ। ਕੁਲ ਉਮਰ ੯੫ ਬਰਸ ੩ ਮਹੀਨੇ ੨੩ ਦਿਨ ਦੀ ਸੀ।

੪. ਗੁਰੂ ਰਾਮਦਾਸ ਜੀ ਦਾ ਜਨਮ ਕਤਕ ਵਦੀ ਦੂਜ (੨੬ ਅੱਸੂ) ਸੰਮਤ ੧੫੯੧ (ਸੰਨ ੧੫੩੪ ਈ:) ਨੂੰ ਹੋਇਆ। ਦੋ ਅਸੂ ਸੰਮਤ ਸੋਲਾਂ ਸੌ ਅਕਤੀਸ (ਸੰਨ ੧੫੭੪ ਈ:) ਨੂੰ ਗੁਰੂ ਗੱਦੀ ਪਰ ਬਿਰਾਜੇ। ਭਾਦਰੋਂ ਸੁਦੀ ਤਿੰਨ (ਦੋ ਅੱਸੂ) ਸੰਮਤ ੧੬੩੮ (ਸੰਨ ੧੫੮੧) ਜੋਤੀ ਜੋਤ ਸਮਾਏ। ਆਪ ਦੀ ਕੁਲ ਆਯੂ ੪੬ ਸਾਲ ੧੧ ਮਹੀਨੇ ੭ ਦਿਨਾਂ ਦੀ ਸੀ।

੫. ਗੁਰੂ ਅਰਜਨ ਦੇਵ ਜੀ ਵਿਸਾਖ ਵਦੀ ਸਤ (ਉਨੀ ਵਿਸਾਖ) ਸੰਮਤ ਸੋਲਾਂ ਸੌ ਬੀਸ (੧੫ ਅਪਰੈਲ ੧੫੬੩) ਨੂੰ ਜਨਮ ਲਿਆ ਅਤੇ ਦੋ ਅੱਸੂ ਸੰਮਤ ਸੋਲਾਂ ਸੌ ਅਠੱਤੀ (੧ ਸਤੰਬਰ ਸੰਨ ੧੫੮੧) ਨੂੰ ਗੁਰੂ ਗੱਦੀ ਪਰ ਬਿਰਾਜੇ ਅਤੇ ਜੇਠ ਸੁਦੀ ਚੌਥ (ਦੋ ਹਾੜ) ਸੰਮਤ ਸੋਲਾਂ ਸੌ ਤ੍ਰੇਸਠ (੩੦ ਮਈ ਸੰਨ ੧੬੦੬) ਨੂੰ ਸ਼ਹੀਦ ਹੋਏ। ਚੌਬੀਸ ਸਾਲ ਨੌ ਮਹੀਨੇ ਗੁਰਤਾ ਕੀਤੀ। ਸਾਰੀ ਉਮਰ ਤ੍ਰਿਤਾਲੀ ਸਾਲ ਇਕ ਮਹੀਨਾ ਪੰਦਰਾਂ ਦਿਨਾਂ ਦੀ ਸੀ।

੬. ਗੁਰੂ ਹਰਿਗੋਬਿੰਦ ਜੀ ਦਾ ਜਨਮ ਛੇ ਹਾੜ ਵਦੀ (੨੧ ਹਾੜ) ਸੰਮਤ ਸੋਲਾਂ ਸੌ ਬਵੰਜਾ (੧੪ ਜੂਨ ੧੫੯੫)। ਜੇਠ ਵਦੀ ਚੌਦਾਂ (੨੯ ਜੇਠ) ਸੰਮਤ ਸੋਲਾਂ ਸੌ ਤ੍ਰੇਸਠ (੨੫ ਮਈ ਸੰਨ ੧੬੦੬) ਨੂੰ ਗੁਰੂ ਗੱਦੀ ਪਰ ਬਿਰਾਜੇ। ਚੇਤ ਸੁਦੀ ਪੰਜ (ਸੱਤ ਚੇਤ੍ਰ) ਸੰਮਤ ਸਤਾਰਾਂ ਸੌ ਇਕ (੩ ਮਾਰਚ ੧੬੭੪) ਨੂੰ ਜੋਤੀ ਜੋਤ ਸਮਾਏ। ਸੈਂਤੀਸ ਸਾਲ ਦਸ ਮਹੀਨੇ ਸਤ ਦਿਨ ਗੁਰਤਾ ਕੀਤੀ। ਆਪ ਦੀ ਕੁਲ ਉਮਰ ਅਠਤਾਲੀ ਸਾਲ ਅਠ ਮਹੀਨੇ ਪੰਦਰਾਂ ਦਿਨਾਂ ਦੀ ਸੀ।

੭. ਸ੍ਰੀ ਗੁਰੂ ਹਰਿਰਾਇ ਜੀ ਦਾ ਜਨਮ ਮਾਘ ਸੁਦੀ ਤੇਰਾਂ (੨੦ ਮਾਘ) ਸੰਮਤ ਸੋਲ੍ਹਾਂ ਸੌ ਛਿਆਸੀ (੨੬ ਫਰਵਰੀ ੧੬੩੦) ਨੂੰ ਹੋਇਆ ਬਾਰਾਂ ਚੇਤਰ (ਸੁਦੀ ੧੦) ਸੰਮਤ ਸਤਾਰਾਂ ਸੌ ਇਕ (੮ ਮਾਰਚ ੧੬੪੪) ਨੂੰ ਗੁਰੂ ਗੱਦੀ ਪਰ ਬਿਰਾਜੇ। ਸੱਤ ਕਤੱਕ (ਵਦੀ ੬) ਸੰਮਤ ਸਤਾਰਾਂ ਸੌ ਅਠਾਰਾਂ (੬ ਅਕਤੂਬਰ ੧੬੬੧) ਨੂੰ ਜੋਤੀ ਜੋਤ ਸਮਾਏ। ਸਤਾਰਾਂ ਸਾਲ ਪੰਜ ਮਹੀਨੇ ਅੱਠ ਦਿਨ ਗੁਰਤਾ ਕੀਤੀ। ਸਾਰੀ ਉਮਰ ਇਕੱਤੀ ਸਾਲ ਅੱਠ ਮਹੀਨੇ ਸਤਾਰਾਂ ਦਿਨਾਂ ਦੀ ਸੀ।

੮. ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਜਨਮ ਅੱਠ ਸਾਵਣ (ਵਦੀ ੧੦) ਸੰਮਤ ਸਤਾਰਾਂ ਸੌ ਤੇਰਾਂ (੭ ਜੁਲਾਈ ੧੬੫੬) ਨੂੰ ਹੋਇਆ। ਅੱਠ ਕਤੱਕ ਸੰਮਤ ਸਤਾਰਾਂ ਅਠਾਰਾਂ (੭ ਅਕਤੂਬਰ ੧੬੬੧) ਗੁਰੂ ਗੱਦੀ ਪਰ ਬਿਰਾਜੇ ਅਤੇ ਤਿੰਨ ਵਿਸਾਖ (ਚੇਤ ਸੁਦੀ ੧੪) ਸੰਮਤ ਸਤਾਰਾਂ ਸੌ ਇਕੀ (੩੦ ਮਾਰਚ ਸੰਨ ੧੬੬੩) ਨੂੰ ਜੋਤੀ ਜੋਤ ਸਮਾਏ। ਆਪ ਨੇ ਦੋ ਸਾਲ ਪੰਜ ਮਹੀਨੇ ਛੱਬੀਸ ਦਿਨ ਗੁਰਤਾ ਕੀਤੀ ਅਤੇ ਆਪ ਦੀ ਉਮਰ ਸਤ ਸਾਲ ਅੱਠ ਮਹੀਨੇ ਛਬੀਸ ਦਿਨਾਂ ਦੀ ਸੀ।

੯. ਗੁਰੂ ਤੇਗ ਬਹਾਦਰ ਜੀ ਦਾ ਜਨਮ ਵਿਸਾਖ ਵਦੀ ਪੰਜ (੫ ਵਿਸਾਖ) ਸੰਮਤ ਸੋਲ੍ਹਾਂ ਸੌ ਅਠੱਤਰ (੧ ਅਪਰੈਲ ਸੰਨ ੧੬੨੧) ਨੂੰ ਹੋਇਆ। ਆਪ ਚੌਬੀਸ ਚੇਤਰ (ਚੇਤਸੁਦੀ ੧੪) ਸੰਮਤ ਸਤਾਰਾਂ ਸੌ ਬਾਈਸ (੨੦ ਮਾਰਚ ਸੰਨ ੧੬੬੫) ਨੂੰ ਗੁਰੂ ਗੱਦੀ ਪਰ ਬਿਰਾਜੇ ਅਤੇ ਮੱਘਰ ਸੁਦੀ ਪੰਜ (੧੨ ਮੱਘਰ) ਸੰਮਤ ਸਤਾਰਾਂ ਸੌ ਬੱਤੀ (੧੧ ਨਵੰਬਰ ਸੰਨ ੧੬੭੫) ਹੈ ਸ਼ਹੀਦੀ ਪਾਈ। ਆਪ ਨੇ ਦਸ ਸਾਲ ਸਤ ਮਹੀਨੇ ਅਠਾਰਾਂ ਦਿਨ ਗੁਰਤਾ ਕੀਤੀ। ਸਾਰੀ ਉਮਰ ਚੁਰੰਜਾ ਸਾਲ ਸਤ ਮਹੀਨੇ ਸਤਾਂ ਦਿਨਾਂ ਦੀ ਸੀ।

੧੦. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੋਹ ਸੁਦੀ ਸਤਵੀਂ (੨੩ ਪੋਹ) ਸੰਮਤ ਸਤਾਰਾਂ ਸੌ ਤੇਈ (੨੨ ਦਸੰਬਰ ਸੰਨ ੧੬੬੬) ਨੂੰ ਹੋਇਆ, ਬਾਰਾਂ

ਮੱਘਰ ਸੰਮਤ ਸਤਾਰਾਂ ਸੌ ਬਤੀ (੧੧ ਨਵੰਬਰ ਸੰਨ ੧੬੭੫ ਨੂੰ ਗੁਰੂ ਗੱਦੀ ਪਰ ਬਿਰਾਜੇ। ਕਤੱਕ ਸੁਦੀ ਪੰਜ ਅੱਠ ਕਤਕ ਸੰਮਤ ਸੋਲਾਂ ਸੌ ਪੈਂਸਠ (੭ ਅਕਤੂਬਰ ਸੰਨ ੧੭੦੪) ਨੂੰ ਜੋਤੀ ਜੋਤ ਸਮਾਏ। ਆਪ ਨੇ ਬਤੀ ਸਾਲ ਦਸ ਮਹੀਨੇ ਛਬੀਸ ਦਿਨ ਗੁਰਤਾ ਕੀਤੀ। ਆਪ ਜੀ ਦੀ ਕੁਲ ਉਮਰ ਇਕਤਾਲੀ ਸਾਲ ਨੌ ਮਹੀਨੇ ਪੰਦਰਾਂ ਦਿਨਾਂ ਦੀ ਸੀ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਗੱਦੀ ਦਿਤੀ, ਸੋ ਅਗੇ ਨੂੰ ਕੋਈ ਦੇਹ ਧਾਰੀ ਗੁਰੂ ਨਹੀਂ ਹੋ ਸਕਦਾ।

(੨)

ਇਕਿ ਸਾਧ ਬਚਨ ਅਟਲਾਧਾ

ਗੁਰਬਾਣੀ ਵਿਚ ਵਿਸ਼ੇਸ਼ ਕਰਕੇ ਸਾਧ ਸੰਤ ਸ਼ਬਦ ਗੁਰੂ ਸਾਹਿਬਾਨ ਵਾਸਤੇ ਵਰਤਿਆ ਹੈ। ਸਮੁਚੇ ਤੌਰ ਪਰ ਸਾਧ ਸੰਗਤ ਸੰਤ ਜਨ ਗੁਰੂ ਸੰਗਤਾਂ ਦੇ ਸਮੂਹ ਵਾਸਤੇ ਆਉਂਦਾ ਹੈ। ਭਾਈ ਗੁਰਦਾਸ ਜੀ ਦੇ ਕਥਨਾਂ ਅਨੁਸਾਰ ਸਤਿਗੁਰੂ ਨਾਨਕ ਜੀ ਤੋਂ ਪਹਿਲਾਂ ਸੰਸਰਿ ਵਿਚ ਕੋਈ ਪੂਰਨ ਸਾਧੂ ਨਹੀਂ ਸੀ, ਆਪ ਨੇ ਲਿਖਿਆ ਹੈ—

ਥੰਮੇ ਕੋਈ ਨ ਸਾਧ ਬਿਨ
ਸਾਧ ਨ ਦਿਸੈ ਜਗ ਵਿਚ ਕੋਆ।੧।੨੨।

ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਸਾਧੂ ਦੇ ਅਟੱਲ ਬਚਨ ਫੁਰਮਾਇਆ ਹੈ। ਭਾਵ ਹਰ ਵਸਤੂ ਜਾਂ ਬਚਨ ਟਲ ਜਾਂ ਬਦਲ ਸਕਦਾ ਹੈ। ਪਰ ਗੁਰੂ ਨਾਨਕ ਦੇਵ ਜੀ ਦੇ ਬਚਨ ਨਹੀਂ ਬਦਲ ਸਕਦੇ। ਫੁਰਮਾਨ ਹੈ :—

ਮਾਈ ਸਤਿ ਸਤਿ ਸਤਿ ਹਰਿਸਤਿ ਸਤਿ ਸਤਿ ਸਾਧਾ।
ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ।
।ਰਹਾਉ।
ਨਿਸਿ ਬਾਸੁਰ ਨਖਿਆਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ।
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ।
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਬਿਨਾਸੀ ਇਕਿ
ਸਾਧ ਬਚਨ ਨਿਹਚਲਾਧਾ।
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ।
ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ।
ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ।
ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੂ ਨਾਨਕ ਗੁਰ ਮਿਲਿ ਲਾਧਾ।
(ਸਾਰੰਗ ਮ: ੫)

ਇਸ ਸ਼ਬਦ ਤੋਂ ਜਾਣਿਆ ਜਾ ਸਕਦਾ ਹੈ ਕਿ ਸਤਿਗੁਰੂ ਦੀ ਬਾਣੀ ਅਥਵਾ ਬਚਨ ਸਦਾ ਅਮਰ ਅਟਲ ਹਨ ਜੋ ਕਿਸੇ ਸਮੇਂ ਵੀ ਲੋਪ ਜਾਂ ਅਕਾਰਥ ਨਹੀਂ ਹੋ ਸਕਦੇ। ਇਸ ਤਰ੍ਹਾਂ ਦੇ ਪ੍ਰਮਾਣ ਅਥਵਾ ਸ਼ਬਦ ਹੋਰ ਵੀ ਕਾਫੀ ਹਨ ਜੈਸਾ ਕਿ---

ਅਟਲ ਬਚਨੁ ਨਾਨਕ ਗੁਰ ਤੇਰਾ
ਸਫਲ ਕਰੁ ਮਸਤਕਿ ਧਾਰਿਆ।

(ਸੋਰਠ ਮ: ੫)

ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ।

ਜਿਸੁ ਜਨੁ ਹੋਆ ਸਾਧ ਸੰਗੁ ਤਿਸ ਭੇਟੈ ਹਰਿਰਾਇਆ।

(ਬਿਲਾਵਲ ਮ: ੫)

ਸੰਸਾਰ ਵਿਚ ਕੋਈ ਸਮਾਂ ਐਸਾ ਆ ਸਕਦਾ ਹੈ ਕਿ ਹਰ ਇਕ ਚੀਜ਼ ਗੁੰਮ ਜਾਂ ਖਤਮ ਹੋ ਜਾਵੇਗੀ। ਧਰਮ ਗਰੰਥ, ਧਾਰਮਕ ਮੰਦਰ ਆਦਿ ਵੀ ਨਹੀਂ ਰਹਿਣਗੇ ਬਲਕਿ ਸੂਰਜ, ਚੰਦਰਮਾ, ਧਰਤੀ, ਆਕਾਸ਼ ਆਦਿ ਅਥਵਾ ਦ੍ਰਿਸ਼ਟੀਮਾਨ ਸਭੇ ਕੁਝ ਨਾਸ ਹੋ ਸਕਦਾ ਹੈ। ਜਿਸ ਤਰ੍ਹਾਂ ਅਕਾਲ ਪੁਰਖ ਸਥਿਰ ਹੈ। ਇਸ ਤਰ੍ਹਾਂ ਸਾਧੂ ਅਥਵਾ ਸ੍ਰੀ ਗੁਰੂ ਨਾਨਕ ਦੇਵ ਜੀ ਸਦਾ ਸਥਿਰ ਹਨ।

ਸਾਧ ਬਚਨ ਗੁਰਬਾਣੀ ਹੈ, ਬਚਨ ਔਰ ਗੁਰੂ ਵਿਚ ਕੋਈ ਭਿਨ ਭੇਦ ਨਹੀਂ ਹੈ।

ਤਟੀਤੀਰਥ ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ।
ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ।
ਸਿਮ੍ਰਿਤਿ ਸਾਸਤ੍ਰ ਬੇਦ ਚਾਰਿ ਖਟੁ ਦਰਸ ਸਮਾਸੀ।
ਪੋਥੀ ਪੰਡਤ ਗੀਤ ਕਵਿਤਾ ਕਵਤੇ ਭੀ ਜਾਸੀ।
ਜਤੀ ਸਤੀ ਸੰਨਿਆਸੀਆ ਸਭਿ ਕਾਲੈ ਵਾਸੀ।
ਮੁਨਿ ਜੋਗੀ ਦਿਗੰਬਰਾ ਜਮੈ ਸਣੁ ਜਾਸੀ।
ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਰੇ
ਪਾਰ ਬ੍ਰਹਮੁ ਪ੍ਰਮੇਸਰੋ ਸੇਵਕੁ ਥਿਰ ਹੋਸੀ।

(ਡਖਣੇ ਮ: ੫)

ਸੇਵਕ ਤੋਂ ਭਾਵ ਇਥੇ ਗੁਰੂ ਹੀ ਹੈ। ਸੇਵਕ ਅਥਵਾ ਗੁਰੂ ਤੋਂ ਬਿਨਾਂ ਅਕਾਲ ਪੁਰਖ ਨੂੰ ਕੋਈ ਜਾਣ ਨਹੀਂ ਸਕਦਾ। ਤੇ ਗੁਰੂ ਦੀ ਸਦਾ ਲੋੜ ਰਹਿੰਦੀ ਹੈ।

ਸੰਸਾਰ ਦੀ ਹਰ ਇਕ ਕ੍ਰਿਤਮ ਵਸਤੂ ਹੈ। ਸਭ ਦਾ ਕਰਤਾ ਕਰਤਾਰ ਹੈ। ਹਰ ਕ੍ਰਿਤਮ ਵਸਤੂ ਉਮਰ ਨਾਲ ਲਿਖੀ ਹੈ—

ਧਰਤਿ ਆਕਾਸ ਪਤਾਲੁ ਹੈ ਚੰਦ ਸੂਰੁ ਬਿਨਾਸੀ।
ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ।
ਰੰਗ ਤੁੰਗ ਗਰੀਬ ਮਸਤ ਸਭ ਲੋਕ ਸਿਧਾਸੀ।
ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ।
ਪੀਰ ਪੈਗੰਬਰ ਆਉਲੀਏ ਕੋ ਥਿਰੁ ਨ ਰਿਹਾਸੀ।
ਰੋਜਾ ਬਾਂਗ ਨਿਵਾਜ਼ ਕਤੇਬ ਵਿਣੁਬੁਝੇ ਸਭ ਜਾਸੀ।
ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ।
ਨਿਹਚਲੁ ਸਚੁ ਖੁਦਾਇ ਏਕ ਖੁਦਾਇ ਬੰਦਾ ਅਬਿਨਾਸੀ।

(ਡਖਣੇ ਮ: ੫)

ਹਰ ਵਸਤੂ ਦੀ ਅੰਤ ਤਬਦੀਲੀ ਹੈ, ਕੋਈ ਵਸਤੂ ਭੀ ਸਥਿਰ ਨਹੀਂ ਹੈ, ਪਰ ਖੁਦਾ ਅਤੇ ਉਸ ਦਾ ਸੇਵਕ (ਗੁਰੂ) ਸਦਾ ਅਬਿਨਾਸੀ ਹੈ।

ਨਾਸ ਰਹਿਤ ਵਸਤੂਆਂ ਦਾ ਇਕ ਵੇਰਵਾ ਇਸ ਪਰਕਾਰ ਭੀ ਫੁਰਮਾਇਆ ਹੈ—

ਨਿਹਚਲੁ ਏਕੁ ਨਰਾਇਣੋ ਹਰਿ ਅਗਮ ਅਗਾਧਾ।
ਨਿਹਚਲੁ ਨਾਮੁ ਨਿਧਾਨੁ ਹੈ ਜਿਸ ਸਿਮਰਤ ਹਰਿਲਾਧਾ।
ਨਿਹਚਲੁ ਕੀਰਤਨੁ ਗੁਣ ਗੋਬਿਦ ਗੁਰਮੁਖਿ ਗਵਾਧਾ।
ਸਚੁ ਧਰਮੁ ਤਪੁ ਨਿਹਚਲੋ ਦਿਨੁ ਰੈਨ ਆਰਾਧਾ।
ਦਇਆ ਧਰਮੁ ਤਪੁ ਨਿਹਚਲੋ ਜਿਸ ਕਰਮਿ ਲਿਖਾਧਾ।
ਨਿਹਚਲੁ ਮਸਤਕਿ ਲੇਖੁ ਲਿਖਿਆ ਸੋ ਟਲੈ ਨ ਟਲਾਧਾ।
ਨਿਹਚਲੁ ਸੰਗਤਿ ਸਾਧ ਜਨ ਬਚਨ ਨਿਹਚਲੁ
ਗੁਰਸਾਧਾ। ਜਿਨ ਕਉ ਪੂਰਬਿ ਲਿਖਿਆ ਤਿਨ
ਸਦਾ ਸਦਾ ਆਰਾਧਾ। (ਡਖਣੇ ਮ: ੫)

ਉਪਰਲੇ ਸ਼ਬਦ ਵਿਚ ਨਿਹਚਲ ਵਸਤਾਂ ਦਾ ਇਕ ਵੇਰਵਾ ਦਿਤਾ ਹੈ, ਇਸ ਵਿਚ ਗੁਰਬਾਣੀ ਕੀਰਤਨ ਸਾਧ ਸੰਗਤ ਨੂੰ ਅੱਚਲ ਫੁਰਮਾਇਆ ਹੈ। ਨਾਮ ਸਿਮਰਨ ਕਰਮਾਂ ਦਾ ਫਲ ਅਫਲ ਅਤੇ ਧਰਮ ਨੂੰ ਸਥਿਰ ਮੰਨਿਆ ਹੈ ਪਰ ਅੰਤ ਨੂੰ ਸਾਧ ਬਚਨ ਹੀ ਅਟਲਾਧਾ ਫੁਰਮਾਇਆ ਹੈ। ਗੁਰਬਾਣੀ, ਗੁਰਮਤਿ ਇਕੋ ਬਾਤ ਹੈ; ਇਹੋ ਗੁਰੂ ਹੈ ਅਤੇ ਅੱਚਲ ਹੈ, ਫੁਰਮਾਇਆ ਹੈ :—

ਗੁਰਮਤਿ ਮਤਿ ਅਚਲ ਹੈ
ਚਲਾਇ ਨ ਸਕੈ ਕੋਇ।

(ਸਲੋਕ ਮ: ੩ ਬਿਹਾਗੜਾ)

(੩)

ਪ੍ਰਚਾਰਕਾਂ ਦੇ ਫਰਜ਼ ਤੇ ਰਹਿਤ

ਦੂਸਰੇ ਨੂੰ ਉੱਤਮ ਮਾਰਗ ਜਾਂ ਸ਼ੁਭ ਸਿਖਿਆ ਦੇਣ ਵਾਲਾ ਪਰਚਾਰਕ ਜਾਂ ਉਪਦੇਸ਼ਕ ਹੈ। ਅਸਲੀ ਉਪਦੇਸ਼ਕ ਓਹ ਹੈ ਜੋ ਕਿ ਆਪਣੇ ਦਿਤੇ ਜਾ ਰਹੇ ਉਪਦੇਸ਼ ਤੇ ਪਹਿਲਾਂ ਆਪ ਅਮਲ ਕਰਦਾ ਹੈ।

ਪ੍ਰਿਥਮੇ ਮਨ ਪਰਬੋਧੈ ਅਪਣਾ
ਪਾਛੈ ਅਵਰ ਰੀਝਾਵੈ ॥
ਰਾਮ ਨਾਮ ਜਪ ਹਿਰਦੈ ਜਾਪੈ
ਮੁਖ ਤੇ ਸਗਲ ਸੁਣਾਵੈ ॥

(ਆਸਾ ਮ: ੫)

ਜੋ ਉਪਦੇਸ਼ਕ ਜਾਂ ਪਰਚਾਰਕ ਆਪਣੇ ਕਥਨਾਂ ਜਾਂ ਉਪਦੇਸ਼ਾਂ ਪਰ ਆਪ ਅਮਲ ਨਹੀਂ ਕਰਦਾ, ਉਸਦਾ ਕੀਤਾ ਉਪਦੇਸ਼ ਨਿਸਫਲ ਜਾਂ ਬੇ-ਅਸਰ ਰਹਿੰਦਾ ਹੈ। ਜਿਨ੍ਹਾਂ ਨੂੰ ਆਪਣੇ ਮਨ ਦੀ ਪਰਤੀਤ ਨਹੀਂ ਉਨ੍ਹਾਂ ਦਾ ਗਿਆਨ-ਪਣਾ ਕਿਸ ਅਰਥ ਹੈ ?

ਜਿਨ ਕਉ ਮਨ ਕੀ ਪਰਤੀਤ ਨਾਹੀ
ਨਾਨਕ ਸੋ ਕਿਆ ਕਥਹਿ ਗਿਆਨੈ ॥

(ਸੋਰਠ ਮ: ੩)

ਜਿਸ ਪੁਰਸ਼ ਦੇ ਹਿਰਦੇ ਵਿਚ ਪਾਖੰਡ ਕਪਟ ਵਸਦਾ ਹੈ ਅਤੇ ਉਹ ਲੋਕਾਂ ਨੂੰ ਆਪਣੀਆਂ ਗਰਜ਼ਾਂ ਵਾਸਤੇ ਭਰਮਾਉਂਦਾ ਫਿਰਦਾ ਹੈ, ਉਸਦਾ ਉਪਦੇਸ਼ਕਪਣਾ ਠਗੀ ਹੈ, ਉਸ ਬਾਰੇ ਫੁਰਮਾਇਆ ਹੈ—

ਹਿਰਦੈ ਕਪਟ ਮੁਖ ਗਿਆਨੀ
ਝੂਠੇ ਕਹਾਂ ਬਿਲੋਵਸ ਪਾਨੀ ॥

ਜੋ ਆਪ ਹੀ ਵਿਸ਼ੇ ਵਿਕਾਰਾਂ ਵਿਚ ਡੁਬ ਰਿਹਾ ਹੈ, ਉਹ ਦੂਜੇ ਨੂੰ ਨਹੀਂ ਤਾਰ ਸਕਦਾ।

ਬਿਖਿਆ ਮਾਤੇ ਭਰਮ ਭੁਲਾਏ
ਉਪਦੇਸ ਕਹਹਿ ਕਿਸ ਭਾਈ ॥

(ਰਾਮਕਲੀ ਮ: ੩)

ਜਿਸ ਪਰਚਾਰਕ ਦੀ ਆਪਣੀ ਕਰਣੀ ਕਮਾਈ ਗੰਦੀ ਹੈ, ਉਸਨੂੰ ਆਪ ਲਈ ਉਪਦੇਸ਼ਕ ਕਹਾਉਣਾ ਧ੍ਰਿਗਤਾ ਯੋਗ ਹੈ।

ਰਹਿਤ ਅਵਰ ਕਛੁ ਅਵਰ ਕਮਾਵਤ ॥
ਮਨ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥
ਜਾਨਣਹਾਰ ਪ੍ਰਭੂ ਪਰਬੀਨ ॥
ਬਾਹਰ ਭੇਖ ਨ ਕਾਹੂ ਭੀਨ ॥

ਅਵਰ ਉਪਦੇਸੇ ਆਪ ਨ ਕਰ ॥
ਆਵਤ ਜਾਵਤ ਜਨਮੈ ਮਰੈ ॥
(ਸੁਖਮਨੀ ਮ: ੫)

ਪੀਣੀਆਂ ਸ਼ਰਾਬਾਂ, ਕਰਨਾ ਬਿਭਚਾਰ, ਲੋਕਾਂ ਨੂੰ ਉਪਦੇਸ਼ ਦਿੰਦੇ ਫਿਰਨਾ ਇਸ ਦਾ ਫਲ ਏਹੀ ਹੋਵੇਗਾ ਕਿ ਉਹ ਉਪਦੇਸ਼ਕ ਜਨਮ ਮਰਨ ਦੀ ਫਾਹੀ ਵਿਚ ਫਸ ਕੇ ਨਰਕ ਗਾਮੀ ਬਣਦਾ ਹੈ।

ਅੰਤਰ ਬਿਖ ਮੁਖ ਅੰਮ੍ਰਿਤ ਸੁਣਾਵੈ ॥
ਜਮ ਪੁਰਿ ਬਾਧਾ ਚੋਟਾਂ ਖਾਵੈ ॥
(ਗਉੜੀ ਮਹਲਾ ੫)

ਸੋ ਜੋ ਪੁਰਸ਼ ਆਪ ਧਰਮ ਵਿਚ ਧਾਰਨੀ ਨਹੀਂ ਹੈ, ਉਸ ਦਾ ਪਰਚਾਰਕ ਕਹਾਉਣਾ ਪਾਖੰਡ ਕਰਮ ਹੈ। ਓਹ ਕਿਸੇ ਦਾ ਕੁਝ ਨਹੀਂ ਸੁਆਰ ਸਕਦਾ।

ਆਪਣਾ ਮਨ ਪਰਬੋਧਹੁ ਬੂਝਹੁ ਸੋਈ ॥
ਲੋਕ ਸਮਝਾਵਹੁ ਸੁਣੈ ਨ ਕੋਈ ॥
ਗੁਰਮੁਖ ਸਮਝਹੁ ਸਦਾ ਸੁਖ ਹੋਈ ॥
(ਗਉੜੀ ਮ: ੩)

ਜੋ ਸਜਣ ਆਪਣੀ ਪੂਜਾ ਲਈ ਅਥਵਾ ਆਪਣਾ ਰੁਜ਼ਗਾਰ ਮੰਨ ਕੇ ਪਰਚਾਰ ਕਰਦਾ ਹੈ, ਅਤੇ ਪਰਚਾਰ ਦੇ ਵਸੀਲੇ ਨਾਲ ਜਾਇਦਾਦਾਂ ਬਣਾਉਂਦਾ ਹੈ ਉਸ ਨੂੰ ਧਰਮ ਪਰਚਾਰਕ ਕਹਿਣਾ ਗਲਤੀ ਹੈ। ਧਰਮ ਦੇ ਪਰਚਾਰਕ ਦੀ ਦਸ਼ਾ ਇਉਂ ਹੁੰਦੀ ਹੈ-

ਓਇ ਪੁਰਖ ਪ੍ਰਾਣੀ ਧੰਨ ਜਨ
ਉਪਦੇਸ਼ ਕਰਹਿ ਪਰਉਪਕਾਰਿਆ ॥
ਅੰਮ੍ਰਿਤ ਬੋਲੇ ਸਦਾ ਮੁਖ ਬੈਣੀ

ਅੰਮ੍ਰਿਤ ਵੇਖੈ ਪਰਖੈ ਸਦਾ ਨੈਣੀ॥
ਅੰਮ੍ਰਿਤ ਕਹੈ ਦਿਨ ਰਾਤੀ ॥
ਅਵਰਾ ਆਖ ਸੁਣਾਇੰਦਾ ॥
(ਮਾਝ ਮ: ੩)

ਇਹ ਸਚੇ ਉਪਦੇਸ਼ਕਾਂ ਦੀ ਕਰਣੀ ਕਮਾਈ ਅਤੇ ਰਹਿਤ ਬਹਿਤ ਹੈ। ਨੇਕ ਕਰਣੀ ਕਮਾਈ ਵਾਲਾ ਪੁਰਸ਼ ਚਾਹੇ ਵਖਿਆਨ ਹੀ ਨਾ ਕਰੇ, ਉਸਦੀ ਆਪਣੀ ਗੁਰਮੁਖਤਾ ਹੀ ਉਪਦੇਸ਼ ਰੂਪ ਹੈ। ਇਸ ਪ੍ਰਥਾਇ ਗੁਰਵਾਕ ਹੈ—

ਜਿਸ ਦੇ ਅੰਦਰ ਸਚ ਹੈ
ਸੋ ਸਚ ਨਾਮ ਮੁਖ ਸਚ ਅਲਾਏ॥
ਓਹ ਹਰਿ ਮਾਰਗਿ ਆਪ ਚਲਦਾ
ਹੋਰਨਾ ਨੂੰ ਹਰਿ ਮਾਰਗ ਪਾਏ॥
(ਮਾਝ ਵਾਰ ਮ: ੪)

ਜੋ ਉਪਦੇਸ਼ਕ ਦੂਜਿਆਂ ਨੂੰ ਕੋਸਦਾ ਤੇ ਤਾੜਦਾ ਫਿਰਦਾ ਹੈ, ਲੋਕੀ ਉਸ ਪਰ ਉਤਨਾ ਚਿਰ ਨਿਸਚਾ ਨਹੀਂ ਕਰਦੇ ਜਦੋਂ ਤੀਕ ਉਸਦੀ ਆਪਣੀ ਵਰਤੋਂ ਠੀਕ ਨਹੀਂ ਹੁੰਦੀ, ਲੋੜ ਹੈ ਉਪਦੇਸ਼ਕ ਪਹਿਲਾ ਆਪਣੀਆਂ ਕਰਤੂਤਾਂ ਵਲ ਵੇਖਿਆ ਕਰੇ। ਸਾਡੀ ਵਰਤੋਂ ਇਹ ਨਹੀਂ ਹੋਣੀ ਚਾਹੀਦੀ ਜਿਹਾ ਕਿ ਗੁਰਵਾਕ ਹੈ—

ਆਪਣਾ ਆਪ ਨ ਪਛਾਣੈ ਮੂੜਾ ਅਵਰਾ ਆਖ ਦੁਖਾਏ॥
(ਬਿਹਾਗੜਾ ਵਾਰ ਮ: ੩)

ਜਿਥੇ ਭੀ ਪਰਚਾਰ ਕੀਤਾ ਜਾਵੇ ਉਸ ਦਾ ਸਿਧਾਂਤ ਇੱਕਰ ਦਾ ਹੋਵੇ।

ਜਿਥੈ ਜਾਇ ਬਹੀਐ ਭਲਾ ਕਹੀਐ
ਸੁਰਤਿ ਸਬਦ ਲਿਖਾਈਐ॥
(ਵਡਹੰਸ ਮ: ੧)

ਜੋ ਪੁਰਸ਼ ਲੋਕਾਂ ਨੂੰ ਸੁਧਾਰਨ ਦਾ ਦਾਵਾ ਕਰਦਾ ਹੈ ਪਰ ਆਪ ਉਸ ਧਰਮ ਧਾਰਨਾ ਵਲੋਂ ਸਖਣਾ ਹੈ, ਗੁਰੂ ਜੀ ਨੇ ਉਸਦੀ ਦਸ਼ਾ ਸਖਣੀ ਰਹਿਣ ਵਾਲਾ ਕੜਛੀ ਦੀ ਤਰ੍ਹਾਂ ਸੁੰਞੀ ਦਸੀ ਹੈ।

ਕੜਛੀਆਂ ਫਿਰੰਨਿ ਸੁਆਉ ਨ ਜਾਣਨਿ ਸੁੰਞੀਆ ॥
ਸੇਈ ਮੁਖ ਦਿਸੰਨਿ ਨਾਨਕ ਰਤੇ ਪ੍ਰੇਮ ਰਸਿ ॥

(ਗੂਜਰੀ ਵਾਰ ਮ: ੫)

ਜੋ ਉਪਦੇਸ਼ਕ ਸਦਾ ਆਪ ਧਰਮ ਧਾਰਨੀ ਨਹੀਂ ਹੁੰਦੇ ਪਰ ਲੋਕਾਂ ਵਲ ਬਾਹਾਂ ਉਲਾਰ ਕੇ ਲੈਕਚਰ ਕਰਦੇ ਫਿਰਦੇ ਹਨ ਉਨ੍ਹਾਂ ਨੂੰ ਭਗਤ ਕਬੀਰ ਜੀ ਨੇ ਕਿਹਾ ਹੈ—

ਅਵਰਨ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤ ॥
ਰਾਸ ਬਿਰਾਨੀ ਰਾਖਤੇ ਖਾਇਆ ਘਰ ਕਾ ਖੇਤ ॥

ਭਾਵ ਜਿਸ ਦੀ ਆਪਣੀ ਹੀ ਖੇਤੀ ਉਜੜ ਰਹੀ ਹੈ, ਉਹ ਦੂਜਿਆਂ ਦੇ ਖੇਤਾਂ ਦੀ ਰਾਖੀ ਨਹੀਂ ਕਰ ਸਕਦਾ। ਝੂਠੇ ਉਪਦੇਸ਼ਕਾਂ ਦਾ ਸੁਧਾਰ ਕਰਨਾ ਔਖਾ ਹੁੰਦਾ ਹੈ। ਉਨ੍ਹਾਂ ਨੂੰ ਹੰਕਾਰ ਹੁੰਦਾ ਹੈ ਕਿ ਓਹ ਸਭ ਕੁਝ ਜਾਣਦੇ ਹਨ ਉਨ੍ਹਾਂ ਜੈਸਾ ਹੋਰ ਕੋਈ ਨਹੀਂ ਹੈ, ਅਸਲੀ ਉਪਦੇਸ਼ਕ ਦੀ ਰਹਿਤ ਇਉਂ ਹੋਣੀ ਚਾਹੀਦੀ ਹੈ :—

ਇਕ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥

(ਵਾਰ ਸਾਰੰਗ ਮ: ੧)

ਓਹੀ ਉਪਦੇਸ਼ਕ ਹੋ ਸਕਦਾ ਹੈ ਜੋ ਕਿ ਕਥਨ ਠੀਕ ਕਰ ਸਕਦਾ ਹੈ ਅਤੇ ਕਹੀ ਹੋਈ ਬਾਤ ਨੂੰ ਸਮਝਦਾ ਹੈ। ਅਨਪੜ੍ਹ ਮੂਰਖ ਆਪ ਨੂੰ ਉਪਦੇਸ਼ਕ ਕਹਾਉਣ ਵਾਲੇ ਉਲਟੀ ਆਪਣੀ ਅਤੇ ਲੋਕਾਂ ਦੀ ਹਾਨੀ ਦੇ ਜ਼ਿਮੇਵਾਰ ਹੁੰਦੇ ਹਨ। ਕਿਸੇ ਪਾਰਟੀ ਜਾਂ ਫਿਰਕੇਬੰਦੀਆਂ ਦੇ ਪ੍ਰਚਾਰਕ ਲਾਭਮੰਦ ਨਹੀਂ ਹੁੰਦੇ। ਪਰਚਾਰਕ ਓਹੀ ਹੈ ਜੋ ਸਰਬੱਤ ਦੇ ਭਲੇ ਵਾਸਤੇ ਸ਼ੁਭ ਉਪਦੇਸ਼ ਕਰੇ ਜਿਸ ਬਾਰੇ ਗੁਰਵਾਕ ਹੈ—

ਖਤ੍ਰੀ ਬ੍ਰਾਹਮਣ ਸੂਦ ਵੈਸ ਉਧਰੈ ਸਿਮਰ ਚੰਡਾਲ ॥
ਜਿਨ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ ॥

(ਗਉੜੀ ਮ: ੫)

(੪)

ਵੇਦਾਂਤ ਮਤਿ ਅਤੇ ਗੁਰਬਾਣੀ

ਕਈ ਸੱਜਣ ਬਿਨਾਂ ਸਮਝੇ ਹੀ ਗੁਰਬਾਣੀ ਨੂੰ ਵੇਦਾਂਤ ਮਤਿ ਯਾ ਉਸ ਦਾ ਅਕਸ ਦਸ ਕੇ ਗੁਰਬਾਣੀ ਦੀ ਹੇਠੀ ਕਰਦੇ ਵੇਖੇ ਹਨ। ਗੁਰਬਾਣੀ ਅਤੇ ਵੇਦਾਂਤ ਮੱਤਿ ਵਿਚ ਚੜ੍ਹਦੇ ਲਹਿੰਦੇ ਦਾ ਫਰਕ ਹੈ। ਆਪ ਨੂੰ ਪਰਮੇਸਵਰ ਮੰਨਣਾ ਜਾਂ ਕਹਿਣਾ ਕਰਤਾਰ ਨਾਲ ਸ਼ਰੀਕਤ ਕਰਨਾ ਹੈ। ਉਸ ਦਾ ਸ਼ਰੀਕ ਯਾ ਸਾਨੀ ਕੋਈ ਨਹੀਂ ਹੈ :

ਤਿਸ ਕਾ ਸਰੀਕ ਕੋ ਨਾਹੀ ॥

(ਮ: ੩)

ਕਰਤਾਰ ਦਾ ਵੱਡਾ ਗੁਣ ਹੀ ਇਹ ਹੈ ਕਿ ਉਸ ਜੈਸਾ ਹੋਰ ਕੋਈ ਨਹੀਂ ਹੈ।

ਗੁਣ ਇਹੋ, ਹੋਰ ਨਾਹੀ ਕੋਇ, ਨਾ ਕੋ ਹੋਆ ਨਾ ਕੋ ਹੋਇ ॥

(ਆਸਾ ਮ: ੧)

ਅਵਰ ਨ ਦੀਸੈ ਕਿਸ ਸਾਲਾਹੀ, ਤਿਸੈ ਸਰੀਕ ਨ ਕੋਈ ॥

(ਸੋਰਠਿ ਮ: ੧)

ਸਰੀਰ ਧਾਰਨ ਵਾਲਾ ਆਪ ਨੂੰ ਪਰਮੇਸਵਰ ਨਹੀਂ ਆਖ ਸਕਦਾ, ਕਰਤਾਰ ਅਜੂਨੀ ਸੈਭੰ ਹੈ, ਜੋ ਆਪ ਨੂੰ ਪਰਮੇਸਰ ਕਹਿੰਦੇ ਹਨ ਉਹ ਅੰਤ ਨਰਕਗਾਮੀ ਹੁੰਦੇ ਹਨ। ਇਸ ਪ੍ਰਥਾਇ ਗੁਰਵਾਕ ਹੈ :—

ਜੋ ਹਮਕੋ ਪਰਮੇਸੁਰ ਉਚਰ ਹੈ,
ਤੇ ਸਭ ਨਰਕ ਕੁੰਡ ਮਹਿ ਪਰਿ ਹੈ ॥

(ਪ: ੧੦)

ਇਹ ਵੇਦਾਂਤ ਮਤਿ ਦਾ ਖੰਡਨ ਹੈ, ਵਿਦਾਂਤੀਆਂ ਦਾ ਨਾਅਰਾ ਹੈ 'ਅਹੰ ਬ੍ਰਹਮ ਅਸਮੀ' ਭਾਵ ਮੈਂ ਬ੍ਰਹਮ ਜਾਂ ਪਰਮੇਸਰ ਹਾਂ, ਅਹੰ ਕਹਿਣਾ ਹੰਕਾਰ ਕਰਨਾ ਹੈ। ਪਰ ਗੁਰਮਤਿ ਆਪੇ ਨੂੰ ਧੋਣਾ ਦਸਦੀ ਹੈ, ਹੰਕਾਰੀ ਨੂੰ ਪ੍ਰਭੂ ਨਹੀਂ ਮਿਲਦਾ। ਪ੍ਰਹਿਲਾਦ ਦਾ ਪਿਤਾ ਆਪ ਨੂੰ ਪਰਮੇਸਰ ਮਨਾਉਂਦਾ ਸੀ, ਜਿਸ ਦਾ ਨਾਅਰਾ ਸੀ, 'ਜਲੇ ਥਲੇ ਹਰਨਾਕਸ਼ ਹੈ।' 'ਮੇਰਾ ਹੀ ਨਾਮ ਜਪੋ ਮੇਰੇ ਬਿਨਾ ਕੋਈ ਰੱਬ ਨਹੀਂ ਹੈ'। ਉਸ ਦਾ ਅੰਤ ਇਹ ਹੋਇਆ ਕਿ 'ਹਰਨਾਕਸ਼ ਦੁਸ਼ਟ ਮਾਰਿਆ ਗਿਆ', ਜੋ ਲੋਕ ਵੇਦਾਂਤ ਮਤਿ ਦੇ ਨਸ਼ੇ ਵਿਚ ਆ ਕੇ ਕਹਿੰਦੇ ਹਨ ਕਿ ਤੂੰ ਹੀ ਰੱਬ ਹੈ ਜਾਂ ਤੈਥੋਂ ਬਿਨਾ ਕੋਈ ਰੱਬ ਨਹੀ ਹੈ, ਉਹ ਮਾਇਆ ਵਿਚ ਭਰਮਦੇ ਹਨ ਅਤੇ ਕਥਨੀ ਕਰਕੇ ਭਾਵ 'ਚੁੰਚ' ਗਿਆਨੀ ਹਨ। ਜਿਹਾ ਕਿ ਗੁਰਵਾਕ ਹੈ।

ਕਥਨੀ ਕਹਹਿ, ਕਹਹਿ ਸੇ ਮੂਏ,
ਸੋ ਪ੍ਰਭ ਦੂਰ ਨਹੀਂ ਪ੍ਰਭੁ ਤੂੰ ਹੈ।
ਸਭ ਜਗ ਦੇਖਿਆ ਮਾਇਆ ਛਾਇਆ ॥
ਨਾਨਕ ਗੁਰਮਤਿ ਨਾਮ ਧਿਆਇਆ ॥

(ਮ: ੧)

ਇਹ ਵੀ ਵੇਦਾਂਤ ਮਤਿ ਦਾ ਖੰਡਣ ਹੈ। ਕਈ ਚਤਰ ਵੇਦਾਂਤੀ 'ਪ੍ਰਭੁ ਤੂੰ ਹੈ' ਸ਼ਬਦ ਪੜ੍ਹ ਕੇ ਅਨਜਾਣਾ ਨੂੰ ਭਰਮਾ ਲੈਂਦੇ ਹਨ ਕਿ ਇਹ ਵੇਦਾਂਤ ਮਤਿ ਹੈ, ਹਾਲਾਂ ਕਿ ਇਹ ਵੇਦਾਂਤ ਸਿਧਾਂਤ ਦਾ ਖੰਡਨ ਹੈ।

ਕਈ ਕਹਿੰਦੇ ਵੇਖੇ ਹਨ ਕਿ ਸ੍ਰੀ ਕ੍ਰਿਸ਼ਨ ਗੀਤਾ ਅਤੇ ਗੁਰਬਾਣੀ ਦਾ ਇਕੋ ਸਿਧਾਂਤ ਹੈ। ਇਹ ਬਾਤ ਗਲਤ ਹੈ ਕਿ ਕ੍ਰਿਸ਼ਨ ਗੀਤਾ ਵੇਦਾਂਤ ਮਤ ਦਾ ਅਨੁਵਾਦ ਹੈ।'ਉਸ ਵਿਚ ਸ੍ਰੀ ਕ੍ਰਿਸ਼ਨ ਜੀ ਦਾ ਉਚਾਰਨ ਹੈ :—

'ਮੈ ਹੀ ਪਰਮੇਸ਼ਵਰ ਹਾਂ' ਮੈਥੋਂ ਬਿਨਾਂ ਹੋਰ ਬ੍ਰਹਮ ਕਲਪਣਾ ਭੁਲ ਹੈ।

(ਪੜ੍ਹੋ ਗੀਤਾ ਅਧਯਾਏ ਚੌਥਾ ਸਲੋਕ ਦਸ ਤੋਂ ਪੰਦਰਾਂ ਤੱਕ)

ਇਸੇ ਸਿਧਾਂਤ ਪਰ ਕਿਹਾ ਹੈ :—

ਜੇ ਜੇ ਭਏ ਪਹਿਲ ਅਵਤਾਰਾ ॥
ਆਪੁ ਆਪੁ ਤਿਨ ਜਾਪੁ ਉਚਾਰਾ ॥

ਆਪਣਾ ਨਾਮ ਜਪੌਣਾ ਭੁਲ ਹੈ। ਪ੍ਰੀਤਤ ਹੁੰਦਾ ਹੈ ਕਿ ਪਿਛਲੇ ਸਮਿਆਂ ਵਿਚ ਵੇਦਾਂਤ ਮਤਿ ਦਾ ਬਹੁਤ ਪ੍ਰਚਾਰ ਸੀ ਕਿਉਂਕਿ ਆਪ ਨੂੰ ਰੱਬ ਕਹੌਣਾ ਵੇਦਾਂਤ ਮਤਿ ਦਾ ਸਿਧਾਂਤ ਹੈ। ਹਰਨਾਖਸ਼ ਭੀ ਵੇਦਾਂਤ ਮਤਿ ਦਾ ਹੀ ਧਾਰਨੀ ਸੀ।

ਸੁਖਮਨੀ ਸਾਹਿਬ ਵਿੱਚ ਇਕ ਪੰਗਤੀ ਔਂਦੀ ਹੈ :

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥

(ਮ: ੫)

ਇਸ ਪੰਗਤੀ ਨੂੰ ਬਿਨਾ ਵਿਚਾਰੇ ਕਈ ਵੇਦਾਂਤੀ ਆਪ ਮੁਹਾਰੇ ਆਖ ਦਿੰਦੇ ਹਨ ਕਿ ਵੇਖੋ ਜੀ ਬ੍ਰਹਮ ਗਿਆਨੀ ਆਪੇ ਪਰਮੇਸਵਰ, ਹੈ ਇਹੋ ਵੇਦਾਂਤ ਦਾ ਸਿਧਾਂਤ ਹੈ।

ਪਰ ਇਸ ਪੰਗਤੀ ਦੇ ਅਰਥ ਇਉਂ ਹਨ ਕਿ ਪੂਰਨ ਬ੍ਰਹਮ ਗਿਆਨੀ ਕੇਵਲ ਪਰਮੇਸਵਰ ਆਪ ਹੀ ਹੈ ਜਿਹਾ ਕਿ ਗੁਰਵਾਕ ਹੈ :—

ਤੁਮਰੀ ਗਤਿ ਮਿਤਿ, ਤੁਮ ਹੀ ਜਾਨੀ,
ਨਾਨਕ ਦਾਸ ਸਦਾ ਕੁਰਬਾਨੀ ॥

ਭਾਵ ਅਕਾਲ ਪੁਰਖ ਦੀ ਗਤੀ ਮਿਤੀ ਨੂੰ ਉਹ ਆਪ ਹੀ ਜਾਣ ਸਕਦਾ ਹੈ। ਜੇ ਬੰਦਾ ਰੱਬ ਹੋ ਜਾਵੇ ਤਾਂ ਪ੍ਰਭੂ ਦੀ ਬੇਅੰਤਤਾ ਹੀ ਖ਼ਤਮ ਹੋ ਜਾਂਦੀ ਹੈ। ਸਰੀਰ ਧਾਰਨ ਵਾਲਾ ਪੁਰਸ਼ 'ਅਜੂਨੀ ਸੈਭੰ' ਨਹੀਂ ਕਹਾ ਸਕਦਾ। ਪ੍ਰਭੂ ਦੀ ਗਤੀ ਪ੍ਰਭੂ ਆਪ ਹੀ ਜਾਣਦਾ ਹੈ ਦੂਜਾ ਕੋਈ ਨਹੀਂ ਜਾਣ ਸਕਦਾ।

ਵੇਦਾਂਤ ਦੇ ਅਰਥ ਹਨ ਵੇਦਾਂ ਦਾ ਅੰਤ ਯਾ ਅੰਤਮ ਸਿੱਟਾ। ਵੇਦ ਗਰੰਥਾਂ ਨੂੰ ਘੋਖ ਕੇ ਯਾ ਮੱਥ ਕੇ ਪੰਡਿਤ ਬਿਆਸ ਨੇ ਵੇਦਾਂਤ ਮਾਰਗ ਦਸਿਆ ਸੀ ਪਰ ਉਸ ਨੂੰ ਵੇਦਾਂਤ ਮਾਰਗ ਤੋਂ ਆਪ ਹੀ ਸ਼ਾਂਤੀ ਨਹੀਂ ਆਈ ਸੀ। ਅੰਤ ਉਹ ਅਤਿ ਦੁਖੀ ਹੋ ਕੇ ਵਿਰਲਾਪ ਕਰਨ ਲਗ ਪਿਆ ਸੀ। ਇਸ ਬਾਰੇ ਭਾਈ ਗੁਰਦਾਸ ਜੀ ਨੇ ਭੀ ਲਿਖਿਆ ਹੈ :—

'ਸਯਾਮ ਵੇਦ ਕਉ ਸੋਧ ਕਰ, ਮਥ ਵੇਦਾਂਤ ਬਿਆਸ ਸੁਣਾਯਾ॥
ਕਥਨੀ ਬਦਨੀ ਬਾਹਿਰਾ, ਆਪੇ ਆਪਨ ਬ੍ਰਹਮ ਜਣਾਯਾ॥
ਨਦਰੀ ਕਿਸੇ ਨਾ ਲਿਆਵੀ, ਹਉਮੈ ਅੰਦਰ ਭਰਮ ਭੁਲਾਯਾ॥
ਆਪ ਪੁਜਾਇ ਜਗਤ ਵਿਚ, ਭਾਉ ਭਗਤਿ ਦਾ ਗਿਆਨ ਨ ਪਾਯਾ॥
ਤ੍ਰਿਪਤੀ ਨ ਆਵੀ ਵੇਦ ਮਥਿ, ਅਗਨੀ ਅੰਦਰਿ ਤਪਤਿ ਤਪਾਯਾ॥
ਮਾਯਾ ਦੰਡ ਨਾ ਉਤਰੇ, ਜਮ ਦੰਡ ਬਹੁ ਦੁਖ ਪਾਯਾ॥
ਨਾਰਦ ਮੁਨ ਉਪਦੇਸਿਆ, ਮਥ ਭਗਵਤ ਦਾਣ ਮੀਤ ਕਰਾਯਾ॥
ਬਿਨ ਸਰਨੀ ਨਹਿੰ ਕੋਇ ਤਰਾਯਾ॥ ੧੧॥

ਇਸ ਪੌੜੀ ਦਾ ਭਾਵ ਇਹ ਹੈ ਕਿ ਵੇਦਾਂਤ ਮਤਿ ਦੇ ਆਗੂ ਪੰਡਿਤ ਬਿਆਸ ਨੂੰ ਵੇਦਾਂਤ ਮਤਿ ਗ੍ਰੰਥ ਰਚ ਕੇ ਆਪ ਨੂੰ ਹੀ ਸ਼ਾਂਤੀ ਨਾ ਹੋਈ ਜਿਸ ਕਰਕੇ ਅਖ਼ੀਰ ਤੇ ਰੋਇਆ ਪਿਟਿਆ ਅਤੇ ਅੰਤ ਨਾਰਦ ਮੁਨੀ ਨੇ ਉਸ ਨੂੰ ਉਪਦੇਸ਼ ਦਿੱਤਾ ਕਿ ਕਰਤਾਰ ਭਗਤੀ ਬਿਨਾ ਮਨ ਸ਼ਾਂਤ ਨਹੀਂ ਹੁੰਦਾ, ਜਿਸ ਕਰਕੇ ਪੰਡਿਤ ਬਿਆਸ ਨੇ ਭਗਵਤ ਪੁਰਾਣ ਗ੍ਰੰਥ ਲਿਖਕੇ ਪਰਮੇਸਰ ਦੀ ਮਹਿਮਾ ਗਾਈ, ਤਾਂ ਉਸਦੇ ਮਨ ਨੂੰ ਸ਼ਾਂਤੀ ਹੋਈ। ਸੋ ਜਦ ਵੇਦਾਂਤ ਦਾ

ਮੋਢੀ ਹੀ ਵੇਦਾਂਤ ਤੋਂ ਸ਼ਾਂਤੀ ਨਾ ਪਾ ਸਕਿਆ, ਪਿਛ ਲਗਾਂ ਦਾ ਕੀ ਹਾਲ ਹੋਵੇਗਾ ? ਕਿਤਨੇ ਸੱਜਣ ਵੇਖੇ ਹਨ ਜੋ ਕਿ ਸਾਰਾ ਦਿਨ ਵਿਚਾਰ ਸਾਗਰ ਗ੍ਰੰਥ ਨੂੰ ਘੋਟਦੇ ਰਹਿੰਦੇ ਹਨ ਅਤੇ ਓਹ ਚੁੰਚ ਗਿਆਨ ਵਿਚ ਵਡੇ ਮਾਹਰ ਹੁੰਦੇ ਹਨ। ਵੈਸੇ ਪੱਲੇ ਕੁਝ ਵੀ ਨਹੀਂ ਹੁੰਦਾ।

ਇਸ ਪ੍ਰਥਾਇ ਭਗਤਾਂ ਦੀ ਬਾਣੀ ਵਿਚੋਂ ਭੀ ਕਈ ਪਰਮਾਣ ਮਿਲਦੇ ਹਨ। ਜਿਹਾ ਕਿ :—

'ਨਾਰਦ ਬਚਨ ਬਿਆਸ ਕਹਤ ਹੈ, ਸੁਕ ਕਉ ਪੂਛਹੁ ਜਾਈ '।
ਕਹਿਤ ਕਬੀਰ ਰਾਮੈ ਰਮੁ ਛੂਟਹੁ ਨਾਹਿ ਤਾ ਬੂਡੇ ਭਾਈ ॥
(ਮਾਰੂ ਕਬੀਰ)

"ਨਾਨਾਖਿਆਨ ਪੁਰਾਨ ਬੇਦ ਬਿਧਿ ਚਉਤੀਸ ਅੱਛਰ ਮਾਹੀ ॥
ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥
(ਮਾਰੂ ਰਵਿਦਾਸ)

ਸਪਸ਼ਟ ਹੈ ਕਿ ਵੇਦਾਂਤ ਮਤਿ ਧਾਰਕੇ ਕੋਈ ਕਰਤਾਰ ਭਗਤ ਨਹੀਂ ਹੋਇਆ :—

ਵੇਦਾਂਤ ਛੀਆਂ ਦਰਸ਼ਨਾਂ ਵਿਚੋਂ ਇਕ ਦਰਸ਼ਨ ਹੈ। ਵੇਦਾਂਤ ਮਤਿ ਅਨੁਸਾਰ ਬ੍ਰਹਮ ਦੀ ਸੱਤਾ ਤੇ ਸ਼ਕਤੀ ਕਰਕੇ ਮਾਇਆ ਦੁਆਰਾ, ਸਭ ਕੁਛ ਬ੍ਰਹਮ ਤੋਂ ਉਪਜਿਆ ਹੈ। ਅਤੇ ਉਸੇ ਵਿੱਚ ਮੁੜ ਲੈਯ ਹੋਵੇਗਾ॥ ਸ਼ੁਧ ਮਾਯਾ ਵਿੱਚ ਬ੍ਰਹਮ ਦਾ ਪ੍ਰਤਿਬਿੰਬ ਈਸ਼ਵਰ ਹੈ, ਤੇ ਮਲੀਨ ਮਾਇਆ ਵਿਚ ਪ੍ਰਤਿਬਿੰਬ ਜੀਵ ਹੈ। ਵੇਦਾਂਤ ਆਖਦਾ ਹੈ ਕਿ ਜੀਵ ਅਬਿਨਾਸੀ ਤੇ ਇਕੋ ਹੈ ਪ੍ਰੰਤੂ ਉਪਾਧੀ ਭੇਦ ਕਰਕੇ ਭਿੰਨ ਭਿੰਨ ਭਾਸਦਾ ਹੈ। ਵੇਦਾਂਤ ਮਤਿ ਕਹਿੰਦਾ ਹੈ ਕਿ ਉਪਾਧੀ ਭੇਦ ਮਿਟਾਉਣੇ ਪਰ, ਸ਼ੁਧ ਬ੍ਰਹਮ ਨਾਲ ਅਭੇਦਤਾ ਹੋ ਜਾਂਦੀ ਹੈ। ਭੇਦ ਭਾਵ ਮਿਟ ਕੇ ਆਤਮੇ ਦਾ ਸਾਖਯਾਤਕਾਰ ਹੁੰਦਾ ਹੈ ਇਸੇ ਦਾ ਨਾਮ ਕੇਵਲ ਮੁਕਤਿ ਮੰਨਿਆ ਗਿਆ ਹੈ।

ਸੋ ਇਹ ਮਨ ਕਲਪਤਿ ਗਿਆਨ ਹੈ ਅਤੇ ਕਥਨ ਮਾਤ੍ਰ ਹੈ, ਲੈਣ ਨੂੰ ਕੁਝ ਭੀ ਨਹੀਂ ਹੈ, ਇਸ ਪ੍ਰਥਾਇ ਗੁਰਵਾਕ ਹੈ :—

ਜਗ ਚਤੁਰ ਸਿਆਣਾ, ਭਰਮ ਭੁਲਾਣਾ ਨਾਉ ਪੰਡਿਤ ਪੜਹਿ ਗਵਾਰੀ ॥
ਨਾਉ ਵਿਸਾਰਹਿ ਬੇਦ ਸਮਾਲਹਿ ਬਿਖ ਭੂਲੇ ਲੇਖਾਰੀ ॥

(ਮਾਰੂ ਮ: ੧)

(੫)

ਚਾਰ ਕਤੇਬੀ ਕੌਮਾਂ

ਚਾਰ ਵੇਦਾਂ ਦੇ ਮੁਕਾਬਲੇ ਪਰ (ਰਿਗ, ਯੁਜਰ, ਸਾਮ, ਅਥਰਵ) ਚਾਰ ਕਤੇਬਾਂ, ਤੌਰੇਤ, ਜ਼ਬੂਰ, ਇੰਜੀਲ, ਕੁਰਾਨ ਬਣੀਆਂ ਹਨ। ਜਿਨ੍ਹਾਂ ਦਾ ਸੰਖੇਪ ਹਾਲ ਅਗੇ ਲਿਖੇ ਅਨੁਸਾਰ ਹੈ। ਇਸ ਤੋਂ ਪਹਿਲਾਂ ਹਜ਼ਰਤ ਇਬਰਾਹੀਮ ਦਾ ਹਾਲ ਜਾਣਨਾ ਜ਼ਰੂਰੀ ਹੈ। ਕਿਉਂਕਿ ਕਤੇਬੀ ਮਤਾਂ ਦਾ ਮੁਖੀਆ ਇਬਰਾਹੀਮ ਹੈ। ਬਚਿੱਤ੍ਰ ਨਾਟਕ ਵਿਚ ਪਾਠ ਆਉਂਦਾ ਹੈ।

ਜੋ ਪ੍ਰਭੁ ਪਰਮ ਪੁਰਖ ਉਪਜਾਏ।
ਤਿਨ ਤਿਨ ਅਪਨੇ ਰਾਹ ਚਲਾਏ।
ਮਹਾਦੀਨ ਤਬ ਪ੍ਰਭੁ ਉਪਰਾਜਾ।
ਅਰਬ ਦੇਸ ਕੋ ਦੀਨੋ ਰਾਜਾ।
ਤਿਨ ਭੀ ਏਕੁ ਪੰਥ ਉਪਰਾਜਾ।

ਲਿੰਗ ਬਿਨਾ ਕੀਤੇ ਸਭ ਰਾਜਾ।
ਸਭ ਤੇ ਅਪਨਾ ਨਾਮ ਜਪਾਯੋ।
ਸਤਿਨਾਮ ਕਾਹੂੰਨ ਦ੍ਰਿੜਾਯੋ।੨੭।

ਸਿੱਖ ਧਰਮ ਵੇਦਾਂ ਕਤੇਬਾਂ ਦੇ ਸਿਧਾਂਤਾਂ ਤੋਂ ਨਿਆਰਾ ਧਰਮ ਹੈ। ਗੁਰਬਾਣੀ ਵਿਚ ਫੁਰਮਾਇਆ ਹੈ।

ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ।
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ।
(ਆਸਾ ਸ਼: ੫)

ਬੇਦ ਕਤੇਬ ਸਿਮ੍ਰਿਤ ਸਭਿ ਸਾਸਤ ਇਨ ਪੜ੍ਹਿਆ ਮਕਤਿ ਨ ਹੋਈ।
(ਸੂਹੀ ਮ: ੫)

ਬਾਈਬਲ ਅਤੇ ਕੁਰਾਨ ਅਨੁਸਾਰ ਖੁਦਾ ਵਲੋਂ ਘਲਿਆ ਹੋਇਆ ਪੈਗੰਬਰ ਇਬਰਾਹੀਮ ਸੀ। ਇਹ ਹਜ਼ਰਤ ਨੂਹ ਦੀ ਗਿਆਰਵੀਂ ਪੀੜ੍ਹੀ ਵਿਚੋਂ ਆਜ਼ਰ ਦਾ ਪੁੱਤਰ ਸੀ। ਇਬਰਾਹੀਮ ਦੀ ਪਹਿਲੀ ਇਸਤਰੀ ਦਾ ਨਾਮ ਸਾਰਾਹਾਂ ਸੀ। ਦੂਜੀ ਸ਼ਾਦੀ ਹਾਜ਼ਿਰਾ ਨਾਮੀ ਗੋਲੀ ਨਾਲ ਕਰਾਈ, ਜਿਸ ਥੀਂ 'ਇਸਮਾਈਲ ਪੁਤਰ ਜਨਮਿਆ ਅਤੇ ਸਾਰਾਹਾਂ ਦੇ ਪੇਟੋਂ ਇਸਹਾਕ ਪੁਤਰ ਹੋਇਆ, ਇਸਹਾਕ ਦੀ ਔਲਾਦ ਨੂੰ ਇਸਰਾਈਲ ਵੰਸ ਕਿਹਾ ਜਾਂਦਾ ਹੈ, ਜਿਸ ਵਿਚੋਂ ਯਹੂਦੀ ਅਤੇ ਈਸਾਈ ਹਨ ਅਤੇ ਇਸਮਾਈਲ ਦੀ ਔਲਾਦ ਕੁਰੈਸ਼ ਵੰਸੀ ਹਨ, ਜਿਸ ਵਿਚ ਮੁਹੰਮਦ ਸਾਹਿਬ ਜਨਮਿਆ। ਸੁੰਨਤ ਦੀ ਰਸਮ ਇਬਰਾਹੀਮ ਤੋਂ ਚੱਲੀ। ਹਜ਼ਰਤ ਇਬਰਾਹੀਮ ਨੂੰ ਖਲੀਲੁੱਲਾ (ਅੱਲਾ ਦਾ ਪੁਤਰ) ਲਿਖਿਆ ਜਾਂਦਾ ਹੈ। ਇਸ ਦੀ ਕਬਰ ਹਰੂੰ ਫਿਲਸਤੀਨ ਵਿਚ ਮੌਜੂਦ ਹੈ। ਉਸ ਦੀ ਯਾਤਰਾ ਕੀਤੀ ਜਾਂਦੀ ਹੈ। ਕਤੇਬੀ ਮੱਤਾਂ ਦਾ ਮੁਖੀਆ ਅਸਲੋਂ ਇਬਰਾਹੀਮ ਪੈਗੰਬਰ ਹੈ। ਚਾਰੇ ਕਿਤੇਬਾਂ ਵਾਲੇ ਹਜ਼ਰਤ ਇਬਰਾਹੀਮ ਨੂੰ ਆਪਣਾ ਮੁਖੀਆ ਮੰਨਦੇ ਹਨ। ਇਸਾਈ ਲੋਕ ਸੂਰ ਦੇ ਮਾਸ ਦੀ ਆਣ ਨੂੰ ਨਹੀਂ ਮੰਨਦੇ ਅਤੇ ਨਾ ਹੀ ਸੁੰਨਤ ਕਰਾਉਂਦੇ ਹਨ।

ਚਾਰੇ ਕਿਤੇਬਾਂ ਦਾ ਇਕੋ ਮਤ ਸਿਧਾਂਤ ਨਹੀਂ ਹੈ। ਪੈਰੋਕਕਾਰਾਂ ਦੇ ਰਸਮੋ ਰਿਵਾਜ ਭੀ ਵਖੋ ਵਖ ਹਨ।

ਹਜ਼ਰਤ ਮੂਸਾ ਦੇਸ਼ ਮਿਸਰ ਵਿਖੇ ਇਮਰਾਨ ਦਾ ਪੁਤਰ ਸੀ, ਹਜ਼ਰਤ ਈਸਾ ਸੀ। ਹਜ਼ਰਤ ਈਸਾ ਜੀ ਤੋਂ 'ਬਾਰਾ ਸੈ ਸਾਲ ਪਹਿਲਾਂ ਹੋਇਆ ਹੈ। ਉਥੇ ਦਾ ਬਾਦਸ਼ਾਹ ਫਰਊਨ ਬੜਾ ਜ਼ਾਲਮ ਸੀ। ਜੋ ਕਿ ਇਸਰਾਈਲ ਵੰਸ਼ ਦੇ ਬੱਚਿਆ ਨੂੰ ਜੰਮਣ ਸਾਰ ਮਰਵਾ ਦਿੰਦਾ ਸੀ। ਮੂਸਾ ਦੀ ਮਾਤਾ ਨੇ ਇਸ ਨੂੰ ਇਕ ਸੰਦੂਖ ਵਿਚ ਪਾ ਕੇ ਨਦੀ ਵਿਚ ਬਹਾ ਦਿਤਾ ਸੀ। ਮਿਸਰ ਦੀ ਸ਼ਹਿਜ਼ਾਦੀ ਨੇ ਉਸ ਨੂੰ ਨਦੀ ਵਿਚੋਂ ਨਿਕਾਲ ਕੇ ਪਾਲਿਆ ਸੀ। ਜਿਸ ਕਰ ਕੇ ਇਸ ਦਾ ਨਾਮ ਮੂਸਾ ਰਖਿਆ ਗਿਆ। ਇਹ ਚਾਲੀਸ ਵਰ੍ਹੇ ਦੀ ਆਯੂ ਵਿਚ ਅਰਬ ਦੇਸ਼ ਵਿਚ ਆਇਆ ਉਥੇ ਹੀ ਸ਼ਾਦੀ ਕਰਵਾਈ ਕੁਰਾਨ ਵਿਚ ਦਸਿਆ ਹੈ ਕਿ ਖੁਦਾ ਵਲੋਂ ਇਸ ਨੂੰ ਹੁਕਮ ਆਏ ਜੋ ਯਹੂਦੀਆਂ ਦੇ ਧਰਮ ਗਰੰਥ "ਤੌਰੇਤ" ਵਿਚ ਲਿਖੇ ਗਏ ਹਨ। ਦਸਿਆ ਹੈ ਕਿ ਮੂਸਾ ਤੂਰ ਪਹਾੜ ਪਰ ਚਾਲ੍ਹੀ ਦਿਨ ਦਾ ਵਰਤ ਰਖ ਕੇ ਖੁਦਾ ਪਾਸੋਂ ਹੁਕਮ ਲੈਂਦਾ ਰਿਹਾ ਜੋ ਖੁਦਾ ਨੇ ਸਲੇਟਾਂ ਪਰ ਲਿਖੇ ਹੋਏ ਸੀ। ਇਸੇ ਕਰਕੇ ਯਹੂਦੀ ਚਾਲ੍ਹੀ ਰੋਜ਼ੇ ਰਖਦੇ ਹਨ। ਮੂਸਾ ਨੂੰ ਖੁਦਾ ਨੇ ਦਸ ਹੁਕਮ ਲਿਖ ਕੇ ਦਿਤੇ ਸਨ। ਜਿਹਾ ਕਿ ਪਹਿਲਾਂ ਮੇਰੇ ਮੁਕਾਰਲੇ ਤੇਰੇ ਤਾਈਂ। ਦੂਜਾ ਪ੍ਰਮੇਸਵਰ ਨਾ ਹੋਵੇ। ੨. ਮੂਰਤੀਆਂ ਦੀ ਪੂਜਾ ਨਹੀਂ ਕਰਨੀ। ੩. ਖੁਦਾ ਦਾ ਨਾਮ ਅਕਾਰਥ ਨਹੀਂ ਲੈਣਾ। ੪. ਸ਼ਨਿਚਰ ਵਾਰ ਦਾ ਦਿਨ ਪਵਿੱਤਰ ਹੈ, ਉਸ ਦਿਨ ਕੋਈ ਕੰਮ ਨਾ ਕਰੀਂ। ਕਿਉਂਕਿ ਦੁਨੀਆ ਰਚ ਕੇ ਉਸ ਦਿਨ ਮੈਂ ਆਰਾਮ ਕੀਤਾ ਸੀ। ੫. ਮਾਂ ਪਿਓ ਦਾ ਆਦਰ ਕਰਨਾ। ੬. ਖੂਨ ਨਹੀਂ ਕਰਨਾ, ੭. ਯਾਰੀ ਨਹੀਂ ਕਰਨੀ ੮. ਚੋਰੀ ਨਹੀਂ ਕਰਨੀ। ੯. ਗਵਾਂਢੀ ਪਰ ਝੂਠੀ ਗਵਾਹੀ ਨਹੀਂ ਦੇਣੀ। ੧੦. ਗਵਾਂਢੀ ਦੀ ਕਿਸੇ ਚੀਜ਼ ਦਾ ਲਾਲਚ ਨਾ ਕਰਨਾ। ਹਜ਼ਰਤ ਮੂਸਾ ਇਨ੍ਹਾਂ ਦਾ ਪਰਚਾਰ ਕਰਦਾ ਰਿਹਾ।

ਜ਼ਬੂਰ ਗ੍ਰੰਥ ਦਾ ਕਰਤਾ ਦਾਊਦ ਇਸਰਾਈਲ ਵੰਸ ਦਾ ਬਾਦਸ਼ਾਹ

ਸੀ। ਇਹ ਜੈਸ਼ੀ ਦਾ ਪੁਤਰ ਸੀ। ਇਸ ਨੂੰ ਭੀ ਖੁਦਾ ਵਲੋਂ ਹੁਕਮ ਉਤਰਨੇ ਲਿਖੇ ਹਨ। ਇਸ ਦੀ ਰਾਜਧਾਨੀ ਜਰੂਸਲਮ ਸੀ। ਉਥੇ ਹੀ ਇਸ ਦੀ ਕਬਰ ਪੂਜੀ ਜਾਂਦੀ ਹੈ। ਦਾਊਦ ਦਾ ਪੁਤਰ ਸੁਲੇਮਾਨ ਇਸ ਨੂੰ ਭੀ ਪੈਗੰਬਰ ਮੰਨਿਆ ਹੈ। ਬਾਈਬਲ ਦੀ ਲਿਖਤ ਮੂਜਬ ਇਹ ਯਰੋਸਲਮ ਵਿਚ ਚਾਲ੍ਹੀ ਸਾਲ ਬਾਦਸ਼ਾਹ ਰਿਹਾ ਇਥੇ ਇਸ ਦੀ ਕਬਰ ਹੈ। ਇਸ ਦੀ ਹੋਂਦ ਸਨ, ਈਸਵੀ ਤੋਂ ਹਜ਼ਾਰ ਕੁ ਸਾਲ ਪਹਿਲਾਂ ਦਸੀ ਗਈ ਹੈ। ਕਿਹਾ ਜਾਂਦਾ ਹੈ ਕਿ ਸੁਲੇਮਾਨ ਹਰ ਇਕ ਜਾਨਵਰ ਦੀ ਬੋਲੀ ਸਮਝਦਾ ਸੀ।

ਨੋਟ :— ਜਿਸ ਤਰ੍ਹਾਂ ਮੁਸਲਮਾਨਾਂ ਵਾਸਤੇ ਮੱਕਾ ਅਤੇ ਹਿੰਦੂਆਂ ਵਾਸਤੇ ਜਗਨ ਨਾਥ ਹੈ, ਤਿਵੇਂ ਯਹੂਦੀਆਂ ਈਸਾਈਆਂ ਵਾਸਤੇ ਯਰੋਸਲਮ ਹੈ। ਇਥੇ ਸੰਸਾਰ ਦੇ ਵਡੇ ਵਡੇ ਮਹਾਨ ਪੁਰਸ਼ ਵਿਚਰਦੇ ਰਹੇ ਹਨ। ਇਸ ਸ਼ਹਿਰ ਦੇ ਦੋ ਵਡੇ ਹਿੱਸੇ ਹਨ ਅਤੇ ਚਰਚਾ ਦੇ ਭੀ ਭਾਗ ਹਨ। ਇਕ ਅਸਰਾਈਲੀ ਯੁਰੋਸਲਮ ਹੈ. ਦੂਜਾ ਜਾਰਡਰਨ ਦਾ ਹੈ। ਪਰਸਪਰ ਝਗੜਿਆਂ ਕਰ ਕੇ ਹੀ ਇਥੇ ਦੇ ਚਰਚ ਕਈ ਵਾਰ ਢਾਹੇ ਅਤੇ ਕਈ ਵਾਰ ਉਸਾਰੇ ਗਏ ਹਨ। ਮਾਡਰਨ ਯਰੋਸਲਮ ਵਿਚ ਸਤਰ ਅਸੀਂ ਕੌਮਾਂ ਦੇ ਲੋਕ ਵਖੋ ਵਖ ਪਹਿਰਾਵੇ ਵਿਚ ਵਸਦੇ ਹਨ। ਇਥੇ ਹੀ ਖਲੀਫਾ ਉਮਰ ਦੀ ਮਸਜਿਦ ਵੀ ਹੈ। ਕਿਹਾ ਜਾਂਦਾ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਇਸ ਪਹਾੜੀ ਤੋਂ ਅਸਮਾਨ ਤੇ ਚੜ੍ਹੇ ਸਨ। ਇਕ ਪੱਥਰ ਪਰ ਆਪ ਦੇ ਪੈਰਾਂ ਦੇ ਉਕਰੇ ਹੋਏ ਨਿਸ਼ਾਨ ਪੂਜੇ ਜਾਂਦੇ ਹਨ। ਈਸਾ ਜੀ ਮਹਾਤਮਾ ਜੌਨ ਤੋਂ ਬਪਤਿਸਮਾਂ ਲੀਤਾ ਸੀ। ਤੀਸ ਸਾਲ ਦੀ ਉਮਰ ਵਿਚ ਇਸ ਨੇ ਆਪਣੇ ਮਤਿ ਦਾ ਪ੍ਰਚਾਰ ਅਰੰਭ ਕੀਤਾ। ਈਸਾ ਜੀ ਆਪ ਨੂੰ ਖੁਦਾ ਦਾ ਬੇਟਾ ਮੰਨਦੇ ਮਨਾਉਂਦੇ ਸਨ। ਇਸ ਬਾਤ ਤੋਂ ਦੋਸ਼ੀ ਦਸ ਕੇ ਯਰੋਸਲਮ ਦੇ ਵਡੇ ਮਹੰਤ ਨੇ 'ਇਸ ਨੂੰ ਕਾਫਰ ਠਹਿਰਾ ਕੇ ਯਰੋਸਲਮ ਦੇ ਵਡੇ ਹਾਕਮ ਪਾਈਲੇਟ ਪਾਸ ਸ਼ਕਾਇਤ ਕੀਤੀ। 'ਯਹੂਦੀਆਂ ਦੇ ਬਾਦਸ਼ਾਹ ਨੇ ਇਸ ਨੂੰ ਫ਼ਾਂਸੀ ਦੀ ਸਜ਼ਾ ਦਿਤੀ। ਜਿਸ ਨੂੰ ਸਲੀਬ (ਸੂਲੀ) ਕਹਿੰਦੇ ਹਨ। ਇਹ ਸੂਲੀ

ਨੂੰ ਆਪਣਾ ਧਾਰਮਕ ਚਿੰਨ੍ਹ ਸਮਝਕੇ ਗਿਰਜੇ ਪਰ ਲੌਂਦੇ ਹਨ। ਹਜ਼ਰਤ ਈਸਾ ਜੀ ਦੀ ਸਾਰੀ ਉਮਰ ਤੇਤੀਸ ਸਾਲਾਂ ਦੀ ਸੀ। ਇੰਜੀਲ ਦਾ ਪ੍ਰਚਾਰ ਈਸਾ ਜਸੂ ਫੀਲਸਤੀਨ ਨਿਵਾਸੀ ਯੂਸਫ ਤਰਖਣ ਦਾ ਪੁਤਰ ਸੀ। ਈਸਾ ਦਾ ਸੰਨ ਈਸਵੀ ਪ੍ਰਚਲਤ ਹੈ। ਈਸਾ ਨੂੰ ਖੁਦਾ ਦਾ ਬੇਟਾ ਮੰਨਿਆ ਗਿਆ ਹੈ. ਕੁਰਾਨ ਵਿਚ ਈਸਾ ਜੀ ਦਾ ਜ਼ਿਕਰ ਹੈ। ਈਸਾ ਦੀ ਯਹੂਦੀ ਮੱਤ ਅਨੁਸਾਰ ਸੁੰਨਤ ਹੋਈ ਸੀ। ਇੰਜੀਲ ਆਪ ਦੀ ਧਰਮ ਪੁਸਤਕ ਹੈ।

ਕੁਰਾਨ ਸ਼ਰੀਫ ਦੇ ਪ੍ਰਚਾਰਕ ਹਜ਼ਰਤ ਮੁਹੰਮਦ ਸਾਹਿਬ ਹਨ। ਕੁਰਾਨ ਦੇ ਲੇਖ ਖੁਦਾ ਵਲੋਂ ਤੇਈਸ ਸਾਲ ਉਤਰਦੇ ਰਹੇ ਦਸੇ ਹਨ, ਉਹ ਹੁਕਮ ਫਰਿਸ਼ਤਾ ਜਿਬਰਾਈਲ ਦੀ ਮਾਰਫਤ ਅਤੇ ਸੁਫਨੇ ਯਾ ਆਵਾਜ਼ਾਂ ਦੁਆਰੇ ਔਂਦੇ ਦਸੇ ਹਨ। ਦਸਿਆ ਹੈ ਕਿ ਕੁਰਾਨ ਦੀ ਸਾਰੀ ਆਯਾਤਾਂ ਖੁਦਾ ਦੇ "ਰੋਜ਼ਨਾਮਚੇ ਲੋਹਿਮਹਿਫੂਜ" ਵਿਚ ਪਹਿਲਾਂ ਹੀ ਲਿਖਿਆ ਹੋਇਆ ਸੀ। ਹਜ਼ਰਤ ਮੁਹੰਮਦ ਸਾਹਿਬ ਕੁਰੈਸ਼ ਵੰਸ ਦੇ ਅਬਦੁੱਲਾ ਦਾ ਪੁਤਰ ਸੀ। ਮਾਤਾ ਦਾ ਨਾਮ ਐਮਨਾ ਸੀ, ਇਸ ਦਾ ਜਨਮ ੫੭੭ ਈਸਵੀ ਦਾ ਅਰਬ ਦੇ ਸ਼ਹਿਰ ਮੱਕੇ ਵਿਚ ਹੋਇਆ, ਇਹ ਖਾਨਦਾਨ ਮੱਕੇ ਦੇ ਕਾਬੇ ਦਾ ਪੁਜਾਰੀ ਸੀ। ਮੰਦਰ ਦੇ ਬਾਰੇ ਉਸਾਰਨ ਸਮੇਂ ਉਥੇ ਦਾ ਪੂਜ ਜੋਗ ਕਾਲਾ ਪੱਥਰ ਮੁਹੰਮਦ ਸਾਹਿਬ ਨੇ ਆਪ ਰਖਿਆ ਸੀ। ਵੈਸੇ ਆਪ ਪੱਥਰ ਅਤੇ ਮੂਰਤੀ ਪੂਜਾ ਦੇ ਵਿਰੋਧੀ ਦਸੇ ਹਨ। ਮੁਹੰਮਦ ਸਾਹਿਬ ਨੇ ਸੰਨ ੬੩੮ ਈਸਵੀ ਨੂੰ ਚਲਾਣਾ ਕੀਤਾ, ਮਦੀਨੇ ਵਿਚ ਆਪ ਦੀ ਕਬਰ ਦੀ ਪੂਜਾ ਹੁੰਦੀ ਹੈ। ਹੱਜ ਵਾਸਤੇ ਮੁਸਲਮਾਨ ਜਾਂਦੇ ਹਨ। ਆਪ ਦੇ ਮਤ ਦਾ ਨਾਮ ਇਸਲਾਮ ਹੈ।

ਨੌ ਗ੍ਰਿਹਾਂ ਦਾ ਪੂਜਨ ਫਲ

ਜੋਤਸ਼ੀਆਂ ਦੇ ਦਸੇ ਅਨੁਸਾਰ ਬਹੁਤ ਸਾਰੇ ਲੋਕ ਨੌਂ ਗ੍ਰਹਾਂ ਦਾ ਪੂਜਨ ਕਰਦੇ ਹਨ। ਗ੍ਰਹ ਦੇ ਅਰਥ ਹਨ ਜੋ ਮਨੁਖ ਨੂੰ ਗ੍ਰਿਫਤਾਰ ਕਰੇ। ਇਨ੍ਹਾਂ ਤੋਂ ਡਰਦੇ ਲੋਕ ਆਪਣੇ ਵਿਵਾਹਾਂ ਸਮੇਂ ਨੌਆਂ ਗ੍ਰਹਿਆਂ ਦੀ ਪੂਜਾ ਕਰਦੇ ਹਨ ਯਥਾ ਗ੍ਰਹ ਇਹ ਹਨ–

'ਸੂਰਜ, ਚੰਦਰਮਾ, ਮੰਗਲ, ਬੁਧ, ਬ੍ਰਿਹਸਪਤਿ, ਸ਼ੁਕਰ ਔਰ ਸਨੀਚਰ। ਇਨ੍ਹਾਂ ਨਾਲ ਰਾਹੂ ਤੇ ਕੇਤੂ ਹੋਰ ਮਿਲਾਏ ਹਨ; ਪਛਮੀ ਵਿਦਵਾਨ ਸੱਤਾਂ ਨੂੰ ਹੀ ਮੰਨਦੇ ਹਨ। ਸਿੱਖ ਗ੍ਰਹਿ ਚਕਰ ਨੂੰ ਮੰਦਾਂ ਚੰਗਾ ਵਿਚਾਰ ਕੇ ਵਹਿਮਾਂ ਵਿਚ ਨਹੀਂ ਫਸਦੇ। ਗੁਰ ਵਾਕ ਹੈ ਗ੍ਰਹ ਨਿਵਾਰੇ ਸਤਿਗੁਰੂ ਦੇ ਆਪਣਾ ਹਾਥ––ਆਸਾ ਮਹਲਾ ੫। ਗੁਰੂ ਸਾਹਿਬ ਸਿਖਾਂ ਪਰ ਰਛਿਆ ਦਾ ਹਥ ਰਖਕੇ ਹਰ ਬਿਪਦਾ ਵਿਚ ਸਹਾਈ ਹੁੰਦੇ ਹਨ। ਅਸਲੋਂ ਮਨੁਖ ਦੇ ਪਾਪ ਕਰਮ ਹੀ ਗ੍ਰਹ ਹਨ। ਪਾਪ ਗ੍ਰਹ ਦੋਇ ਰਾਹੁ–ਵਾਰ ਮ: ੫।

ਹਿੰਦੂਆਂ ਨੇ ਇਨ੍ਹਾਂ ਦੇ ਨਾਮ ਪਰ ਹੀ ਸਤ ਦਿਨ ਕਲਪੇ ਹਨ, ਜਿਹਾ ਕਿ ਐਤਵਾਰ, ਸੋਮ, ਮੰਗਲ, ਬੁਧ, ਵੀਰ, ਸ਼ੁਕਰ, ਸਨੀਚਰ ਹਨ। ਇਨ੍ਹਾਂ ਦੇ ਨਾਮਾਂ ਕਰਕੇ ਹੀ ਚੰਗੇ ਮਾੜੇ ਦਿਨ ਕਲਪਦੇ ਹਨ, ਵਾਸਤਵ ਵਿਚ ਚੰਗਾ ਮਾੜਾ ਦਿਨ ਕੋਈ ਨਹੀਂ। ਮਾਹ ਦਿਵਸ ਮੂਰਤ ਭਲੇ ਜਾਕਉ ਨਦਰ ਕਰੇਇ।
(ਮਾਝ ਮ: ੫)

ਸਿਖ ਧਰਮ ਵਿਚ ਵਿਆਹਾਂ ਆਦਿ ਸਮੇਂ ਕੋਈ ਭਰਮ ਨਹੀਂ ਮੰਨਿਆ ਜਿਹਾ ਕਿ ਹੁਕਮ ਹੈ। ਸਾਹ ਗਣਹਿ ਨ ਕਰਹਿ ਬੀਚਾਰ, ਸਾਹੇ ਉਪਰ ਏਕੰਕਾਰ। ਰਾਮਕਲੀ ਮ: ੫। ਸਿਖ ਧਰਮ ਵਿਚ ਹਰ ਕਾਰਜ ਸਮੇਂ ਅਰਦਾਸਾ ਸੋਧ ਕੇ ਕਾਰਜ ਰਾਸ ਕੀਤਾ ਜਾਂਦਾ ਹੈ। ਚਿਤ ਅੰਦੇਸਾ ਗਣਿਤ

ਤਜ ਜਨ ਹੁਕਮ ਪਛਾਤਾ। ਬਿਲਾਵਲ ਮ: ੫। ਭਾਵ ਗੁਰਸਿਖ ਗ੍ਰਹਾਂ ਦੀ ਗਿਣਤੀ ਨੂੰ ਛਡਕੇ, ਅਥਵਾ ਬੁਰੇ ਫਲਾਂ ਦੇ ਡਰ ਤੋਂ ਉਪਜੀ ਚਿੰਤਾ ਸਮੇਂ ਕਰਤਾਰ ਦੇ ਹੁਕਮ ਨੂੰ ਸਚ ਮੰਨਦੇ ਹਨ। ਪਾਖੰਡੀ ਪਾਂਢਿਆਂ ਪਾਸੋਂ ਲਗਨ ਸਗਨ ਪੁਛਕੇ ਕੁਰਾਹੇ ਨਹੀਂ ਪੈਂਦੇ। ਗੁਰਵਾਕ ਹੈ, ਗਣ ਗਣ ਜੋਤਕ ਕਾਂਡੀ ਕੀਨੀ (ਕੁੰਡਲੀ)। ਪੜੇ ਸੁਣਾਵੈ ਤਤੁ ਨ ਚੀਨੀ। ਸਭ ਸੇ ਉਪਰ ਗੁਰ ਸ਼ਬਦ ਵੀਚਾਰ, ਹੋਰ ਕਥਨੀ ਬਦਉ ਨ, ਸਗਲੀ ਛਾਰ। ਰਾਮ ਕਲੀ ਮ: ੧। ਗ੍ਰਹਿਰਾਸ਼ੀ ਦੀ ਗਿਣਤੀ ਗਿਣਨ ਤੋਂ ਇਹ ਸੰਸਾ ਕਰਨਾ ਕਿ ਬੁਰੀ ਦਸ਼ਾ ਔਣ ਪਰ ਅਮਕਾ ਦੁਖ ਹੋਊਗਾ ਐਸੀ ਬਾਤਾਂ ਪਰ ਸਿਖ ਨਿਸਚਾ ਨਹੀ ਰਖਦੇ। ਸਿਖ ਧਰਮ ਕਰਤਾਰ ਦੇ ਭਾਣੇ ਅੰਦਰ ਰਹਿਣ ਦੀ ਸਿਖਿਆ ਦਿੰਦਾ ਹੈ ਜਿਹਾ ਕਿ ਗੁਰਵਿਲਾਸ ਵਿਚ ਲਿਖਿਆ ਹੈ।

ਸਿਖ ਅਨੰਨ ਪੰਡਿਤ ਦਿਖ ਐਸੇ, ਗ੍ਰਹਿ ਤਿਥਿ ਵਾਰ ਜਾਨ ਨਹਿ ਕੈਸੇ। ਏਕ ਭਰੋਸਾ ਪ੍ਰਭੂ ਕਾ ਪਾਏ, ਤਯਾਗ ਲਗਨ ਅਰਦਾਸ ਕਰਾਏ। ਸਿਖ ਧਰਮ ਦਾ ਇਹ ਉਪਦੇਸ਼ ਹੈ, ਗ੍ਰਹਿ ਮੜੀ ਮਸਾਣੀ ਨਹੀਂ ਮੰਨਣੀ। ਕੇਵਲ ਕਰਤਾਰ ਉਪਰ ਨਿਸਚਾ ਰਖਣਾ ਹੈ। ਪਰੇਤਪੀੜ ਗ੍ਰਹਿ ਪੀੜ ਨ ਮਾਨਤ ਮੜੀ ਮਸਾਣੀ ਕੋ ਨ ਪਛਾਨਤ। ਗੰਗਾ ਆਦਿ ਤੀਰਥ ਨਹਿ ਜਾਵੈ। ਸੂਤਕ ਪਾਤਕ ਨਹਿ ਮਨਾਵੈਂ। ਜੰਞੂ ਤਿਲਕ ਨ ਛਾਪੈ ਧਾਰੈ। ਸ਼ਰਾ ਹਿੰਦੂਆਂ ਕੀ ਨਹਿ ਧਾਰੈ। ਬੋਦੀ ਧੋਤੀ ਤੁਲਸੀ ਮਾਲ ਹੋਮ ਸ਼ਰਾਧ ਨ ਖਯਾਹਿ ਸੰਭਾਲੈ।

(ਪੰਥ ਪ੍ਰਕਾਸ਼)

ਸਿਖ ਹੀ ਉਹ ਹੈ ਜੋ ਉਪਰ ਲਿਖੇ ਕਰਮਾਂ ਤੋਂ ਪ੍ਰਹੇਜ਼ ਰਖਦਾ ਹੈ। ਨੌਆਂ ਗ੍ਰਿਹਾਂ ਨੂੰ ਹਿੰਦੂ ਜੋਤਸ਼ੀ ਇਕਰ ਮੰਨਦੇ ਹਨ। ਔਰ ਸੱਤਾਂ ਵਾਰਾਂ ਦੇ ਨਾਮ ਕਲਪੇ ਹਨ।

੧. ਐਤਵਾਰ—ਆਦਿਤਯ ਨਾਮ ਸੂਰਜ ਦਾ ਹੈ। ਇਸ ਦਿਨ ਸੂਰਜ ਦੀ ਪੂਜਾ ਕਰਦੇ ਹਨ। ਅਸਲ ਨਾਮ ਆਦਿਤਵਾਰ ਹੈ ਆਦਿਤਵਾਰ ਆਦਿ ਪੁਰਖ ਹੈ। ਸੂਈ ਬਿਲਾਵਲ ਮ: ੩। ਸੂਰਜ ਨੂੰ ਆਦਿਤ ਦੀ

ਉਲਾਦ ਮਨਿਆ ਹੈ। ਅਰਥਾਤ ਆਦਿਤ ਦਾ ਪੁਤ੍ਰ ਸੂਰਜ।

੨. ਦੂਜਾ ਸੋਮਵਾਰ ਭਾਵ ਜਿਸ ਦਾ ਸਬੰਧ ਚੰਦਰਮਾਂ ਨਾਲ ਹੈ। ਯਥਾ ਬੁੱਧ (ਸੋਮ) ਭਾਵ ਚੰਦਰਮਾ ਦਾ ਪੁੱਤਰ ਹੈ। ਸੋਮ ਇਕ ਰਿਸ਼ੀ ਜੋ ਕਿ ਅਨਸੂਯਾ ਦਾ ਪੁਤਰ ਸੀ। ਸੋਮ ਨੂੰ (ਚੰਦ੍ਰਮਾ) ਵਧਣ ਘਟਣ ਦਾ ਸਰਾਪ ਦਸਿਆ ਹੈ ਇਸ ਦਾ ਪੁਤਰ ਬੁੱਧ ਲਿਖਿਆ ਹੈ। ਸੋਮਵੰਸੀ ਭਾਵ ਕੁਰੂਵੰਸੀ ਇਸ ਦੀ ਕੁਲ ਦਸੇ ਹਨ। ਸੋਮਵਤੀ, ਭਾਵ ਸੋਮਵਾਰ ਵਾਲੀ ਤਿਥ।

੩. ਪ੍ਰਿਥਵੀ ਦਾ ਪੁਤਰ ਮੰਗਲ ਗ੍ਰਹਿ ਮੰਨਿਆ ਹੈ। ਮੰਗਲ ਸੂਖ ਕਲਿਆਨ ਤਿਥਾਈ (ਪ੍ਰਭਾਤੀ ਮ: ੫) ਮੰਗਲ ਦੇ ਅਰਥ ਖੁਸ਼ੀ ਦੇ ਭੀ ਹਨ। ਬ੍ਰਹਮਾ-ਵੈਵਰਤ ਪੁਰਾਣ ਦੇ ਲੇਖ ਮੂਜਬ ਮੰਗਲ ਨੂੰ ਵਿਸ਼ਨੂੰ ਦੇ ਵੀਰਜ ਤੋਂ ਪ੍ਰਿਥਵੀ ਦਾ ਪੁਤਰ ਮੰਨਿਆ ਹੈ। ਇੱਕਰ ਕਿਧਰੇ ਪਸੀਨੇ ਤੋਂ ਕਿਤੇ ਵੀਰ ਭਦਰ ਤੋਂ ਕਿਧਰੇ ਸ਼ਿਵਜੀ ਦੇ ਮੁਖ ਤੋਂ ਐਸੇ ਕਈ ਪ੍ਰਸੰਗ ਹਨ। ਤੀਜੇ ਦਿਨ ਦਾ ਨਾਮ ਮੰਗਲਵਾਰ ਹੈ। ਮੰਗਲ ਮਾਇਆ ਮੋਹ ਉਪਾਇਆ ਮੰਗਲਵਾਰੇ ਲੇ ਮਹੀਤ (ਕਬੀਰ)। ਇਸ ਸਬੰਧ ਵਿਚ ਤਿਥਾਂ ਵਾਰ ਬਾਰਾਂ ਮਾਹਾਂ ਉਚਾਰ ਗਏ ਹਨ। ਜੋ ਖੰਡਣ ਰੂਪ ਹਨ।

੪. ਚੌਥਾ ਗ੍ਰਹਿ ਯਾਂ ਦਿਨ ਹੈ ਬੁਧਵਾਰ। ਇਸ ਨੂੰ ਸੂਰਜ ਦੇ ਨਜ਼ਦੀਕ ਦਸਿਆ ਹੈ। ਇਹ ਗ੍ਰਹਿ ਹੈ ਚੰਦਰ ਵੰਸੀਆਂ ਦੇ ਵਡੇਰੇ ਦਾ ਨਾਮ ਭੀ ਬੁੱਧ ਸੀ, ਦਸਿਆ ਕਿ ਇਹ ਬ੍ਰਿਹਸਪਤਿ ਦੀ ਇਸਤ੍ਰੀ ਤਾਰਾ ਤੋਂ ਜਨਮਿਆ ਸੀ, ਜਿਸ ਨਾਲ ਚੰਦ੍ਰਮਾਂ ਦਾ ਸਬੰਧ ਸੀ।

(੫) ਵੀਰਵਾਰ–ਇਸ ਦਾ ਅਸਲ ਨਾਮ ਬ੍ਰਿਹਸਪਤਵਾਰ ਹੈ। (ਵੀਰ ਭਰਮ ਭੁਲਾਏ (ਬਿਲਾਵਲ ਮ: ੩ ਵਾਰ ਸਤ) ਵੈਸੇ ਵੀਰ ਦਾ ਅਰਥ ਬਹਾਦਰ, ਭਾਈ ਆਦਿ ਕਈ ਹਨ। ਵੀਰ ਭਦ੍ਰ ਸ਼ਿਵਜੀ ਦਾ ਇਕ ਗੁਣ ਭੀ ਹੈ।

(੬) ਸ਼ੁਕਰ ਇਸ ਨੂੰ ਦੈਤਾਂ ਦਾ ਗੁਰੂ ਮੰਨਿਆ ਹੈ। ਸ਼ੁਕਰਚਾਰਯ

ਇਹ ਪੰਡਿਤ ਭ੍ਰਿਗੂ ਦਾ ਪੁਤਰ ਸੀ। ਇਸ ਦੀ ਪੁਤਰੀ ਦਵਯਾਨੀ ਦੀ ਚੰਦਰ ਬੰਸੀ ਰਾਜਾ ਯਯਾਤਿ ਨਾਲ ਸ਼ਾਦੀ ਹੋਈ। ਪੰਡਿਤ ਸ਼ੁਕਰ ਨੀਤੀ ਸ਼ਾਸਤਰ ਔਰ ਧਰਮ ਸ਼ਾਸਤਰ ਦਾ ਕਰਤਾ ਸੀ। ਇਸ ਨੇ ਸ਼ਿਵ ਜੀ ਪਾਸੋਂ ਸ਼ਕਤੀ ਪ੍ਰਾਪਤ ਕੀਤੀ ਸੀ। ਇਸਨੇ ਘੋਰ ਤਪ ਭੀ ਕੀਤਾ ਸੀ। ਲਿਖਿਆ ਹੈ ਕਿ ਇਕ ਹਜ਼ਾਰ ਸਾਲ ਇਹ ਪੁਠਾ ਹੋ ਕੇ ਲਟਕਦਾ ਰਿਹਾ। ਵਿਸ਼ਨੂੰ ਨੇ ਜੰਗ ਵਿਚ ਇਸਦੀ ਮਾਤਾ ਨੂੰ ਮਾਰ ਦਿਤਾ ਸੀ। ਇਸਨੇ ਵਿਸ਼ਨੂੰ ਨੂੰ ਪ੍ਰਿਥਵੀ ਪਰ ਸਤ ਵਾਰੀ ਜਨਮ ਲੈਣ ਦਾ ਸਰਾਪ ਦਿਤਾ ਸੀ। ਇੰਦਰ ਨੇ ਆਪਣੀ ਬੇਟੀ ਜਯੰਤੀ ਨੂੰ ਇਸ ਦਾ ਤਪ ਭੰਗ ਕਰਨ ਹਿੱਤ ਘਲਿਆ ਸੀ। ਸ਼ੁਕਰ ਨੂੰ ਕਾਣਾ ਮੰਨਿਆ ਹੈ, ਇਹ ਰਾਜਾ ਬਲਿ ਦਾ ਪਰੋਹਤ ਗੁਰੂ ਸੀ। ਵਿਸ਼ਨੂੰ ਨੇ ਬਲਿ ਨੂੰ ਛਲਣ ਲਈ ਬੌਨੇ ਬ੍ਰਾਹਮਣ ਦਾ ਰੂਪ ਧਾਰਕੇ ਮੂੰਹ ਮੰਗਵੀ ਦਾਤ ਲੈ ਕੇ ਠੱਗ ਲਿਆ ਸੀ। ਵਿਸ਼ਨੂੰ ਨੂੰ ਮੰਨਿਆ ਹੈ ਕਿ ਅਜ ਤੀਕ ਉਹ ਬਲਿਰਾਜੇ ਦਾ ਦਰਬਾਨ ਬਣ ਕੇ ਖੜਾ ਹੈ।

ਸਤਾਰਿਆਂ ਦੇ ਖਿਆਲ ਨਾਲ ਸ਼ੁਕਰ ਗ੍ਰਹਿ ਧਰਤੀ ਦੇ ਬਹੁਤ ਨੇੜੇ ਹੈ। ਦਸਿਆ ਹੈ ਕਿ ਸੂਰਜ ਤੋਂ ਇਸ ਦੀ ਵਿਥ ਸਵਾ ਕੁ ਤਿੰਨ ਕ੍ਰੋੜ ਕੋਸ ਹੈ। ਇਹ ਦੋ ਸੌ ਪੰਝੀਂ ਦਿਨਾਂ ਵਿਚ ਆਪਣੇ ਧੁਰ ਉਪਰ ਇਕ ਚੱਕ੍ਰ ਕਟਦਾ ਹੈ।

(੭) ਸ਼ਨੀ ਜਾਂ ਸ਼ਨੀਚਰ (ਛਨਿਛਰ ਵਾਰ) ਇਸ ਨੂੰ ਛਾਯਾ ਦੇ ਗਰਭ ਤੋਂ ਸੂਰਜ ਦਾ ਪੁਤਰ ਦਸਿਆ ਹੈ। ਇਸ ਨੌਆਂ ਗ੍ਰਿਹਾਂ ਵਿਚੋਂ ਸਤਵਾਂ ਗ੍ਰਹਿ ਹੈ। ਸੂਰਜ ਤੋਂ ਇਸ ਦੀ ਵਿਥ ਕੋਈ ਸਵਾ ਕੁ ਅਠਾਈ ਕਰੋੜ ਕੋਸਾਂ ਪਰ ਦਸੀ ਜਾਂਦੀ ਹੈ। ਇਹ ਅਤਿ ਚਮਕੀਲਾ ਗ੍ਰਹਿ ਹੈ। ਛਨਿਛਰ ਦੇ ਨਾਮ ਪਰ ਪਾਂਡੇ ਲੋਕ ਸਰਸੋਂ ਦਾ ਤੇਲ ਤਾਂਬਾ ਲੋਹਾ ਆਦਿ ਦਾਨ ਲੈਂਦੇ ਹਨ। 'ਛਨਿਛਰ ਵਾਰਿ ਸਾਉਣ ਸਾਸਤ ਬੀਚਾਰ(ਬਿਲਾਵਲ ਮ: ੩) ਸੌਣ ਰਿਸ਼ੀ ਦੇ ਰਚੇ ਸ਼ਾਸ਼ਤ੍ਰ ਅਨੁਸਾਰ ਪੂਜਾ ਕਰਦੇ ਹਨ। ਅੰਗਰਜੀ ਵਾਲੇ ਇਸ

ਦਿਨ ਨੂੰ ਸੈਟਰਡੇ ਬੋਲਦੇ ਹਨ।

(੮) ਰਾਹੂ ਔਰ ਕੇਤੂ ਸੱਤ ਗ੍ਰਿਹਾਂ ਨਾਲ ਇਹ ਰਾਹ ਮਾਰਾਂ ਦੀ ਭਾਂਤ ਸ਼ਾਮਲ ਹਨ। ਪੁਰਾਣਕ ਕਥਾ ਅਨੁਸਾਰ ਇਹ ਸਿਹਕਾਂ ਦੇ ਉਦਰਥੀ ਵਿਪ੍ਰਚਿਤ ਦੈਂਤ ਦਾ ਪੁਤਰ ਸੀ ਇਸ ਦੀ ਤਸਵੀਰ ਬਾਹਾਂ ਔਰ ਨੀਚੇ ਦਾ ਮੱਛੀ ਦੀ ਭਾਂਤ ਦਾ ਹੈ। ਸਮੁੰਦਰ ਵਿਚੋਂ ਅੰਮ੍ਰਿਤ ਕੁੰਭ ਦੀ ਵੰਡ ਸਮੇਂ ਇਹ ਚੋਰੀ ਚੋਰੀ ਦੇਵਤਿਆਂ ਦੀ ਪੰਗਤ ਵਿਚ ਬੈਠ ਕੇ ਅੰਮ੍ਰਿਤ ਪੀ ਗਿਆ ਸੀ। ਸੂਰਜ ਔਰ ਚੰਦਰਮਾਂ ਨੇ ਪਛਾਣ ਕੇ ਵਿਸ਼ਨੂੰ ਨੂੰ ਦਸਿਆ ਜਿਸ ਪਰ ਵਿਸ਼ਨੂੰ ਨੇ ਇਸ ਦਾ ਸਿਰ ਔਰ ਦੋ ਬਾਹਾਂ ਕਟ ਸੁਟੀਆਂ ਉਸ ਦੇ ਦੋ ਸਰੀਰ ਰਾਹੂ ਔਰ ਕੇਤੂ ਬਣੇ। ਜਿਸ ਕਾਰਨ ਇਹ ਚੰਦ ਸੂਰਜ ਪਾਸੋਂ ਗ੍ਰਹਿਣ ਸਮੇਂ ਬਦਲਾ ਲੈਂਦੇ ਮੰਨੇ ਹਨ। (ਪਾਪ ਗ੍ਰਹਿ ਦੋਇ ਰਾਹੂ ਮਾਝ ਮ. ੧)

(੭)

ਸਿੱਖਾਂ ਦੇ ਦਿਨ ਅਤੇ ਮਹੀਨੇ

ਹਿੰਦੂਆਂ ਨੇ ਆਪਣੇ ਦਿਨ ਔਰ ਮਹੀਨੇ 'ਗ੍ਰਹਿਆਂ ਅਤੇ ਨਛੱਤਰਾਂ ਦੇ ਨਾਮ ਪਰ ਰਖੇ ਹੋਏ ਹਨ। ਗ੍ਰਹਿ ਹਿੰਦੂਆਂ ਦੇ ਦੇਵਤੇ ਮੰਨੇ ਹੋਏ ਹਨ। ਜਿਹਾ ਕਿ ਸੋਮ, ਮੰਗਲ, ਬੁਧ, ਵੀਰ, ਸ਼ੁਕਰ, ਸ਼ਨੀਚਰ ਆਦਿ ਹਨ। ਇਨ੍ਹਾਂ ਦੇ ਸੁਭਾਉ ਜਾਂ ਸ਼ਕਤ ਅਸ਼ੱਕਤ ਅਨੁਸਾਰ ਚੰਗੇ ਮਾੜੇ ਦਿਨ ਕਲਪੇ ਹੋਏ ਹਨ। ਹਿੰਦੂ ਮਾੜਾ ਚੰਗਾ ਦਿਨ ਪਰਖ ਕੇ ਕਾਰਜ ਕਰਦੇ ਹਨ : ਪਰ ਸਿੱਖ

ਧਰਮ ਵਿਚ ਇਸ ਬਾਤ ਨੂੰ ਨਹੀਂ ਮੰਨੀਦਾ। ਗੁਰਮਤਿ ਦਾ ਆਸ਼ਾ ਹੈ:—

ਮਾਹ ਦਿਵਸ ਮੂਰਤ ਭਲੇ,
ਜਿਸ ਕਉ ਨਦਰਿ ਕਰੇ।

ਅਸਲੋਂ ਉਹੀ ਦਿਨ ਥਿੱਤ ਵਾਰ ਭਲੇਰੀ ਹੈ, ਜਿਸ ਸਮੇਂ ਨੇਕ ਕੰਮ ਕੀਤਾ ਜਾਵੇ। ਮੰਦਾ ਕੰਮ ਕਰਨੇ ਵਾਲੇ ਦੇ ਸਾਰੇ ਦਿਨ ਮੰਦੇ ਹਨ।

ਈਸਾਈਆਂ ਮੁਸਾਈਆਂ ਨੇ ਭੀ ਸੱਤਾਂ ਦਿਨਾਂ ਦੇ ਨਾਮ ਗ੍ਰਹਿਆਂ ਆਦਿ ਦੇ ਨਾਮਾਂ ਪਰ ਦਿਨ ਰਖੇ ਹਨ। ਅਤੇ ਮਹੀਨੇ ਭੀ ਦੇਵਤਿਆਂ ਤਿਉਹਾਰਾਂ ਦੇ ਨਾਮ ਪਰ ਕਲਪੇ ਹਨ। ਈਸਾਈ, ਸੰਡੇ ਜਾਂ ਐਤਵਾਰ ਨੂੰ ਰੱਬ ਦੀ ਰਚਨਾ ਪਿਛੋਂ ਆਰਾਮ ਦਿਨ ਐਤਵਾਰ ਨੂੰ ਕਲਪਿਆ ਹੈ, ਇਸੇ ਕਰਕੇ ਐਤਵਾਰ ਦੀ ਛੁਟੀ ਰਖੀ ਹੈ। ਮੁਸਲਮਾਨ ਜੁਮੇ (ਸ਼ੁਕਰ) ਨੂੰ ਚੰਗਾ ਮੰਨ ਕੇ ਜੁਮੇ ਦੀ ਨਿਮਾਜ਼ ਖਾਸ ਮੰਨਦੇ ਹਨ। ਇੱਕਰ ਦੇ ਦਿਨ ਮਹੀਨਿਆਂ ਪਰ ਵਧੇਰੇ ਵਹਿਮ ਜਾਂ ਖਿਆਲ ਹਨ। ਮੁਸਲਮਾਨ ਰਮਜ਼ਾਨ ਅਥਵਾ ਰੋਜ਼ਿਆਂ ਦਾ ਮਹੀਨਾ, ਮਹਾਂ ਪਵਿੱਤਰ ਸਮਝਦੇ ਹਨ। ਪੱਖਾਂ ਜਾਂ ਥਿਤਾਂ ਵਿਚ ਭੀ ਇਕਾਦਸੀ, ਮਸਿਆ, ਪੂਰਨ ਮਾਸ਼ੀ ਆਦਿ ਉਤਮ ਦਿਨ ਮੰਨੇ ਹਨ। ਹੋਰ ਮਤਾਂ ਵਿਚ ਭੀ ਚੰਗੇ ਮੰਦੇ ਦਿਨਾਂ ਔਰ ਮਹੀਨਿਆਂ ਦੇ ਕਾਫੀ ਵੀਚਾਰ ਔਰ ਵਹਿਮ ਹਨ ਜਿਨ੍ਹਾਂ ਨੂੰ ਗੁਰਬਾਣੀ ਵਿਖੇ ਖੰਡਨ ਕਰਕੇ ਤੱਤ ਗਿਆਨ ਅਥਵਾ ਬ੍ਰਹਮ ਗਿਆਨ ਦਸਿਆ ਹੈ। 'ਸੱਤ ਵਾਰ ਪੰਦਰਾਂ ਥਿਤਾਂ ਬਾਰਾਂ ਮਾਹੇ' ਆਦਿ ਇਸ ਭਾਵਨਾ ਨਾਲ ਉਚਾਰੇ ਹਨ ਕਿ ਲੋਕਾਂ ਨੂੰ ਚੰਗੇ ਮੰਦੇ ਦਿਨਾਂ ਮਹੀਨਿਆਂ ਤਿੱਥਾਂ ਦੇ ਮੰਦੇ ਚੰਗੇ ਵਹਿਮ ਛਡ ਕੇ ਕਰਤਾਰ ਦੀ ਭਗਤੀ ਪਰ ਲਗਣਾ ਚਾਹੀਦਾ ਹੈ। ਦਿਨ ਮਹੀਨੇ ਆਦਿ ਆਪਣੇ ਆਪ ਵਿਚ ਚੰਗੇ ਮੰਦੇ ਨਹੀਂ ਹੁੰਦੇ ਸਾਰੇ ਦਿਨ ਕਰਤਾਰ ਦੇ ਹਨ 'ਚੰਗੇ ਓਹੀ ਹਨ ਜਿਨ੍ਹਾਂ ਦਿਨਾਂ ਮਹੀਨਿਆਂ ਵਿਚ ਚੰਗੇ ਕੰਮ ਕੀਤੇ ਜਾਣ। ਹਿੰਦੂਆਂ ਵਿਚ ਪੂਰਨਮਾਸ਼ੀ ਦੀ ਕਥਾ, ਇਕਾਦਸ਼ੀ ਦਾ ਮਹਾਤਮ, ਕਾਤਕ ਦੀ ਕਥਾ ਆਦਿ ਅਨੇਕਾਂ ਗਰੰਥ ਬਣੇ ਹਨ। ਕੌਮੀ ਪੁਰਬ ਜਾਂ ਤਿਓਹਾਰ ਸਭ ਦੇ ਆਪੋ

ਆਪਣੇ ਹਨ। ਵਡੇ ਦਿਨ ਤਾਜ਼ੀਏ: ਹੋਲੀਆਂ ਆਦਿ ਮਨਾਉਂਦੇ ਹਨ ਅਤੇ ਮੁਸਲਮਾਨਾਂ, ਹਿੰਦੂਆਂ, ਈਸਾਈਆਂ ਨੇ ਆਪਣੇ ਆਪਣੇ ਦਿਨ, ਮਹੀਨੇ, ਸੰਮਤ ਆਦਿ ਨੀਯਤ ਕੀਤੇ ਹਨ। ਹਿੰਦੂਆਂ ਦੇ ਸੰਮਤ, ਸ਼ੱਕ, ਬਿਕਰਮਾ-ਜੀਤੀ ਆਦਿ ਕਈ ਪ੍ਰਚਲਤ ਹੋਏ। ਈਸਾਈਆਂ, ਦਾ ਈਸਵੀ, ਮੁਸਲਮਾਨਾਂ ਦੀ ਹਿਜਰੀ ਪ੍ਰਚਲਤ ਹੈ। ਸਿੱਖਾਂ ਦੇ ਗੁਰਪੁਰਬ ਤੇ ਸ਼ਹੀਦੀ ਪੁਰਬ ਨੀਯਤ ਹਨ ਅਤੇ ਨਾਨਕ ਸ਼ਾਹੀ ਔਰ ਖਾਲਸਾ ਸੰਮਤ ਜਾਰੀ ਹੈ, ਪਰ ਸਿਖਾਂ ਦੇ ਸੱਤ ਦਿਨ ਮਹੀਨੇ ਆਦਿ ਨਹੀਂ ਹਨ ਜੋ ਅਧੂਰਾ-ਪਨ ਹੈ, ਕੌਮ ਦੁਨੀਆਂ ਵਿਚ ਓਹੀ ਕਹਾ ਸਕਦੀ ਹੈ ਜਿਸ ਦਾ ਆਪਣਾ ਸੰਮਤ, ਮਹੀਨੇ, ਦਿਨ ਆਦਿ ਦੂਜੀਆਂ ਕੌਮਾਂ ਨਾਲੋਂ ਅਡਰੇ ਹੋਣ।

ਇਸ ਬਾਤ ਵਲੋਂ ਸਿੱਖ ਲਾਹਪਰਵਾਹ ਯਾ ਫਾਡੀ ਹਨ ਜੋ ਦੂਸਰਿਆਂ ਦੇ ਦਿਨ ਮਨ ਕੇ ਮਾਂਗਵੇ ਕੰਮ ਸਾਰਦੇ ਹਨ। ਮੰਗਕੇ ਯਾ ਨਕਲਾਂ ਕਰਕੇ ਬੁੱਤੇ ਸਾਰਨੇ ਵਾਲਾ ਮੁਬਾਜ ਯਾ ਮੰਗਤਾ ਸਮਝਿਆ ਜਾਂਦਾ ਹੈ। ਸ਼ੋਕ ! ਹਾਲਾਂ ਤੀਕ ਸਿੱਖ ਆਪਣੇ ਗੁਰਪੁਰਬਾਂ ਨੂੰ ਸੰਕ੍ਰਾਤੀ ਤਰੀਕਾਂ ਅਨੁਸਾਰ ਇਕੋ ਸਮੇਂ ਮਨੌਣ ਲਈ ਪਕੇ ਨਹੀਂ ਕਰ ਸਕੇ ! ਜਿਸ ਕਰ ਕੇ ਥਿਤਾਂ ਦੇ ਹਿਸਾਬ ਵਿਚ ਫਸ ਕੇ ਭੰਭਲ ਭੂਸੇ ਖਾਂਦੇ ਹਨ ਇਹੋ ਕਾਰਨ ਹੈ ਕਿ ਸਿੱਖ ਪੁਰਬ ਅਗੇ ਪਿਛੇ ਔਂਦੇ ਹਨ ਕਈ ਵੇਰੀ ਜਨਮ, ਗੱਦੀ ਨਸ਼ੀਨੀ ਔਰ ਸਚ ਖੰਡ ਪਧਾਰਨ ਦੇ ਗੁਰਪੁਰਬ ਇਕ ਗੁਰੂ ਵਿਅਕਤੀ ਦੇ ਇਕ ਦਿਨ ਪਰ ਇਕੱਠੇ ਯਾਂ ਇਕ ਦੋ ਦਿਨ ਅਗੇ ਪਿਛੇ ਔਂਦੇ ਹਨ। ਜੋ ਖਾਸ ਦਿੱਕਤ ਔਰ ਪਰੇਸ਼ਾਨੀ ਦਾ ਕਾਰਨ ਬਣਦੇ ਹਨ। ਇਨ੍ਹਾਂ ਔਕੜਾਂ ਨੂੰ ਨਵਿਰਤ ਕਰਨਾ ਵਿਦਵਾਨਾਂ ਔਰ ਆਗੂਆਂ ਦਾ ਫਰਜ਼ ਹੁੰਦਾ ਹੈ ਪਰ ਸ਼ੋਕ ! ਇਸ ਪਾਸੇ ਬਹੁਤ ਘਟ ਧਿਆਨ ਦਿਤਾ ਜਾਂਦਾ ਹੈ, ਜੇ ਕਿਹਾ ਜਾਵੇ ਕਿ ਸਿੱਖਾਂ ਦੇ ਸੱਤ ਦਿਨ ਬਾਰਾਂ ਸਹੀਨੇ ਸੰਮਤ ਆਦਿ ਅਡਰੇ ਨੀਯਤ ਤੇ ਪ੍ਰਚਲਤ ਹੋਣੇ ਜ਼ਰੂਰੀ ਹਨ ਤਾਂ ਕਈ ਕਈ ਅਣਜਾਣ ਯਾ ਲਾਹਪਰਵਾਹ ਸੱਜਣ ਹੱਸ ਪੈਂਦੇ ਹਨ ਤੇ ਕਹਿੰਦੇ ਹਨ ਕੀ ਲੋੜ ਹੈ, ਜਦ ਦੂਜੀ ਕੌਮਾਂ ਦੇ ਦਿਨ

ਮਹੀਨਿਆਂ ਸਨ ਆਦਿ ਨਾਲ ਕੰਮ ਚਲ ਸਕਦਾ ਹੈ, ਪਰ ਉਹ ਨਹੀਂ ਸਮਝਦੇ ਕਿ ਆਪਣੀ ਚੀਜ਼ ਬਿਨਾ ਮੰਗਵੀ ਚੀਜ਼ਾਂ ਨਾਲ ਕੌਮਾਂ ਦੀਆਂ ਜੜਾਂ ਪੱਕੀਆਂ ਨਹੀਂ ਹੁੰਦੀਆਂ। ਦੁਨੀਆਂ ਵਿਚ ਕੌਮ ਉਹੀ ਰਹਿ ਸਕਦੀ ਹੈ ਜਿਸ ਦੇ ਸਾਰੇ ਪਹਿਲੂ ਆਪਣੇ ਔਰ ਮਜ਼ਬੂਤ ਹੋਣ। ਅਸੀਂ ਇਸ ਲੇਖ ਵਿਚ ਆਪਣੇ ਖਿਆਲ ਸਿਆਣੇ ਵਿਦਵਾਨਾਂ ਅਗੇ ਰਖ ਕੇ ਬੇਨਤੀ ਕਰਦੇ ਹਾਂ ਕਿ ਜ਼ਰਾ ਇਨ੍ਹਾਂ ਵਲ ਧਿਆਨ ਦੇਵੋ ਔਰ ਆਪਣੀ ਰਾਇ ਯਾ ਖਿਆਲ ਪ੍ਰਗਟ ਕਰੋ।

ਸਿਖਾਂ ਦੇ ਦਿਨਾਂ ਦੇ ਨਾਮ ਕਿਵੇਂ ਹੋਣ ? ਹਿੰਦੂਆਂ ਦੇ ਦਿਨ ਸੱਤ ਹਨ ਐਸੇ ਹੀ ਈਸਾਈਆਂ ਦੇ ਮੁਸਲਮਾਨਾਂ ਦੇ, ਸਿੱਖਾਂ ਦੇ ਦਿਨ ਇਕਰ ਕਲਪੇ ਜਾਣੇ ਚਾਹੀਦੇ ਹਨ।

(੧) ਨਾਨਕਵਾਰ, (੨) ਅੰਗਦਵਾਰ, (੩) ਅਮਰਵਾਰ, (੪) ਰਾਮਵਾਰ, (੫) ਅਰਜਨਵਾਰ, (੬) ਗੋਬਿੰਦਵਾਰ, (੭) ਹਰੀਵਾਰ। ਇਕੋ ਐਤਵਾਰ ਤੋਂ ਅਰੰਭ ਕਰਕੇ ਸਤਾਂ ਦਿਨਾਂ ਨਾਲੋਂ ਨਾਲ ਮਿਲਾਏ ਜਾਣ, "ਇਸ ਦਾ ਭਾਵ ਅਰਥ ਵਿਦਵਾਨ ਸਮਝ ਕੇ ਨੀਅਤ ਕਰਨ" ਔਰ ਉਕਤ ਰਾਇ ਨੂੰ ਵੀਚਾਰਨ।

ਇਸ ਤਰ੍ਹਾਂ ਬਾਰਾਂ ਮਹੀਨਿਆਂ ਦੇ ਨਾਮ---

(੧) ਤ੍ਰਿਪਤਾ ਮਾਤਾ, (੨) ਭਾਨੀ ਮਾਤਾ, (੩) ਸਾਹਿਬ ਕੌਰ ਮਾਤਾ। ਪਹਿਲੇ ਤਿਨ ਮਹੀਨਿਆਂ ਦੇ ਨਾਮ ਹੋਣ, ਗੁਰੂ ਨਾਨਕ ਸੰਮਤ ਐਤਵਾਰ ਵਿਸਾਖੀ (ਏਕਮ) ਤੋਂ ਸੰਕ੍ਰਾਂਤੀ ਤ੍ਰੀਕਾਂ ਨਾਲ ਚਲੇ, ਅਗੇ ਪੰਜ ਪਿਆਰੇ, (੧) ਦਯਾ ਵੀਰ, (੨) ਧਰਮ ਵੀਰ, (੩) ਮੁਹਕਮ ਵੀਰ, (੪) ਸਾਹਿਬ ਵੀਰ, (੫) ਹਿੰਮਤ ਵੀਰ। ਇਹ ਅਗੇ ਪੰਜਾਂ ਮਹੀਨਿਆਂ ਦੇ ਹਨ। ਇਸ ਥੀਂ ਅਗੇ ਚਾਰੇ ਸਾਹਿਬਜ਼ਾਦੇ (੧) ਅਜੀਤ ਵੀਰ, (੨) ਜੁਝਾਰ ਵੀਰ, (੩) ਜੋਰਾਵਰ ਵੀਰ, (੪) ਫਤਹ ਵੀਰ। ਸੋ ਉਪਰ ਲਿਖੇ ਬਾਰਾਂ ਮਹੀਨੇ, ਕਲਪੇ ਜਾਣ, ਤ੍ਰੀਕਾਂ ਸੰਕ੍ਰਾਂਤੀ ਹੋਣ ਵਿਦਵਾਨ ਸਿਆਣੇ ਆਪੋ ਆਪਣੀ ਰਾਇ ਲਿਖਣ, ਫੇਰ ਵਿਚਾਰ ਸੰਪੂਰਨ ਹੋ ਸਕੇਗੀ।

ਲਗਨ ਸਗਨ ਤੇ ਰਹਿਤ ਨਿਰਾਲਮ

ਅਕਾਲ ਪੁਰਖ ਲਗਨਾਂ ਸਗਨਾਂ ਤੋਂ ਨਿਰਲੇਪ ਹੈ । ਲਗਨ ਤੋਂ ਭਾਵ ਮੇਖ ਬ੍ਰਿਖ ਆਦਿਕ ਬਾਰਾਂ ਰਾਸਾਂ ਹਨ । ਜਿਨ੍ਹਾਂ ਦੇ ਹਿਸਾਬ ਨਾਲ ਲੋਕੀ ਆਪਣੀ ਕਿਸਮਤ ਯਾ ਆਉਣ ਵਾਲੇ ਸਮੇ ਦੇ ਹਾਲ ਸਮਝਦੇ ਹਨ । ਸਗਨ ਅਥਵਾ ਸਕੁਨ ਭਾਵ ਸ਼ੁਭ ਅਸ਼ੁਭ ਫਲ ਦੇਣੇ ਵਾਲੇ ਕਲਪੇ ਗਏ ਚਿੰਨ੍ਹ ਯਾਂ ਪਦਾਰਥ, ਸਿੱਖ ਇਸ ਭ੍ਰਮ ਚਕ੍ਰ ਤੋਂ ਨਿਰਲੇਪ ਰਹਿੰਦੇ ਹਨ ।

"ਲਗਨ ਸਗਨ ਤੇ ਰਹਿਤ ਨਿਰਾਲਮ ।
ਹੈ ਯਹ ਕਥਾ ਜਗਤ ਮੈਂ ਮਾਲਮ ।
ਯੰਤਰ ਮੰਤਰ ਤੰਤਰ ਨ ਰਿਝਾਇਆ ।
ਭੇਖ ਕਰਤ ਕਿਨਹੂੰ ਨਹਿ ਪਾਇਆ ।
। ਪਾ: ੧੦ ।

ਯੰਤਰ ਕਾਗਜ਼ ਪਰ ਅੰਗ ਅਖਰ ਆਦਿ ਲਿਖ ਕੇ ਕਿਸੇ ਨੂੰ ਦੇਣਾ ਯੰਤਰ ਹੁੰਦਾ ਹੈ । ਤਾਵੀਜ਼ਾਂ ਵਿਚ ਮੜ੍ਹਦੇ ਜਾ ਸਰੀਰ ਪਰ ਬੰਧਦੇ ਹਨ ਅਤੇ ਪਾਣੀ ਵਿਚ ਘੋਲ ਕੇ ਪੀਂਦੇ ਹਨ, ਇਹ ਯੰਤਰ ਹਨ ।

ਮੰਤਰ, ਮੁਖ ਵਿਚੋਂ ਕੋਈ ਕਲਾਮ, ਕਥਨ ਆਦਿ ਪੜ੍ਹ ਕੇ ਕਿਸੇ ਪਰ ਅਸਰ ਪੌਣ ਨੂੰ ਮੰਤਰ ਅਤੇ ਚਾਰ ਚੀਜ਼ਾਂ ਨੂੰ ਮਿਲਾ ਕੇ ਟੂਣਾ ਟਾਮਣ ਕਰਨੇ ਨੂੰ ਤੰਤਰ ਕਹਿੰਦੇ ਹਨ, ਜਿਵੇਂ ਚੌਰਸਤਿਆਂ ਪਰ, ਟੋਬਿਆਂ ਵਿਚ ਅਥਵਾ ਮੜ੍ਹ ਸਥਾਨਾਂ ਵਿਚ ਜਾਕੇ ਕਰਦੇ ਹਨ ਉਥੇ ਦਾਣੇ, ਮਿਠਾਈ, ਖਮਣੀਆਂ, ਆਦਿਕ ਰਖਦੇ ਹਨ। ਕਚੇ ਬਰਤਣ (ਠੀਕਰੇ) ਵਿਚ ਚੀਜ਼ਾਂ ਪਾਉਂਦੇ, ਦੀਵੇ ਬਾਲਦੇ ਜਿਹਾ ਕਿ ਤੰਤਰੀ ਦਸਦੇ ਹਨ। ਗੁਰਮੁਖ ਸਿੱਖ ਐਸੇ ਕੰਮ ਨਹੀਂ ਕਰਦੇ, ਮਨਸੁਖ ਹੀ ਕਰਦੇ ਹਨ। ਭਾਈ ਗੁਰਦਾਸ ਜੀ

ਲਿਖਦੇ ਹਨ :—

"ਗੁਰਮੁਖ ਮਾਰਗ ਮੈਂ ਮਨਮੁਖ ਥਕਤ
ਹੈ, ਲਗਨ ਸਗਨ ਮਾਨੈ ਕੈਸੇ ਮਨ ਮਾਨੀਐ ?"

(ਭਾਈ ਗੁਰਦਾਸ)

ਭਾਵ ਲਗਨ ਸਗਨ ਮੰਨਣੇ ਮਨਮੁਖਾਂ ਦਾ ਕਰਮ ਹੈ। ਕਿਉਂਕਿ ਮਨਮਖ ਦਾ ਮਨ ਗੁਰਮਤਿ ਪਰ ਨਿਸਚਾ ਨਹੀਂ ਕਰਦਾ।

"ਸਿੱਖ ਅਨੰਨ ਪੰਡਤ ਦਿਖ ਕੈਸੇ ?
ਗ੍ਰਹਿ, ਤਿਥਿ, ਵਾਰ ਜਾਨ ਨਹਿ ਕੈਸੇ ?
ਏਕ ਭਰੋਸਾ ਪ੍ਰਭ ਕਾ ਪਾਏ ॥
ਤਯਾਗ ਲਗਨ ਅਰਦਾਸ ਕਰਾਏ ॥

(ਗੁਰ ਬਿਲਾਸ ਪਃ ੬ ਅਃ ੬)

ਸਿਖ ਲਗਨ ਸਗਨ ਮਹੂਰਤ ਆਦਿ ਛਡ ਕੇ ਕੇਵਲ ਇਕ ਅਕਾਲ ਪੁਰਖ ਅਗੇ ਅਰਦਾਸ ਕਰਕੇ ਕਾਰਜ ਕਰਦੇ ਹਨ।

ਮਾਹੂਰਤ ਵਾਰ ਨ ਪੁਛਿਓ ਕੋਇ ॥
ਗ੍ਰੰਥ ਵਾਕਯ ਉਨ ਸੁਨਿਓ ਸੋਇ ॥

(ਪੰਥ ਪ੍ਰਕਾਸ਼)

ਭਾਈ ਗੁਰਦਾਸ ਜੀ ਨੇ ਫੁਰਮਾਇਆ ਹੈ—

"ਸਉਣ ਸਗਨ ਵੀਚਾਰਣੇ ਨਉਂ, ਗ੍ਰਹਿ ਬਾਰਹਿ ਰਾਸਿ ਵੀਚਾਰਾ ॥
ਕਾਮਣ ਟੂਣੇ ਔਂਸੀਆਂ, ਕਣ ਸੋਈ ਪਾਸਾਰ ਪਸਾਰਾ ॥
ਗਦੋਂ ਕੁਤੇ ਬਿਲੀਆਂ ਇਲ ਮਲਾਲੀ ਗਿਦੱੜ ਛਾਰਾ ॥
ਨਾਰਿ ਪੁਰਖ ਪਾਣੀ ਅਗਨਿ ਛਿੱਕ ਪਦ ਹਿਡਕੀ ਵਰਤਾਰਾ ॥
ਥਿੱਤ ਭਦਰਾ ਭਰਮ, ਦਿਸ਼ਾ ਸੂਲ ਸਹਿਸਾ ਸੰਸਾਰਾ ॥
ਵਲ ਛਲ ਕਰ ਵਿਸ਼ਵਾਸ਼ ਲਖ ਬਹੁ ਚੁਖੀ ਕਿਉਂ ਰਵੈ ਭਤਾਰਾ ॥
ਗੁਰਮੁਖ ਸੁਖ ਫਲ ਪਾਰ ਉਤਾਰਾ ॥

(ਵਾਰ ੫ ਪਉੜੀ ੮)

ਯਥਾ-ਨੌਆਂ ਗ੍ਰਹਿਆਂ ਦੇ ਨਾਮ ਸੂਰਜ ਚੰਦਰਮਾਂ, ਮੰਗਲ, ਬੁਧ, ਬ੍ਰਹਸਪਤੀ, ਸ਼ੁਕਰ, ਸਨੀਚਰ, ਰਾਹੂ ਔਰ ਕੇਤੂ ਲਿਖੇ ਹਨ। ਇਕਰ ਰਾਸਾਂ ਬਾਰਾਂ ਹਨ। ਮੇਖ, ਬ੍ਰਿਖ, ਮਿਥਨ, ਕਰਕ, ਸਿੰਘ; ਕੰਨਿਆ, ਤੁਲਾ, ਬ੍ਰਿਸ਼ਚਕ, ਧਨ, ਮਕਰ, ਕੁੰਭ, ਮੀਨ, ਇਨ੍ਹਾਂ ਨਾਲ ਰਾਸਾਂ ਮਿਲਾ ਕੇ ਫਲ ਅਫਲ ਪਰਖਦੇ ਹਨ। ਕਾਮਣ ਟੂਣੇ ਵਸ ਕਰਨ ਦੇ ਤੰਤ੍ਰ, ਜ਼ਮੀਨ ਪਰ ਲਕੀਰਾਂ ਪਾ ਕੇ ਟਾਂਕ ਜਿਸਤ ਦਾ ਲੇਖਾ ਆਉਸੀਆਂ ਹੁੰਦੀਆਂ ਹਨ, ਕਨਾ ਸੋਰੀ ਕਰਨੀ, ਗਧਾ ਕਿਸ ਪਾਸੇ ਬੋਲਿਆ, ਕੁੱਤੇ ਦੇ ਕੰਨ ਫੜਕਨੇ, ਛਿੱਕ ਔਰ ਪੱਦ ਹਿਡਕੀ ਦਾ ਵਿਚਾਰ, ਦਿਸ਼ਾ ਸੂਲ, ਯਾਤਰਾ ਕਰਨ ਸਮੇਂ ਵੇਖਣਾ ਕਿਸ ਪਾਸੇ ਠੀਕ ਜਾਣਾ ਹੈ। ਥਿਤਾਂ ਦਿਨਾਂ ਦਾ ਵਿਚਾਰ ਭੱਦਰਾ ਸੁਤੇ ਦੁਆਦਸੀ ਦਾ ਵਿਚਾਰ ਇਕੱਰ ਦੇ ਅਨੇਕਾਂ ਭਰਮ ਲੋਕਾਂ ਵਿਚ ਹਨ. ਜਿੰਨਾਂ ਦੇ ਸਗਨ ਅਪ-ਸਗਨ ਜਾਣੇ ਜਾਂਦੇ ਹਨ। ਮਲਾਲੀ ਕਾਲ ਕੜਛੀ, ਛਾਰਾ ਕਿਆ ? ਵਾ-ਵਿਰੋਲੇ ਦਾ ਰੁਖ ਇਕੱਰ ਲੱਖਾਂ ਵਿਸ਼ਵਾਸ਼ ਹਨ। ਭਾਈ ਸਾਹਿਬ ਜੀ ਕਹਿੰਦੇ ਹਨ ਕਿ ਇਹ ਵਹਿਮ ਭਰਮ ਬਿਭਚਾਰਨ ਇਸਤ੍ਰੀ ਵਾਲੇ ਹਨ। ਜਿਸਦਾ ਮਾਲਕ ਪਰ ਨਿਸਚਾ ਨਹੀਂ ਹੁੰਦਾ। ਸੋ ਸਗਨ ਅਪਸਗਨ ਨਿਕੰਮੇ ਵਹਿਮ ਔਰ ਭਰਮ ਦੇ ਭੂਤ ਹੁੰਦੇ ਹਨ। ਸਿੱਖ ਸਭ ਕਾਰਜ ਅਰਦਾਸਾ ਸੋਧ ਕੇ ਰਾਸ ਕਰਦੇ ਹਨ। ਭਾਈ ਗੁਰਦਾਸ ਦੀ ਲਿਖਦੇ ਹਨ—

ਸਜਾ ਖਬਾ ਸਉਣ ਨ, ਮੰਨੁ ਵਸਾਇਆ ॥
ਨਾਰਿ ਪੁਰਖ ਨੋ ਵੇਖ ਨ, ਪੈਰ ਹਟਾਇਆ ॥
ਭਾਖ ਸੁਭਾਖ ਵੀਚਾਰ ਨ, ਛਿੱਕ ਮਨਾਇਆ ॥
ਦੇਵੀ ਦੇਵ ਨ ਸੇਵ ਨ, ਪੂਜ ਕਰਾਇਆ ॥
ਭੰਭਲ ਭੂਸੇ ਖਾਇ ਨ, ਮਨ ਭਰਮਾਇਆ ॥
ਗੁਰਸਿੱਖ ਸੱਚਾ ਖੇਤ ਬੀਜ ਫਲਾਇਆ ॥ ੨੦ ॥ ੮

ਦੇਵੀ ਦੇਵਤੇ ਜਠੇਰੇ ਪੂਜਣੇ, ਸਜੇ ਖਬੇ ਪਸ਼ੂ ਦਾ ਆਉਣਾ, ਤਿੱਤਰ ਬੋਲਣਾ, ਗਿੱਦੜ ਦੀ ਆਵਾਜ਼, ਅਗੋਂ ਵਿਧਵਾ ਇਸਤ੍ਰੀ ਮਿਲਣੀ, ਮਾੜੇ

ਸਗਨ ਮੰਨੇ ਹਨ। ਜਿਰ ਨੰਗੇ ਵਾਲਾ ਮਿਲੇ, ਬ੍ਰਾਹਮਣ ਮਿਲੇ ਤਾਂ ਭੀ ਮਾੜਾ ਜੇ ਚੂੜਾਂ (ਭੰਗੀ) ਮਿਲੇ ਤਾਂ ਚੰਗਾ ਸਗਨ, ਪਾਣੀ ਦਾ ਘੜਾ ਚੰਗਾ, ਕਾਲ, ਕੜਛੀ, ਕੋਇਲ, ਗਧੇ, ਕੁੱਤੇ, ਬਿੱਲੀਆਂ ਵੇਖ ਕੇ ਸਿੱਖ ਪੈਰ ਪਿਛੇ ਨਹੀਂ ਧਰਦੇ, ਸਿੱਖ ਕੇਵਲ ਕਰਤਾਰ ਉਪਰ ਭਰੋਸਾ ਰਖਦੇ ਹਨ। ਅਗਲੇ ਸ਼ਬਦਾਂ ਵਿਚ ਸਗਨਾਂ ਅਪ ਸਗਨਾਂ ਦੇ ਹੋਰ ਵਿਚਾਰ ਪੜ੍ਹੋ।

ਬੈਸ਼ਨੋ ਅਨੰਨ ਬ੍ਰਹਮੰਨ ਸਾਲਗਰਾਮ ਸੇਵਾ,
ਗੀਤਾ, ਭਗਵਤੋਂ ਸ੍ਰੋਤਾ, ਏਕਾਈ ਕਹਾਵਈ॥
ਤੀਰਥ ਧਰਮ ਦੇਵ ਜਾਤ੍ਰਾ,
ਕੋ ਪੰਡਤ ਪੂਛ ਕਰਤ ਗਵਨ ਸੋ ਮਹੂਰਤ ਸੋਧਾਵਈ॥
ਬਾਹਰ ਨਿਕਲ ਗਰਧਬ ਸ੍ਵਾਨ ਸਗਨ ਕੈ,
ਸ਼ੰਕਾ ਉਪਰਾਜਿਤ ਬਹੁਰ ਘਰ ਆਵਈ॥
ਪਤਿ ਬ੍ਰਤ ਰਾਹਿ ਰਹਿ ਸਕਤ ਨ ਏਕ ਟੇਕ,
ਦੁਬਿਧਾ ਅਛੱਤ ਨ ਪਰਮਪਦ ਪਾਵਈ॥
(ਭਾ: ਗੁਰਦਾਸ ਕਵਿਤ ਸਵੱਯੇ)

ਗੁਰਸਿਖ ਸੰਗਤ ਮਿਲਾਪ ਕੋ ਪ੍ਰਤਾਪ ਐਸੋ,
ਪਤਿ ਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ॥
ਪੂਛਤ ਨ ਜੋਤਕ ਔ ਬੇਦ ਥਿਤ ਵਾਰ,
ਕਛੁ ਗ੍ਰਹਿ ਔ ਨਛੱਤ੍ਰ ਕੀ ਨ ਸ਼ੰਕਾ ਉਰਧਾਰੀ ਹੈ॥
ਜਾਨਤ ਨ ਸਗਨ ਲਗਨ ਮਹਾਨ ਦੇਵ,
ਸੇਵ ਸ਼ਬਦ ਸੁਰਤਿ ਲਿਵ ਨੇਹ ਨਿਰੰਕਾਰੀ ਹੈ॥

ਗੁਰ ਸਿੱਖਾਂ ਨੂੰ ਚਾਹੀਦਾ ਹੈ, ਐਸੇ ਵਹਿਮਾਂ ਭਰਮਾਂ ਨੂੰ ਛਡ ਕੇ ਗੁਰਮਤਿ ਪਰ ਨਿਸਚਾ ਰੱਖਣ।

ਮਹਾਂਬੀਰ ਹਨੂਮਾਨ ਦੀ ਕਥਾ

ਬਲੀ ਹਨੂਮਾਨ ਦੇ ਸਬੰਧ ਵਿਚ ਕਈ ਕਥਾਵਾਂ ਹਿੰਦੂ ਗਰੰਥਾਂ ਵਿਚ ਲਿਖੀਆਂ ਮਿਲਦੀਆਂ ਹਨ। ਹਨੂਮਾਨ ਨੂੰ ਬਲੀ ਦੇਵਤਾ ਮਨ ਕੇ ਅਨੇਕਾਂ ਹਿੰਦੂ ਇਸ ਦੀ ਪੂਜਾ ਕਰਦੇ ਹਨ। ਹਨੂਮਾਨ ਚਾਲੀਸ਼ਾ ਕਵਿਚ ਆਦਿ ਇਸ ਦੀ ਮਹਿਮਾਂ ਹਿਤ ਲਿਖੇ ਹਨ। ਜੋ ਕਿ ਕਿਸੇ ਸਿੱਧੀ ਵਾਸਤੇ ਪੜ੍ਹੇ ਜਾਂਦੇ ਹਨ। ਕਿਤਨੇ ਰਾਜਪੂਤ ਮਰਹਟੇ ਆਦਿਕ ਬਹਾਦਰ ਕੌਮਾਂ ਦੇ ਸੂਰਮੇ ਇਸ ਦੀ ਉਪਾ-ਸਨਾ (ਮਨੌਤ) ਕਰਕੇ ਜੰਗ ਨੂੰ ਜਾਂਦੇ ਹਨ। ਜੰਗਜੂ ਕਵੀਆਂ ਦੀਆਂ ਮੂਰਤੀਆਂ ਅਗੇ ਦੇਵੀ ਦੁਆਰਿਆਂ ਪਰ ਹਨੂਮਾਨ ਦਾ ਖਾਸਸਬੰਧ ਵੇਖੀਦਾ ਹੈ। ਹਨੂਮਾਨ ਦੀ ਤਸਵੀਰ ਬਹਾਦਰ ਯਾ ਜੰਗਜੂ ਲੋਕ ਆਪਣੇ ਨਿਸ਼ਾਨਾਂ (ਝੰਡਿਆਂ) ਵਿਚ ਲੈਂਦੇ ਹਨ। ਹਿੰਦੂ ਧਰਮ ਵਿਚ ਜਿਵੇਂ ਗਣੇਸ਼ ਦੀ ਪੂਜਾ ਮੁਖ ਹੈ ਤਿਵੇਂ ਹਨੂਮਾਨ ਦੀ ਵੀ ਹੈ। ਹਨੂਮਾਨ ਆਪਣੇ ਸਮੇਂ ਦਾ ਲਾਸਾਨੀ ਸੂਰਮਾ ਮੰਨਿਆ ਗਿਆ ਹੈ। ਹਿੰਦੂਆ ਵਿਚ ਕਈ ਮਹਾਂਬੀਰ ਨਾਮ ਦੇ ਦਲ ਵੀ ਕਾਇਮ ਹੁੰਦੇ ਆਏ ਹਨ।

ਹਨੂਮਾਨ਼ ਨੂੰ ਸ੍ਰੀ ਰਾਮ ਚੰਦਰ ਜੀ ਦਾ ਪਰਮ ਸੇਵਕ ਯਾ ਪੂਰਨ ਮਦਦਗਾਰ ਮੰਨਿਆ ਗਿਆ ਹੈ, ਜੇ ਕਦੀ ਹਨੂਮਾਨ ਰਾਮ ਚੰਦ੍ਰ ਦੀ ਮਦਦ ਨਾ ਕਰਦੇ, ਸ੍ਰੀ ਰਾਮ ਚੰਦਰ ਜੀ ਨੂੰ ਮਹਾਰਾਜਾ ਰਾਵਣ ਪਰ ਜਿਤ ਹਾਸਲ ਕਰਨੀ ਅਸੰਭਵ ਸੀ। ਕਿਹਾ ਗਿਆ ਹੈ ਕਿ ਅਤਿ ਭੀੜ ਸਮੇਂ ਸ੍ਰੀ ਰਾਮ ਚੰਦਰ ਜੀ ਨੇ ਹਨੂਮਾਨ ਤੋਂ ਮੱਦਦ ਮੰਗੀ ਜਾਂ ਉਸ ਨੂੰ ਅਰਾਧਿਆ ਤੇ ਅਥਵਾ ਯਾਦ ਕੀਤਾ ਸੀ। ਜਿਹਾ ਕਿ ਗੁਰਬਾਣੀ ਵਿਚ ਆਉਂਦਾ ਹੈ।

ਮਨ ਮਹਿ ਝੂਰੇ ਰਾਮ ਚੰਦ ਸੀਤਾ ਲਛਮਣ ਜੋਗ।

ਹੁਣ ਵੰਤਰ ਆਰਾਧਿਆ ਆਇਆ ਕਰਿ ਸੰਜੋਗ।

ਸਲੋਕ ਵਾਰਾਂ ਤੇ ਵਧੀਕ

ਇਸ ਦਾ ਭਾਵ ਹੈ ਕਿ ਜਿਸ ਸਮੇਂ ਰਾਮ ਚੰਦਰ ਜੀ ਨੂੰ ਲੰਕਾ ਪਤਿ ਰਾਵਣ ਨਾਲ ਘੋਰ ਜੁੱਧ ਕਰਨਾ ਪਿਆ, ਉਹ ਬਹੁਤ ਝੁਰਿਆ ਅਤੇ ਘਬਰਾ ਗਿਆ ਸੀ ਕਿਉਂਕਿ ਸ੍ਰੀ ਸੀਤਾ ਜੀ ਨੂੰ ਰਾਵਣ ਚੁਕਾ ਕੇ ਲੈ ਗਿਆ ਅਤੇ ਆਪ ਦਾ ਛੋਟਾ ਭਾਈ ਲਖਮਣ ਜੀ ਬਰਛੀ ਲਗਣ ਕਰਕੇ ਮੂਰਛਤ (ਬੇਸੁਰਤ) ਹੋ ਗਿਆ, ਜੀਵਨ ਦੀ ਆਸਾ ਨਾ ਰਹੀ ਲਿਖਿਆ ਹੈ।

'ਸੀਤਾ ਲੈ ਗਿਆ ਦਹਿਸਰੋ ਲਛਮਣ ਮੂਓ ਸਰਾਪਿ।' ਮ: ੧।

ਉਸ ਸਮੇਂ ਸ੍ਰੀ ਰਾਮ ਚੰਦਰ ਜੀ ਮਹਾਰਾਜ ਵਿਰਲਾਪ ਕਰਨ ਲਗ ਪਏ ਸੀ ਜਿਹਾ ਕਿ ਵਾਕ ਹੈ।

'ਰੋਵੈ ਰਾਮਾ ਨਿਕਾਲਾ ਭਇਆ
ਸੀਤਾ ਲਛਮਣ ਵਿਛੜ ਗਿਆ।'

ਭਾਵ ਕਿ ਇਹ ਅਤਿ ਵਿਪਦਾ ਦਾ ਸਮਾਂ ਸੀ। ਉਸ ਸਮੇਂ ਹਣਵੰਤਰ ਅਰਾਧਿਆ ਭਾਵ ਉਸ ਪਾਸੋਂ ਮਦੱਦ ਮੰਗੀ। ਸ੍ਰੀ ਹਨੂਮਾਨ ਜੀ ਨੇ ਦਿਲੋਂ ਜਾਨ ਨਾਲ 'ਸ੍ਰੀ ਰਾਮ ਚੰਦਰ ਜੀ ਦੀ ਸੇਵਾ ਕੀਤੀ ਸੀ। ਇਸ ਬਾਰੇ ਭਗਤ ਕਬੀਰ ਜੀ ਨੇ ਭੀ ਦਸਿਆ ਹੈ।

"ਦਾਧੀ ਲੈ ਲੰਕਾ ਗੜ੍ਹ ਉਪਾੜੀ
ਲੈ ਰਾਵਣ ਸਲਿ ਬਸਿਲ ਆਣਿ
ਤੋਖੀ ਲੈ ਹਰੀ। ਕਰਮ ਕਰ
ਕਾਛਉਟੀ ਮਫੀਟਸਿ ਗੀ।"

ਇਸ ਦਾ ਭਾਵ ਹੈ ਕਿ ਹਨੂਮਾਨ ਨੇ ਲੰਕਾ ਗੜ੍ਹ ਨੂੰ ਅੱਗ ਲਗਾ ਕੇ ਫੂਕਿਆ ਅਤੇ ਸ੍ਰੀ ਸੀਤਾ ਜੀ ਨੂੰ ਸ੍ਰੀ ਰਾਮ ਚੰਦਰ ਜੀ ਦੇ ਘਲੇ ਸਨੇਹੇ ਦਿਤੇ ਸਨ, ਅਤੇ ਸ੍ਰੀ ਲਛਮਣ ਜੀ ਦੇ ਮੂਰਛਤ ਹੋਣ ਪਰ ਅਤਿ ਮੇਹਨਤ ਕਰਕੇ

ਪਹਾੜਾਂ ਵਿਚੋਂ ਸੰਜੀਵਨੀ ਬੂਟੀ ਲਿਆ ਕੇ ਦਿਤੀ ਸੀ, ਜਿਸ ਨਾਲ ਉਸ ਦੇ ਫਟ ਰਾਜ਼ੀ ਹੋਏ ਅਤੇ ਸੁਰਤ ਆ ਗਈ ਸੀ। ਇਸ ਸੇਵਾ ਬਦਲੇ ਅਤੀ ਖੁਸ਼ੀ ਹੋ ਕੇ ਸ੍ਰੀ ਰਾਮ ਚੰਦਰ ਜੀ ਨੇ ਹਨੂਮਾਨ ਜੀ ਨੂੰ ਬਤੌਰ ਸਿਰੇ ਪਾਉ ਦੇ ਕਛਹਿਰਾ ਦਿਤਾ। ਹਨੂੰਮਾਨ ਜੀ ਦੀ ਤਸਵੀਰਾਂ ਵਿਚ ਪਹਿਨਿਆ ਵੇਖੀਦਾ ਹੈ। ਜਿਸ ਤੋਂ ਸਾਬਤ ਹੈ ਕਿ ਕਛਹਿਰੇ ਨਾਲੋਂ ਵਡੀ ਦਾਤ ਸ੍ਰੀ ਰਾਮ ਚੰਦਰ ਜੀ ਪਾਸ ਹੋਰ ਕੋਈ ਨਹੀਂ ਸੀ, ਅਤੇ ਇਹ ਕਛਹਿਰਾ ਸੂਰਮਿਆਂ ਬਹਾਦਰਾਂ ਦਾ ਜ਼ਰੂਰੀ ਅਤੇ ਲਾਸਾਨੀ ਪਹਿਰਨ ਹੈ। ਸੂਰਮਾ ਬਹਾਦਰ ਹੋਣ ਕਰਕੇ ਹਰ ਬਹਾਦਰ ਸ਼ਰੇਣੀ, ਹਨੂਮਾਨ ਨੂੰ ਮੰਨਦੀ ਹੈ। ਕਬੀਰ ਜੀ ਨੇ ਸੂਰਮਤਾ ਕਰਕੇ, ਹਨੂਮਾਨ ਨੂੰ ਸਾਵਧਾਨ ਅਥਵਾ ਜਾਗਦੀ ਹਸਤੀ ਮੰਨਿਆ ਹੈ।

'ਹਣਵੰਤਰ ਜਾਗੈ ਧਰਿ ਲੰਕੂਰ ਬਸੰਤ ਕਬੀਰਾ।

ਅਫਸੋਸ ਹੈ ਕਿ ਹਨੂਮਾਨ ਦੇ ਉਪਾਸ਼ਕਾਂ ਵਿਚ ਕਛਹਿਰੇ ਪਹਿਰਾਣ ਦੀ ਕਦਰ ਯਾ ਵਰਤੋਂ ਭੁਲਾਈ ਗਈ ਹੈ। ਕਛਹਿਰਾ ਪਹਿਰਾਣ ਸ਼ਕਤੀਆਂ ਦਾ ਵੱਡਾ ਸੂਚਕ ਹੈ।

ਰਾਮਾਇਣ ਦੇ ਬਾਲਮੀਕ ਕਾਂਡ ਅੰਕ ੬੬ ਵਿਚ ਹਨੂਮਾਨ ਦਾ ਜ਼ਿਕਰ ਆਉਂਦਾ ਹੈ ਕਿ ਅਪਛਰਾਂ, 'ਪੁੰਜਿਕਸਥਲਾ ਜਿਸ ਦਾ ਨਾਮ ਅੰਜਨੀ ਆਖੀਦਾ ਹੈ, ਉਸ ਦਾ ਇਹ ਸਪੁੱਤਰ ਸੀ, ਅਗੇ ਜ਼ਿਕਰ ਇਉਂ ਹੈ ਕਿ ਕੇਸਰੀ ਦੀ ਔਰਤ ਜੋ ਅਤਿ ਸੁੰਦਰ ਸੀ, ਉਸ ਨੂੰ ਦੇਖ ਕੇ ਪਵਨ ਦੇਵਤਾ, 'ਕਾਮਾ-ਹੋ ਕੇ ਲਿਪਟ ਗਿਆ ਸੀ, ਜਿਸ ਥੀਂ ਇਹ ਬਲੀਪੁਤ੍ਰ ਹਨੂਮਾਨ ਜਨਮਿਆ ਇਸੇ ਕਰ ਕੇ ਇਸ ਨੂੰ 'ਪਵਨ ਪੁਤਰ ਕਿਹਾ ਜਾਂਦਾ ਹੈ। ਇਹ ਹਜ਼ਾਰਾਂ ਮੀਲਾਂ ਪਰ ਉਡ ਕੇ ਜਾ ਸਕਦਾ ਸੀ। ਦਸਿਆ ਹੈ ਕਿ ਇਸ ਦਾ ਇਕ ਜਬਾੜਾ ਇੰਦਰ ਦਾ ਬੱਜਰ ਲਗਣੇ ਕਰਕੇ ਇਸ ਨੂੰ ਹਨੂਮਾਨ ਭਾਵ ਵਿੰਗੇ ਜਬਾੜੇ ਵਾਲਾ ਕਿਹਾ ਗਿਆ। ਇਸ ਦੀ ਸ਼ਕਲ ਤਦੋ ਬਾਂਦਰਾਂ ਜੈਸੀ ਵਿਖਾਈ ਜਾਂਦੀ ਹੈ। ਇਸ ਨੂੰ ਜਾਂਗਲੀ ਲੋਕਾਂ (ਬਣ ਮਾਣੂ) ਦਾ ਆਗੂ ਭੀ ਮਨਿਆ ਜਾਂਦਾ ਸੀ। ਗੁਰਬਾਣੀ ਵਿਚ ਇਸ ਬਾਰੇ ਇਸ਼ਾਰਾ

ਮਿਲਦਾ ਹੈ।

'ਰਾਮ ਝੁਰੇ ਦਲ ਮੇਲਵੈਂ, ਅੰਤਰਿ ਬਲ ਅਧਿਕਾਰਾ।
ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝਿ ਆਪਾਰਾ।
ਸਲੋਕ ਮ: ੧।

ਵਿਦਵਾਨ ਦਾ ਖਿਆਲ ਹੈ ਕਿ ਬਨਚਰ ਜੰਗਲੀ ਲੋਕ ਸਨ। ਇਹ ਖਿਆਲ ਠੀਕ ਨਹੀਂ ਹਨ ਕਿ ਬਾਂਦਰ ਜਾਨਵਰਾਂ ਦੀ ਕੋਈ ਫ਼ੌਜ ਸੀ। ਅਸਲੀਅਤ ਇਹ ਹੈ ਕਿ ਸ੍ਰੀ ਰਾਮ ਚੰਦਰ ਜੀ ਨੂੰ ਜੰਗਲੀ ਕੌਮਾਂ ਨੇ ਮੱਦਦ ਦਿਤੀ ਸੀ, ਉਨ੍ਹਾਂ ਦਾ ਪਹਿਰਾਣ ਭੀ ਕਛਹਿਰਾ ਸੀ। ਹਨੂਮਾਨ ਦੇ ਅਰਥ ਹਨ। ਲੰਮੇ ਜਬਾੜੇ ਵਾਲਾ, ਉਸ ਦੇ ਪੂਛ ਲਗਾ ਕੇ ਵਿਖਾਉਣੀ ਭੁੱਲ ਹੈ।

ਹਨੂਮਾਨ ਦੇ ਨਾਮ ਪਰ ਇਕ ਮਹਾਨ ਪ੍ਰਸਿਧ ਗਰੰਥ ਹਨੂਮਾਨ ਨਾਟਕ ਗਰੰਥ ਹੈ, ਕਿਹਾ ਜਾਂਦਾ ਹੈ ਕਿ ਹਨੂਮਾਨ ਨਾਟਕ ਪਹਿਲਾਂ ਸੰਸਕ੍ਰਿਤ ਬੋਲੀ ਵਿਚ ਹਨੂਮਾਨ ਜੀ ਨੇ ਖੁਦ ਲਿਖਿਆ ਸੀ, ਹਨੂਮਾਨ ਨੂੰ ਸੰਸਕ੍ਰਿਤ ਦਾ ਪੰਡਤ ਮੰਨਿਆ ਹੈ। ਬਾਲਮੀਕੀ ਰਾਮਾਇਣ ਵਿਚ ਇਸ ਦਾ ਜ਼ਿਕਰ ਹੈ। ਰਾਜਾ ਭੋਜ ਦੇ ਸਮੇਂ ਇਹ ਪ੍ਰਸਿੱਧ ਸੀ। ਉਪਰੰਤ ਦਾਮੋਦਰ ਮਿਸਰ ਨਾਮਕ ਪੰਡਤ ਨੇ ਇਸ ਨੂੰ ਲਿਖਿਆ ਅਤੇ ਇਸ ਵਿਚ ਹੋਰ ਛੰਤ ਭੀ ਲਿਖ ਕੇ ਪਾਏ ਸਨ, ਇਸ ਤੋਂ ਪਿਛੋਂ ਮਹਾਨ ਪੰਡਤ ਹਿਰਦਾ ਰਾਮ ਨੇ ਇਸ ਦਾ ਹਿੰਦੀ ਵਿਚ ਅਨੁਵਾਦ ਕੀਤਾ ਤੇ ਇਸ ਦਾ ਪਰਚਾਰ ਕੀਤਾ। ਪੰਡਤ ਹਿਰਦਾ ਰਾਮ ਭੱਲੇ ਖਡਰੀਆਂ ਵਿੱਚ ਬਾਦਸ਼ਾਹ ਜਹਾਂਗੀਰ ਦੇ ਸਮੇਂ ਹੋਇਆ ਦਸਿਆ ਹੈ। ਇਸ ਗਰੰਥ ਵਿਚ ਕਈ ਕੁ ਕਵਿੱਤ ਪੰਡਤ ਕਾਂਸੀ ਰਾਮ ਕਵੀ ਦੇ ਭੀ ਹਨ। ਕਈਆਂ ਦਾ ਖਿਆਲ ਹੈ ਕਿ ਬਾਦਸ਼ਾਹ ਬਹਾਦਰ ਨੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹਨੂਮਾਨ ਨਾਟਕ ਦੀ ਅਸਲ ਕਾਪੀ ਦਿਤੀ ਸੀ ਅਤੇ ਦਸਮ ਗੁਰੂ ਜੀ ਨੇ ਪੰਡਤ ਪਰਸਰਾਮ ਦੇ ਕੁਛ ਪਰਸੰਗ 'ਕਾਂਸੀ ਰਾਮ ਤੋਂ ਲਿਖਵਾ ਕੇ ਪਢ਼ਾਏ ਸਨ, ਇਸ ਦਾ ਪਰਚਾਰ ਭੀ ਕੀਤਾ। ਪਰਮ

ਸ਼ੋਕ। ਸੂਰਬੀਰ ਹਨੂਮਾਨ ਜੀ ਦਾ ਸੰਪੂਰਨ ਜੀਵਨ ਨਹੀਂ ਮਿਲਦਾ। ਕਈਆਂ ਨੇ ਲਿਖਿਆ ਹੈ ਕਿ ਹਨੂਮਾਨ ਦਾ ਜਨਮ ਗੌਤਮ ਰਿਖੀ ਦੀ ਇਸਤ੍ਰੀ ਅਹੱਲਿਆ ਦੀ ਲੜਕੀ ਕੁਆਰੀ ਅੰਜਨਾ ਤੋਂ ਸੀ ਕਿਧਰੇ ਇਸ ਨੂੰ ਸ਼ਿਵ ਜੀ ਦਾ ਪੁੱਤਰ ਭੀ ਦਸਿਆ ਹੈ, ਭਾਰਤ ਵਿਚ ਹਨੂਮਾਨ ਜੀ ਦੀ ਬਹੁਤ ਮੰਨਤ ਹੁੰਦੀ ਆਈ ਹੈ, ਇਹ ਮਹਾਨ ਪ੍ਰਸਿਧ ਜੋਧਾ ਮੰਨਿਆ ਗਿਆ ਹੈ ਤੇ ਜੰਗ ਵਿਚ ਯੋਧੇ ਲੋਕ ਇਸ ਦੇ ਨਾਮ ਦਾ ਸਿਮਰਨ ਕਰਦੇ ਰਹੇ ਹਨ।

ਹਨੂਮਾਨ ਦੀ ਪੂਜਾ ਲਗ ਪਗ ਸਾਰੇ ਭਾਰਤ ਵਿਚ ਹੁੰਦੀ ਆਈ। ਇਸ ਦੇ ਨਾਮ ਪਰ ਹਨੂਮਾਨ ਨਾਟਕ ਲਿਖੇ ਜਾਣਾ ਇਕ ਇਸ ਦੀ ਉਚਤਾ ਦੀ ਗਵਾਹੀ ਹੈ। ਪੰਡਤ ਹਿਰਦਾ ਰਾਮ ਨੇ ਸੰਮਤ ੧੬੮੪ ਵਿਚ ਇਸ ਦਾ ਹਿੰਦੀ ਬੋਲੀ ਵਿਚ ਤਰਜਮਾ ਕਰ ਕੇ ਇਸੇ ਦੀ ਅਤਿ ਪ੍ਰਸਿਧੀ ਕਰ ਦਿਤੀ। ਵਿਦਿਵਾਨਾਂ ਵਿਚੋਂ ਇਸ ਗਰੰਥ ਦੀ ਪ੍ਰਸਿਧੀ ਰਮਾਇਣ ਨਾਲੋਂ ਭੀ ਵੱਧ ਹੈ। ਹਨੂਮਾਨ ਦੇ ਭਾਰਤ ਵਿਚ ਕਿਤਨੇ ਹੀ ਮੰਦਰ ਹਨ। ਦੇਵੀ ਦੁਆਰਿਆ ਦੇ ਅਗੇ ਇਸੇ ਦੀ ਤਸਵੀਰ ਯਾ ਬੁਤ ਸੰਧੂਰ ਨਾਲ ਰੰਗਿਆ ਵੇਖੋਗੇ, ਪਿੰਡਾਂ ਵਿਚ ਪਸ਼ੂਆਂ ਦੀ ਬੀਮਾਰੀ ਹਟੌਣ ਸਮੇਂ ਭੀ ਲਕੜ ਦਾ ਹਨੂਮਾਨ ਬਣਾ ਕੇ ਦਰਵਾਜ਼ਿਆਂ ਪਰ ਰਖਿਆ ਜਾਂਦਾ ਹੈ। ਭਾਵੇਂ ਇਸ ਨੂੰ ਅਵਤਾਰ ਨਹੀਂ ਮੰਨਿਆ ਗਿਆ, ਪਰ ਪੂਜਾ ਅਵਤਾਰਾਂ ਨਾਲੋਂ ਵਧ ਹੁੰਦੀ ਆਈ ਹੈ। ਕਈਆਂ ਨੇ ਇਸ ਨੂੰ ਰਾਜਾ ਸਗਰੀਵ ਦਾ ਮਹਾਂ ਮੰਤਰੀ ਦਸਿਆ ਹੈ।

'ਹਨੂਮਾਨ ਸਰਿਗਰੜ ਸਾਮਾਨਾ। (ਕਬੀਰ)

ਉਡਣ ਸ਼ਕਤੀ ਇਸ ਦੀ ਖਾਸ ਸ਼ਕਤੀ ਮੰਨੀ ਗਈ ਹੈ। ਹਨੂਮਾਨ ਨੂੰ ਪ੍ਰਸਿਧ ਜਤੀ ਮੰਨਿਆ ਗਿਆ ਹੈ, ਪਾਂਡਵਾਂ ਕੌਰਵਾਂ ਦੇ ਸਮੇਂ ਰਥਾਂ ਪਰ,ਲਗੀ ਤਸਵੀਰ (ਝੰਡੇ) ਪਰ ਇਸੇ ਦੀ ਵਿਖਾਈ ਹੈ। ਸੂਰਮੇ ਹਨੂਮਾਨ ਦੀ ਯਾਦ ਨੂੰ ਕਾਇਮ ਰਖਦੇ ਹਨ ਅਤੇ ਇਸ ਦੀਆਂ ਸੁਖਾਂ ਸੁਖਦੇ ਆਏ ਹਨ।

ਹਨੂਮਾਨ ਦਾ ਜੀਵਨ ਮਹਾਨ ਉਚਾ ਸੀ ਇਸ ਬਾਰੇ ਕੋਈ ਖਾਸ ਕਿਤਾਬ ਨਾ ਮਿਲਣ ਕਰਕੇ ਅਸੀਂ ਵਧ ਨਹੀਂ ਲਿਖ ਸਕੇ। ਅੰਣਜਾਣ ਮੂਰਖ ਲੋਕ ਬਾਂਦਰਾਂ ਨੂੰ ਹਨੂਮਾਨ ਯਾ ਉਸ ਦਾ ਰੂਪ ਮੰਨ ਕੇ ਪੂਜਦੇ ਵੇਖੇ ਹਨ। ਹਨੂਮਾਨ ਨੂੰ ਬਾਂਦਰ ਮੰਨਣਾ ਸਿਰੇ ਦੀ ਗਲਤੀ ਹੈ। ਹਨੂਮਾਨ ਰਿਧੀਆਂ ਸਿਧੀਆਂ ਤੋਂ ਕੰਮ ਲੈਂਦਾ ਉਡ ਜਾਂਦਾ ਭਾਰਾ ਹਲਕਾ ਹੋ ਆਪਣਾ ਰੂਪ ਵਟਾ ਲੈਂਦਾ, ਜਿਸ ਕਰਕੇ ਇਸ ਨੂੰ ਨੂੰ ਕਰਾਮਾਤੀਆ ਮੰਨਿਆ ਗਿਆ ਹੈ, ਇਹ ਆਪਣੇ ਪਾਸ ਗੁਰਜ ਰਖਦਾ ਸੀ। ਹਨੂਮਾਨ ਦੇ ਨਾਮ ਦੇ ਕਈ ਬਣੇ ਹੋਏ ਮੰਤਰ ਵੇਖੇ ਗਏ ਹਨ।

(੧੦)

ਯੂਨਾਨੀ ਪ੍ਰਸਿਧ ਫਲਾਸਫਰ

੧. ਦੇਸ਼ ਯੂਨਾਨ ਦਾ ਪ੍ਰਸਿਧ ਫਿਲਾਸਫ਼ਰ ਅਰਸਤੂ (ਅਰਸਤੂ) ਹੋਇਆ ਹੈ। ਜਿਸ ਨੇ ਸੈਂਕੜੇ ਉਤਮ ਗ੍ਰੰਥ ਲਿਖੇ ਸਨ। ਇਸ ਦੀ ਹੋਂਦ ਸੰਨ ਈਸਵੀ ਤੋਂ ਤਿੰਨ ਸੌ ਚੌਰਾਸੀ ਸਾਲ ਪਹਿਲਾਂ ਦਸੀ ਗਈ ਹੈ। ਇਸ ਦੀ ਪੈਦਾਇਸ਼ ਯੂਨਾਨ ਦੀ ਨਵੀਂ ਵਸਤੀ ਸਵਜੀਨਾਂ ਦੀ ਸੀ। ਇਸ ਦਾ ਪਿਤਾ ਨੀਕੋ ਮੈਕਸ 'ਸ਼ਾਹੀ ਹਕੀਮ ਸੀ।' ਅਰਸਤੂ ਦੇ ਮਾਤਾ ਪਿਤਾ ਛੋਟੀ ਉਮਰ ਵਿਚ ਗੁਜਰਨ ਕਰਕੇ ਯਤੀਮ ਹੋ ਗਿਆ ਸੀ। ਇਹ ਸਤਾਰਾਂ ਕੁ ਸਾਲਾਂ ਦੀ ਉਮਰ ਤਕ ਯੂਨਾਨ ਦੀ ਰਾਜਧਾਨੀ ਐਥਿਨਜ਼ ਵਿਖੇ ਰਿਹਾ।

ਮਹਾਤਮਾ ਅਫਲਤੂ ਦਾ ਚੇਲਾ ਹੋਇਆ। ਉਸ ਪਾਸੋਂ ਇਸਨੇ ਬੀਸ ਬਰਸ ਵਿਦਿਆ ਪੜ੍ਹੀ। ਅਫਲਾਤੂੰ ਦੀ ਮੌਤ ਪਿਛੋਂ ਇਹ ਐਥਿਨਜ਼ ਤੋਂ ਆਪਣੇ ਮਿੱਤਰ ਹਰਮੀਆ ਪਾਸ ਚਲਾ ਗਿਆ, ਜੋ ਕਿ ਐਟਾਰਨੀਅਸ ਦਾ ਹਾਕਿਮ ਸੀ। ਇਥੇ ਇਸ ਦੀ ਸ਼ਾਦੀ ਸ਼ਾਹ ਹਰਮੀਆਸ ਦੀ ਭੈਣ ਪਿਥੀਆ ਨਾਲ ਹੋ ਗਈ। ਇਥੋਂ ਇਹ ਸਮੇਤ ਪਿਥੀਆ ਦੇ ਮੀਟੀਲੀਨੀ ਚਲਾ ਗਿਆ। ਦੋ ਕੁ ਸਾਲਾਂ ਪਿਛੋਂ ਇਸ ਨੂੰ ਮਕਦੂਨੀਆ ਦੇ ਬਾਦਸ਼ਾਹ ਫੈਲਸਬ ਨੇ ਸਦ ਲਿਆ, ਉਸ ਨੇ ਆਪਣੇ ਪੁਤ੍ਰ ਸਿਕੰਦਰ ਦਾ ਅਤਾਲੀਕ ਨੀਯਤ ਕਰ ਦਿਤਾ। ਇਹ ਉਥੇ ਅੱਠ ਕੁ ਸਾਲ ਵਡੇ ਮਾਣ ਨਾਲ ਦਰਬਾਰੀ ਹਾਲਤ ਵਿਚ ਰਿਹਾ। ਜਦੋਂ ਸ਼ਾਹ ਸਿਕੰਦਰ ਸੰਸਾਰ ਭਰ ਨੂੰ ਫਤਹ ਕਰਨ ਲਈ ਚੜ੍ਹ ਪਿਆ ਇਹ ਫਿਰ ਐਥਿਨਜ਼ ਜਾ ਰਿਹਾ। ਸਿਕੰਦਰ ਨੇ ਏਸ਼ੀਆ ਪਰ ਹਮਲਾ ਕਰ ਦਿਤਾ। ਅਰਸਤੂੰ ਬਰਾਬਰ ਤੇਰ੍ਹਾਂ ਸਾਲ ਲੀਸੀਅਮ ਨਾਮ ਦੇ ਆਸ਼ਰਮ ਵਿਚ ਬਤੌਰ ਪਰੋਫੈਸਰ ਦੇ ਰਿਹਾ। 'ਇਹ ਆਪਣੇ ਵਿਦਿਆਰ-ਥੀਆਂ ਨੂੰ ਚਲਦਿਆਂ ਫਿਰਦਿਆਂ ਸਿਖਿਆ ਦਿੰਦਾ ਸੀ ਜਿਸ ਕਰਕੇ ਇਸ ਦੇ ਚੇਲਿਆਂ ਨੂੰ ਲੋਕੀਂ ਫਿਰਤੂਨੀਂ ਕਹਿਣ ਲਗ ਪਏ ਸਨ।

ਅਰਸਤੂ ਦੇ ਰਚੇ ਹਜ਼ਾਰਾਂ ਗਰੰਥ ਸੰਸਾਰ ਪ੍ਰਸਿਧ ਹਨ। ਜੋ ਫਿਲਾਸਫੀ ਵਿਦਿਆ ਦਾ ਵੱਡਾ ਅੰਗ ਹਨ। ਇਸ ਦੇ ਗਰੰਥਾਂ ਦਾ ਉਲਥਾ ਯੂਰਪ ਦੀਆਂ ਲਗ ਪਗ ਸਾਰੀਆਂ ਬੋਲੀਆਂ ਵਿਚ ਹੋਇਆ ਹੈ। ਅਤੇ ਵੱਡੀ ਲਾਇਬਰੇਰੀਆਂ ਦੇ ਸ਼ਿੰਗਾਰ ਹਨ। ਹੁਣ ਭੀ ਉਚੀ ਵਿਦਿਆ ਪੜ੍ਹਨੇ ਵਾਲੇ ਲਾਭ ਲੈਂਦੇ ਹਨ। ਅਰਸਤੂ ਬਾਸਠ ਸਾਲਾਂ ਦੀ ਉਮਰ ਭੋਗ ਕੇ ਈਸਵੀ ਤਿੰਨ ਸੌ ਬਾਈਸਵੀਂ ਤੋਂ ਪਹਿਲਾਂ ਚਲਾਣਾ ਕਰ ਗਿਆ ਸੀ। ਯੂਨਾਨ ਨੂੰ ਅਰਸਤੂ ਨੇ ਸੰਸਾਰ ਵਿਚ ਵਿਦਿਆ ਦੇ ਮੈਦਾਨ 'ਚ ਪ੍ਰਸਿੱਧ ਕਰ ਦਿਤਾ ਸੀ।

ਯੂਨਾਨ ਦਾ ਬਾਦਸ਼ਾਹ ਸਿਕੰਦਰ ਫੈਲਕੂਸ ਦਾ ਪੁਤਰ ਭੀ ਸੰਸਾਰ ਪ੍ਰਸਿਧ ਸੀ। ਈਰਾਨ ਨੂੰ ਫਤਹ ਕਰਕੇ ਇਸ ਨੇ ਸੰਨ ਈਸਵੀ

ਤੋਂ ਤਿੰਨ ਸੌ ਸਤਾਈਸ ਸਾਲ ਪਹਿਲਾਂ ਹਿੰਦੁਸਤਾਨ ਪਰ ਹਮਲਾ ਕੀਤਾ ਸੀ। ਹੋਰ ਭੀ ਕਈ ਸਿਕੰਦਰ ਹੋਏ ਹਨ ਇਸ ਨੂੰ ਸਿਕੰਦਰ ਆਜ਼ਮ ਕਿਹਾ ਜਾਂਦਾ ਹੈ।

(੨) ਮਹਾਤਮਾਂ ਅਫਲਾਤੂੰ ਦਾ ਜਨਮ ਦੇਸ ਯੂਨਾਨ ਦੀ ਰਾਜਧਾਨੀ ਐਥਿਨਜ਼ ਵਿਖੇ ਹੋਇਆ। ਇਹ ਸਮਾਂ ਲਗ ਪਗ ਈਸਵੀ ਸੰਨ ਤੋਂ ਚਾਰ ਸੌ ਅਠਾਈ ਸਾਲ ਪਹਿਲਾਂ ਮੰਨਿਆ ਗਿਆ ਹੈ। ਫਲਾਸਫਰ ਅਰਸਤੂ ਦੇ ਪਿਤਾ ਦਾ ਨਾਮ ਐਰਿਸਨ ਅਤੇ ਮਾਈ ਦਾ ਨਾਮ ਪਿਰਖੋਨੀ ਲਿਖਿਆ ਹੈ। ਅਫਲਤੂੰ ਦਾ ਅਸਲ ਨਾਮ ਐਰਿਸਟੋਕਲੀਜ਼ ਸੀ। ਇਸ ਦਾ ਮੱਥਾ ਔਰ ਛਾਤੀ ਵਧ ਚੌੜਾ ਹੋਣ ਕਰਕੇ ਇਸ ਦਾ ਨਾਮ ਪਲਾਟਨ ਲਿਆ ਜਾਂਦਾ ਸੀ। ਅਫਲਾਤੂੰ ਦਾ ਮਿਲਾਪ ਪ੍ਰਸਿਧ ਹਕੀਮ ਸੁਕਰਾਤ ਨਾਲ ਤੀਸ ਸਾਲਾਂ ਦੀ ਉਮਰ ਵਿਚ ਹੋਇਆ ਸੀ। ਸੁਕਰਾਤ ਨੂੰ ਯੂਨਾਨ ਵਿਚ ਤਤਵੇਤਾ ਮੰਨਿਆ ਜਾਂਦਾ ਸੀ। ਅਫਲਾਤੂੰ ਸੁਕਰਾਤ ਦੇ ਦਰਸ਼ਨ ਪਾ ਕੇ ਵਿਸਮਾਦ ਹੋ ਕੇ ਉਸ ਦੇ ਅੰਤਮ ਦਮਾਂ ਤੀਕ ਉਸੀ ਪਾਸ ਰਿਹਾ। ਅਫਲਤੂੰ ਨੇ ਸੰਸਾਰ ਵਿਚ ਚੱਕਰ ਲਗਾ ਕੇ ਲੋਕਾਂ ਨੂੰ ਸਿੱਧਾ ਰਸਤਾ ਦਸਿਆ। ਚਾਲੀ ਬਰਸ ਇਸ ਨੇ ਸੂਖਮ ਵਿਚਾਰਾਂ ਦੀ ਪ੍ਰਾਪਤੀ ਪਰ ਲਾਏ ਅਤ ਮਹਾਨ ਪ੍ਰਸਿਧ ਫਿਲਾਸਫਰ ਬਣਿਆ। ਅੰਤਮ ਸਮੇਂ ਇਹ ਪ੍ਰਸਿਧ ਐਕੇਡਮੀ ਬਾਗ ਵਿਚ ਮੁਕੀਮ ਹੋ ਗਿਆ ਸੀ। ਅਫਲਾਤੂੰ ਦੇ ਚੇਲਿਆ ਨੂੰ ਸਚੇ ਮੰਨ ਕੇ ਹਾਕਿਮ ਉਨ੍ਹਾਂ ਦੀ ਗਵਾਹੀ ਪਰ ਫੈਸਲੇ ਕਰਦੇ ਸਨ। ਚੇਲਿਆ ਦਾ ਮੁਖ ਧਰਮ ਸਚਾਈ ਸੀ।

ਅਫਲਾਤੂੰ ਦੇ ਲਿਖੇ ਸੈਂਕੜੇ ਗਰੰਥ ਸੰਸਾਰ ਪ੍ਰਸਿਧ ਹਨ। ਅਨੇਕਾਂ ਬੋਲੀਆਂ ਵਿਚ ਉਲਥੇ ਹੋਏ। ਇਸ ਦੀ ਫਲਾਸਫੀ ਕੇਸਾਂ ਬਾਰੇ ਦਸਮ ਗੁਰੂ ਜੀ ਦੇ ਮਿਸ਼ਨ ਨਾਲ ਮਿਲਦੀ ਹੈ। ਅਫਲਤੂੰ ਨੇ ਇਕਾਸੀ ਸਾਲ ਉਮਰ ਭੋਗੀ। ਇਸ ਦਾ ਚਲਾਣਾ ਸੰਨ ਈਸਵੀ ਤੋਂ ਤਿੰਨ ਸੌ ਅਠਤਾਲੀ ਸਾਲ ਪਹਿਲਾਂ ਹੋਣਾ ਲਿਖਿਆ ਹੈ। ਅਫਲਾਤੂੰ ਦਾ ਨਾਮ ਕਹੌਤਾਂ ਵਿਚ

ਪ੍ਰਸਿੱਧ ਹੈ ਕਿ ਤੂੰ ਕਿਧਰੋਂ ਅਫਲਾਤੂੰ ਆ ਗਿਆ ਹੈ ? ਭਾਵ ਅਫਲਾਤੂੰ ਦਾ ਸਾਨੀ ਹੋਰ ਕੋਈ ਵਿਦਿਵਾਨ ਨਹੀਂ ਮੰਨਿਆ ਜਾਂਦਾ ਸੀ । ਨਹੀਂ ਔਰ ਡੂੰਘੀ ਬਾਤਾਂ ਨੂੰ ਹਲ ਕਰਨੇ ਵਾਲੇ ਨੂੰ ਫਲਾਸਫਰ ਕਿਹਾ ਜਾਂਦਾ ਹੈ ।

(੩) ਸੁਕਰਾਤ ਦੇਸ਼ ਯੂਨਾਨ ਦਾ ਮਹਾਨ ਪ੍ਰਸਿਧ ਮੰਤਕੀ ਵਿਦਿਵਾਨ ਸੀ । ਇਸ ਦਾ ਪਿਤਾ ਸੋਫਰੋ ਨਿਕਸ ਨਾਮੀਂ ਔਰ ਮਾਤਾ ਦਾ ਨਾਮ ਫਿਨਾਰੋਟੀ ਸੀ । ਇਸ ਦਾ ਜਨਮ ਚਾਰ ਸੌ ਉਨਤਰ ਸੰਨ ਈਸਵੀ ਤੋਂ ਪਹਿਲਾਂ ਹੋਇਆ ਸੀ । ਇਸ ਦੀ ਫਲਾਸਫੀਆਂ ਤੋਂ ਹਰ ਕੋਈ ਨਿਰਉਤਰ ਹੋ ਜਾਂਦਾ ਸੀ । ਸਨਾਤਨੀ ਖਿਆਲਾਂ ਦੇ (ਲਕੀਰ ਦੇ ਫਕੀਰ) ਲੋਕਾਂ ਨੇ ਇਸ ਨੂੰ ਧੱਕੇ ਨਾਲ ਅਪਰਾਧੀ ਹੋਣ ਦਾ ਮਸਲਾ ਘੜ ਲਿਆ । ਸੁਕਰਾਤ ਸਚਾਈ ਪੁੰਜ ਅਤੇ ਆਤਮੇ ਨੂੰ ਅਜਰ ਅਮਰ ਮੰਨਦਾ ਸੀ । ਮੌਤ ਤੋਂ ਨਿਰਭੈ ਸੀ । ਇਸ ਨੂੰ ਤਅਸਬੀ ਹਾਕਮਾਂ ਨੇ ਜ਼ਹਿਰ ਦਾ ਪਿਆਲਾ ਪਿਲਾ ਕੇ ਮਰਵਾ ਦਿਤਾ ਸੀ । ਸੁਕਰਾਤ ਨੇ ਸਤਰ ਸਾਲਾਂ ਦੀ ਉਮਰ ਭੋਗੀ । ਸੁਕਰਾਤ ਨੇ ਸਚਾਈ ਗਿਆਨ ਪੂਰਤ ਕਿਤਨੇ ਹੀ ਗ੍ਰੰਥ ਲਿਖੇ ਸਨ ਸੁਕਰਾਤ ਨੂੰ ਹੁਕਮਨ ਜ਼ਹਿਰ ਦਾ ਪਿਆਲਾ ਪਿਲਾ ਕੇ ਵਿਰੋਧੀਆਂ ਨੇ ਆਪਣਾ ਮੂੰਹ ਕਾਲਾ ਕਰ ਲਿਆ ਸੀ ! ਪਰ ਇਸ ਦਾ ਨਾਮ ਦੁਨੀਆਂ ਵਿਚ ਅਮਰ ਹੈ ।

ਵਰਸ਼ ਰੁੱਤਾਂ ਮਹੀਨੇ ਆਦਿ ਦੇ ਨਿਰਣੇ

ਸੰਸਾਰ ਵਿਚ ਵਰਸ਼ ਰੁਤਾਂ ਮਹੀਨੇ ਦਿਨ ਆਦਿਕ ਸਮੇਂ ਦੀਆਂ ਵੰਡਾਂ ਵਖੋ ਵਖਰੀਆਂ ਹਨ, ਇਕ ਵਰਸ਼ ਨੂੰ ਬਾਰਾਂ ਮਹੀਨੇ ਔਰ ਛਿਆਂ ਰੁਤਾਂ ਵਿਚ ਵੰਡਿਆ ਗਿਆ ਹੈ। ਸੰਸਕ੍ਰਿਤ ਦੇ ਵਿਦਵਾਨਾਂ ਨੇ ਚਾਰ ਪਰਕਾਰ ਦੇ ਸਾਲ ਲਿਖੇ ਹਨ 'ਜਿਹਾ ਕਿ ਸੌਣ, ਚਾਂਦਰ, ਸਾਵਨ, ਨਖਬਤਰ ਨਾਮ ਹਨ ਪਰ ਰੁਤਾਂ ਸਭ ਨੇ ਛੀ ਹੀ ਮੰਨੀਆਂ ਹਨ, ਚੇਤਰ ਵੈਸਾਖ ਨੂੰ ਬਸੰਤ ਰੁਤ, ਜੇਠ ਔਰ ਹਾੜ ਨੂੰ ਗਰੀਖਮ, ਸਾਵਨ ਔਰ ਭਾਦੋਂ ਨੂੰ ਪਾਵਸ ਅਸੂ ਤੇ ਕਾਤਕ ਨੂੰ ਸਰਦ, ਮਘਰ ਤੇ ਪੋਹ ਨੂੰ ਹਿਮ, ਮਾਘ ਔਰ ਫ਼ਾਗਣ ਨੂੰ ਮਿਸ਼ਾਰ, ਗੁਰਬਾਣੀ ਵਿਚ ਪਾਠ ਹੈ।

(ਰਾਮਕਲੀ ਮ: ੫ ਰੁਤਾਂ)

"ਰੁਤਿ ਸਰਸ ਬਸੰਤ ਮਾਹ ਚੇਤਰ, ਵੈਸਾਖ ਸੁਖ ਮਾਸ ਜੀਉ।
ਗਰੀਖਮ ਰੁਤ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ।
ਰੁਤਿ ਸਰਦ ਅਡੰਬਰੁ ਅਸੂ ਕਤਿਕੇ ਹਰਿ ਪਿਆਸ ਜੀਉ।
ਰੁਤਿ ਹਿਮਕਰ ਸੀਤਲ ਪਰਗਟੇ ਮਘ ਪੋਹਿ ਜੀਉ।
ਸਸੀਅਰੁ ਰੁਤਿ ਮਨਭਾਵਤੀ ਮਾਘ ਫਗਣ ਗੁਣਵੰਤ ਜੀਉ।

ਰੁਤਾਂ ਮ: ੫

ਬਾਰਾਂ ਮਾਹਾਂ ਮਾਝ ਔਰ ਤੁਖਾਰੀ ਰਾਗ ਵਿਚ ਵਿਆਖਿਆ ਕੀਤੀ ਹੈ। ਹਰ ਦੇਸ਼ ਵਿਚ ਰੁਤਾਂ ਬਦਲਦੀਆਂ ਹਨ ਔਰ ਸੂਰਜ ਦੀ ਚਾਲ ਸੂਰਜ ਏਕੋ ਰੁਤ ਅਨੇਕ, ਵੈਸੇ ਹਰ ਰੋਜ਼ ਰੁਤ ਬਦਲਦੀ ਰਹਿੰਦੀ ਹੈ।

ਸੋਹ ਸਾਲ ਭਾਵ ਸੂਰਜ ਦੀ ਚਾਲ ਨਾਲ ਇਸ ਸਾਲ ਨੂੰ ਤਿੰਨ ਸੌ

ਪੰਜ ਠ ਦਿਨ, ਪੰਜ ਪੰਤਾਲੀ ਮਿੰਟ ਔਰ ਛਿਆਲੀ ਸੈਕਿਟ ਦੀ ਵੰਡ ਦਾ ਮੰਨਿਆ ਹੈ। ਆਮ ਤੌਰ ਪਰ ਏਹੀ ਵਧ ਪਰਚਲਤ ਹੈ। ਇਸ ਹਿਸਾਬ ਨਾਲ ਧਰਤੀ ਸੂਰਜ ਦੀ ਇਕ ਪਰਿਕਰਮਾਂ ਕਰਦੀ ਹੈ। ਦੂਜਾ ਚਾਂਦ ਸਾਲ ਅਰਥਾਤ ਚੰਦਰਮਾਂ ਦੇ ਲੇਖੇ ਨਾਲ। ਇਸ ਦੇ ਤਿੰਨ ਸੌ ਚੁਰੰਜਾਂ ਦਿਨ ਅੱਠ ਘੰਟੇ ਛਿਆਲੀ ਮਿੰਟ ਛੱਤੀ ਸੈਕਿੰਡ ਮਨੇ ਹਨ। ਇਸ ਲੇਖੇ ਨਾਲ ਚੰਦਰਮਾਂ ਧਰਤੀ ਦੀਆਂ ਬਾਰਾਂ ਪਰਿਕਰਮਾਂ ਕਰਦਾ ਹੈ। ਇਕੱਰ ਚਾਂਦਰ ਵਰਸ਼, ਸੌਰਵਰਸ਼ ਨਾਲੋਂ ਹਰ ਸਾਲ ਦਸ ਦਿਨ ਇਕੀ ਘੰਟਿਆਂ ਦਾ ਫਰਕ ਪੈ ਜਾਂਦਾ ਹੈ ਇਸ ਲਈ ਹਰ ਤੀਜੇ ਸਾਲ ਚਾਂਦਰ ਵਰਸ ਦੇ ਹਿਸਾਬੀ ਇਕ ਮਹੀਨਾ ਲਾਉਂਦਾ ਆਖ ਕੇ ਤੇਰਾਂ ਮਹੀਨਿਆਂ ਦਾ ਸਾਲ ਬਣਾ ਦਿੰਦੇ ਹਨ। ਤੀਜਾ ਸਾਵਨ ਵਰਸ਼ ਪੂਰੇ ਤਿੰਨ ਸੌ ਸੱਠਾਂ ਦਿਨਾਂ ਦਾ ਹੁੰਦਾ ਹੈ ਇਸ ਦੇ ਤੀਸ ਤੀਸ ਦਿਨ ਹੁੰਦੇ ਹਨ ਪਹਿਲਾਂ ਇਹੋ ਲੇਖਾ ਵਧ ਪਰਚਲਤ ਸੀ।

ਚੌਥਾ ਨਖਬਤਰ ਸਾਲ ਜੋ ਕਿ ਤਿੰਨ ਸੌ ਚੋਬੀਸ ਦਿਨਾਂ ਦਾ ਹੁੰਦਾ ਹੈ ਇਸ ਦਾ ਮਹੀਨਾ ਸਤਾਈ ਦਿਨਾਂ ਦਾ ਗਿਣਦੇ ਹਨ 'ਇਹ ਘਟ ਪਰਚਲਤ ਹੋਇਆ ਹੈ।"

ਚਾਂਦਰ ਸਾਲ ਦੇ ਹਿਸਾਬ ਵਿਚ ਮਹੀਨੇ ਦੇ ਦੋ ਪੱਖ ਹਨ ਇਕ ਚਾਨਣਾ ਦੂਜਾ ਅੰਨੇਰਾ ਪਹਿਲਾ ਸ਼ੁਦੀ (ਚਿਟਾ) ਦੂਜਾ ਬਦੀ (ਅੰਧੇਰਾ) ਚਾਨਣੇ ਪਖ ਦੀ ਪੰਦਰਵੀਂ ਨੂੰ ਪੂਰਨਮਾਸ਼ੀ ਔਰ ਅਨੇਰੇ ਪਖ ਦੀ ਪੰਦਰਵੀਂ ਨੂੰ ਅਮਾਵਸ ਕਹੀਦਾ ਹੈ। ਮੱਸਿਆ ਨੂੰ ਚੰਦ੍ਰਮਾ ਇਕ ਹੀ ਰਾਸ ਵਿਚ ਵਸਦਾ ਹੈ ਚੰਦ੍ਰਮਾਂ ਉਕਾ ਨਹੀਂ ਦਿਸਦਾ, ਕੂੜ ਅਮਾਵਸ ਸੱਚ ਚੰਦਰਮਾਂ (ਵਾਰ ਮਾਲਾ ਮ: ੧) ਅਮਾਵਸਚੰਦ ਗੁਪਤ ਗੈਣਾਰ ॥ ਮ: ੧ ॥ ਅਮਾਵਸ ਲਿਖਣ ਹਿਤ ਅੰਕ ਤੀਸ ਵਰਤਦੇ ਹਨ। ਸੰਕਰਾਂਤਿ (ਪਰਵਿਸਟਾ) ਮਹੀਨੇ ਦੇ ਪਹਿਲੇ ਦਿਨ ਦਾ ਨਾਮ ਸੰਕ੍ਰਾਂਤ ਹੈ ਜਿਸ ਵਿਚ ਸੂਰਜ ਨਵੀਂ ਰਾਸ਼ੀ ਪੁਰ ਸੰਕਰਮਣ ਕਰੇ ਸੋਈ ਸੰਕਰਤੇ ਕਹੀਦੀ ਹੈ। ਸੰਕਰਾਤੀ ਮਹੀਨਿਆਂ ਦੇ ਦਿਨਾਂ ਦੀ ਗਿਣਤੀ ਵਧ ਘਟ ਹੁੰਦੀ ਹੈ ਮੁਸਲਮਾਨ ਚੰਦਰਮਾਂ ਦੀ ਤਿਥਾਂ ਅਨੁਸਾਰ ਹਿਜਰੀ ਸੰਮਤ ਮੰਨਦੇ ਹਨ। ਇਸਵੀ ਸੰਨ ਦੇ ਸਤੰਬਰ

ਅਪਰੈਲ ਜੂਨ ਨਵੰਬਰ ਦੇ ਤੀਸ ਬਾਕੀ ਦਿਨ ਇਕਤੀ ਦੇ ਮੰਨੇ ਹਨ। ਫਰਵਰੀ ਅਠਾਈ ਦਾ ਅਤੇ ਚੌਥੇ ਸਾਲ ਲੀਪ ਦਾ ਉੱਨਤੀ ਦਿਨਾਂ ਦਾ ਹੁੰਦਾ ਹੈ। ਸੱਤ ਦਿਨ ਹਿੰਦੂਆਂ ਨੇ ਗ੍ਰਹਾਂ ਦੇ ਨਾਮਾਂ ਪਰ ਰਖੇ ਹਨ। ਈਸਵੀ ਸੰਨ ਦੇ ਮਹੀਨੇ ਜਨਵਰੀ ਫਰਵਰੀ ਆਦਿ ਈਸਾਈਆਂ ਦੇ ਦੇਵਤਿਆਂ ਦੇ ਨਾਮ ਪਰ ਬਣਾਏ ਹਨ। ਸਿਖਾਂ ਨੇ ਹਿੰਦੂਆਂ ਦੇ ਨਾਮਾਂ ਤੋਂ ਹੀ ਕੰਮ ਲਿਤਾ ਹੋਇਆ ਹੈ ਆਪਣੇ ਇਨ੍ਹਾਂ ਨੇ ਦਿਨ ਮਹੀਨੇ ਆਦਿ ਨਹੀਂ ਕਲਪੇ। ਕੇਵਲ ਗੁਰੂ ਨਾਨਕ ਸੰਮਤ ਹੀ ਵਰਤਿਆ ਜਾਂਦਾ ਹੈ। ਕੌਮੀ ਖਿਆਲ ਨਾਲ ਵਖਰੇ ਦਿਨਾਂ ਦੇ ਨਾਮ ਨੀਯਤ ਕਰਕੇ ਨਾਲ ਅਲਹਿਦਗੀ ਜ਼ਾਹਰ ਹੋ ਸਕਦੀ ਹੈ ਜਿਹਾ ਕਿ ਮੁਸਲਮਾਨਾਂ ਈਸਾਈਆਂ ਆਦਿ ਨੇ, ਨੀਯਤ ਕੀਤੇ ਹਨ। ਗੁਰਬਾਣੀ ਵਿਚ ਤਿਥਾਂ ਦਿਨਾਂ ਮਹੀਨਿਆਂ ਪਰ ਉਪਦੇਸ਼ ਮਈ ਸ਼ਬਦ ਓਚਾਰੇ ਹਨ ਵਹਿਮਾਂ ਦਾ ਖੰਡਣ ਹੈ।

(੧੨)

ਸ਼ਗਨਾ-ਅਪਸ਼ਗਨਾ ਬਾਰੇ

ਹਰ ਦੇਸ਼ ਵਿਚ ਸ਼ਗਨਾਂ ਅਪਸ਼ਗਨਾਂ ਦੇ ਵਿਚਾਰ ਕਰਨ ਵਾਲੇ ਬੰਦੇ ਮਿਲਦੇ ਹਨ, ਜਗਨ ਦੇ ਅਰਥ ਸ਼ੁਭ ਲਛਣ ਚਿੰਨ੍ਹ (ਆਸਾਰ) 'ਅਪਸ਼ਗਨ' ਹਨ, ਮਾੜੇ ਚਿੰਨ੍ਹ ਯਾ ਮੰਦ ਘਟਨਾਵਾਂ ਹੋਣ ਦੇ ਕਾਰਨ ਅਥਵਾ ਵਿਖਾਵਾ। ਭਾਵ ਬੁਰਾ ਚਿੰਨ੍ਹ ਅਥਵਾ ਕੁਸ਼ਗਨ ਭਾਵ ਮੰਦੀ ਘਟਨਾ ਆਉਣ ਦੇ ਨਿਸ਼ਾਨ (ਅਮੰਗਲ ਸੂਚਕ ਚਿੰਨ੍ਹ) ਕਈ ਕੁ ਐਸੀਆਂ ਬਾਤਾਂ ਹੁੰਦੀਆਂ ਹਨ, ਜਿਨ੍ਹਾਂ ਦਾ ਫਲ ਅਫਲ ਰਾਸ ਅਤੇ ਬੇਰਾਸ ਦਾ ਪਹਿਲਾਂ ਹੀ ਪਤਾ ਲਗਦਾ ਹੈ,

ਉਨ੍ਹਾਂ ਵਿਘਨਾਂ ਨੂੰ ਦੂਰ ਕਰਨ ਵਾਸਤੇ ਕਈ ਢੰਗ ਵਰਤੇ ਜਾਂਦੇ ਹਨ। ਹਿੰਦੂਆਂ ਦਾ ਇਕ ਗਰੰਥ 'ਸਾਉਣ ਸ਼ਾਸਤ੍ਰ' ਹੈ, ਜੋ ਕਿ ਸਾਉਣ ਨਾਮੀ ਰਿਸ਼ੀਆਂ ਨੇ ਲਿਖਿਆ ਹੈ। ਇਸ ਵਿਚ ਸ਼ਗਨਾਂ ਅਪਸ਼ਗਨਾਂ ਦਾ ਹੀ ਜ਼ਿਕਰ ਹੈ, ਹਿੰਦੂ ਲੋਕ ਇਸ ਅਨੁਸਾਰ ਵਰਤੋਂ ਕਰਦੇ ਹਨ, ਇਸੇ ਤਰ੍ਹਾਂ ਹਰ ਮਜ਼੍ਹਬ ਵਿਚ ਕਿਤਾਬਾਂ ਹਨ, ਜਿਨ੍ਹਾਂ ਵਿਚ ਮਾੜੇ ਚੰਗੇ ਸੁਪਨਿਆਂ ਦਾ ਭੀ ਨਿਰਣਾ ਹੈ, ਈਸਾਈ ਮਤ ਵਿਚ ਭੀ ਇਕੱਰ ਦੇ ਕਾਫੀ ਵਿਚਾਰ ਹਨ, ਪਰ। ਗੁਰਮਤਿ ਵਿਚ ਇਨ੍ਹਾਂ ਫਲਾਂ ਅਫਲਾਂ ਬਾਰੇ ਵਿਰੁਧ ਹਨ। ਸਿਖ ਧਰਮ ਅਕਾਲ ਪੁਰਖ ਦੇ ਭਾਣੇ ਨੂੰ ਮੰਨਦਾ ਹੈ, ਭਾਵ ਜੋ ਕਿਛ ਕਰਤਾਰ ਦੀ ਰਜ਼ਾ ਵਿਚ ਹੁੰਦਾ ਹੈ। ਸ਼ਗਨ ਅਪਸ਼ਗਨ ਉਸ ਨੂੰ ਲਗਦੇ ਹਨ, ਜੋ ਕਰਤਾਰ ਤੋਂ ਬੇਮੁਖ ਹਨ। ਗੁਰਵਾਕ ਹੈ, ਸਗਨ ਅਪਸਗਨ ਤਿਸ ਕਉ ਲਗਹਿ, ਜਿਸ ਚੀਤ ਨਾ ਆਵੈ।

ਆਸਾ ਮ: ੫।

ਹਿੰਦੂਆਂ ਦੇ ਸਉਣ ਸ਼ਾਸਤ੍ਰ ਬਾਰੇ ਭੀ ਗੁਰਬਾਣੀ ਦਾ ਇਉਂ ਵਿਚਾਰ ਹੈ।

ਸੋਈ ਸਾਸਤ ਸਉਣ ਸੋਇ,
ਜਿਤ ਜਪੀਐ ਹਰਿ ਨਾਉ।

ਸਿਰੀ ਰਾਗ ਮ: ੫।

ਪ੍ਰਭੂ ਹਮਾਰੈ ਸਾਸਤ੍ਰ ਸਉਣ।
ਸੂਖ ਸਹਿਜ ਅਨੰਦ ਗ੍ਰਿਹ ਭਉਣ।

ਭੈਰਉ ਮ:।੫।

ਭਾਵ ਸਿਖਾਂ ਵਾਸਤੇ ਸਹਿਜ ਸੁਖ ਦਾ ਪ੍ਰਾਪਤ ਕਰਨਾ ਹੈ। ਗ੍ਰਿਹ ਚੱਕ੍ਰਾਂ ਦਾ ਭੌਣਾ ਹੈ। ਹਿੰਦੂਆਂ ਦੇ ਸਉਣ ਸ਼ਾਸਤਰ ਵਿਚ ਹੀ ਮਾੜੇ ਚੰਗੇ ਦਿਨਾਂ ਦੀ ਵੀਚਾਰ ਹੈ, ਜਿਹਾ ਕਿ ਮੰਗਲ, ਸ਼ਨਿਚਰ ਆਦਿ ਮਾੜੇ ਦਿਨ ਮੰਨ ਕੇ ਹਿੰਦੂ ਲੋਕ ਇਨ੍ਹਾਂ ਦਿਨਾਂ ਵਿਚ ਉਹ ਸਰਸੋਂ ਦਾ ਤੇਲ ਤਾਂਬਾ

ਆਦਿ ਪਾਂਡਿਆਂ ਨੂੰ ਦਾਨ ਕਰਦੇ ਹਨ, ਪਰ ਗੁਰਮਤ ਵਿਚ ਮਾੜੇ ਦਿਨ ਵਿਚਾਰ ਕਰਨਾ, ਭ੍ਰਮ ਅਥਵਾ ਅਗਿਆਨਤਾ ਹੈ। ਦਿਨ ਸਾਰੇ ਹੀ ਕਰਤਾਰ ਦੇ ਹਨ, ਨੇਕ ਕੰਮ ਕਰਨ ਵਾਲੇ ਦਿਨ ਸਾਰੇ ਚੰਗੇ ਹਨ, ਮਾੜਾ ਕੰਮ ਕਰਨੇ ਵਾਲੇ ਨੂੰ ਮਾੜੇ ਹਨ। ਆਪਣੇ ਆਪ ਕੋਈ ਦਿਨ ਭੀ ਮਾੜਾ ਚੰਗਾ ਨਹੀਂ ਹੁੰਦਾ।

ਸ਼ਨਿਚਰਵਾਰ ਸਾਉਣ ਸ਼ਾਸਤ੍ਰ ਬੀਚਾਰ।
ਹਉਮੈ ਮੇਰਾ ਭਰਮੈ ਸੰਸਾਰ।
ਮਨਮੁਖ ਅੰਧਾ ਦੂਜੇ ਭਾਈ।
ਜਮਦਰ ਬਾਧਾ ਚੋਟਾ ਖਾਇ।

ਵਾਰ ੭ ਮ: ੩ (ਬਿਲਾਵਲ)

ਗੁਰਮਤ ਦਾ ਆਸ਼ਾ ਇਹੋ ਹੈ।
ਨਾਮ ਹਮਾਰੇ ਸਉਣ ਸੰਜੋਗ।
ਨਾਮ ਹਮਾਰੇ ਤ੍ਰਿਪਤ ਸਭੋਗ।

ਭੈਰਉ। ਮ: ੫।

ਪ੍ਰਭੂ ਦਾ ਨਾਮ ਸਾਰੇ ਵਿਘਨਾਂ ਦਾ ਨਾਸ ਕਰਦਾ ਹੈ, ਸਉਣ ਸ਼ਾਸਤ੍ਰ ਭ੍ਰਮੀ ਲੋਕਾਂ ਵਾਸਤੇ ਹੈ। ਅਕਾਲ ਪੁਰਖ ਦੇ ਸੇਵਕ ਲਗਨਾਂ ਸ਼ਗਨਾਂ ਤੋਂ ਨਿਰਲੇਪ ਰਹਿੰਦੇ ਹਨ। ਜਿਹਾ ਕਿ ਗੁਰਵਾਕ ਹੈ :—

ਲਗਨ ਸਗਨ ਤੇ ਰਹਿਤ ਰਹਿਤ ਨਿਰਮਲ ਹੈ ਇਹ ਕਥਾ
ਜਗਤ ਮੇ ਮਾਲਮਾ ਯੰਤਰ ਮੰਤ੍ਰ ਤੰਤਰ ਨ ਰਿਝਾਯਾ।
ਭੇਖ ਕਰਤ ਕਿਨਹੂੰ ਨਹਿ ਪਾਯਾ।

। ਪਾ: ੧०।

ਭਾਈ ਸਾਹਿਬ ਗੁਰਦਾਸ ਜੀ ਨੇ ਸ਼ਗਨਾਂ ਅਪਸਗਨਾਂ ਬਾਰੇ ਆਪਣੀਆਂ ਵਾਰਾਂ ਵਿਚ ਲਿਖਿਆ ਹੈ।

ਸਉਨ ਸਗਨ ਵੀਚਾਰਣੇ, ਨਉ ਗ੍ਰਹਿ ਬਾਰਹਿ ਰਾਮ ਵੀਚਾਰ।

ਕਾਮਣ ਟੂਣੇ ਆਉਸੀਆਂ ਕਣਸੋਈ ਪਾਸਾਰ ਪਾਸਾਰਾ।
ਗੱਦੋਂ ਕੁਤੇ ਬਿੱਲੀਆਂ ਇਲਮਲਾਲੀ ਗਿਦੜ ਛਾਰਾ।
ਨਾਰਿ ਪੁਰਖ ਪਾਣੀ ਅਗਨਿ ਛਿਕ ਪੱਦ ਹਿਡਕੀ ਵਰਤਾਰਾ।
ਥਿਤਵਾਰ ਭੱਦ੍ਰਾ ਭਰਮ ਦਿਸ਼ਾ ਸੂਲ ਸਹਿਸਾ ਸੰਸਾਰਾ।
ਵਲ ਛਲ ਕਰ ਵਿਸਵਾਸ ਲਖ, ਬਹੁ ਦੁਖੀ ਕਿਉਂ ਰਵੈ ਭਤਾਰਾ।
ਗੁਰਮੁਖ ਸੁਖਫਲ ਪਾਰ ਉਤਾਰਾ। । ਵਾਰ ਪਉੜੀ। ੮

ਉਕਤ ਪਉੜੀ 'ਚ ਸ਼ਗਨਾਂ ਅਪਸ਼ਗਨਾਂ ਦਾ ਵੇਰਵਾ ਦਸ ਕੇ ਗੁਰਮਤ ਸਿਧਾਂਤ ਪ੍ਰਗਟ ਕੀਤਾ ਹੈ। ਹਿੰਦੂ ਧਰਮ ਵਿਚ, ਬਲਕਿ ਸੰਸਾਰ ਭਰ ਦੇ ਮਜ਼੍ਹਬਾਂ, ਆਪੋ ਆਪਣੀ ਦੇਸ਼ ਚਾਲ ਅਨੁਸਾਰ ਇਕਰ ਦੇ ਸ਼ਗਨਾਂ ਅਪਸ਼ਗਨਾਂ ਦਾ ਵਿਚਾਰ ਕੀਤਾ ਜਾਂਦਾ ਹੈ। ਭਾਰਤ ਵਿਚ ਐਸੇ ਲੋਕ ਭੀ ਹਨ ਜੋ ਕਿ ਕਿਧਰੇ ਜਾਣ ਸਮੇਂ ਅਗੋਂ ਕੋਈ ਛਿਕ ਮਾਰ ਦੇਵੇ ਜਾਂ ਕੁਤਾ ਕੰਨ ਫੜਕੇ 'ਕਿਧਰੇ ਨਹੀਂ ਜਾਂਦੇ। ਪਰ ਗੁਰ ਸਿਖ ਐਸਾ ਨਹੀਂ ਕਰਦੇ ਉਹ ਅਕਾਲ ਪੁਰਖ ਅਗੇ ਅਰਦਾਸਾ ਕਰ ਕੇ ਨਿਸ਼ੰਕ ਹੋ ਕੇ ਚਲਦੇ ਹਨ, ਕਿਉਂਕਿ ਅਰਦਾਸਾ ਸਾਰੇ ਵਿਘਨਾਂ ਨੂੰ ਨਾਸ਼ ਕਰਦਾ ਹੈ। ਇਸ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ।

ਸਜਾ ਖਬਾ ਸਉਣ ਨ ਮਨ ਵਸਾਇਆ।
ਨਾਹਿ ਪੁਰਖ ਕੋ ਵੇਖਣ ਪੈਰ ਹਟਾਇਆ।
ਭਾਖ ਸੁਵਾਖ ਵੀਚਾਰਨ ਛਿਕ ਮਨਾਇਆ।
ਦੇਵੀ ਦੇਵ ਨ ਸੇਵ, ਪੂਜਾ ਕਰਾਇਆ।
ਭੰਭਲ ਭੂਸੇ ਖਾਇ ਨ ਮਨ ਭਰਮਾਇਆ।
ਗੁਰਸਿਖਾਂ ਸਚਾ ਖੇਤ ਬੀਜ ਫਲਾਇਆ।
। ੨੦। ੮।

ਪਾਠਕਾਂ ਦੀ ਗਿਆਤ ਵਾਸਤੇ ਭਾਈ ਸੰਤੋਖ ਸਿੰਘ ਕਰਤਾ ਗੁਰਪਰਤਾਪ ਸੂਰਜ ਚੋਂ ਸ਼ਗਨਾਂ ਅਪਸ਼ਗਨਾਂ ਦਾ ਇਕ ਵੇਰਵਾ ਲਿਖਿਆ

ਹੈ, ਅਗੇ ਉਸ ਦੀ ਨਕਲ ਦਿਤੀ ਜਾਂਦੀ ਹੈ।

'ਯਥਾ ਸ਼ੁਭ ਸਗਨ

ਫੁਰਕਯੋ ਦਾਹਿਨ ਵਿਲੋਚਨ ਸੁੰਦਰ, ਭੁਜਾ ਦੰਡ ਦਹਿਨੇ ਬਲ ਮੰਦਰ।
ਨਿਰਮਲ ਦਿਵਸ ਵਾਯੂ ਸੁਖਕਾਰੀ, ਮਿਲੀ ਦੁਘਟਧਰ ਸੰਦਰ ਨਾਰੀ।
ਮ੍ਰਿਗਨਮਾਲ ਦਾਹਿਨ ਕੋਆਈ, ਮਧੁਰ ਬਿਹੰਗਨ ਸ਼ਬਦ ਸੁਨਾਈ।
ਮਿਲੀ ਜੋਸ਼ਿਤਾ (ਇਸਤ੍ਰੀ) ਬਾਲਕ ਗੋਦ,
ਹੁਤੀ ਸੁਹਾਗਣਿ ਸਹਿਤ ਪ੍ਰਮੋਦ।
ਸੁਰਭੀ (ਗਊ) ਵਤਸ (ਵੱਛਾ) ਚੁੰਘਾਵਤ ਠਾਢੀ,
ਚਾਟਤ ਰਿਦੇ ਪ੍ਰੀਤ ਬਹੁ ਬਾਢੀ।
ਕਾਗ ਦਹਿਨੀ ਦਿਸ਼ ਉਡ ਆਵਾ,
ਨਕੁਲ (ਨਿਉਲਾ) ਦਰਸ ਸਭਾਹਿਨ ਨੇ ਪਾਵਾ।

ਇਸ ਦਾ ਭਾਵ ਹੈ, ਸੱਜੀ ਅੱਖ ਫੜਕੇ ਸਜਾ ਮੋਢਾ ਫੁਰੇ ਨਿਖਰਿਆ ਦਿਨ ਹਵਾ ਸੁਤੇ ਚਲਦੀ ਹੋਵੇ, ਕੋਈ ਸੁੰਦਰ ਇਸਤ੍ਰੀ ਪਾਣੀ ਦਾ ਘੜਾ ਅਗੋਂ ਲਈ ਆਵੇ, ਸਜੇ ਪਾਸਿਓਂ ਮਿਰਗਾਂ ਦੀ ਡਾਰ ਨਿਕਲੇ, ਪੰਛੀ ਮਿਠਾ ਗੀਤ ਗਾਵੇ, ਕੋਈ ਸੁਹਾਗਣ ਇਸਤ੍ਰੀ ਖੁਸ਼ੀ ਨਾਲ ਅਗੋਂ ਬਾਲਕ ਚਕੀ ਆਵੇ, ਗਊ ਬਛਰੂ ਨੂੰ ਚੁੰਘਾਉਂਦੀ ਹੋਵੇ ਤੇ ਖੁਸ਼ੀ ਨਾਲ ਚੱਟੇ, ਸਜੇ ਪਾਸਿਓਂ ਕਾਊਂ ਉਡ ਕੇ ਆਵੇ, ਨਿਉਲਾ ਜਾਂਦਾ ਦਿਸੇ ਆਦਿ।

ਯਥਾ ਕੁਸਗਨ ਯਾ ਅਪਸਗਨ

ਫਰਕੇ ਭੁਜਾ ਵਿਲੋਚਨ ਵਾਮੂ, ਸਿਰ ਵਾਬਸ (ਕਉਂ) ਦੁਖਧਾਮੂ।
ਨਿਕਸਤ ਛੀਕ ਪਈ ਦਿਸ ਦਾਏ, ਧੁਨਿ ਖੋਟੀ ਤੇ ਬਜੱਤ ਨਗਾਰਾ।
ਦਲ ਪਰ ਗੀਧ ਭ੍ਰਮਤੀ ਚਲੇ, ਕਾਸਟ ਭਾਰ ਅਗਾਰੀ ਮਿਲੇ।
ਦੀਨ ਮਨੇ ਬਾਜੀ ਰਦਨਾਵੈ, ਚਲਤ ਅਕਾਰਨ ਗਿਰ ਗਿਰ ਪਰੈ।
ਕਿਤਕ ਭਟਨ ਪਗੀਆ ਪਰ ਤਰੈ, ਸਿਵਾ (ਗਿਦੜੀ) ਪੁਕਾਰਤ।

ਸਨਮੁਖ ਆਵਤਰ, ਮਿਰਗ ਕੀ ਮਾਲ ਕੁਫੇਰੇ ਧਾਵਤ।
ਦਾ ਰੁਨ ਕਾਕ ਬੋਲਤੇ ਉਡੇ।
ਸਮੁਖ ਵਾਘੂ ਮ੍ਰਿਗਮਾਲ ਕੁਫੇਰੀ ਖਰ ਬੋਲਯੋ ਮ੍ਰਿਤਘੂ ਚਤ ਭਾਰੀ ਜਾਤ
ਲਯੋ ਮਿਰਤਕ ਸਭ ਚੀਨਾ-ਇਮ ਅਪਸਗਨ ਵਿਲੋਕਤ ਬਡੇ।
(ਸੂਰਜ ਪ੍ਰਕਾਸ਼)

ਇਹ ਅਪਸ਼ਗਨ ਮੰਨੇ ਹੋਰ ਹਨ। ਭਾਈ ਗੁਰਦਾਸ ਜੀ ਦੀ ਪਉੜੀਆਂ ਪਹਿਲੇ ਲਿਖੀਆਂ ਹਨ, ਉਨ੍ਹਾਂ ਨੂੰ ਸ਼ਗਨਾ ਅਪਸ਼ਗਨਾਂ ਦੇ ਵਿਚਾਰਨ ਦਾ ਵਹਿਮ ਲਗ ਜਾਵੇ, ਉਹ ਬੰਦਾ ਹਮੇਸ਼ਾਂ ਖੁਆਰ ਹੁੰਦਾ ਰਹਿੰਦਾ ਹੈ। ਪੰਡਤਾਂ ਪਾਂਡਿਆਂ ਦੇ ਆਖੇ ਲਗ ਕੇ ਕਈ ਰਾਜਿਆਂ ਨੇ ਆਪਣੇ ਰਾਜ ਭਾਗ ਗਵਾ ਲਏ, ਜੋਤਸ਼ੀਆਂ ਪੰਡਤਾਂ ਨਾਲ ਰਲ ਕੇ ਗਨੀਮਾਂ ਨੇ ਉਨ੍ਹਾਂ ਨੂੰ ਮਾਰ ਲਿਆ। ਸ਼ਗਨ ਅਪਸ਼ਗਨ ਅਤੇ ਗ੍ਰਹਿ ਲਗਨ ਮਾੜੇ ਦਸ ਕੇ ਉਹ ਜੰਗ ਨਾ ਕਰਨ ਕਰਕੇ ਦੁਸ਼ਮਣਾਂ ਪਾਸੋਂ ਹਾਰ ਗਏ, ਸੈਂਕੜੇ ਮਿਸਾਲਾਂ ਹਨ, ਹਿੰਦੂਆਂ ਦੇ ਸਊਣ ਸ਼ਾਸਤ੍ਰ ਅਨੁਸਾਰ ਸ਼ਗਨ ਅਪਸ਼ਗਨ ਵਿਚਾਰਨ ਵਾਲੇ ਦੁਸ਼ਮਣਾਂ ਦੇ ਗੁਲਾਮ ਬਣੇ। ਮੂਰਖ ਨੂੰ ਸ਼ਗਨ ਆਸ਼ਗਨ ਸਦਾ ਹੀ ਖੁਆਰ ਕਰਦੇ ਹਨ।

ਸਗਨ, ਤਿਸ ਕਉ ਲਗਹਿ,
ਲਗਹਿ, ਜਿਸ ਚੀਤਿ ਨ ਆਵੈ ॥
ਆਸਾ ਮ: ੫।

ਸੂਰਜ ਚੰਦ੍ਰਮਾ ਦੀ ਪੂਜਾ

ਭਾਰਤ ਅਤੇ ਹੋਰ ਕਈ ਦੇਸ਼ਾਂ ਵਿਚ ਸੂਰਜ ਚੰਦਰਮਾਂ ਦੀ ਪੂਜਾ ਹੁੰਦੀ ਆ ਰਹੀ ਹੈ। ਹਿੰਦੂਆਂ ਦਾ ਗਾਇਤ੍ਰੀ ਮੰਤ੍ਰ ਸੂਰਜ ਪੂਜਾ ਦਾ ਸੂਚਕ ਹੈ। ਗਾਇਤ੍ਰੀ ਦੇ ਅਰਥ ਹਨ 'ਜੋ ਗਉਣ ਵਾਲੇ ਦੀ ਰਖਿਆ ਕਰੇ' 'ਸੰਧਿਆ ਤਰਪਣ ਕਰਹਿ ਗਾਇਤ੍ਰੀ। ਸੋਰਠ ਮ: ੩ ਤਿੰਨਾਂ ਪੈਰਾਂ ਵਾਲੀ ਅਰਥਾਤ ਇਹ ਤਿਰਪਦਾ ਛੰਦ ਹੈ॥ ਇਹ ਹਿੰਦੂਆਂ ਦਾ ਮਹਾਂ ਮੰਤ੍ਰ ਹੈ ਇਸ ਦੇ ਅਰਥ ਹਨ "ਜੋ ਸੂਰਜ ਦੇਵਤਾ ਸਭਸ ਨੂੰ ਜੀਵਾਂਦਾ ਹੈ ਅਤੇ ਦੁਖਾਂ ਥੀਂ ਛੁਡਵਾਂਦਾ ਤੇ ਪ੍ਰਕਾਸ਼ ਰੂਪ ਹੈ ਪ੍ਰਾਰਥਨਾ ਕਰਨ ਯੋਗ ਹੈ। ਪਾਪਾਂ ਦਾ ਨਾਸ਼ਕ ਹੈ। ਸੋ ਸਾਡੀਆ ਬੁਧੀਆਂ ਨੂੰ ਪਰੇਰਦਾ ਹੈ, ਉਸ ਦਾ ਅਸੀਂ ਧਿਆਨ (ਸਿਮਰਨ) ਕਰਦੇ ਹਾਂ ਅਜ ਕਲ ਕਈ ਸਜਣ ਖਿਚਾਂ ਨਾਲ ਇਸ ਮੰਤ੍ਰ ਨੂੰ ਪਰਮਾਤਮਾਂ ਨਾਲ ਜੋੜਦੇ ਹਨ। ਅਸਨੋਂ ਇਹ ਸੂਰਜ ਪੂਜਾ ਬੰਧਾਨ ਹੈ। ਕਈਆਂ ਨੇ ਗਾਇਤ੍ਰੀ ਮੰਤਰ ਬਰਹਮਾਂ ਦਾ ਰਚਿਆ ਦਸਿਆ ਹੈ।

ਤਸਵੀਰਾਂ ਦੁਆਰੇ ਗਾਇਤ੍ਰੀ ਦਾ ਰੂਪ ਇਕੱਠ ਵੇਖੀਦਾ ਹੈ ਔਰ ਇਸ ਨੂੰ ਇਸਤਰੀ ਮੰਨਿਆ ਹੈ ਇਸ ਦੇ ਇਕ ਹਥ ਵਿਚ ਮਿਰਗ ਦਾ ਸਿੰਗ ਦੂਜੇ ਹਥ ਕਮਲ ਦਾ ਫੂਲ ਹੈ। ਸੂਹੇ ਬਸਤਰ ਔਰ ਗਲ ਵਿਚ ਮੋਤੀਆਂ ਦਾ ਹਾਰ ਹੈ। ਕੰਨਾਂ ਵਿਚ ਕੁੰਡਲ ਅਤੇ ਸਿਰ ਮੱਥੇ ਪਰ ਮੁਕਟ ਵਿਖਾਇਆ ਜਾਂਦਾ ਹੈ ਅਸਲੋਂ ਗਾਇਤ੍ਰੀ ਇਕ ਛੰਦ ਹੈ ਕਈ ਥਾਂ ਇਸ ਨੂੰ ਰਿਖੀ ਵਿਸ਼ਵਾ ਮਿਤਰ ਦੀ ਰਚਨਾ ਦਸਿਆ ਹੈ।

ਗਾਇਤ੍ਰੀ ਦੇ ਸਬੰਧ ਕਈ ਕਥਾਵਾਂ ਹਨ। ਪਰ ਇਥੇ ਕੇਵਲ ਦਸਣਾ ਹੈ ਕਿ ਸੂਰਜ ਪੂਜਾ ਦੇਰ ਤੋਂ ਪਰਧਾਨ ਰਹੀ ਹੈ। ਜਿਸ ਵੇਲੇ ਸਤਿਗੁਰੂ ਨਾਨਕ ਜੀ ਪਰਚਾਰ ਵਾਸਤੇ ਤੀਰਥ ਪਹੋਏ ਪਹੁੰਚੇ ਸਨ, ਸੂਰਜ ਗਰਹਿਣ

ਪਰ ਹਿੰਦੂ ਲੋਕ ਸੂਰਜ ਨੂੰ ਪਾਣੀ ਅਰਪਨ ਕਰਦੇ ਸਨ, ਜਿਸਦਾ ਗੁਰੂ ਜੀ ਨੇ ਖੰਡਨ ਕੀਤਾ ਸੀ। ਅਜ ਕਲ ਲਖਾਂ ਹਿੰਦੂ ਸੂਰਜ ਨੂੰ ਪਾਣੀ ਦੇ ਕੇ ਪੂਜਾ ਕਰਦੇ ਹਨ। ਗ੍ਰਹਿਣ ਸਮੇਂ ਮੇਲੇ ਭਰਦੇ ਹਨ। ਸੂਰਜ ਅਤੇ ਚੰਦ੍ਰਮਾਂ ਦੀ ਪੂਜਾ ਹੁੰਦੀ ਹੈ। ਗੁਰਬਾਣੀ ਵਿਚ ਪਾਠ ਹੈ।

'ਹਰਿ ਹਰਿ ਨਾਮ ਮਜਨ ਕਰ ਸੂਰੇ,
ਕੋਟਿ ਗ੍ਰਹਿਣ ਪੁਨ ਫਲ ਮੂਚੇ ॥' ਗਉੜੀ ਮ: ੫

ਗੁਰਬਾਣੀ ਵਿਚ ਸਭ ਵਾਸਤੇ ਕਰਤਾਰ ਦਾ ਸਿਮਰਨ ਪਰਧਾਨ ਮੰਨਿਆ ਹੈ। ਹਿੰਦੂਆਂ ਵਿਚ ਇਕ ਸੂਰਜ ਮੁਖੀਆ ਦਾ ਫਿਰਕਾ ਹੈ ਜੋ ਕਿ ਸੂਰਜ ਦਾ ਦਰਸ਼ਨ ਕੀਤੇ ਬਿਨਾ ਅੰਨ ਪਾਣੀ ਗਰਿਹਣ ਨਹੀਂ ਕਰਦੇ ਇਨ੍ਹਾਂ ਦਾ ਸੂਰਜ ਪੂਜਣ ਦਾ ਬਧਾਨ ਮੰਤਰ ਹੈ।

"ਰਕਤ ਵਰਣੰ ਮਹਾਂ ਤੇਜੰ ਰਤਨ ਕੰਨ ਵਿਭੂਖਣੇ ॥
ਸਰਬ ਪਾਪ ਪ੍ਰਲਾਪ ਜਾਤੇ ਪ੍ਰਭਾਤੇ ਰਵਿ ਦਰਸ਼ਨੰ ॥

ਭਾਵ ਸੂਰਜ ਦੇ ਦਰਸ਼ਨ ਔਰ ਪੂਜਾ ਤੋਂ ਪਾਪ ਨਾਸ਼ ਹੁੰਦੇ ਤੇ ਕੰਬਦੇ ਹਨ। ਸੂਰਜ ਵੰਸ਼ੀ ਚੰਦਰ ਵੰਸ਼ੀ ਰਾਜੇ ਯਾ ਘਰਾਣੇ ਇਹ ਸੂਰਜ ਚੰਦਰਮਾਂ ਦੀ ਪੂਜਾ ਤੋਂ ਹੀ ਚਲੇ ਜਾਪਦੇ ਹਨ। ਕਿਉਂਕਿ ਅਸਮਾਨੀ ਸੂਰਜ ਔਰ ਚੰਦਰਮਾਂ ਕੋਈ ਆਦਮੀ ਨਹੀਂ ਹਨ। ਚੰਦਰਮਾਂ ਦੀ ਮਨੌਤ ਮੁਸਲਮਾਨਾਂ ਵਿਚ ਭੀ ਪਰਤੱਖ ਹੈ। ਈਦ ਦਾ ਚੰਦਰਮਾ ਵੇਖ ਕੇ ਰੋਜੇ ਖੋਲਣੇ, ਇਹ ਰੀਤੀ ਹਿੰਦੂਆਂ ਦੀ ਰੀਸ ਹਨ। ਦੂਜ ਤੀਜ ਦਾ ਚੰਦਰਮਾਂ ਵੇਖਦੇ ਹਨ। ਪਰ ਚੌਥ ਦਾ ਮਾੜਾ ਮੰਨਦੇ, ਇਕਰ ਦੇ ਕਈ ਭਰਮ ਵੇਖੀਦੇ ਹਨ।

ਹਿੰਦੂ ਇਸਤਰੀਆਂ ਹਰ ਦੂਜ ਚਾਂਦਨੀ ਨੂੰ ਚੰਦਰਮਾਂ ਨੂੰ ਘਾਸ ਦੇ ਦੋ ਪੱਤਰ ਜਾਂ ਸੂਤਰ ਦੀ ਤਾਰ ਅਰਪਨ ਕਰਦੀਆਂ ਹਨ। ਪੂਰਨਮਾਸ਼ੀ ਨੂੰ ਮੰਨਣਾ ਇਹ ਭੀ ਚੰਦਰਮਾਂ ਦੀ ਪੂਜਾ ਹੈ।

ਹਿੰਦੂ ਗ੍ਰੰਥਾਂ ਵਿੱਚ ਚੰਦਰਮਾਂ ਔਰ ਸੂਰਜ ਦੇ ਸਬੰਧ ਵਿਚ ਕਿਤਨੇ

ਹੀ ਪਰਸੰਗ ਹਨ। ਕੁੰਤੀ ਦੇ ਉਦਰ ਤੋਂ ਰਾਜ ਸੂਰਜ ਦਾ ਪੁਤਰ ਯਮਰਾਜ (ਧਰਮ ਰਾਜਾ) ਔਰ ਪੁਤਰੀ ਯਮਨਾ (ਜਮਨਾ) ਦਸੀ ਹੈ। ਜੋ ਇਕ ਅੰਬਾਲੇ ਪਾਸ ਅਤੇ ਦੂਜੀ ਮਥਰਾ ਪਾਸ ਜਮਨਾ ਦੇ ਕਿਨਾਰੇ ਪਰ ਹੈ। ਇਸ ਤਰ੍ਹਾਂ ਸੂਰਜ ਪੂਜਾ ਹੁੰਦੀ ਹੈ। ਕਈ ਗਰੰਥਾਂ ਵਿਚ ਸੂਰਜ ਬਾਰਾਂ ਦਸੇ ਹਨ ਸੂਰਜ ਦਾ ਰਥਵਾਹੀ ਅਰਣ ਪਿੰਗਲਾ ਲਿਖਿਆ ਹੈ। ਕਹਿੰਦੇ ਹਨ ਹਰ ਮਹੀਨੇ ਸੂਰਜ ਬਦਲਦਾ ਰਹਿੰਦਾ ਹੈ। ਇਸ ਤਰ੍ਹਾਂ ਦੇ ਕਈ ਲੇਖ ਮਿਲਦੇ ਹਨ। ਖੈਰ ਕੁਝ ਭੀ ਹੈ ਇਹ ਬਾਤ ਤਾਂ ਨਿਸਚੇ ਹੀ ਹੈ ਕਿ ਹਿੰਦੂਆਂ ਵਿਚ ਸੂਰਜ ਦੀ ਪੂਜਾ ਬਹੁਤ ਹੁੰਦੀ ਹੈ। ਚੰਦ ਸੂਰਜ ਦੇ ਗ੍ਰਹਿਣਾ ਪਰ ਕਰੋੜਾਂ ਹਿੰਦੂ ਪੂਜਨ ਕਰਦੇ ਹਨ। ਇਹ ਮੰਨਦੇ ਹਨ ਕਿ ਰਾਹੂ ਔਰ ਕੇਤੂ ਸੂਰਜ ਨੂੰ ਨਿਗਲਦੇ ਹਨ। ਪੁੰਨ ਦਾਨ ਕਰਨੇ ਕਰਕੇ ਇਨ੍ਹਾਂ ਦਾ ਛੁਟਕਾਰਾ ਹੁੰਦਾ ਹੈ। ਪਰ ਅਜ ਕਲ ਦੇ ਵਿਦਵਾਨਾਂ ਨੇ ਪਿਰਥਵੀ ਦੇ ਚਕਰਾਂ ਦਾ ਨਾਮ ਗ੍ਰਹਿਣ ਆਖਿਆ ਹੈ। 'ਕਈ ਪਿਤਾ ਪੁਰਖੀ ਦੇ ਅਧੀਨ ਹਨ।'

ਸਿਖ ਧਰਮ ਕੇਵਲ ਕਰਤਾਰ ਦਾ ਪੁਜਾਰੀ ਹੈ। ਸੂਰਜ ਚੰਦਰਮਾਂ ਆਦਿ ਦੀ ਪੂਜਾ ਨੂੰ ਫੋਕਟ ਧਰਮ ਸਮਝਦਾ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ :—

"ਕਲਿਜੁਗ ਬੋਧ ਅਵਤਾਰ ਹੈ, ਬੋਧ ਅਬੋਧ ਨ ਦ੍ਰਿਸਟੀ ਆਵੈ ॥
ਕੋਇ ਨ ਕਿਸੈ ਵਰਜਈ ਸੋਈ ਕਰੈ, ਜੋ ਮਨ ਭਾਵੈ ॥
ਕਿਸੇ ਪੁਜਾਈ ਸਿਲਾ ਸੁੰਨ ਕੋਈ ਗੋਰੀ ਮੜੀ ਪੁਜਾਵੈ ॥
ਤੰਤਰ ਮੰਤਰ ਪਾਖੰਡ ਕਰ ਕਲਹਕਰੋਧ ਬਹੁ ਵਾਦ ਵਧਾਵੈ ॥
ਆਪਾ ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ ॥
ਕੋਈ ਚੰਦਰ ਸੂਰ ਕੋਈ ਧਰਤ ਅਕਾਸ਼ ਮਨਾਵੈ ॥
ਪਾਉਣ ਪਾਣੀ ਬੈਸੰਤਰੋ ਧਰਮ ਰਾਜ ਕੋਈ ਤ੍ਰਿਪਤਾਵੈ ॥
ਫੋਕਟ ਧਰਮੀ ਭਰਮ ਭੁਲਾਵੈ ॥ ੧ ॥ ੧੮ ॥

ਹਜ਼ਰਤ ਮੁਹੰਮਦ ਸਾਹਿਬ

ਹਜ਼ਰਤ ਮੁਹੰਮਦ ਸਾਹਿਬ ਅਰਬ ਦੇ ਕੁਰੈਸ਼ ਵੰਸੀ ਅਬਦੁਲਾ ਦੇ ਪੁੱਤਰ ਸਨ। ਮਾਤਾ ਦਾ ਨਾਮ ਆਮਿਨਾ ਸੀ। ਅਰਬ ਦੇਸ਼ ਦੇ ਸ਼ਹਿਰ ਮੱਕੇ ਵਿਖੇ ੨੦ ਅਪ੍ਰੈਲ ਸੰਨ ੫੭੧ ਈਸਵੀ ਨੂੰ ਜਨਮ ਹੋਇਆ। ਇਹ ਕਾਬਾ ਨਾਮਕ ਮੰਦਰ ਦੇ ਪੁਜਾਰੀ ਸਨ। ਜਿਸ ਵਿਚ ਸੈਂਕੜੇ ਬੁਤਾਂ ਦੀ ਪੂਜਾ ਹੁੰਦੀ ਸੀ। ਇਸ ਦਾ ਪ੍ਰਬੰਧ ਅਬਦੁਲਾ ਦੇ ਪਿਤਾ ਅਬਦੁਲ ਮੁਤਲਿਬ ਦੇ ਸਪੁਰਦ ਸੀ। ਵੀਹਾਂ ਕੁ ਸਾਲਾਂ ਦੀ ਉਮਰ ਵਿਚ ਮੁਹੰਮਦ ਸਾਹਿਬ ਨੇ ਉਥੇ ਦੀ ਧਨਾਢ ਵਿਧਵਾ ਇਸਤ੍ਰੀ ਖਦੀਜਾ ਨਾਲ ਸ਼ਾਦੀ ਕਰਾਈ ਜੋ ਵਾਪਾਰ ਕਰਦੀ ਸੀ। ਉਸ ਪਾਸ ਪਹਿਲਾਂ ਮੁਹੰਮਦ ਸਾਹਿਬ ਜੀ ਬਤੌਰ ਨੌਕਰ ਦੇ ਰਹੇ ਅਤੇ ਛੋਟੀ ਉਮਰ ਵਿਚ ਭੇਡਾਂ ਚਾਰਦੇ ਰਹੇ। ਖਦੀਜਾ ਨੇ ਈਮਾਨਦਾਰ ਸਮਝ ਕੇ ਮੁਹੰਮਦ ਸਾਹਿਬ ਨਾਲ ਸ਼ਾਦੀ ਕੀਤੀ, ਉਸਦੀ ਉਮਰ ਉਸ ਸਮੇਂ ਚਾਲੀ ਕੁ ਸਾਲਾਂ ਤੋਂ ਵਧੀ ਸੀ। ਖਦੀਜਾਂ ਤੋਂ ਦੋ ਲੜਕੇ ਅਰ ਚਾਰ ਲੜਕੀਆਂ ਪੈਦਾ ਹੋਈਆਂ। ਭਾਵੇਂ ਮੁਹੰਮਦ ਸਾਹਿਬ ਪਹਿਲਾਂ ਬੁਤਾਂ ਦੀ ਪੂਜਾ ਕਰਦੇ ਰਹੇ ਅਤੇ 'ਹਬਲ' ਨਾਮੀ ਬੁਤ ਖਾਸ ਸੀ। ਆਪ ਨੇ ਹੀ ਦੋਬਾਰਾ ਕਾਬੇ ਦੀ ਨੀਂਹ ਰਖਣ ਸਮੇਂ ਸੰਗ ਅਸਵਦ (ਕਾਲਾ ਪੱਥਰ) ਰਖਿਆ ਸੀ, ਪਿਛੋਂ ਆ ਕੇ ਆਪ ਬੁਤਾਂ ਦੀ ਪੂਜਾ ਦੇ ਸਖਤ ਵਿਰੋਧੀ ਹੋ ਗਏ ਤੇ ਸਾਰੇ ਬੁਤ ਤੁੜਵਾ ਸੁਟੇ। ਪੰਜਾਹ ਕੁ ਸਾਲਾਂ ਦੀ ਉਮਰ ਵਿਚ ਖਦੀਜਾਂ ਚਲਾਣਾ ਕਰ ਗਈ ਸੀ। ਚਾਲੀ ਕੁ ਸਾਲਾਂ ਦੀ ਉਮਰ ਵਿਚ ਮੁਹੰਮਦ ਸਾਹਿਬ ਨੇ ਇਸਲਾਮ ਮਤਿ ਦਾ ਪਰਚਾਰ ਆਰੰਭਿਆ, ਆਪ ਦੀ ਪਹਿਲੀ ਸ਼ਿਸ਼ ਆਪ ਦੀ ਵਹੁਟੀ ਖਦੀਜਾਂ ਹੀ ਬਣੀ। ਉਪਰੰਤ ਜੈਦ ਤੇ ਅਬੂਬਕਰ ਹੋਏ। ਲਿਖਿਆ ਹੈ ਕਿ ਮੁਹੰਮਦ

ਸਾਹਿਬ ਨੂੰ ਜਬਰਾਈਲ ਆਦਿ ਫਰਿਸ਼ਤਿਆਂ ਦੀ ਰਾਹੀਂ ਖ਼ੁਦਾ ਵਲੋਂ ਪੈਗਾਮ ਆਉਂਦੇ ਸਨ ਜਿਨ੍ਹਾਂ ਨੂੰ 'ਆਇਤਾਂ' ਕਿਹਾ ਜਾਂਦਾ ਹੈ। ਇਹ ਕੁਰਾਨ ਮਜੀਦ ਵਿਚ ਦਰਜ ਹਨ। ਕੁਰਾਨ ਮਜੀਦ ਵਿਚ ਇਕ ਸੌ ਚੌਦਾਂ ਸੂਰਤਾਂ ਵਿਚ ਛੀ ਸੌ ਛਿਆਸਠ ਆਇਤਾਂ ਹਨ। ਅਤੇ ਸਤ ਮੰਜ਼ਲਾਂ ਥਾਪੀਆਂ ਹਨ ਅਤੇ ਕੁਰਾਨ ਤੇਈਸ ਸਾਲਾਂ ਵਿਚ ਅਰਸ਼ੋਂ ਉਤਰਿਆ ਦਸਿਆ ਹੈ।

ਹਜ਼ਰਤ ਖਦੀਜਾਂ ਦੇ ਚਲਾਣੇ ਪਿਛੋਂ ਹਜ਼ਰਤ ਮੁਹੰਮਦ ਸਾਹਿਬ ਨੇ ਪੰਜਾਹ ਸਾਲਾਂ ਦੀ ਉਮਰ ਵਿਚ ਸੌਦਾਹ ਨਾਮਕ ਵਿਧਵਾ ਨਾਲ ਸ਼ਾਦੀ ਕਰਵਾਈ ਅਤੇ ਪਿਛੋਂ ਅਬੂਬਕਰ ਦੀ ਪੁਤਰੀ ਹਜ਼ਰਤ ਆਇਸ਼ਾਂ ਨਾਲ, ਜੋ ਸਤਾਂ ਕੁ ਸਾਲਾਂ ਦੀ ਸੀ ਨਾਲ ਮੰਗਣੀ ਕਰਵਾਈ ਅਤੇ ਦੋ ਸਾਲਾਂ ਪਿਛੋਂ ਭਾਵ ਆਇਸ਼ਾਂ ਨਾਲ ਸ਼ਾਦੀ ਹੋਈ। ਉਹ ਮੁਹੰਮਦ ਸਾਹਿਬ ਨੂੰ ਅਤਿ ਪਿਆਰੀ ਸੀ ਇਹ ਹਿਜਰੀ ਅਠਵੰਜਾ ਵਿਚ ਸਤਾਹਠ ਸਾਲਾਂ ਦੀ ਉਮਰ ਵਿਚ ਚਲਾਣੇ ਕਰ ਗਈ ਸੀ। ਮੁਸਲਮਾਨਾਂ ਵਿਚ ਇਸ ਨੂੰ ਅਮੁਲ ਮੋਮਨੀਨ ਅਰਥਾਤ ਵਿਸਵਾਸੀਅਤ ਦੀ ਮਾਤਾ ਆਖ ਕੇ ਸਤਿਕਾਰਿਆ ਜਾਂਦਾ ਹੈ। ਮੱਕੇ ਵਾਸੀਆਂ ਤੋਂ ਤੰਗ ਆ ਕੇ ਮੁਹੰਮਦ ਸਾਹਿਬ ਮਦੀਨੇ ਨੂੰ ਹਿਜਰਤ ਕਰ ਗਏ ਸੀ। ਉਸ ਦਿਨ ਤੋਂ ਸੰਨ ਹਿਜਰੀ ਪਰਚਲਤ ਹੈ।

ਮਦੀਨੇ ਆ ਕੇ ਮੁੜ ਜੰਗ ਕਰਕੇ ਮੁਹੰਮਦ ਸਾਹਿਬ ਸੰਨ ੬੩੦ ਈਸਵੀ ਨੂੰ ਮੱਕੇ ਪਰ ਦੋਬਾਰਾ ਕਾਬਜ਼ ਹੋਏ। ਮਦੀਨੇ ਵਿਚ ਮੁਹੰਮਦ ਸਾਹਿਬ ਦੀ ਬਣਵਾਈ ਇਕ 'ਮਸਜਿਦ ਨਬੀ' ਨਾਮ ਦੀ ਮਸੀਤ ਹੈ। ਮਕੇ ਪਹੁੰਚ ਕੇ ਮੁਹੰਮਦ ਸਾਹਿਬ ਨੇ ਸੰਗ ਅਸਵਦ ਨੂੰ ਚੁੰਮ ਕੇ ਉਥੇ ਦੇ ਪਰਸਿੱਧ ਬੁਤ ਰਬਤ ਹਬਲ ਅਰਥਾਤ ਵਡੇ ਦੇਵਤੇ ਨੂੰ ਆਪਣੀ ਹੱਥ ਦੀ ਗੁਰਜ ਨਾਲ ਤੋੜ ਕੇ ਚੂਰ ਚੂਰ ਕਰ ਦਿਤਾ। ਇਕਰ ਤਿੰਨ ਸੌ ਸੱਠ ਬੁਤ ਤੋੜੇ ਗਏ। ਉਪਰੰਤ ਉਸ ਮੰਦਰ ਨੂੰ ਕਿਬਲਾ ਥਾਪਿਆ ਗਿਆ। ਉਸ ਸਮੇਂ ਤੋਂ ਮੁਸਲਮਾਨ ਕਿਬਲੇ ਵਲ ਮੂੰਹ ਕਰਕੇ ਨਿਮਾਜ਼ਾਂ ਪੜ੍ਹਦੇ ਹਨ।

ਮੁਹੰਮਦ ਸਾਹਿਬ ਦੀਆਂ ਸਾਰੀਆਂ ਗਿਆਰਾਂ ਸ਼ਾਦੀਆਂ ਸਨ। ਇਨ੍ਹਾਂ ਵਿਚੋਂ ਨੌਂ ਪਹਿਲਾਂ ਵਿਧਵਾ ਸਨ। ਜੈਦ ਮੁਹੰਮਦ ਸਾਹਿਬ ਦਾ ਮੁਤਬੰਨਾ ਸੀ। ਜੈਦ ਦੀ ਤਲਾਕੀ ਇਸਤ੍ਰੀ ਜੈਨਬ ਨਾਲ ਭੀ ਸ਼ਾਦੀ ਹੋਈ ਸੀ। ਇਸ ਬਾਰੇ ਕੁਰਾਨ ਦੀ ਸੂਰਤ ੩੩ ਆਇਤ ੩੬ ਵਿਚ ਜ਼ਿਕਰ ਹੈ। ਮੁਹੰਮਦ ਸਾਹਿਬ ਦੇ ਦੋ ਲੜਕੇ ਅਤੇ ਚਾਰ ਲੜਕੀਆਂ ਖਦੀਜਾਂ ਤੋਂ ਸਨ। ਕੁਲ ਸੱਤ ਬੱਚੇ ਸਨ। ਦਸਿਆ ਜਾਂਦਾ ਹੈ ਕਿ ਮੁਹੰਮਦ ਸਾਹਿਬ ਪੜ੍ਹੇ ਲਿਖੇ ਨਹੀਂ ਸਨ। ਮੁਹੰਮਦ ਸਾਹਿਬ ਨੇ ੮ ਜੂਨ ੬੩੨ ਈਸਵੀ ਵਿਚ ਚਲਾਣਾ ਕੀਤਾ। ਮਦੀਨੇ ਵਿਚ ਆਪ ਦੀ ਕਬਰ ਦੀ ਪੂਜਾ ਹੁੰਦੀ ਹੈ ਉਸ ਨੂੰ 'ਹੁਜਰਾ' ਕਹਿੰਦੇ ਹਨ। ਲਾਗੇ ਅਬੂਬਕਰ ਅਤੇ ਉਮਰ ਦੀ ਭੀ ਕਬਰ ਹੈ।

੧੫. ਸਰਬ ਲੋਹ ਗ੍ਰੰਥ ਦੀ ਪੜਚੋਲ

ਸਰਬ ਲੋਹ ਗ੍ਰੰਥ ਨਾਮ ਦਾ ਇਕ ਪੁਸਤਕ ਹੈ ਜੋ ਅਜ ਤਕ ਛਪਿਆ ਨਹੀਂ। ਇਸਦੇ ਕਲਮੀ ਉਤਾਰੇ ਕਈ ਵੇਖੇ ਗਏ ਹਨ। ਇਸ ਦਾ ਆਕਾਰ ਦਸਮ ਗ੍ਰੰਥ ਦੀ ਬੀੜ ਦੇ ਤੁੱਲ ਹੈ। ਅਕਸਰ ਇਸਨੂੰ ਨਿਹੰਗ ਸਿੰਘ ਕਈ ਥਾਂ ਪੜ੍ਹਦੇ ਵੇਖੇ ਹਨ। ਪਰ ਇਸ ਦਾ ਸ਼ੁਧ ਪਾਠ ਸ਼ਾਇਦ ਕੋਈ ਵਿਰਲਾ ਹੀ ਕਰ ਸਕੇਗਾ। ਇਸ ਵਿਚ ਹਿੰਦੀ ਸੰਸਕ੍ਰਿਤ ਫਾਰਸੀ ਆਦਿ ਭਾਸ਼ਾਵਾਂ ਦੇ ਵਧ ਸ਼ਬਦ ਹਨ। ਜਿਸ ਕਰਕੇ ਅਰਥ ਕਰਨੇ ਭੀ ਬੜੇ ਕਠਨ ਹਨ।

ਸਰਬ ਲੋਹ ਦਾ ਦੂਜਾ ਨਾਮ 'ਮੰਗਲਾ ਚਰਨ' ਭੀ ਹੈ। ਇਸ ਉਪਰ ਸ੍ਰੀ ਮੁਖ ਪਾਤਸ਼ਾਹੀ ੧੦ ਲਿਖੇ ਜਾਣ ਕਰਕੇ ਕਈ ਇਸ ਨੂੰ ਦਸਮੇਸ਼ ਜੀ ਦੀ ਰਚਨਾ ਆਖਦੇ ਹਨ। ਇਹ ਸ਼ਬਦ ਭੁਲੇਖਾ ਪਾਣ ਵਾਸਤੇ ਲਿਖੇ ਹਨ। ਤਾਂ ਕਿ ਇਸਦੀ ਪਰਵਿਰਤੀ ਹੋ ਜਾਵੇ ਅਤੇ ਗੁਰੂ ਕ੍ਰਿਤ ਮੰਨਿਆ ਜਾਵੇ।

ਇਸ ਦੇ ਪਹਿਲੇ ਅਧਿਆਇ ਵਿਚ ਦੇਵੀ ਯੁੱਧ ਅਤੇ ਅਕਾਲ ਦੀ ਮਹਿਮਾ ਹੈ। ਅਕਾਲ ਜਾਂ ਮਹਾਂ ਕਾਲ (ਮੌਤ) ਅਥਵਾ ਇਕ ਮਹਾਂ ਸੂਰਬੀਰ ਦੇਵਤੇ ਦਾ ਨਾਮ ਕਲਪਿਆ ਗਿਆ ਹੈ। ਇਸ ਵਿਚ ਦੈਂਤਾਂ ਤੋਂ ਹਾਰ ਖਾ

ਕੇ ਦੇਵੀ ਦੀ ਸ਼ਰਨ ਆਉਣ ਦੇ ਪ੍ਰਸੰਗ ਭੀ ਹੈਨ। ਦੇਵੀ ਨੇ ਹੋਰ ਦੇਵਤਿਆਂ ਨੂੰ ਨਾਲ ਲੈ ਕੇ ਭੀਮ ਨਾਦ ਦੈਂਤ ਨਾਲ ਜੰਗ ਕਰਕੇ ਉਸ ਨੂੰ ਮਾਰਨੇ ਦਾ ਪ੍ਰਸੰਗ ਹੈ। ਦੂਜੇ ਅਧਿਆਇ ਵਿਚ ਭੀਮ ਨਾਦ ਦੀ ਇਸਤ੍ਰੀ ਦਾ ਸਤੀ ਹੋਣਾ ਅਤੇ ਭੀਮ ਨਾਦ ਦੇ ਭਾਈ ਬ੍ਰਿਜ ਨਾਦ ਦਾ ਦੇਵਤਿਆਂ ਨਾਲ ਜੰਗ ਕਰਨਾ ਅਤੇ ਇੰਦਰ ਨੇ ਸਾਰੇ ਦੇਵਤਿਆਂ ਨੂੰ ਮਦੱਦ ਵਾਸਤੇ ਪੱਤਰ ਲਿਖਣੇ। ਸੋ ਇਨ੍ਹਾਂ ਗੱਲਾਂ ਦੀ ਗੁਰਮਤਿ ਨਾਲ ਕੋਈ ਸਬੰਧ ਨਹੀਂ ਹੈ।

ਤੀਜੇ ਅਧਿਆਇ ਵਿਚ ਵਿਸ਼ਨੂੰ ਭਗਵਾਨ ਵਲੋਂ ਬ੍ਰਿਜ ਨਾਦ ਪਾਸ ਨਾਰਦ ਦਾ ਦੂਤ ਹੋ ਕੇ ਜਾਣਾ ਬ੍ਰਿਜ ਨਾਦ ਵਲੋਂ ਸੁਲਹ ਨਾ ਕਰਕੇ ਗਿਆਰਾਂ ਸੈਨਾ-ਪਤੀਆਂ ਦੇ ਮਾਰਨੇ ਦਾ ਜ਼ਿਕਰ ਹੈ। ਸੋ ਇਸ ਵਿਚ ਦੈਂਤਾਂ ਔਰ ਦੇਵਤਿਆਂ ਦੇ ਜੰਗ ਜੁੱਧ ਹਨ। ਚੰਡੀ ਚਰਿਤ੍ਰਾਂ ਦੀ ਭਾਂਤ ਇਹ ਇਕ ਨਾਟਕ ਹੀ ਹੈ। ਚੌਥੇ ਅਧਿਆਇ ਦਾ ਸੰਖੇਪ ਇਉਂ ਹੈ ਕਿ ਬ੍ਰਿਜ ਨਾਦ ਦੀ ਫਤਹ ਹੋਣੀ, ਬੇਅੰਤ ਦੇਵਤੇ ਮਾਰੇ ਜਾਣੇ ਫੇਰ ਵਿਸ਼ਨੂੰ ਨੇ ਅੰਮ੍ਰਿਤ ਉਨ੍ਹਾਂ ਪਰ ਛਿੜਕ ਕੇ ਸੁਰਜੀਤ ਕਰਨਾ, ਇੰਦਰ ਸੁਰਗਾਂ ਦੇ ਰਾਜੇ ਨੂੰ ਬ੍ਰਿਜ ਨਾਦ ਨੇ ਕੈਦ ਕਰਕੇ ਇੰਦਰ ਪੁਰੀ ਵਿਚ ਰਾਜ ਕਰਨਾ, ਅੰਤ ਵਿਸ਼ਨੂੰ ਨੇ ਇੰਦਰ ਦੇ ਬੰਧਨ ਕੱਟ ਕੇ ਉਸ ਨੂੰ ਅਜ਼ਾਦ ਕਰਾਉਣਾ, ਇਸ ਤਰ੍ਹਾਂ ਦੇ ਲੰਬੇ ਪ੍ਰਸੰਗ ਹਨ। ਜੋ ਗੁਰਮਤਿ ਨਾਲ ਇਨ੍ਹਾਂ ਦਾ ਕੋਈ ਸਨਬੰਧ ਨਹੀਂ ਹੈ। ਪੰਜਵੇਂ ਅਧਿਆਇ ਵਿਚ ਦੇਵਤਿਆਂ ਨੇ ਅਤਿ ਦੁਖੀ ਹੋ ਕੇ ਈਸ਼ਵਰ ਅਗੇ ਪੁਕਾਰ ਕਰਨੀ, ਫੇਰ ਈਸ਼ਵਰ ਨੇ ਸਰਬ ਲੋਹ ਅਵਤਾਰ ਧਾਰਨਾ, ਇਸੇ ਨਾਮ ਪਰ ਇਸ ਗ੍ਰੰਥ ਦਾ ਨਾਮ ਸਰਬ ਲੋਹ ਕਿਹਾ ਹੈ। ਪੈਂਸਠਵੇਂ ਛੰਤ ਤੋਂ ਸਾਬਤ ਹੈ ਕਿ ਸਰਬ ਲੋਹ ਵਲੋਂ ਬ੍ਰਿਜ ਨਾਦ ਪਾਸ ਗਣੇਸ਼ ਦਾ ਦੂਤ ਹੋ ਕੇ ਜਾਣਾ ਦਸਿਆ ਹੈ। ਅਖੀਰ ਭਿਆਨਕ ਜੰਗ ਦੇ ਪ੍ਰਸੰਗ ਹਨ ਅਰ ਸਰਬ ਲੋਹ ਨੇ ਬ੍ਰਿਜ ਨਾਦ ਦਾ ਸਿਰ ਕਟਿਆ। ਸ਼ਿਵ ਨੇ ਉਸ ਸਿਰ ਨੂੰ ਮੂੰਡ ਮਾਲ ਵਿਚ ਪਰੋਇਆ। ਇਸ ਤਰ੍ਹਾਂ ਦੇਵਤਿਆਂ ਦੀ ਫਤਹ ਲਿਖੀ ਹੈ। ਇਉਂ ਜਾਪਦਾ ਹੈ ਕਿ ਸ਼ਿਵਜੀ ਨੂੰ ਹੀ

ਸਰਬ ਲੋਹ ਅਵਤਾਰ ਯਾ ਈਸ਼ਵਰ ਅਵਤਾਰ ਮੰਨਿਆਂ ਹੈ। ਚੰਡੀ ਚਰਿਤਰਾਂ ਦੀ ਤਰ੍ਹਾਂ ਇਹ ਜੰਗਾਂ ਜੁਧਾਂ ਦੇ ਨਾਟਕ ਹੀ ਹਨ। ਇਸ ਗ੍ਰੰਥ ਵਿਚ ਸਾਫ ਲਿਖਿਆ ਹੈ ਕਿ ਇਹ ਗ੍ਰੰਥ ਸ਼ੁਕ੍ਰ ਭਾਸ਼ਯ ਦਾ ਸਾਰ ਹੈ, ਜੈਸਾ ਕਿ—

ਤੇ ਸਭ ਕਥੇ ਕ੍ਰਿਥਕ ਕਰ ਨਿਰਣਯ ਸ਼ੁਕ੍ਰ ਭਾਸ਼ਯ ਛੰਦ।
ਸਵਾ ਲਾਖ ਹੈ ਸੰਖਿਆ ਯਾਂਕੀ ਵਦਤ ਮੁਨੀ ਜਨ ਛੰਦ।
ਤਾਂਕੋ ਸਾਰ ਕਾਢ ਕੈ ਬਰਣਾ 'ਮੰਗਲ ਚਰਣ' ਸੁਛੰਦ।

ਸਪਸ਼ਟ ਹੈ ਕਿ ਅਸਲੀ ਨਾਮ ਇਸ ਗ੍ਰੰਥ ਦਾ ਮੰਗਲ ਚਰਣ ਹੀ ਸੀ। ਸਰਬ ਲੋਹ ਪਿਛੋਂ ਪ੍ਰਸਿੱਧ ਹੋਇਆ ਹੈ। ਇਸ ਗ੍ਰੰਥ ਤੋਂ ਇਹ ਭੀ ਸਾਬਤ ਹੈ ਕਿ ਇਹ ਸਰਬ ਲੋਹ ਅਤੇ ਬ੍ਰਿਜ ਨਾਦ ਦਾ ਜੰਗ ਨਹੀਂ ਬਲਕਿ ਬਿਬੇਕ ਅਰ ਮੋਹ ਦਾ ਜੰਗ ਹੈ। ਇਸ ਦਾ ਸਬੂਤ ਇਸ ਤਰ੍ਹਾਂ ਹੈ—'ਨਿਰਪ ਬਿਬੇਕ ਅਬਿਬੇਕ ਸੈਨਾਨੀ ਭਟ ਪਰਧਾਨ ਮੰਤ੍ਰੀ ਧੁਜਨੀ।'

ਇਸ ਗ੍ਰੰਥ ਦਾ ਲਿਖਾਰੀ ਯਾ ਅਨੁਵਾਦ ਕਰਤਾ ਭਾਈ ਸੁਖਾ ਸਿੰਘ ਗਰੰਥੀ ਪਟਨੇ ਸਾਹਿਬ ਵਾਲਾ ਹੈ। ਉਸ ਨੇ ਕਈ ਛੰਦ ਕਿਧਰੋਂ ਖਾਲਸਾ ਜੀ ਦੇ ਸਬੰਧ ਵਿਚ ਦਸਮ ਗੁਰੂ ਜੀ ਵਲੋਂ ਪਾਏ ਹਨ। ਜਿਸ ਕਰਕੇ ਇਹ ਗ੍ਰੰਥ ਸ੍ਰੀ ਮੁਖ ਪਾਤਸ਼ਾਹੀ ੧੦ ਕਿਹਾ ਗਿਆ। ਅਸਲੋਂ ਇਹ ਗ੍ਰੰਥ ਦਸਮੇਸ਼ ਜੀ ਦੇ ਸਾਹਮਣੇ ਹੀ ਨਹੀਂ ਆਇਆ। ਇਸ ਵਿਚ ਗ੍ਰੰਥ ਰੂਪ ਦੀਪ ਪਿੰਗਲ ਦਾ ਭੀ ਜ਼ਿਕਰ ਹੈ ਪਰ ਇਹ ਗ੍ਰੰਥ ਸੰਮਤ ੧੭੭੬ ਬਿਕਰਮੀ ਨੂੰ ਰਚਿਆ ਗਿਆ ਹੈ! ਸ੍ਰੀ ਗੁਰੂ ਦਸਮੇਸ਼ ਜੀ ਸੰਮਤ ੧੭੬੫ ਬਿਕਰਮੀ ਨੂੰ ਸਚ ਖੰਡ ਨੂੰ ਪਧਾਰੇ ਸਨ। ਇਸ ਵਿਚ ਖਾਲਸੇ ਦੀ ਸਾਜਨਾ ਔਰ ਅੰਮ੍ਰਿਤ ਦਾ ਜ਼ਿਕਰ ਭੀ ਹੈ, ਸਾਬਤ ਹੈ ਕਿ ਇਹ ਗ੍ਰੰਥ ਸੰਮਤ ੧੭੫੬ ਦੇ ਸਮੇਂ ਨਹੀਂ ਸੀ। ਇਸ ਵਿਚ ਦਸਮ ਗੋਬਿੰਦ ਸ਼ਾਹ ਗੋਬਿੰਦ ਸ਼ਬਦ ਔਣੇ ਸਾਬਤ ਕਰਦੇ ਹਨ ਕਿ ਦਸਮ ਗੁਰੂ ਕ੍ਰਿਤ ਨਹੀਂ ਹੈ 'ਸ਼ਾਹ ਗੋਬਿੰਦ' ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕਦੀ ਨਹੀਂ ਲਿਖਿਆ। ਇਸ ਗ੍ਰੰਥ ਵਿਚ ਹੇਠਾਂ ਲਿਖੇ ਪ੍ਰਸੰਗ ਨੂੰ ਧਿਆਨ ਨਾਲ ਪੜ੍ਹ ਕੇ ਵਿਚਾਰ ਕਰੋ।

ਭਯੋ ਨਿਸਤਾਰ ਤ੍ਰਾਸ ਅਸੁਰਨ ਤੇ। ਤਾਰ ਲਿਖੇ ਗੁਰੁ ਜਗਤ ਸਬੈ। ਸ਼ਾਹ ਗੋਬਿੰਦ ਫਤਹ ਸਤਿਗੁਰੂ ਕੀ 'ਵਾਹਿਗੁਰੂ ਸੱਚ ਮੰਤ੍ਰ ਆਖੈ।'

ਪੰਥ ਖਾਲਸਾ ਭਯੋ ਪਨੀਤਾ, ਪ੍ਰਭੁ ਆ ਗਿਆ ਕਰ ਉਦਿਤ ਭਯੋ। ਮਿਟਿਓ ਦ੍ਵੈਤ ਉਪਾਧੀ ਜਗ ਕੀ।' ਅਸੁਰ ਮਲੇਛਨ ਮੂਲ ਗਏ।

ਧਰਮੀ ਖਾਲਸਾ ਪ੍ਰਚੁਰਯੋ।' ਸਤਯਰੂਪ ਪੁਨਿ ਰੂਪ ਜਯੋ। ਕਛ ਕੇਸ ਕਿਰਪਾਨ ਤ੍ਰਿਮੁਦ੍ਰਾ ਗੁਰਭਗਤਾ ਰਾਮ ਦਾਸ ਭਯੋ।

ਇਸ ਛੰਦ ਵਿਚ ਕਛ ਕਿਰਪਾਨ ਔਰ ਕੇਸ ਤਿੰਨੇ 'ਕਕਾਰ ਲਿਖੇ ਹਨ। ਕੜੇ ਔਰ ਕੰਘੇ ਦਾ ਜ਼ਿਕਰ ਨਹੀਂ ਹੈ। ਕਰਤਾ ਸੂਰਜ ਪ੍ਰਕਾਸ਼ ਨੇ ਇਸੇ ਦੀ ਨਕਲ ਕੀਤੀ ਹੈ।

ਅਗੇ ਲਿਖਿਆ ਹੈ:—

ਅਕਾਲ ਉਪਾਸ਼ਕ ਛੱਤ੍ਰੀ ਧਰਮ। ਰਣ ਕਸ ਕਟਿ ਪਰਧਾਨ ਅਏ। ਤਾਮਹਿ ਪੰਚ ਚਾਲੀਸ ਪ੍ਰਧਾਨਾ 'ਪੰਚ ਪ੍ਰਧਾਨ ਖਾਲਸਾ ਠਏ।' ਸਿੰਘ ਅਜੀਤ ਜੁਝਾਰ ਫਤਹ ਸਿੰਘ ਜੋਰਾਵਰ ਸਿੰਘ ਪਰਮ ਪ੍ਰਿਏ।

ਪੱਚਿਮ ਖਾਲਿਸ ਸਤਿਗੁਰ ਪੂਰਾ, ਜਿਨ ਇਹ ਪੰਥ ਸੁਪਥ ਪ੍ਰਗਟਏ। ਗੁਰੂ ਅਪਨਪੌ ਖਾਲਸੇ ਦੀਨਾ ਦੁਤਿਯ ਰੂਪ ਸਤਿਗੁਰੂ ਗੁਰੂ ਗ੍ਰੰਥਾ। ਬੋਲਨ ਸ਼ਬਦ ਸੰਭਾਖਨਾ ਨਾਮ ਗੋਬਿੰਦ ਕੀਰਤਨ ਸੰਥਾ। ਦੁਆਦਸ ਰੂਪ ਸਤਿਗੁਰ ਇਹ ਕਹੀਅਤ, ਦ੍ਵਾਦਸ ਪ੍ਰਗਟਯੋ ਹਰਿਸੰਤਾ। ਦਾਸ ਗੋਬਿੰਦ ਫਤਹ ਸਤਿਗੁਰੂ ਕੀ, ਗ੍ਰੰਥ ਖਾਲਸਾ ਗੁਰੂ ਬਦੰਥਾ। ਇਸ ਲੇਖ ਤੋਂ ਸਾਬਤ ਹੈ ਕਿ ਇਹ ਰਚਨਾ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਗੱਦੀ ਪ੍ਰਾਪਤੀ ਦੇ ਪ੍ਰਸੰਗ ਤੋਂ ਪਿਛੋਂ ਦੀ ਹੈ। ਦਸਮ ਗੁਰੂ ਜੀ ਦੇ ਸਾਹਮਣੇ ਇਹ ਗ੍ਰੰਥ ਨਹੀਂ ਆਇਆ।

੧੬. ਪੁਰਾਣੀ ਤੇ ਨਵੀਂ ਦੁਨੀਆਂ

ਪੁਰਾਣੇ ਲੋਕ ਵਧ ਨਕਸ਼ੇ ਬੰਦੀ ਜੋਤਿਸ਼ ਵਿਦਿਆ ਦੇ ਬਲ ਨਾਲ ਕਰਦੇ ਅਤੇ ਕਈ ਸੈਰ ਨਾਲ ਭੀ ਕਰਦੇ ਸਨ। ਸਾਇੰਸ ਵਿਦਿਆ ਭੀ

ਬਹੁਤ ਤਰੱਕੀ ਤੇ ਜਾਕੇ ਗੁੰਮ ਹੋ ਗਈ ਸੀ। ਅਜੇ ਤਕ ਅਜ ਕਲ ਦੀ ਸਾਇੰਸ ਉਸ ਟੀਚੇ ਤਕ ਨਹੀਂ ਪਹੁੰਚ ਸਕੀ। ਅਜ ਕਲ ਦੇ ਜੁਗਰਾਫੀਏ ਦੇ ਨਕਸ਼ੇ ਅਨੁਸਾਰ ਧਰਤੀ ਗੋਲ ਮੰਨੀ ਗਈ ਹੈ, ਪੁਰਾਣੇ ਸਮੇਂ ਦੇ ਲੋਕ ਧਰਤੀ ਨੂੰ ਚਪਟੀ ਮੰਨਦੇ ਸਨ। ਇਸ ਦਾ ਗੋਲਾਕਾਰ ਪਚੀਸ ਹਜ਼ਾਰ ਮੀਲਾਂ ਦਾ ਅਤੇ ਧੁਰਾ ਅਠ ਹਜ਼ਾਰ ਮੀਲ ਹੈ। ਧਰਤੀ ਸੂਰਜ ਦੇ ਗਿਰਦ ਤਿੰਨ ਸੌ ਪੈਂਸਠ ਦਿਨ ਛੀ ਘੰਟੇ ਅਤੇ ਪੰਤਾਲੀ ਮਿੰਟਾਂ ਵਿਚ ਹੀ ਚੱਕਰ ਲਾਉਂਦੀ ਹੈ। ਇਉਂ ਸਾਲ ਹੋਣਾ ਮੰਨਿਆ ਹੈ। ਆਪਣੇ ਧੁਰੇ ਗਿਰਦੇ ਇਕ ਚੱਕਰ ਚੌਬੀਸ ਘੰਟੇ ਦਾ ਕਟਦੀ ਹੈ। ਧਰਤੀ ਸੂਰਜ ਨਾਲੋਂ ਅਤਿ ਛੋਟੀ ਹੈ। ਧਰਤੀ ਦੇ ਉਤਰੀ ਅਤੇ ਦਖਣੀ ਸਿਰਿਆਂ ਨੂੰ ਉਤਰੀ ਧਰੁਵ ਅਤੇ ਦਖਣੀ ਧਰੁਵ ਕਹਿੰਦੇ ਹਨ। ਵਿਚਕਾਰ ਦੀ ਇਕ ਮੱਧ ਰੇਖਾ ਮਿਥੀ ਜਾਂਦੀ ਹੈ। ਸੂਰਜ ਧਰਤੀ ਤੋਂ ਨੌਂ ਕਰੋੜ ਤੀਸ ਲਖ ਮੀਲ ਦੀ ਵਿੱਥ ਨਾਲ ਮੰਨਿਆ ਹੈ। ਗਰਮੀ ਸਰਦੀ ਸੂਰਜ ਦੀ ਸਿਧੀ ਅਤੇ ਤਿਰਛੀ ਕਿਰਨਾਂ ਦੇ ਹਿਸਾਬ ਨਾਲ ਹੈ।

ਰੁਤਾਂ ਸੂਰਜ ਹੀ ਪੈਦਾ ਕਰਦਾ ਹੈ। ਇਕੀ ਜੂਨ ਨੂੰ ਸੂਰਜ ਸਿਧਾ ਉਪਰ ਨੂੰ ਹੁੰਦਾ ਹੈ। ਇਸ ਵੇਲੇ ਸੂਰਜ ਉਤ੍ਰਾਇਣ ਦਿਸ਼ਾ ਨੂੰ ਹੋਣ ਕਰਕੇ ਇਸ ਨੂੰ ਕਰਕ ਰੇਖਾ ਬੋਲਦੇ ਹਨ। ਜਦੋਂ ਸੂਰਜ ਦੀਆਂ ਕਿਰਨਾਂ ਮਧ ਰੇਖਾ ਪਰ ਸਿਧੀਆਂ ਪੈਂਦੀਆਂ ਹਨ ਤਾਂ ਮਕਰ ਅਤੇ ਕਰਕ ਰੇਖਾ ਦੇ ਵਿਚਕਾਰ ਬਹੁਤ ਗਰਮੀ ਹੁੰਦੀ ਹੈ। ਉਤਰੀ ਅਤੇ ਦਖਣੀ ਧਰੁਵੀ ਭਾਗਾਂ ਵਿਚ ਸਰਦੀ ਹੁੰਦੀ ਹੈ।

ਸਮੁੰਦਰ ਦੇ ਪਾਣੀ ਦਾ ਪਚੀਸ ਘੰਟਿਆਂ ਵਿਚ ਉਤ੍ਰਾਉ ਚੜਾਉ ਹੁੰਦਾ ਹੈ। ਇਸ ਨੂੰ ਜੁਆਰ ਭਾਟਾ ਬੋਲਦੇ ਹਨ। ਇਹ ਚੰਦ੍ਰਮਾ ਦੀ ਆਕ੍ਰਖਣ ਸ਼ਕਤੀ ਦਾ ਕਾਰਣ ਹੁੰਦਾ ਹੈ। ਧਰਤੀ ਉਪਰ ਤਿੰਨਾਂ ਹਿਸਿਆਂ ਤੋਂ ਕੁਝ ਕੁ ਘਟ ਪਾਣੀ ਅਤੇ ਚੌਥੇ ਹਿਸੇ ਵਿਚ ਖੁਸ਼ਕੀ ਹੈ। ਸੋ ਸਾਰੀ ਧਰਤੀ ਪਾਣੀ ਵਿਚ ਸਰਵਤ ਦੀ ਭਾਂਤ ਘੁਲ ਸਕਦੀ ਹੈ। ਖੁਸ਼ਕੀ ਦਾ ਖੇਤ੍ਰਫਲ ਉਨੀਸ ਕਰੋੜ ਸਤਰ ਲਖ ਮੁਰੱਬਾ ਮੀਲ ਹੈ। ਸਮੁੰਦਰ ਅਤੇ

ਖ਼ੁਸ਼ਕੀ ਦੀ ਡੂੰਘਾਈ ਕਈ ਥਾਵੀਂ ਪੰਜ ਮੀਲ ਤਕ ਹੈ। ਸਾਰੀ ਧਰਤੀ ਦੇ ਨਕਸ਼ਾ ਨਵੀਸਾਂ ਨੇ ਛੇ ਮਹਾਂ ਭਾਗ ਕਟੇ ਹਨ। ਜੈਸਾ ਕਿ ਏਸ਼ੀਆ, ਯੂਰਪ, ਅਫ਼ਰੀਕਾ, ਆਸਟਰੇਲੀਆ ਮਿਲਾ ਕੇ ਪੁਰਾਣੀ ਦੁਨੀਆਂ ਕਹਾਉਂਦੀ ਹੈ। ਉਤਰੀ ਅਤੇ ਦਖਣੀ ਅਮਰੀਕਾ ਮਿਲਾ ਕੇ ਨਵੀਂ ਦੁਨੀਆਂ ਕਹਾਉਂਦੀ ਹੈ। ਥਿਰ ਮਹਾਂ ਸਾਗਰ (ਪੈਸਫ਼ਿਕ ਓਸ਼ਨ) ਏਸ਼ੀਆ ਅਤੇ ਅਮਰੀਕਾ, ਓਕਿਆਨੂਸ, ਅਮਰੀਕਾ, ਯੂਰਪ ਤੇ ਅਫ਼ਰੀਕਾ ਅਤੇ ਹਿੰਦ ਮਹਾਂ ਸਾਗਰ ਅਫ਼ਰੀਕਾ, ਮਲਾਯਾ ਤੇ ਅਸਟਰੇਲੀਆ ਦੇ ਵਿਚਕਾਰ ਘਿਰਿਆ ਹੋਇਆ ਹੈ। ਇਕ ਉਤਰੀ ਹਿਮ ਸਾਗਰ ਉਤਰ ਨੂੰ ਅਤੇ ਦਖਣੀ ਹਿਮ ਸਾਗਰ ਦਖਣ ਨੂੰ ਫੈਲਿਆ ਹੈ। ਯਾ ਤੇ ਉਤਰੀ ਯਾ ਪੂਰਬੀ ਅਰਧਾਕਾਰ ਵਿਚ ਦਖਣੀ ਜਾਂ ਪਛਮੀ ਅਰਧਾਕਾਰ ਨਾਲੋਂ ਖ਼ੁਸ਼ਕੀ (ਜ਼ਮੀਨ) ਵਧ ਹੈ।

ਸਮੁੰਦਰ ਅਜ ਕਲ ਦੇ ਨਕਸ਼ੇ ਅਨੁਸਾਰ ਏਟਲਾਂਟਿਕ, ਪੈਸਿਫ਼ਿਕ, ਇੰਡੀਅਨ ਓਸ਼ਨ, ਆਰਕਟਿਕ, ਏਟਾਰਟਿਕ ਇਨ੍ਹਾਂ ਨਾਮਾਂ ਦੇ ਇਹ ਪੰਜ ਵਡੇ ਮਹਾਂ ਸਾਗਰ ਹਨ। ਪਹਿਲਾ ਯੂਰਪ ਅਤੇ ਅਫ਼ਰੀਕਾ ਦੇ ਮਧ ਵਿਚ ਦੂਜਾ ਅਮਰੀਕਾ ਅਤੇ ਏਸ਼ੀਆ ਦੇ ਮਧ ਦਾ, ਤੀਜਾ ਅਫ਼ਰੀਕਾ ਤੋਂ ਭਾਰਤ ਅਤੇ ਆਸਟਰੇਲੀਆ ਤਕ ਦਾ, ਚੌਥਾ ਯੂਰਪ, ਏਸ਼ੀਆ, ਅਮਰੀਕਾ ਦੇ ਉਤਰ ਅਤੇ ਉਤਰੀ ਧਰੁਵਾਂ ਦੇ ਚਾਰੇ ਪਾਸੀਂ ਹੈ। ਪੰਜਵਾਂ ਦਖਣੀ ਧਰੁਵ ਦੇ ਚਾਰੇ ਪਾਸੀਂ ਹੈ। ਆਮ ਤੌਰ ਪਰ ਸਮੁੰਦਰ ਵਧ ਤੋਂ ਵਧ ਤੀਹ ਕੁ ਹਜ਼ਾਰ ਫੁਟ ਤੀਕਰ ਡੂੰਘਾ ਮੰਨਿਆ ਹੈ। ਧਰੁਵਾਂ ਦੇ ਲਾਗੇ (ਆਸੇ ਪਾਸੇ) ਸਮੁੰਦਰ ਠੰਡੇ ਹੁੰਦੇ ਹਨ। ਬਰਫ਼ ਭੀ ਜੰਮਦੀ ਹੈ। ਦਸਿਆ ਹੈ ਕਿ ਸੂਰਜ ਦੀਆਂ ਕਿਰਨਾਂ ਦਾ ਪ੍ਰਭਾਵ ਪਾਣੀ ਵਿਚ ਦੋ ਸੌ ਤੀਸ ਫੁਟ ਤਕ ਪੈਂਦਾ ਹੈ ਅਗੇ ਅੰਧੇਰਾ ਹੁੰਦਾ ਹੈ। ਅਥਵਾ ਪੰਜ ਹਜ਼ਾਰ ਪੰਜ ਸੌ ਅਸੀ ਫੁਟ ਤੋਂ ਅਗੇ ਬਿਲਕੁਲ ਹੀ ਅੰਧੇਰਾ ਹੈ। ਹਿੰਦੂ ਪੁਰਾਣਾਂ ਅਨੁਸਾਰ ਸਤ ਸਾਗਰ ਲਿਖੇ ਮਿਲਦੇ ਹਨ। ਜਿਹਾ ਕਿ ਦੁੱਧ ਦਾ, ਦਹੀ ਦਾ, ਘਿਉ ਦਾ, ਇਖਰ ਦਾ, ਸ਼ਹਿਦ ਦਾ, ਮਿਠੇ ਪਾਣੀ ਦਾ, ਵੈਸੇ ਸਮੁੰਦਰ ਖਾਰੇ ਪਾਣੀ ਦੇ ਹੀ ਹਨ। ਦਸਿਆ ਹੈ ਕਿ ਉਕਤ ਸਤ ਸਾਗਰ ਇਕ ਦੀਪ ਨੂੰ ਘੇਰੇ ਹੋਏ ਹਨ।

ਸਪਤ ਦੀਪ ਇਹ ਹਨ : ਪਲਾਖ, ਜੰਬੂ, ਸਾਲਿਮਲਿ, ਕੋਂਚ ਅਤੇ ਕੁਸ਼, ਸਾਕਯ ਅਤੇ ਪੁਸ਼ਕਰ। ਪੁਰਾਣ ਕਹਿੰਦੇ ਹਨ ਪ੍ਰਿਯਵਰਤ ਯਾ ਸਾਗਰ ਇਕ ਪਹੀਏ ਪਰ ਚੜ੍ਹ ਕੇ ਪ੍ਰਿਥਵੀ ਪਰ ਸਤ ਵਾਰੀ ਫਿਰਿਆ ਸੀ। ਪਈਏ ਦੀ ਲਕੀਰਾਂ ਪਰ ਸਤ ਸਮੁੰਦਰ ਬਣ ਗਏ ਸਨ।

ਪ੍ਰਾਚੀਨ ਨਕਸ਼ੇ ਅਨੁਸਾਰ ਪ੍ਰਿਥਵੀ ਨੂੰ ਨੌਂ ਖੰਡਾਂ ਵਿਚ ਵੰਡਿਆ ਹੈ, ਜਿਨ੍ਹਾਂ ਦੇ ਇਹ ਨਾਮ ਹਨ : ਕੁਰ, ਹਿਰੰਨਯਮਯ, ਇਲਾਵ੍ਤ, ਕੇਤਮਾਲ, ਹਰਿਵਰਸ਼, ਰੰਮਰਕ, ਕਿੰਪੁਰਸ਼, ਭੱਦਰ ਅਤੇ ਭਾਰਤ। ਬਸੰਤ ਸਵਰਗ ਲੋਕਹਿ ਜਿਤਤੇ ਪ੍ਰਿਥਵੀ ਨਵ ਖੰਡਣਹ। ਜੈਤਸਰੀ ਮ: ੫ ॥ ਜਿਤੀ ਨੌਂ ਖੰਡ ਪ੍ਰਿਥਵੀ ਜਿਥੇ ਤਕ ਆਹੀ (ਭਾ: ਗੁ:) ਆਕਾਸ਼ ਸਤ ਮੰਨੇ ਹਨ : ਭੂ, ਭੁਵ, ਸਵ, ਨਹ, ਜਨ ਤਪ ਔਰ ਸਤਯ, ਮੁਸਲਮਾਨ ਤੇ ਈਸਾਈ ਭੀ ਸਤ ਆਕਾਸ਼ ਮੰਨਦੇ ਹਨ। ਸਤਵੇਂ ਅਸਮਾਨ ਉਪਰ ਖੁਦਾ ਵਸਦਾ ਮੰਨਦੇ ਹਨ।

ਹਿੰਦੂ ਮਤ ਅਨੁਸਾਰ ਨਰਕਾਂ ਦੀ ਗਿਣਤੀ ਕਈ ਭਾਂਤ ਦੀ ਹੈ। ਹਿਦੂ ਮਤ ਅਨੁਸਾਰ ਨਰਕਾ ਦੀ ਗਿਣਤੀ ਕਈ ਭਾਤ ਦੀ ਹੈ। ਮਨੂਸਿਮਰਤੀ ਨੇ ਇਕਹਿ ਨਰਕ ਦਸੇ ਹਨ। ਤਾਮਿਸਰ, ਅੰਧਤਾ ਮਿਸਰ, ਰੌਰਵ ਔਰ ਮਹਾਂ ਰੌਰਵ ਨਰਕ ਅਤੇ ਮਹਾਂ ਨਰਕ ਕਾਲ ਸੂਤ੍ਰ ਸੰਜੀਵਨ, ਸਹਾਂਤ ਤਪਨ, ਮਹਾਂਵੀਚਿ, ਸੰਪ੍ਰਤਾਪਨ, ਲੋਕ ਸ਼ੰਕੂ, ਪ੍ਰਤਿਮੂਰਤਿਕ ਸੰਕਾਕੋਲ, ਵੈਤਰਣੀ ਔਰ ਸਾਲਮਲੀ, ਕੁਡਮਲ ਰਿਜੀਸਬ ਲੋਹਦਾਰਕ। ਮਨੂ ਅ: ੪ ਸ਼ਲੋਕ ਅਠਾਸੀ ਤੋਂ ਨਵੇ ਤੀਕਰ ਇਵੇਂ ਹੀ ਮੁਸਲਮਾਨਾਂ ਦੇ ਦੋਜ਼ਖ ਜਹੱਨਮ ਆਦਿ ਹਨ, ਨਾਮ ਹੀ ਬਦਲੇ ਹਨ। ਕਈ ਥਾਂ ਛਿਆਸੀ ਨਰਕ ਕੁੰਡ ਦਸੇ ਹਨ। ਗਰੜ ਪੁਰਾਣ ਵਿਚ ਮਿਣਤੀ ਗਿਣਤੀ ਦਾ ਕਾਫੀ ਵੇਰਵਾ ਹੈ।

ਸਤਾਂ ਸਮੁੰਦਰਾਂ ਦੀ ਭਾਂਤ ਮਹਾਂ ਭਾਰਤ ਅਨੁਸਾਰ ਸਪਤ ਸਿੰਧ (ਨਦੀਆਂ) ਵਿਸ਼ੇਵਕ ਸਾਰਾ, ਨਲਿਨੀ, ਪਾਵਨੀ, ਗੰਗਾ, ਸੀਤਾ, ਜੰਬੂਨਦ, ਅਤੇ ਸਿੰਧ (ਅਟਕ) ਅਜਕਲ ਦੇ ਜੁਗਰਾਫ਼ੀਏ ਨਾਲ ਪੁਰਾਣਕ ਮਿਣਤੀ ਗਿਣਤੀ ਨਹੀਂ ਮਿਲਦੀ। ਇਨ੍ਹਾਂ ਤੋਂ ਬਿਨਾ ਪੁਰਾਣਾ ਨੇ ਗੰਗਾ, ਜਮਨਾ, ਸਰਸਵਤੀ,

ਸਤਦਰੂਵਐਰਾਵਤੀ, ਮਰਭ ਵਿਰਥਾ, ਵਿਪਾਸਾ, ਅਜ ਕਲ ਇਨ੍ਹਾਂ ਦੇ ਨਾਮ
ਸਤਿਲੁਜ, ਬਿਆਸਾ, ਰਾਵੀ, ਚਨਾਬ, ਸਿੰਧ ਆਦਿ ਹਨ। ਪਹਾੜ ਭੀ ਸਤ
ਗਿਣੇ ਹਨ। ਜੈਸਾ ਕਿ ਹਿਮਵਾਨ, ਹੇਮਕੂੰਟ, ਨਿਸਦ, ਮੇਰ, ਚੇਤ੍ਰ ਕਣੀ
ਔਰ ਸਿਰੰਗੀ ਸਤੇ ਪਾਤਾਲ ਲਿਖੇ ਹਨ। ਅਤਲ, ਵਿਤਲ, ਸੁਤਲ,
ਰਸਾਤਲ, ਤਲਾਤਲ, ਮਹਾਂਤਾਲ, ਪਾਤਾਲ। ਗੁਰਬਾਣੀ ਦੀ ਨਿਗਾਹ ਵਿਚ
"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ" ਹਨ। ਜੋਤਿਸ਼ ਵਿਦਿਆ
ਵਾਲੇ ਚੌਦਾਂ ਭਵਨ ਧਰਤੀ ਪਰ ਹੀ ਮੰਨਦੇ ਹਨ।

ਗੁਰਬਾਣੀ ਦੀ ਸਾਇੰਸ ਨੂੰ ਕੋਈ ਨਹੀਂ ਪਹੁੰਚ ਸਕਿਆ ਜਿਹਾ ਕਿ
'ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ਼। ਕੇਤੇ ਬਰਮੇ ਘਾੜਤਿ
ਘੜੀਅਹਿ ਰੂਪ ਰੰਗ ਕੇ ਵੇਸ॥ ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ
ਧੂ ਉਪਦੇਸ਼। ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥ ਕੇਤੇ
ਸਿਧ ਬੁੱਧ ਨਾਥ ਕੇਤੇ ਦੇਵੀ ਵੇਸ॥ ਕੇਤੇ ਦੇਵ ਦਾਨਵ ਮੁਨਿ ਕੇਤੇ ਰਤਨ
ਸਮੁੰਦ। ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ। ਕੇਤੀਆ
ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤ॥" (ਤ੍ਰਪ ਜਪ)

ਅਜਕਲ ਦੀ ਸਾਇੰਸ ਇਕੋ ਸੂਰਜ ਚੰਦਰਮਾ ਅਤੇ ਚਾਰ ਖਾਣੀਆਂ
ਤੋਂ ਅਗੇ ਖੋਜ ਨਹੀਂ ਕਰ ਸਕੀ।

੧੨. ਬਾਬਾ ਵਿਸ਼ਕ੍ਰਮਾਂ

ਬਾਬਾ ਵਿਸ਼ਵ ਕਰਮਾਂ ਨੂੰ ਸੰਸਾਰ ਦੀ ਪਹਿਲੀ ਹਸਤੀ ਮੰਨਿਆ
ਗਿਆ ਹੈ। ਕਈਆਂ ਦਾ ਖਿਆਲ ਹੈ ਕਿ ਬ੍ਰਹਮਾ ਦਾ ਅਸਲ ਨਾਮ ਵਿਸ਼ਵ
ਕਰਮਾਂ ਸੀ। ਇਸ ਦੇ ਅਰਥ ਹਨ ਸੰਸਾਰ ਦੀ ਰਚਨਾ ਕਰਨੇ ਵਾਲਾ
ਅਥਵਾ ਮਹਾਨ ਕਾਰੀਗਰ। ਬ੍ਰਹਮਾ ਸ਼ਬਦ ਬ੍ਰਾਹਮਣਾਂ ਨੇ ਪਕਾਇਆ ਹੈ ਕਿ
ਬਰਹਮਣ ਬਰਹਮਾਂ ਦੇ ਮੁਖ ਤੋਂ ਜਨਮੇ ਸਨ। ਰਿਗਵੇਦ ਵਿਖੇ ਵਿਸ਼ਵ-
ਕਰਮਾਂ ਦਾ ਜ਼ਿਕਰ ਔਂਦਾ ਹੈ ਕਿ ਉਹ ਮਹਾਨ ਦੇਵਤਾ ਹੈ ਜਿਸ ਦੇ ਹਰ

ਪਾਸੇ ਨੂੰ ਮੂੰਹ ਬਾਹਾਂ ਔਰ ਪੈਰ ਹਨ। ਤਸਵੀਰਾਂ ਭੀ ਐਸੀਆਂ ਵੇਖੀਦੀਆਂ ਹਨ। ਦਸਿਆ ਗਿਆ ਹੈ ਕਿ ਮਹਾਨ ਦੇਵਤੇ ਵਿਸ਼ਵਕਰਮਾ ਨੂੰ ਸਾਰੇ ਲੋਕਾਂ ਦਾ ਗਿਆਨ ਹੈ। ਮਹਾਂ ਭਾਰਤ ਵਿਚ ਔਰ ਪੁਰਾਣਾਂ ਵਿਚ ਭੀ ਵਿਸ਼ਵ ਕਰਮਾ ਦਾ ਜ਼ਿਕਰ ਹੈ ਕਿ ਇਹ ਦੇਵਤਿਆਂ ਦਾ ਮੁਖੀ ਕਾਰੀਗਰ (ਚੀਫ ਇੰਜਨੀਅਰ) ਹੈ। ਇਸ ਦੀ ਰਚਨਾ ਦੇਵਤਿਆਂ ਦੇ ਮਕਾਨ ਔਰ ਸ਼ਸ਼ਤਰ ਅਸ਼ਤਰ ਹਨ। ਸਥਾਪਤਯ ਉਪਵੇਦ, ਜਿਸ ਦਸਤਕਾਰ ਦੇ ਸਾਰੇ ਹੁਨਰ ਦਸੇ ਹਨ ਇਸੇ ਦੀ ਰਚਨਾ ਹੈ। ਜਿਸ ਤੋਂ ਪਤਾ ਲਗਦਾ ਹੈ ਕਿ ਇਸ ਤੋਂ ਵੱਡਾ ਕੋਈ ਕਾਰੀਗਰ ਨਹੀਂ ਹੋਇਆ। ਮਹਾਂ ਭਾਰਤ ਦਾ ਇਕ ਲੇਖ ਹੈ ਕਿ ਵਿਸ਼ਵ ਕਰਮਾ ਦੇਵਤਿਆਂ ਦੇ ਗਹਿਣੇ ਘੜਨ ਵਾਲਾ ਮਹਾਨ ਉਚਾ ਕਾਰੀਗਰ ਹੈ ਜਿਸ ਨੇ ਦੇਵਤਿਆਂ ਦੇ ਰੱਥ ਆਦਿਕ ਬਣਾਏ ਹਨ। ਜਿਸ ਦੇ ਹੁਨਰਾਂ ਤੋਂ ਪ੍ਰਥਵੀ ਘੜੀ ਗਈ ਹੈ। ਇਸ ਦੀ ਹਮੇਸ਼ਾਂ ਪੂਜਾ ਕੀਤੀ ਜਾਂਦੀ ਹੈ। ਗਰੰਥ ਮਹਾਂ ਭਾਰਤ ਵਿਚ ਵਿਸ਼ਵ ਕਰਮਾਂ ਦੀ ਵਡੀ ਉਪਮਾਂ ਲਿਖੀ ਹੈ। ਰਾਮਾਯਣ ਦਾ ਲੇਖ ਹੈ ਕਿ ਵਿਸ਼ਵਕਰਮਾ ਅਠਵੇਂ ਵਸੂ ਪ੍ਰਭਾਸ ਦਾ ਪੁਤਰ ਲਾਵਨਯਮਤੀ (ਯੋਗਸਿਧਾ) ਦੇ ਉਦਰ ਥੀਂ ਜਨਮਿਆ ਸੀ। ਇਸ ਦੀ ਪੁਤਰੀ ਸੰਜਨਾ ਦਾ ਵਿਵਾਹ ਸੂਰਜ ਨਾਲ ਹੋਇਆ ਸੀ। ਪਰ ਜਿਸ ਵੇਲੇ ਸੰਜਨਾ ਸੂਰਜ ਦਾ ਤੇਜ (ਤਪਸ਼) ਸਹਾਰ ਨਾ ਸਕੀ ਤਾਂ ਵਿਸ਼ਵ ਕਰਮਾ ਨੇ ਸੂਰਜ ਨੂੰ ਆਪਣੇ ਖਰਾਦ ਪਰ ਚਾੜ੍ਹ ਕੇ ਉਸਦਾ ਅਠਵਾਂ ਹਿੱਸਾ ਛਿਲ ਦਿਤਾ ਭਾਵ ਸੂਰਜ ਨੂੰ ਛੋਟਾ ਕਰ ਦਿਤਾ ਸੀ ਜਿਸ ਨਾਲ ਸੂਰਜ ਦੀ ਤਪਸ਼ ਘਟ ਗਈ। ਸੂਰਜ ਦੇ ਖਰਾਦੇ ਗਏ ਛਿਲੜਾਂ ਤੋਂ ਵਿਸ਼ਵ ਕਰਮਾ ਨੇ ਸ੍ਰੀ ਵਿਸ਼ਨੂੰ ਜੀ ਦਾ ਚਕਰ (ਸੁਦਰਸ਼ਨ ਚਕਰ) ਸ਼ਿਵ ਜੀ ਦਾ ਤਿਰਸੂਲ ਦੇਵਤੇ ਕਾਰਤਿਕੇਯ ਦੀ ਬਰਛੀ ਔਰ ਹੋਰ ਖਾਸ ੨ ਦੇਵਤਿਆਂ ਨੂੰ ਸ਼ਸ਼ਤਰ ਅਸ਼ਤਰ ਬਣਾ ਕੇ ਦਿਤੇ ਸਨ। ਵਿਸ਼ਵ ਕਰਮਾ ਦੀ ਪੂਜਾ ਦਾ ਦਿਨ ਭਾਦਰੋਂ ਦੀ ਸੰਕਰਾਤ ਨੂੰ ਮਨਾਇਆ ਜਾਂਦਾ ਹੈ।

੧੮. ਬਾਬਾ ਆਦਮ

ਬਾਈਬਲ ਵਿਚ ਲੇਖ ਹੈ ਕਿ ਖ਼ੁਦਾ ਨੇ ਆਦਮ ਦੀ ਖਬੀ ਪਸਲੀ ਤੋਂ ਔਰਤ ਰਚੀ ਜਿਸ ਨੂੰ ਹਵਾ ਕਹੀਦਾ ਹੈ। ਰੱਬ ਨੇ ਇਹ ਜੋੜਾ ਅਦਨ ਵਿਚ ਰਖਿਆ। ਇਨ੍ਹਾਂ ਨੂੰ ਹਦਾਇਤ ਸੀ ਕਿ ਅਦਨ ਦੇ ਬਾਗ ਚੋਂ ਮਜੂਦ ਸਾਰੇ ਪਦਾਰਥ ਖਾਵੋ ਪਰ ਇਕ ਖਾਸ ਬੂਟੇ ਦਾ ਫਲ ਨਾ ਖਾਣ। ਇਹ ਸੀ ਕਣਕ ਯਾ ਅਨਾਜ ਦਾ ਦਾਣਾ। ਪਰ ਸ਼ੈਤਾਨ ਜੋ ਖ਼ੁਦਾ ਦਾ ਵੈਰੀ ਮੰਨਿਆ ਹੈ, ਉਸ ਨੇ ਵਰਗਲਾ ਕੇ ਦੋਨਾਂ ਨੂੰ ਖਵਾ ਦਿਤਾ ਇਸ ਅਪਰਾਧ ਦੇ ਪਿਛੋਂ ਬਾਗ ਤੋਂ ਨਿਕਾਲੇ ਗਏ। ਸਰਾਪ ਹੋਇਆ ਕਿ ਆਦਮ ਦੀ ਉਲਾਦ ਮੇਹਨਤ ਕਰਕੇ ਖਾਵੇ ਔਰ ਮੌਤ ਦਾ ਸ਼ਿਕਾਰ ਬਣੇ। ਆਦਮ ਦੇ ਪੁਤਰਾਂ ਦਾ ਨਾਮ ਕਾਬੀਲ, ਸੇਤ ਔਰ ਹਾਬੀਲ ਦਸਿਆ ਹੈ।

ਬਾਬਾ ਆਦਮ ਦੀ ਉਮਰ ੯੩੦ ਸਾਲ ਦੀ ਲਿਖੀ ਹੈ। ਸਵਰਗਾਂ ਤੋਂ ਡਿਗ ਕੇ ਆਦਮ ਲੰਕਾ ਵਿਚ ਔਰ ਹਵਾ ਅਰਬ ਵਿਚ ਸ਼ਹਿਰ ਜੱਦਾ ਦੇ ਲਾਗੇ ਡਿਗੇ ਸੀ। ਦੋ ਸੌ ਸਾਲ ਦੋਵੇਂ ਜੁਦੇ ਰਹੇ। ਉਪਰੰਤ ਜੈਬਰਾਈਲ ਫਰਿਸ਼ਤੇ ਨੇ ਮਕੇ ਦੇ ਪਾਸ "ਅਰਫਾਹ" ਨਾਮ ਦੀ ਪਹਾੜੀ ਪਰ ਲੈ ਆਂਦਾ ਸੀ। ਫਿਰ ਆਦਮ ਅਰ ਹਵਾ ਲੰਕਾ ਵਿਚ ਜਾ ਰਹੇ। ਲੰਕਾ ਵਿਚ ਆਦਮ ਦੀ ਪਹਾੜੀ ਦਸੀ ਹੈ। ਇਕਰ ਹਿੰਦੂਆਂ ਦੇ ਖਿਆਲ ਹਨ ਕਿ ਪਾਰਬਤੀ ਸ਼ਿਵ ਪਹਿਲੇ ਆਦਮੀ ਹਨ ਕੋਈ ਸੀਤਾ ਰਾਮ ਦਸ ਦਿੰਦਾ ਹੈ। ਕੋਈ ਵਿਸ਼ਨੂੰ ਲਛਮੀ ਮੰਨਦਾ ਹੈ 'ਅਸਲੀਅਤ ਨੂੰ ਅਕਾਲ ਪੁਰਖ ਹੀ ਜਾਣਦਾ ਹੈ।'

੧੯. ਮੱਕਾ ਸ਼ਰੀਫ

"ਮਹਾਂ ਦੀਨ ਤਬ ਪ੍ਰਭ ਉਪਰਾਜਾ। ਅਰਬ ਦੇਸ਼ ਕੋ ਕੀਨੋ ਰਾਜਾ॥ (ਬਚਿਤਰ ਨਾਟਕ) ਅਰਬ ਦੇਸ਼ ਪੰਜਾਂ ਭਾਗਾਂ ਵਿਚ ਵੰਡਿਆ ਹੋਇਆ ਹੈ ਜਿਹਾ ਕਿ ਨਜ਼ਦ, ਤਿਹਾਮਹ, ਹਿਜਾਜ਼, ਯਮਨ ਔਰ ਅਰੂਜ਼ ਹਨ।"

ਅਰਬ ਦੇ ਪ੍ਰਚਾਰ ਸਮੇਂ ਗੁਰੂ ਜੀ ਯੂਰਪ ਔਰ ਰੂਸ ਆਦਿ ਦੇ ਭਾਗਾਂ ਵਿਚ ਭੀ ਪਹੁੰਚੇ ਸਨ। ਈਸਾਈ, ਮੂਸਾਈ, ਮੁਸਲਮਾਨ ਆਦਿ ਕੌਮਾਂ ਯਾਂ ਮਜ਼੍ਹਬਾਂ ਦਾ ਬਾਨੀ ਅਸਲੋਂ ਹਜ਼ਰਤ ਇਬਰਾਹੀਮ ਹੈ। ਸੁਨੱਤ ਦੀ ਰਸਮ ਇਸੀ ਤੋਂ ਜਾਰੀ ਹੋਈ। ਹਜ਼ਰਤ ਨੂਹ ਦੀ ਇਹ ਗਿਆਰਵੀਂ ਪੀੜ੍ਹੀ ਵਿਚ ਮੰਨਿਆ ਜਾਂਦਾ ਹੈ। ਇਸ ਦੀ ਕਬਰ ਹਰੂੰ ਫਿਰਸਤੀਨ ਵਿਖੇ ਪੂਜੀਦੀ ਹੈ, ਇਸ ਦਾ ਖਿਤਾਬ ਖਲੀਲੁਲਾ ਅਰਥਾਤ ਖ਼ੁਦਾ ਦਾ ਮਿੱਤਰ ਹੈ॥ ਹਜ਼ਰਤ ਇਬਰਾਹੀਮ ਦਾ ਜ਼ਿਕਰ ਚਾਰੇ ਕਿਤੇਬਾਂ ਅਰਥਾਤ ਤੌਰੇਤ ਜ਼ਬੂਰਾ ਅੰਜੀਲ ਔਰ ਕੁਰਾਨ ਵਿਚ ਹੈ, ਚਾਰੇ ਕਤੇਬਾਂ ਦੀਆਂ ਬੋਲੀਆਂ ਵਖੋ ਵਖ ਹਨ, ਕੁਰਾਨ ਅਰਬੀ ਬੋਲੀ ਵਿਚ ਹੈ।

ਮੱਕਾ ਦੇਸ਼ ਅਰਬ ਦਾ ਪ੍ਰਸਿੱਧ ਨਗਰ ਹੈ ਏਹੀ ਹਜ਼ਰਤ ਮਹੰਮਦ ਸਾਹਿਬ ਦੀ ਜਨਮ ਭੂਮੀ ਹੈ, ਉਸ ਦੀ ਵੱਡੀ ਮਸੀਤ ਦਾ ਨਾਮ ਕਾਬਾ ਹੈ। ਸ਼ਹਿਰ ਮੱਕਾ ਜੱਦਹ ਦੀ ਬੰਦਰਗਾਹ ਤੋਂ ਸਤਰ ਕੁ ਮੀਲ ਹੈ॥ ਇਸ ਸ਼ਹਿਰ ਦਾ ਪਹਿਲਾ ਨਾਮ ਬੱਕਾ ਸੀ। ਨਜ਼ਦੀਕ ਖੁਸ਼ਕ ਪਹਾੜੀਆਂ ਹਨ, ਪਾਣੀ ਖਾਰਾ ਹੈ। ਛੀਆਂ ਸੱਤਾਂ ਮੀਲਾਂ ਤੋਂ ਮਿਠਾ ਪਾਣੀ ਔਂਦਾ ਹੈ॥ ਮੱਕੇ ਨੂੰ ਉਮਲਾਕਰਾ ਅਰਥਾਤ ਨਗਰਾਂ ਦੀ ਮਾਤਾ ਮੰਨਿਆ ਹੈ। ਮੁਸਲਮਾਨ ਬੇਅੰਤ ਧੰਨ ਖਰਚ ਕੇ ਦੂਰ ਦੂਰ ਤੋਂ ਆ ਕੇ ਹਜ ਕਰਦੇ ਹਨ।

ਹਜ਼ਰਤ ਮਹੰਮਦ ਸਾਹਿਬ ਤੋਂ ਪਹਿਲਾ ਕਾਬਾ ਇਕ ਭਾਰੀ ਬੁੱਤ ਖਾਨਾ ਸੀ। ਬੁੱਤਾਂ ਨੂੰ ਮਹੰਮਦ ਸਾਹਿਬ ਨੇ ਤੋੜਕੇ ਸਾਫ ਕਰ ਦਿਤਾ, ਇਸ ਨੂੰ ਖੁਦਾ ਦਾ ਘਰ ਠਹਿਰਾਇਆ। ਸਾਰੇ ਦੇਸ਼ਾਂ ਦੇ ਮੁਸਲਮਾਨ ਮੱਕੇ (ਕਾਬੇ) ਵਲ ਮੁਖ ਕਰਕੇ ਨਿਮਾਜ ਗੁਜ਼ਾਰਦੇ ਹਨ। ਹਰ ਇਕ ਮਸੀਤ ਦਾ ਰੁਖ ਯਾ ਸਿਜਦਾ ਸਥਾਨ ਮੱਕੇ ਵਲ ਹੁੰਦਾ ਹੈ।

ਕਾਬੇ ਵਿਚ ਮਹੰਮਦ ਸਾਹਿਬ ਜੀ ਦੇ ਹਥੀ ਰਖਿਆ ਕਾਲਾ ਪੱਥਰ ਦਸਿਆ ਹੈ। ਜਿਸ ਨੂੰ ਕਿ ਸਾਰੇ ਹਾਜੀ ਜਾ ਕੇ ਚੁਮਦੇ ਹਨ। ਕਿਹਾ ਜਾਂਦਾ ਹੈ ਕਿ ਕਾਬੇ ਦੀ ਨੀਂਹ ਬਾਬਾ ਆਦਮ ਨੇ ਰੱਖੀ ਸੀ। ਹਜ਼ਰਤ ਨੂਹ ਦੇ ਤੂਫਾਨ ਵੇਲੇ ਗਿਰਨ ਪਿਛੋਂ ਹਜ਼ਰਤ ਇਬਰਾਹੀਮ ਨੇ ਬਣਵਾਇਆ, ਉਪਰੰਤ

ਮਹੰਮਦ ਸਾਹਿਬ ਨੇ ਕਾਬੇ ਦਾ ਕਈ ਵੇਰੀ ਡਿਗਣਾ ਦਸਿਆ ਹੈ। ਸੰਨ ੧੦੪੦ ਵਿਚ ਰੂਮ ਦੇ ਬਾਦਸ਼ਾਹ ਸੁਲਤਾਨ ਮੁਰਾਦ ਚੌਥੇ ਨੇ ਬਣਵਾਇਆ ਸੀ। ਭੂਰੇ ਪੱਥਰ ਦੀ ਚੁਣਵਾਈ ਹੈ। ਕਾਲੇ ਪੱਥਰ ਨੂੰ ਸੰਗ ਅਸਬਦ ਬੋਲਦੇ ਹਨ। ਦੂਜੇ ਪੂਜਾ ਜੋਗ ਪੱਥਰ ਨੂੰ 'ਰੁਕਨੁਲਯਮਾਨ' ਕਹਿੰਦੇ ਹਨ ਕਾਬੇ ਦਾ ਮੰਦਰ ਕਾਲੇ ਰੇਸ਼ਮ ਦੇ ਗਿਲਾਫ ਨਾਲ ਢੱਕਕੇ ਰਖਦੇ ਹਨ। ਖਾਸ ਸਮੇਂ ਹੀ ਦਰਵਾਜ਼ਾ ਖੁਲ੍ਹਦਾ ਹੈ ਗਿਲਾਫ ਪਰ ਕੁਰਾਨ ਦੀਆਂ ਆਯਤਾਂ ਲਿਖੀਆਂ ਹਨ।

ਮਿਹਰਾਬ ਕਮਾਨ ਦੀ ਸ਼ਕਲ ਦੀ ਡਾਟ ਦਾ ਨਾਮ ਹੈ, ਜਿਥੇ ਸਨਮੁਖ ਖੜੋ ਕੇ ਨਿਮਾਜ ਪੜੀ ਜਾਂਦੀ ਹੈ, ਇਹ ਹਰ ਮਸੀਤ ਵਿਚ ਹੁੰਦੀ ਹੈ।

ਮਦੀਨਾ ਇਕ ਕਿਸਮ ਦਾ ਕਿਲਾ ਸੀ। ਦੁਸ਼ਮਨਾਂ ਤੋਂ ਤੰਗ ਆਕੇ ਹਜ਼ਰਤ ਸਾਹਿਬ ਇਥੇ ਹਿਜਰ ਕਰ ਆਏ ਸੀ ਜਿਸ ਤੋਂ ਹਿਜਰੀ ਸਨ ਪ੍ਰਚਲਤ ਹੈ ਆਪ ਦੇ ਸਰੀਰ ਦਾ ਅੰਤ ਮਦੀਨੇ ਹੋਇਆ, ਕਬਰ ਦੀ ਪੂਜਾ ਔਰ ਜ਼ਿਆਰਤ ਹੁੰਦੀ ਹੈ। ਮਦੀਨੇ ਦਾ ਪਹਿਲਾ ਨਾਮ ਹਿਸ਼ਰਿਬ ਸੀ। ਗੁਰੂ ਜੀ ਇਥੇ ਭੀ ਪਧਾਰੇ ਸਨ। ਮੱਕੇ ਮਦੀਨੇ ਦੀ ਗੋਸਟ ਬਣੀ ਵੇਖੀਦੀ ਹੈ। ਮਦੀਨਾਂ ਮੁਸਲਮਾਨਾਂ ਲਈ ਮਹਾਨ ਤੀਰਥ ਔਰ ਪਵਿੱਤ੍ਰ ਸਥਾਨ ਹੈ।

ਭਾਈ ਮਰਦਾਨਾ ਗੁਰੂ ਜੀ ਦੇ ਨਾਲ ਹੀ ਅਰਬ ਦੇ ਦੌਰੇ ਸਮੇਂ ਗਿਆ ਸੀ। ਬਗਦਾਦ ਹਿੰਦੂਆਂ ਦੀ ਕਾਂਸ਼ੀ ਦੀ ਮਾਨਿੰਦ ਆਲਮਾਂ ਫਾਜ਼ਲਾਂ ਪੀਰਾਂ ਫ਼ਕੀਰਾਂ ਦਾ ਸ਼ਹਿਰ ਹੈ। ਪੀਰ ਦਸਤਗੀਰ ਬਹਲੋਲ ਆਦਿ ਆਗੂਆਂ ਦੇ ਪੈਰੋਕਾਰ ਗੁਰੂ ਜੀ ਦੇ ਸ਼ਰਧਾਲੂ ਬਣੇ। ਉਥੇ ਗੁਰੂ ਜੀ ਦੀ ਯਾਦ ਵਿਚ ਅਰਬੀ ਬੋਲੀ ਵਿਚ ਕਤਬਾ ਲੱਗਾਇਆ ਹੋਇਆ ਹੈ। ਜਿਸ ਦਾ ਤਰਜਮਾ ਇਕੱਰ ਹੈ "ਵੇਖੋ! ਹਜ਼ਰਤ ਪਰਵਰਦਗਾਰ ਬਜ਼ੁਰਗ ਕੇਹੀ ਮੁਰਾਦ ਪੂਰੀ ਕੀਤੀ ਕਿ ਬਾਬੇ ਨਾਨਕ ਦੀ ਤਅਸੀਰ ਨਵੇਂ ਸਿਰੇ ਬਣ ਗਈ। ਸੱਤ ਵੱਡੇ ਵਲੀਆਂ ਨੇ, ਇਸ ਵਿਚ ਸਹਾਇਤਾ ਕੀਤੀ। ਅਤੇ ਉਸ ਦੀ ਤਾਰੀਖ ਇਹ ਨਿਕਲੀ ਕਿ ਨੇਕ ਬਖੱਤ ਮੁਰੀਦ ਨੇ ਪਾਣੀ ਲਈ ਜ਼ਮੀਨ ਵਿਚ ਫੈਜ ਦਾ ਚਸ਼ਮਾਂ ਜਾਰੀ ਕਰ ਦਿਤਾ। ਇਸ ਤੋਂ ਸਾਬਤ ਹੈ ਕਿ ਗੁਰੂ

ਜੀ ਦੀ ਬਗਦਾਦ ਵਿਚ ਮਹਾਨ ਇਜ਼ਤ ਕੀਤੀ ਗਈ ਸੀ।

ਸਤਿਗੁਰਾਂ ਦੀ ਕ੍ਰਿਪਾ ਨਾਲ ਖਾਰੇ ਖੂਹ ਦਾ ਪਾਣੀ ਮਿੱਠਾ ਹੋ ਗਿਆ ਸੀ। ਇਹ ਕੁਤਬੇ ਦੇ ਲਾਗੇ ਹੈ। ਬਾਕੀ ਦੇ ਖੂਹ ਖਾਰੇ ਪਾਣੀ ਦੇ ਹਨ।

੨੦. ਖ੍ਵਾਜਾ ਖਿਜ਼ਰ

ਇਤਿਹਾਸ ਵਿਚ ਦੱਸਿਆ ਗਿਆ ਹੈ ਕਿ ਭਾਰਤ ਵਿਚ ਬਹੁਤੇ ਹਿੰਦੂ ਲੋਕ, ਮੁਸਲਮਾਨੀ ਹਕੂਮਤ ਦੀ ਤਲਵਾਰ ਅਥਵਾ ਜ਼ੋਰ ਜਬਰ ਨਾਲ ਬਣਦੇ ਸਨ। ਕਿਸੇ ਹੱਦ ਤਕ ਇਹ ਬਾਤ ਠੀਕ ਹੋਵੇਗੀ, ਪਰ ਖੋਜ ਤੋਂ ਇਹ ਭੀ ਸਾਬਤ ਹੁੰਦਾ ਹੈ ਕਿ ਇਸ ਨਾਲੋਂ ਵਧ ਮੁਸਲਮਾਨ, ਸ਼ੇਖਾਂ ਪੀਰਾਂ, ਫਕੀਰਾਂ, ਮੌਲਵੀਆਂ ਕਾਜ਼ੀਆਂ ਆਦਿ ਦੇ ਉਪਦੇਸ਼ ਨਾਲ ਬਣੇ ਸਨ। ਇਸਲਾਮੀ ਦੇਸ਼ਾਂ ਵਿਚ ਇਹ ਲੋਕ ਏਸੇ ਕਰਕੇ ਔਂਦੇ ਸਨ। ਦੂਰ ਨਾ ਜਾਉ ਲੱਖਾਂ ਹਿੰਦੂ ਅਜੇ ਭੀ ਸੁਲਤਾਨ ਪੀਰ ਦੇ ਉਪਕਾਸ਼ ਕਰਨ ਦਾ ਸਬੂਤ ਹਨ। ਭਾਰਤ ਵਿਚ ਹਜ਼ਾਰਾਂ ਪੀਰਖਾਨੇ ਹਨ ਔਰ ਲਖਾਂ ਸੁਲਤਾਨੀਏ ਹਨ। ਮਨੌਤ ਕਰਨੇ ਵਾਲੇ ਵਧ ਹਿੰਦੂ ਹੀ ਹਨ। ਮਾਲੇਰ ਕੋਟਲੇ ਵਾਲੇ ਪੀਰ ਦੇ ਲੱਖਾਂ ਉਪਾਸ਼ਕ ਹਨ, ਜੋ ਜ਼ਿਆਰਤਾਂ ਕਰਦੇ ਹਨ, ਬਕਰੇ, ਮੁਰਗੇ ਆਦਿ ਕੁਰਬਾਨੀ ਦਿੰਦੇ ਹਨ, ਗੁਗਾ ਪੀਰ ਭੀ ਮੁਸਲਮਾਨ ਸੀ, ਜਿਸ ਦੀਆਂ ਦੇਸ਼ ਵਿਚ ਹਜ਼ਾਰਾਂ ਮਾੜੀਆਂ ਹਨ। ਗੁਗੇ ਦੇ ਭਗਤ ਔਰ ਸਿੱਖ ਵਧ ਹਿੰਦੂ ਹੀ ਹਨ। ਪਰ ਮੁਸਲਮਾਨ ਇਨ੍ਹਾਂ ਪੀਰਾਂ ਨੂੰ ਘਟ ਹੀ ਮੰਨਦੇ ਹਨ। ਇਸੇ ਤਰ੍ਹਾਂ ਸੈਂਕੜੇ ਸ਼ੇਖਾਂ ਦੀਆਂ ਕਬਰਾਂ ਪੂਜੀਂਦੀਆਂ ਹਨ। "ਖਵਾਜਾ ਖਿਜ਼ਰ" ਜਿਸ ਦਾ ਇਸ ਲੇਖ ਵਿਚ ਖਾਸ ਜ਼ਿਕਰ ਕਰਨਾ ਹੈ।' ਇਸ ਦਾ ਅਸਲ ਨਾਮ ਸ਼ੇਖ ਤਾਹਿਰ ਸੀ। ਇਸਲਾਮ ਰਾਜ ਸਮੇਂ ਇਹ ਭਾਰਤ ਵਿਚ ਆਇਆ, ਇਸ ਨੇ ਲਖਾਂ ਹਿੰਦੂਆਂ ਨੂੰ ਮੁਸਲਮਾਨ ਬਣਾਇਆ। ਇਸ ਦੀ ਗੱਦੀ ਅਜਮੇਰ ਵਿਚ ਹੈ, ਇਹ ਗੱਦੀ ਖਵਾਜਾ ਮੁਹਈਨ ਦੀਨ ਚਿਸ਼ਤੀ ਦੀ ਕਹੌਂਦੀ ਹੈ। ਰਾਜਪੂਤਾਨੇ ਵਿਚ ਲੱਖਾਂ

ਰਾਜਪੂਤ ਇਸ ਗੱਦੀ ਦੀ ਮਨੌਤ ਕਰਕੇ 'ਮੁਸਲਮਾਨ ਬਣੇ ਸਨ। ਇਹ ਸ਼ੇਖ ਸੰਨ ੧੧੧੬ ਈ: ਵਿੱਚ ਅਜਮੇਰ ਆਇਆ ਔਰ ਬਰਾਬਰ ਸੱਤਰ ਸਾਲ ਇਸ ਨੇ ਇਸਲਾਮ ਮਤਿ ਦਾ ਪ੍ਰਚਾਰ ਕੀਤਾ। ਇਸ ਨੇ ਅਜਮੇਰ ਦੇ ਹਿੰਦੂ ਮਹੰਤਾਂ ਨੂੰ ਮੁਸਲਮਾਨ ਬਣਾਇਆ, 'ਜੋ ਵੱਡੇ ਪ੍ਰਸਿਧ ਹਿੰਦੂ ਮਹੰਤ ਸਨ। ਜਿਸ ਕਾਰਨ ਉਨ੍ਹਾਂ ਦੇ ਸਿੱਖ ਭੀ ਮੁਸਲਮਾਨ ਬਣੇ। ਇਸ ਸ਼ੇਖ ਦੀ ਪੁਤਰੀ ਹਾਫਜਾਂ ਨੇ ਸਾਰੀ ਉਮਰ ਪ੍ਰਚਾਰ ਕਰਕੇ ਲੱਖਾਂ ਹਿੰਦੂ ਔਰਤਾਂ ਨੂੰ ਇਸਲਾਮ ਵਿਚ ਲਿਆਂਦਾ। ਅਜ ਕਲ 'ਉਸ ਸ਼ੇਖ ਤਾਹਿਰ ਦੇ ਮਕਬਰੇ ਯਾਂ ਕਬਰ ਨੂੰ' ਖਵਾਜਾ ਖਿਜਰ ਦੀ ਦਰਗਾਹ ਕਿਹਾ ਜਾਂਦਾ ਹੈ। ਉਸ ਦੀ ਗੱਦੀ ਪਰ ਕਿਤਨੇ ਹੀ ਪੀਰ ਪ੍ਰਚਾਰਕ ਪੈਦਾ ਹੋਏ। ਅਜ ਕਲ ਭੀ ਲਖਾਂ ਹਿੰਦੂ ਅਤੇ ਮੁਸਲਮਾਨ ਇਕੱਠੇ ਪੂਜਾ ਕਰਦੇ ਹਨ। ਖਵਾਜਾ ਖਿਜ਼ਰ ਦਾ ਮੁਰਸ਼ਦ ਅਬਦੁਲ ਕਾਦਰ ਸੀਲਾਨੀ ਪ੍ਰਸਿੱਧ ਪੀਰ ਸੀ। ਸ਼ੇਖ ਤਾਹਿਰ (ਖਵਾਜਾ ਖਿਜਰ) ਨੇ ਸੰਨ ੧੨੩੫ ਵਿਚ ਚਲਾਣਾ ਕੀਤਾ ਸੀ। ਪਿਛੋਂ ਭੀ ਪ੍ਰਚਾਰ ਹੁੰਦਾ ਰਿਹਾ ਹੈ। ਇਸ ਗੱਦੀ ਨੂੰ ਇਸਲਾਮ ਮਤਿ ਦੇ ਬਾਦਸ਼ਾਹ ਔਰ ਹਾਕਮ ਮੰਨਦੇ ਆਏ ਹਨ। ਔਰ ਬੇਸ਼ੁਮਾਰ ਰੁਪਿਆ ਦਿੰਦੇ ਸਨ। ਖਵਾਜਾ ਖਿਜ਼ਰ ਦੀ ਦਰਗਾਹ ਦੀ ਜ਼ਿਆਰਤ ਨੂੰ ਹੁਣ ਭੀ ਵਧੇਰੇ ਮੁਸਲਮਾਨ ਦੇਸ਼ ਪ੍ਰਦੇਸ ਦੇ ਜਾਂਦੇ ਹਨ। ਕਿਤਨੇ ਹਿੰਦੂ ਭੀ ਜ਼ਿਆਰਤ ਕਰਦੇ ਹਨ। ਇਸ ਲਿਖਤ ਦਾ ਮੁਦਾ ਇਹ ਹੈ ਕਿ ਬੇਸ਼ਕ ਤਲਵਾਰ ਤੇ ਹਕੂਮਤ ਦੇ ਜ਼ੋਰ ਨਾਲ ਲੱਖਾਂ ਮੁਸਲਮਾਨ ਬਣੇ। ਪਰ ਇਨ੍ਹਾਂ ਸ਼ੇਖਾਂ ਨੇ ਭੀ ਲਖਾਂ ਬਣਾਏ ਸਨ। ਖਵਾਜ਼ਾ ਖਿਜ਼ਰ ਦੇ ਪੁਜ ਰੀ, ਸੁਲਤਾਨੀਏ, ਮਾਲੇਰ ਕੋਟਲੇ ਦੇ ਪੀਰ ਦੇ ਉਪਾਸ਼ਕ, ਵਰਣ ਦੇਵਤੇ ਦੇ (ਖਵਾਜਾ ਖਿਜ਼ਰ) ਮੰਨਣ ਵਾਲੇ ਇਸ ਤਰ੍ਹਾਂ ਪੰਜ ਪੀਰੀਏ ਹਿੰਦੂ ਲੋਕ ਕੁਠਾ ਮਾਸ 'ਮੁਸਲਮਾਨਾਂ ਪਾਸੋਂ ਲੈ ਕੇ ਖਾਂਦੇ ਔਂਦੇ ਹਨ।' ਕਾਇਦੇ ਮੂਜਬ ਐਸੇ ਹਿੰਦੂ ਨੀਮ ਮੁਸਲਮਾਨ ਹੀ ਕਹੇ ਜਾ ਸਕਦੇ ਹਨ। ਅਜਮੇਰ ਵਾਲੇ ਖਵਾਜਾ ਖਿਜ਼ਰ ਦੀ ਇਤਨੀ ਮਨੌਤ ਸੀ ਕਿ ਮੁਸਲਮਾਨ ਬਾਦਸ਼ਾਹ ਆਪਣੀ ਕਮਾਣਾਂ ਚੜ੍ਹਾਕੇ ਇਥੇ ਗੱਦੀ ਦੀ ਰਸਮ ਅਦਾ ਕਰਦੇ ਸਨ। ਮਜਾਵਰ ਰੁਪਏ ਲੈ ਕੇ ਇਕ ਸੁਰੰਗ ਰਾਹੀਂ ਕਮਾਣਾ ਚੜ੍ਹਾ ਦਿੰਦੇ ਸਨ।

ਬਾਦਸ਼ਾਹ ਔਰੰਗਜ਼ੇਬ ਨੇ ਇਨ੍ਹਾਂ ਦੀ ਠੱਗੀ ਨੂੰ ਨੰਗੇ ਕਰ ਦਿਤਾ ਸੀ 'ਜਦੋਂ ਕਿ ਸ਼ਾਹਜ਼ਾਦਾ ਦਾਰਾ ਦੀ ਕਮਾਨ ਚੜ੍ਹਾਈ ਸੀ।'

੨੧. ਇਸਲਾਮੀ ਫਿਰਕੇ

ਮੁਸਲਮਾਨਾਂ ਵਿਖੇ ਆਮ ਤੌਰ ਪਰ ਦੋ ਹੀ ਪ੍ਰਸਿਧ ਫਿਰਕੇ ਮੰਨੇ ਗਏ ਹਨ। ਜਿਨ੍ਹਾਂ ਦੇ ਨਾਮ ਸੁੰਨੀ ਔਰ ਸ਼ੀਆ ਹਨ। ਸੁੰਨੀ ਤੋਂ ਭਾਵ ਜੋ ਹਜ਼ਰਤ ਮਹੰਮਦ ਸਾਹਿਬ ਦੀ ਸੁੰਨਤ ਨੂੰ ਮੰਨਦਾ ਹੈ। ਸੁੰਨੀ ਲੋਕ ਚਾਰ ਯਾਰਾਂ ਨੂੰ ਕ੍ਰਮਵਾਰ ਖਲੀਫੇ ਮੰਨਦੇ ਹਨ। ਇਹ ਹਜ਼ਰਤ ਅਲੀ ਵਿਚ ਕੋਈ ਵਾਧਾ ਨਹੀਂ ਸਮਝਦੇ! ਸੁੰਨੀਆਂ ਦੇ ਚਾਰ ਇਮਾਮ ਪ੍ਰਸਿਧ ਹਨ ਅਬੂਹਨੀਫਾ, ਸਾਫੀ, ਮਾਲਿਕ, ਅਹਮਦ ਇਬਨਹੰਬਲ। ਭਾਈ ਗੁਰਦਾਸ ਜੀ ਨੇ ਇਨ੍ਹਾਂ ਨੂੰ ਹੀ ਚਾਰ ਮਜ਼੍ਹਬਾਂ ਵਿਚ ਮੰਨਿਆ ਹੈ। ਚਾਰ ਵਰਣ ਚਾਰ ਮਜ਼ਹਬਾ ਜਗ ਵਿਚ ਹਿੰਦੂ ਮੁਸਲਮਾਣੇ। ਗਿਣਤੀ ਅਨੁਸਾਰ ਸ਼ੀਆ ਨਾਲੋਂ ਸੁੰਨੀ ਵਧ ਹਨ। ਸ਼ੀਆ ਮੁਸਲਮਾਨ ਹਜ਼ਰਤ ਮੁਹੰਮਦ ਸਾਹਿਬ ਦੇ ਦਾਮਾਦ ਅਲੀ ਦੇ ਪੈਰੋਕਾਰ ਹਨ। ਇਹ ਅਸਲੀ ਖਲੀਫਾ ਅਲੀ ਨੂੰ ਮੰਨਦੇ ਹਨ ਤੇ ਆਖਦੇ ਹਨ ਕਿ ਪਹਿਲੇ ਤਿੰਨੇ ਖਲੀਫੇ ਹਜ਼ਰਤ ਸਾਹਿਬ ਦੇ ਜਾਨਸ਼ੀਨ ਨਹੀਂ ਸਨ। ਸੁਨੀ ਲੋਕ ਸ਼ੀਆ ਫਿਰਕੇ ਨੂੰ ਰਾਫਜੀ ਕਹਿੰਦੇ ਹਨ ਜਿਸ ਦਾ ਭਾਵ ਹੈ ਤਿਆਗੀ ਅਥਵਾ ਸਤ ਦੇ ਤਿਆਗਣ ਵਾਲੇ। ਸੋ ਇਹ ਭਾਰੀ ਇਖਤਲਾਫ ਹੈ। ਸ਼ੀਆ ਲੋਕ ਹੀ ਹਜ਼ਰਤ ਹੁਸੈਨ ਦੀ ਯਾਦਗਾਰ ਵਿਚ ਤਾਜੀਏ ਮਹੱਰਮਾਂ ਵਿਚ ਮਨਾਉਂਦੇ ਹਨ ਔਰ ਭਾਰੀ ਸ਼ੋਕ ਮਨਾਉਂਦੇ ਹਨ। ਵੈਸੇ ਮੁਸਲਮਾਨਾਂ ਵਿਚ ਬਹਤਰ ਪਰਸਿਧ ਫਿਰਕੇ ਬਣ ਗਏ ਹਨ ਜਿਨ੍ਹਾਂ ਦਾ ਸੰਖੇਪ ਹਾਲ ਅਗੇ ਦਿਤਾ ਜਾਂਦਾ ਹੈ :—

ਇਸਲਾਮ ਮਤਿ ਦੇ ਬਹਤਰ ਪ੍ਰਸਿਧ ਫਿਰਕੇ ਹਨ। ਇਹ ਹਨ ਮੁਹੰਮਦ ਸਾਹਿਬ ਦੇ ਸਾਹਮਣੇ ਹੀ ਬਣਨੇ ਸ਼ੁਰੂ ਹੋ ਗਏ ਸਨ। ਹਦੀਸ ਤਿਮਰਜੀ ਅਨੁਸਾਰ ਮੁਹੰਮਦ ਸਾਹਿਬ ਨੇ ਕਿਹਾ ਸੀ। ਬਨੀ ਇਸਰਾਈਲ ਦੇ ਤਿਹਤਰ ਫਿਰਕੇ

ਹੋਵਣਗੇ ਪਰ ਇਕ ਤੋਂ ਛੁਟ ਬਾਕੀ ਸਾਰੇ ਨਰਕਾਂ ਵਿਚ ਜਾਣਗੇ। ਬਹਿਸ਼ਤਾਂ ਵਿਚ ਕੇਵਲ ਇਕੋ ਜਾਵੇਗਾ ਜੋ ਮੇਰੀ ਔਰ ਮੇਰੇ ਸਹਾਬਾਂ ਦੀ ਮਰਯਾਦਾ ਵਿਚ ਚਲੂਗਾ। 'ਇਸ ਕਥਨ ਮੂਜਬ ਸੁੰਨੀ ਲੋਕ ਸਮਝਦੇ ਹਨ ਕਿ ਬਹਿਸ਼ਤਾਂ ਵਿਚ ਲੈ ਜਾਣ ਵਾਲੇ ਸੁੰਨੀ ਫਿਰਕੇ ਦੇ ਨਿਯਮ ਹਨ। ਬਹਤਰ ਫਿਰਕਿਆਂ ਦੀ ਮੁਖ ਅੱਠ ਸ਼ਰੇਣੀਆਂ ਹਨ। ਅੱਠਾਂ ਦੀ ਸ਼ਾਖਾਂ ਅਗੇ ਤੋਂ ਅਗੇ ਹਨ। ਜਿਹਾ ਕਿ ਮੁਅਤਜਿਲਹ ਸ਼ੀਆ, ਖਵਾਰਿਜ, ਮੁਰਜੀਯਹ, ਨਜ਼ਾਰੀਯਹ, ਜ਼ਬਰੀਯਹ, ਕੁਦਰੀਯਹ, ਮੁਸ਼ਬੀਹ ਇਹ ਅਠੇ ਸ਼ਰੇਣੀਆਂ ਅਗੇ ਫੈਲੀਆਂ ਹਨ ਜਿਹਾ ਕਿ (੧) ਫਿਰਕਾ ਮੁਅਤਜਿਲਹ, ਭਾਵ ਕਿਨਾਰਾ ਕਰਨੇ ਵਾਲੇ ਇਹ ਦੂਜੀ ਹਿਜਰੀ ਵਿਚ ਵਾਸਿਲ ਬਿਨਅਤਾ ਨੇ ਚਲਾਇਆ ਸੀ। ਇਸ ਦੀਆਂ ਇਕੀ ਸ਼ਾਖਾਂ ਅਗੇ ਚਲੀਆਂ ਅਤੇ ਸ਼ੀਆ ਦੀਆਂ ਚੌਬੀਸ ਸ਼ਾਖਾਂ (ਫਿਰਕੇ) ਚਲੀਆਂ ਹਨ। ਸ਼ੀਆ ਲੋਕ ਇਮਾਮ ਅਲੀ ਦੇ ਪੈਰੋਕਾਰ ਹੈਨ। ਇਸ ਮਤਿ ਦਾ ਬਾਨੀ ਅਬਦੁਲ ਬਿਨਾ ਸਬਾ ਹੈ। ਇਹ ਮੰਨਦੇ ਹਨ ਕਿ ਹਜ਼ਰਤ ਅਲੀ ਮਰੇ ਨਹੀਂ ਔਰ ਹਜ਼ਰਤ ਮੁਹੰਮਦ ਸਾਹਿਬ ਫਿਰ ਸੰਸਾਰ ਵਿਚ ਆਉਣਗੇ। ਇਨ੍ਹਾਂ ਦੇ ਚੌਬੀਸ ਭੇਦ ਹਨ। ਅਗੇ ਖਵਾਰਜ ਮੁਖੀ ਫਿਰਕਾ ਹੈ ਇਨ੍ਹਾਂ ਦੇ ਅਗੇ ਸਤ ਫਿਰਕੇ ਬਝ ਗਏ ਹਨ।

ਜਿਸ ਸਮੇਂ ਹਜ਼ਰਤ ਅਲੀ ਜੰਗ ਕਰਦਾ ਸੀ ਉਸ ਵੇਲੇ ਕੁਝ ਲੋਕ ਇਨ੍ਹਾਂ ਤੋਂ ਅਡ ਹੋ ਗਏ। ਜਿਨ੍ਹਾਂ ਦਾ ਫਿਰਕਾ ਵੱਖ ਹੋ ਗਿਆ ਸੀ। ਜੰਗ ਅਮੀਰ ਮੁਆਵੀਯਹ ਨਾਲ ਸੀ। ਇਸ ਤੋਂ ਵਖਰਾ ਚੌਥਾ ਮੁਖੀ ਫਿਰਕਾ ਮੁਰਾਜੀਯਹ ਹੈ। ਭਾਵ ਹਸਾਨ ਬਿਨ ਬਲਾਲ ਮੁਰਜੀ ਦਾ ਫਿਰਕਾ ਇਹ ਕੇਵਲ ਖੁਦਾ ਔਰ ਰਸੂਲ ਪਰ ਨਿਸਚਾ ਰਖਦਾ ਹੈ। ਜਾਨਸ਼ੀਨ ਨੂੰ ਨਹੀਂ ਮੰਨਦਾ। ਇਸ ਫਿਰਕੇ ਦੇ ਅਗੇ ਦਸ ਭੇਦ ਹਨ। ਇਸ ਥਾਂ ਅਗੇ ਪੰਜਵਾਂ ਸੁਖੀ ਨਜ਼ਾਰੀਯਹ ਫਿਰਕਾ ਹੈ, ਇਹ ਹੁਸੈਨ ਬਿਨ ਮੁਹੰਮਦ ਬਿਨ ਅਬਦੁਲਾ ਨਜ਼ਾਰ ਦਾ ਚਲਾਇਆ ਫਿਰਕਾ ਹੈ। ਇਨ੍ਹਾਂ ਦੇ ਨਿਜ਼ਾਮ ਖਲੀਫਿਆਂ ਬਾਰੇ ਨੇਮ ਸੁੰਨੀਆਂ ਨਾਲ ਰਲਦੇ ਹਨ।

ਇਸ ਦੇ ਅਗੇ ਚਾਰ ਫਿਰਕੇ ਬਣੇ ਹਨ। ਅਗੇ ਪੰਜਵੇਂ ਮੁਖੀ ਫਿਰਕੇ ਦਾ ਨਾਮ 'ਜ਼ਬਰੀਯਹ' ਹੈ। ਇਨ੍ਹਾਂ ਦਾ ਮੁਖ ਉਦੇਸ਼ ਹੈ ਕਿ ਸ਼ੁਭ ਅਸ਼ੁਭ ਕਰਮ ਕਰਨ ਵਿਚ ਮਨੁਖ ਬੇਵਸ ਹੈ ਸਭ ਪਰੇਰਨਾ ਖੁਦਾ ਵਲੋਂ ਹੁੰਦੀ ਹੈ। ਇਸ ਦੇ ਅਗੇ ਚਾਰ ਭੇਦ ਹਨ। ਛੀਵਾਂ ਮੁਖੀ ਫਿਰਕਾ ਜ਼ਰਾਰੀਯਹ ਹੈ, ਭਾਵ ਜ਼ਰਾਰ ਬਿਨ ਉਮਰ ਅਨਗਾਮੀ ਦਾ, ਇਹ ਸਮਝਦੇ ਹਨ ਕਿ ਕਿਆਮਤ ਦੇ ਦਿਨੀਂ ਖੁਦਾ ਦਾ ਦੀਦਾਰ ਹੋਊਗਾ। ਉਹ ਨੇਤ੍ਰ ਹੋਰ ਹੋਣਗੇ, ਜੋ ਦਰਸ਼ਨ ਕਰਣਗੇ। ਇਸ ਦੀਆਂ ਸਾਖਾਂ ਨਹੀਂ ਹਨ। ਅਗਲਾ ਹੈ ਕਦਰੀਯਹ ਇਹ ਫਿਰਕਾ ਮਸ਼ਬਿਕ ਬਿਨ ਖਲਾਲ ਜਹਨੀ ਨੇ ਚਲਾਇਆ ਸੀ। ਇਹ ਨਿਸ਼ਚਾ ਰਖਦੇ ਹਨ ਕਿ ਸ਼ੁਭ ਅਸ਼ੁਭ ਕਰਮ ਜੀਵ ਆਪ ਹੀ ਕਰਦਾ ਹੈ ਖੁਦਾ ਦਾ ਕੋਈ ਦਖਲ ਨਹੀਂ ਹੈ। ਇਹ ਸੰਨ ਅੱਸੀ ਵਿਚ ਹੋਇਆ ਸੀ।

ਅਗੇ ਹੈ ਮੁਖੀ ਫਿਰਕਾ ਮੁਸਬੀਹ ਇਹ ਫਿਰਕਾ ਖੁਦਾ ਨੂੰ ਆਦਮੀ ਦੀ ਭਾਂਤ ਬੋਲਣ ਚਾਲਣ ਵਾਲਾ ਮੰਨਦਾ ਹੈ ਉਸ ਦੀ ਸ਼ਕਲ ਆਦਮੀ ਜੈਸੀ ਹੈ ਤਦੇ ਮੁਸ਼ਬੀਹ ਤੋਂ ਭਾਵ ਸਾਮਾਨ ਯਾਂ ਬਰਾਬਰੀ ਹੈ। ਇਸ ਤਰ੍ਹਾਂ ਬਹਤਰ ਫਿਰਕੇ ਹਨ। ਅਜ ਕਲ ਸੈਂਕੜੇ ਹੋਣਗੇ। ਜੋ ਭੀ ਸਿਆਣਾ ਪੁਰਸ਼ ਹੋਇਆ ਹੈ ਉਸੀ ਨੇ ਆਪਣਾ ਫਿਰਕਾ ਚਲਾ ਲਿਆ। ਫਿਰਕੇ ਅਸਲੀਅਤ ਨੂੰ ਛਡ ਕੇ ਮਨਮਤਾਂ ਨਾਲ ਬਣਦੇ ਹਨ।

ਇਸਲਾਮ ਮਤਿ ਦੇ ਮੁਖ ਨਿਯਮ ਇਕਰ ਦੇ ਹਨ, ਸਿਰ ਝੁਕੌਣਾ, (ਸਿਜਦਾ) ਖੁਦਾ ਦਾ ਹੁਕਮ ਮੰਨਣਾ। ਇਸਲਾਮ ਮਤਿ ਦੇ ਧਾਰਨੇ ਵਾਲੇ ਨੂੰ ਮੁਸਲਿਮ ਯਾਂ ਮੁਸਲਮਾਨ ਕਹਿੰਦਾ ਹੈ। ਇਸਲਾਮ ਪੰਜ ਵੇਲੇ ਨਿਮਾਜ ਗੁਜ਼ਾਰਨੀ ਜ਼ਕਾਤ (ਖੈਰਾਤ) ਦੇਣੀ, ਮਹੀਨਾ ਰਮਜ਼ਾਨ ਦਾ ਰੋਜਿਆ ਮੰਨਣਾ, ਮੱਕੇ ਅਰਥਾਤ ਕਾਬੇ ਦਾ ਹਜ ਕਰਨਾ। ਇਨ੍ਹਾਂ ਪੰਜਾਂ ਨਿਯਮਾਂ ਤੋਂ ਬਿਨਾ ਜੋ ਪੁਰਸ਼ ਰਸੂਲ ਮਹੰਮਦ ਔਰ ਖੁਦਾ ਦੇ ਫਰਿਸ਼ਤੇ ਅਰ ਕੁਰਾਨ ਦੇ ਅੰਤਮ ਫੈਸਲੇ ਮੰਨਦਾ ਹੈ ਅਤੇ ਖੁਦਾ ਦਾ ਪਕਾ ਵਿਸ਼ਵਾਸੀ ਹੈ ਉਸ ਨੂੰ ਮੋਮਿਨ ਅਰਥਾਤ ਸ਼ੁਧਾਵਾਨ ਮੁਸਲਮਾਨ ਆਖੀਦਾ ਹੈ। ਮੁਸਲਮਾਨ ਮਜ਼ੁਬ

ਸ਼ਰਾ (ਸ਼ਰੀਅਤ) ਦੇ ਕਾਰਨ ਬਹੁਤ ਪੱਕਾ ਮਜ਼੍ਹਬ ਹੈ ।

ਵਹਾਬੀ ਮੁਸਲਮਾਨ ਦਾ ਫਿਰਕਾ ਅਬਦੁਲ ਵਹਾਬ ਦੇ ਬੇਟੇ ਮੁਹੰਮਦ ਨੇ ਚਲਾਇਆ ਜੋ ਮੁਸਲਮਾਨਾਂ ਦਾ ਇਕ ਪ੍ਰਸਿੱਧ ਫਿਰਕਾ ਹੈ। ਇਹ ਵਿਦਯਵਾਨ ਅਰਬ ਦੇਸ਼ ਦੇ ਨਜਦ ਭਾਗ ਦੇ ਆਯਨ ਨਾਮੀ ਸਥਾਨ ਵਿਚ ੧੬੯੧ ਈ : ਜਨਮਿਆ ਸੀ । ਇਸਨੇ ਹੰਬਲਾ ਫਿਰਕੇ ਦੇ ਨਿਯਮਾਂ ਅਨੁਸਾਰ ਇਸਲਾਮ ਦੀ ਸੰਥਿਆ ਲਿਤੀ ਸੀ । ਮਦੀਨੇ ਆਦਿ ਨਗਰਾਂ ਵਿਚ ਇਸ ਨੇ ਫਿਰਕੇ ਕਾਫੀ ਪ੍ਰਚਾਰ ਕੀਤਾ । ਇਸ ਦਾ ਮੁਦਾ ਸੀ ਕਿ ਖੁਦਾ ਨਾਲ ਪੀਰਾਂ ਪੈਗੰਬਰਾਂ ਨੂੰ ਸਮਾਨ ਨਾ ਕਰੋ। ਖੁਦਾ ਇਕੋ ਹੈ ਅਰ ਉਹ ਵਾਹੁਦਲਾਸ਼ਰੀਕ ਹੈ । ਮੁਹੰਮਦ ਸਾਹਿਬ ਦੀ ਕਬਰ ਦੀ ਪੂਜਾ ਨਾ ਕਰੋ, ਤਸਬੀ ਨਾਲ ਖੁਦਾ ਦਾ ਨਾਮ ਗਿਣਕੇ ਨਾ ਜਪੋ। ਮੁਹੰਮਦ ਸਾਹਿਬ ਦੇ ਜਨਮ ਦਿਨ ਨੂੰ ਨਾ ਮਨਾਓ । ਬੇਸ਼ੁਮਾਰ ਮੁਸਲਮਾਨ ਇਸ ਦੇ ਸਿਧਾਂਤ ਦੇ ਮੰਨਣ ਹਿਤ ਕਾਇਲ ਹੋ ਗਏ ਸਨ । ਵਾਬੀ ਫਿਰਕਾ ਸਾਰੇ ਪਾਸੀਂ ਵਧ ਗਿਆ ਸੀ । ਇਹ ਲੋਕ ਹਜਾਮਤਾਂ ਨਹੀਂ ਕਰਵਾਉਂਦੇ, ਸਾਬਤ ਕੇਸ ਰਖਦੇ ਹਨ ਇਸ ਮੁਹੰਮਦ ਸਾਹਿਬ ਦਾ ਅੰਤ ਸੰਨ ੧੭੬੫ ਵਿਚ ਹੋਇਆ । ਇਸ ਦੇ ਸਪੁਤਰ ਅਬਦੁਲ ਅਜ਼ੀਜ਼ ਨੇ ਵਾਹਬੀ ਮਤਿ ਦਾ ਬਹੁਤ ਪ੍ਰਚਾਰ ਕੀਤਾ ਇਸ ਦੇ ਪੋਤਰੇ ਸ਼ਾਅਦ ਨੇ ਮੱਕਾ ਮਦੀਨਾ ਆਦਿ ਫਤਹ ਕਰਕੇ ਕਈ ਸਾਲ ਹਕੂਮਤ ਕੀਤੀ । ਵਹਾਬੀ ਲੋਕ ਮੁਵਹਿਦ ਅਰਥਾਤ ਇਕ ਖੁਦਾ ਦੇ ਪੁਜਾਰੀ ਕਹੌਂਦੇ ਹਨ । ਦੂਜਿਆਂ ਨੂੰ ਢਿੱਲੜ ਮੰਨਦੇ ਹਨ ।

੨੨. ਇਸਲਾਮ ਮਤਿ ਦੇ ਬਜ਼ੁਰਗ

ਮੁਸਲਮਾਨਾਂ ਵਿਚ ਦਿਕਪਾਲਾਂ ਦੇ ਮੁਕਾਬਲੇ ਅਬਦਾਲ ਮੰਨੇ ਹਨ । ਦਿਕਪਾਲ ਚਾਰੇ ਪਾਸੀਂ ਹਨ, ਪਰ ਮੁਸਲਮਾਨ ਸਤਰ (੭੦) ਅਬਦਾਲ ਮੰਨਦੇ ਹਨ ਜਿਨ੍ਹਾਂ ਵਿਚੋਂ ਚਾਲੀ ਸਾਮ (ਸੋਰੀਆ) ਵਿਚ ਔਰ ਤੀਹ ਹੋਰ ਥਾਵੀਂ ਰਹਿੰਦੇ ਹਨ । ਅਬਦਾਲਾਂ ਦੇ ਪਰਧਾਨਾਂ ਨੂੰ ਗੌਸ ਕਹਿੰਦੇ ਹਨ

ਦਸਿਆ ਹੈ ਕਿ ਇਨ੍ਹਾਂ ਦੀ ਬੰਦਗੀ ਔਰ ਸ਼ਕਤੀ ਕਰਕੇ ਸੰਸਾਰ ਕਾਇਮ ਹੈ। ਅਬਦਾਲ ਦੇ ਸ਼ਬਦ ਅਰਥ ਬਦਲਣ ਵਾਲਾ ਹੈ। ਜਦੋਂ ਕੋਈ ਅਬਦਾਲੀ ਮਰ ਜਾਂਦਾ ਹੈ। ਤਾਂ ਉਸ ਦੀ ਜਗਾ ਹੋਰ ਵਲੀ ਨੀਅਤ ਹੁੰਦਾ ਹੈ। ਗੁਰਬਾਣੀ ਵਿਚ ਅਬਦਾਲਾਂ ਬਾਰੇ ਪਰਮਾਣ ਹੈ 'ਮਾਰਫਤਿ ਮਨੁ ਮਾਰਹੁ ਅਬਦਾਲਾ।' ਮਾਰੂ ਸੋਲਹੇ ਮ: ੫ ॥ ਭਾਵ ਮਨ ਨੂੰ ਵਸ ਕਰਨਾ ਅਸਲੀ ਅਬਦਾਲ ਡਿਗਰੀ ਹੈ। ਪੰਜ ਦਰਜਿਆਂ ਵਿਚੋਂ ਅਬਦਾਲ ਇਕ ਦਰਜਾ ਹੈ ਵੈਸੇ ਪੰਜ ਡਿਗਰੀਆਂ ਇਹ ਹਨ 'ਗੌਸ, ਕਲੰਦਰ, ਅਬਦਾਲ, ਕੁਤਬ ਔਰ ਵਲੀ' ਕਈਆਂ ਨੇ ਕੇਵਲ ਚਾਲੀ ਅਬਦਾਲ ਲਿਖੇ ਹਨ। 'ਕਰ ਅਬਦਾਲੀ ਭੇਜਵਾ (ਭੈਰਉ ਨਾਮ ਦੇਵ)।

ਨਾਮ ਦੇਵ ਜੀ ਜੇ ਸ੍ਰੀ ਕ੍ਰਿਸ਼ਨ ਜੀ ਨੂੰ ਅਬਦਾਲ ਭੇਸ ਵਿਚ ਪਰੀਖਿਆ ਸੀ।

ਸੁਲੇਮਾਨ ਪੈਗੰਬਰ ਮੁਸਲਮਾਨਾਂ ਵਿਚ ਪਰਸਿਧ ਤੇ ਸਮੇਂ ਦਾ ਬਾਦਸ਼ਾਹ ਸੀ। ਇਸ ਦਾ ਅੰਤ ਇਕ ਹਜ਼ਾਰ ਤੇ ਤੀਸ ਸਾਲ ਈਸਵੀ ਤੋਂ ਪਹਿਲਾਂ ਹੋਇਆ ਔਰ ਜਨਮ ੯੭੫ ਈਸਵੀ ਤੋਂ ਪਹਿਲੇ ਦਾ ਦਸੀਦਾ ਹੈ। ਇਕ ਕਥਾ ਅਨੁਸਾਰ ਇਸ ਨੇ ਚਾਲੀ ਸਾਲ ਯਰੂਸਲਮ ਵਿਚ ਰਾਜ ਕੀਤਾ ਸੀ। ਸੰਸਾਰ ਪਰਸਿਧ ਯਹੂਦੀ ਔਰ ਈਸਾਈਆਂ ਦਾ ਮੰਦਰ ਏਸੇ ਨੇ ਬਣਵਾਇਆ ਸੀ। ਸੁਲੇਮਾਨ ਦੀ ਕਬਰ ਯੂਰਸਲਮ ਵਿਚ ਹੈ। ਇਹ ਹਜ਼ਰਤ ਦਾਊਦ ਬਾਦਸ਼ਾਹ ਦਾ ਬੇਟਾ ਸੀ। ਮਾਤਾ ਦਾ ਨਾਮ ਬਤਸਬਾ ਸੀ। ਇਹ ਇਸਰਾਈਲੀ ਕੌਮ ਦਾ ਮੁਖੀਆ ਸੀ। ਕੁਰਾਨ ਔਰ ਅੰਜੀਲ ਵਿਚ ਇਸ ਦਾ ਜ਼ਿਕਰ ਹੈ। ਇਹ ਹਰ ਇਕ ਜਾਨਵਰ ਦੀ ਬੋਲੀ ਸਮਝਦਾ ਸੀ। ਇਸ ਦੀ ਸਤ ਸੌ ਇਸਤ੍ਰੀ ਔਰ ਤਿੰਨ ਸੌ ਗੋਲੀਆਂ ਲਿਖੀਆਂ ਹਨ। ਸੁਲੇਮਾਨ ਦੇ ਪੁਤਰ ਰਹਬਯਾਮ ਨੇ ਇਸ ਤੋਂ ਪਿਛੋਂ ਯੂਰਸਲਮ ਵਿਚ ਰਾਜ ਕੀਤਾ। ਬਾਈਬਲ ਵਿਚ ਸੁਲੇਮਾਨ ਦੀ ਕਈ ਕਥਾਵਾਂ ਹਨ। ਦਸਿਆ ਹੈ ਕਿ ਇਹ ਪੰਛੀਆਂ ਪਸ਼ੂਆਂ ਤੋਂ ਬਿਨਾਂ ਕੀੜੀਆਂ ਦੀ ਬੋਲੀ ਭੀ ਸਮਝਦਾ ਸੀ।

ਚਾਰ ਇਮਾਮ ਜਿਨ੍ਹਾਂ ਨੇ ਇਸਲਾਮ ਮਹਿਕਾ ਬਹੁਤ ਪ੍ਰਚਾਰ ਕੀਤਾ

ਤਾਂ ਕੂਫਾ ਨਿਵਾਸੀ ਸਾਬਤ ਦਾ ਬੇਟਾ ਅਬੂਹ ਨੀਫਾ ਇਹ ਸਨ ੮੦ (ਅਸੀ) ਹਿਜਰੀ ਵਿਚ ਹੋਇਆ ਔਰ ਇਕ ਸੌ ਪਚਾਸ ਹਿਜਰੀ ਵਿਚ ਮੋਇਆ। ਮਹਾਨ ਮੰਤਕੀ ਔਰ ਪ੍ਰਸਿਧ ਪ੍ਰਚਾਰਕ ਸੀ। ਦੂਜਾ ਇਮਾਮ ਸਾਫ਼ੀ ਜਿਸ ਦਾ ਪੂਰਾ ਨਾਮ "ਮੁਹੰਮਦ ਇਬਨ ਇਦਰੀਸ ਸ਼ਾਫਈ ਸੀ। ਇਹ ਅਕਲਾਨ ਨਗਰ ਵਿਚ ਇਕ ਸੌ ਪੰਜਾਹ ਹਿਜਰੀ ਵਿਚ ਜਨਮਿਆ ਅਤੇ ਦੋ ਸੌ ਪੰਜ ਹਿਜਰੀ ਵਿਚ ਉਸ ਸਮੇਂ ਦੀ ਮਿਸਰ ਦੀ ਰਾਜਧਾਨੀ ਕਾਹਿਰਾ ਵਿਚ ਕਾਲਵਸ ਹੋਇਆ। ਤੀਜਾ ਸੀ ਮਾਲਿਕ ਇਸ ਦਾ ਪੂਰਾ ਨਾਮ ਇਮਾਮ ਅਬੂ ਅਬਦੁਲਾ ਮਾਲਿਕ ਸੀ। ਇਹ ਵਿਦਵਾਨ ਮਦੀਨੇ ਵਿਖੇ ਚੌਰਾਨਵੇਂ ਹਿਜਰੀ ਵਿਚ ਜਨਮਿਆ, ਔਰ ਮਦੀਨੇ ਵਿਖੇ ਇਕ ਸੌ ਉਠਾਸੀ ਹਿਜਰੀ ਵਿਚ ਮਰਿਆ। ਇਹ ਮਹਾਨ ਵਿਦਯਵਾਨ ਔਰ ਕਠਨ ਤਪੀਆ ਸੀ। ਚੌਥਾ ਇਮਾਮ ਸੀ ਇਬਨਹੰਬਲ। ਇਹ ਵਿਦਯਾਵਾਨ ਬਗਦਾਦ ਵਿਚ ਇਕ ਸੌ ਚੌਂਸਠ ਹਿਜਰੀ ਵਿਚ ਜਨਮਿਆ ਔਰ ਦੋ ਸੌ ਇਤਕਾਲੀ ਹਿਜਰੀ ਵਿਚ ਮੋਇਆ। ਇਹ ਮਹਾਨ ਆਲਮ ਔਰ ਮਹਾਨ ਪ੍ਰਸਿਧ ਪ੍ਰਚਾਰਕ ਸੀ। ਇਨ੍ਹਾਂ ਚਾਰੇ ਇਮਾਮਾਂ ਦੇ ਚਾਰੇ ਫਿਰਕੇ ਹਨ ਜਿਹਾ ਕਿ ਹਨਫੀ, ਸ਼ਾਫਈ ਮਾਲਿਕੀ, ਹੰਬਲੀ। ਇਨ੍ਹਾਂ ਨੂੰ ਹਨਫੀਯਹ, ਸਾਫਯਹ, ਮਾਲਿਕੀਯਹ, ਹੰਬਲੀਅਹ, ਬੋਲਦੇ ਹਨ। ਤੁਰਕ ਕੋਊ ਰਾਫਜੀ ਇਮਾਮ ਸਾਫੀ, ਮਾਨਸ ਕੀ ਜਾਤਿ ਸਭ ਇਕ ਪਹਿਚਾਨਬੋ, ਰਾਫਜੀ ਸ਼ੀਆ ਹਨ। ਔਰ ਇਮਾਮ ਸਾਫੀ ਸੁੰਨੀ ਭੀ ਕਹੇ ਗਏ ਹਨ।

ਇਮਾਮ ਹੁਸੈਨ ਦੇ ਨਾਮ ਪਰ ਜੋ ਤਾਜੀਏ ਬਣ ਕੇ ਦਫਨਾਏ ਜਾਂਦੇ ਹਨ, ਉਨ੍ਹਾਂ ਦੇ ਦਫਨ ਕਰਨ ਦੇ ਅਹਾਤੇ ਨੂੰ ਇਮਾਮ ਬਾੜਾ ਕਹਿੰਦੇ ਹਨ। ਸਾਰਤ ਵਿਚ ਲਖਨਊ ਦਾ ਇਮਾਮ ਬਾੜਾ ਸਭ ਨਾਲੋਂ ਵਡਾ ਔਰ ਸੁੰਦਰ ਹੈ। ਇਮਾਮ ਵਡੇ ਅਚਾਰਯ 'ਧਰਮ ਪ੍ਰਚਾਰਕ ਨੂੰ ਕਹਿੰਦੇ ਹਨ ਪੇਸਵਾਂ ਭੀ ਈਹੋ ਹਨ। ਮੁਸਲਮਾਨਾਂ ਵਿਚ ਇਨਾਂ ਦਾ ਅਤਿ ਸਤਿਕਾਰ ਹੈ।

ਸਿੱਖਾਂ ਵਿਚ ਭਾਈ ਗੁਰਦਾਸ, ਭਾਈ ਮਨੀ ਸਿੰਘ ਔਰ ਮਸੰਦ ਮੰਜੀ ਬਰਦਾਰ ਚਾਰੇ ਸਾਹਿਬਜ਼ਾਦਿਆਂ ਪੰਜ ਪਿਆਰੇ ਆਦਿ ਇਮਾਮ

ਦਾ ਦਰਜਾ ਰਖਦੇ ਹਨ। ਸ਼ਮਸਤ ਬਰੇਜ ਨਾਮ ਦਾ ਸੂਫੀ ਫਕੀਰ ਵਡਾ ਪ੍ਰਸਿਧ ਸੀ। ਇਸ ਦਾ ਅਸਲ ਨਾਮ ਮਖਦੂਮ ਸ਼ਾਹ ਸਮਸ਼ਦੀਨ ਸੀ ਇਸ ਦਾ ਜਨਮ ਪੰਜ ਸੋ ਸਠ ਹਿਜਰੀ ਵਿਖੇ ਗਾਜਨੀ ਦੇ ਇਲਾਕੇ ਸਬਜੁਵਾਰ ਵਿਚ ਹੋਇਆ। ਇਹ ਭਾਰਤ ਦੀ ਯਾਤਰਾ ਕਰਦਾ ਸ਼ਹਿਰ ਮੁਲਤਾਨ ਆਇਆ। ਕਾਜ਼ੀਆਂ ਮੁਲਾਣਿਆ ਨੇ ਅਨਲਹਕ ਦਾ ਨਾਅਰਾ ਸੁਣ ਕੇ ਫਤਵਾ ਘੜਕੇ ਉਥੇ ਦੇ ਮੁਸਲਮਾਨ ਹਾਕਮ ਪਾਸੋਂ ਖਲ੍ਹ ਉਤਰਵਾਈ ਇਸ ਦਾ ਮਕਬਰਾ ਮੁਲਤਾਨ ਹੈ, ਇਸ ਦੇ ਪੈਰੋਕਾਰਾਂ ਨੂੰ ਸ਼ਮਸੀ ਮੁਸਲਮਾਨ ਕਹਿੰਦੇ ਹਨ।

ਇਸੀ ਨਾਮ ਦਾ ਸਾਈਂ ਜੋ ਆਪ ਨੂੰ ਸਮਸ਼ਦੀਨ ਮੁਹੰਮਦ ਕਹੌਂਦਾ ਸੀ ਔਰ ਤਬਰੇਜ਼ ਸ਼ਹਿਰ ਦਾ ਸੀ। ਇਸ ਦਾ ਜਨਮ ਛੀ ਸੌ ਤਿੰਨ ਹਿਜਰੀ ਦਾ ਦਸਿਆ ਹੈ ਇਸ ਨੇ ਇਕ ਵੇਰੀ ਮੁਰਦਾ ਜ਼ਿੰਦਾ ਕਰ ਦਿਤਾ ਸੀ। ਇਸ ਅਪਰਾਧ ਪਿਛੇ ਮੁਲਾਣਿਆ ਨੇ ਇਸ ਨੂੰ ਛੀ ਸੌ ਪੰਜਤਾਲੀ ਹਿਜਰੀ ਵਿਚ ਅਲਾਉਦੀਨ ਮਹਿਮੂਦ ਪਾਸੋਂ ਫਤਵਾ ਮਨਵਾਕੇ, ਖਲੜੀ ਉਤਰ ਵਾਕੇ ਖੂਹ ਵਿਚ ਗਿਰਵਾ ਦਿਤਾ ਸੀ, ਮੁਲਤਾਨ ਵਿਚ ਇਹ ਪ੍ਰਸਿਧ ਕਥਾ ਹੈ ਕਿ ਇਸ ਦੀ ਮਛੀ ਭੁਨਣ ਵਾਸਤੇ ਸੂਰਜ ਨੀਚੇ ਉਤਰ ਆਇਆ ਸੀ। ਮੌਲਾਨਾ ਰੂਮੀ ਇਸ ਮਹਾਤਮਾਂ ਦਾ ਪ੍ਰਸਿਧ ਚੇਲਾ ਸੀ। ਇਨ੍ਹਾਂ ਦੀ ਸੰਪ੍ਰਦਾਇ ਪ੍ਰਚਲਤ ਹੈ। ਸ਼ਕਤੀ ਵਾਲੇ ਸਾਂਈ ਲੋਕ ਸਨ।

ਉਕਤ ਸਾਧੂ ਖਿਆਲੀਆ ਹੀ ਮਨਸੂਰ ਸੀ ਇਹ ਭੀ ਵੇਦਾਂਤੀ ਸੂਫੀ ਫਕੀਰ ਸੀ, ਇਹ ਸ਼ੇਖ ਹੁਸੈਨ ਬਿਨ ਦਾ ਪੁਤਰ ਸੀ। ਇਸ ਸਜਣ ਦਾ ਜਨਮ ਦੇਸ਼ ਈਰਾਜ਼ ਦੇ ਬਿਜੈ ਨਗਰ ਵਿਚ ਹੋਇਆ। ਇਹ ਅਬਲ ਹੁਸੈਨ ਸਰੀ, ਔਰ ਜਦੈਨ ਬਰਾਦਰੀ ਆਦਿ ਸੂਫੀ ਫਕੀਰਾਂ ਦੀ ਸੰਗਤ ਕਰਕੇ ਵੇਦਾਂਤੀ ਹੋ ਗਿਆ। ਅਨਲਹਕ ਦਾ ਨਾਅਰਾ ਲੈਂਦਾ ਸੀ। ਬਸਰਾ ਨਿਵਾਸੀ, ਉਮਰ ਅਦੈਤ ਬਾਦੀ ਦਾ ਚੇਲਾ ਹੋ ਗਿਆ। ਮੁਲਾਣਿਆਂ ਨੇ ਇਸ ਪਰ ਮੌਤ ਦਾ ਫਤਵਾ ਲਗਵਾ ਕੇ ਸੰਨ ੯੨੨ ਈਸਵੀ ਵਿਚ ਬਾਦਸ਼ਾਹ ਪਾਸੋਂ ਸੂਲੀ ਟੰਗਵਾ ਦਿਤਾ ਸੀ। ਇਸ ਦਾ ਪਰਸਿਧ ਮਿਤਰ ਸ਼ਿਬਲੀ ਦਸਿਆ

ਹੈ ਅੰਤਮ ਸਵਾਸਾਂ ਤਕ ਮਨਸੂਰ ਆਪਣੇ ਸਾਰੇ ਨਿਸ਼ਚੇ ਤੋਂ ਡੋਲਿਆ ਨਹੀਂ ਸੀ। ਮਨਸੂਰ ਰੱਬ ਨੂੰ ਪਹੁੰਚੀ ਹੋਈ ਸੰਸਾਰ ਪਰਸਿਧ ਹਸਤੀ ਸੀ।

ਮੁਸਲਮਾਨਾਂ ਵਿਚ ਸੂਫੀ ਇਕ ਫ਼ਿਰਕਾ ਹੈ ਜੋ ਕਿ ਵੇਦਾਂ ਤੇ ਔਰ ਇਸਲਾਮ ਦੀ ਸਾਂਝ ਹੋ ਚਲਿਆ ਹੈ। ਇਸ ਦਾ ਆਰੰਭਕ ਬਹਾਉਦੀਨ ਸ਼ਾਮ ਹੈ। ਇਹ ਤੇਰਵੀਂ ਈਸਵੀ ਸੰਨ ਦੇ ਸ਼ੁਰੂ ਵਿਚ ਹੋਇਆ ਹੈ। ਅਸਲੋਂ ਜੋ ਵੇਦਾਂਤੀ ਮਸਲਮਾਨ ਬਣਾਏ ਗਏ, ਉਨ੍ਹਾਂ ਨੇ ਵੇਦਾਂਤ ਮਤਿ ਨੂੰ ਚਿਤੋਂ ਨਹੀਂ ਤਿਆਗਿਆ ਸੀ। ਸੂਫੀ ਕਹਿੰਦੇ ਹਨ ਕਿ ਖ਼ੁਦਾ ਇਕ ਹੈ ਔਰ ਸਭ ਵਿਚ ਹੈ। ਮਜ਼ਬ ਮੁਕਤੀ ਦਾਤਾ ਨਹੀਂ ਹੈ। ਸਿਰਫ ਜੀਵਨ ਯਾਤਰਾ ਹੈ। ਸਾਰੀ ਦੁਨੀਆਂ ਖ਼ੁਦਾ ਦੀ ਰਜਾ ਔਰ ਪਰੇਰਨਾ ਵਿਚ ਹੈ। ਜੀਵ ਆਤਮਾ ਦੇਹੀ ਥੀਂ ਪਹਿਲਾਂ ਭੀ ਸੀ। ਅੰਤ ਨੇਕੀ ਦੇ ਪ੍ਰਭਾਵ ਨਾਲ ਖ਼ੁਦਾ ਵਿਚ ਲੀਣ ਹੋਸੀ। ਪੂਰਨ ਮੁਰਸ਼ਦ ਮਿਲੇ ਬਿਨਾ ਮੁਕਤੀ ਨਹੀਂ ਮਿਲਦੀ। ਸੂਫੀ ਵੇਦਾਂਤੀਆਂ ਦੀ ਭਾਂਤ ਸਤ ਭੂਮਿਕਾਂ ਗਿਣਦੇ ਹਨ। ਜਗਿਆਸੂ ਨੂੰ ਸਾਲਿਕ ਕਹਿੰਦੇ ਹਨ। ਪਹਿਲੀ ਮੰਜਿਲ 'ਨਾਸੂਤ ਹੈ ਜਿਸ ਵਿਚ ਸ਼ਰੀਅਤ ਮੰਨੀ ਹੈ, ਦੂਜੀ ਮਲਕੂਲ ਅਰਥਾਤ ਮੁਰਸ਼ਿਦ ਦੇ ਤਰੀਕੇ (ਤਰੀਕਤ) ਪਰ ਧਾਰਨਾ। ਤੀਜੀ ਹੈ ਮੰਜ਼ਿਲ ਜਬਰਤ (ਸ਼ਕਤਿ) ਜਿਸ ਵਿਚ ਮਾਰਫਤ (ਗਯਾਨ ਸ਼ਕਤੀ) ਦੀ ਪ੍ਰਾਪਤੀ ਹੈ। ਚੌਥੀ ਹੈ ਫਨਾ (ਅਭਾਵ) ਇਸ ਵਿਚ ਹਕੀਕਤ (ਸਤਯ ਸਰੂਪ) ਦੀ ਪ੍ਰਾਪਤੀ ਹੈ ਚੌਥੀ ਇਕ ਅਵਸਥਾ ਨੂੰ ਵਸਲ ਅਰਥਾਤ ਖ਼ੁਦਾ ਦੇ ਮਿਲਾਪ ਨੂੰ ਮੰਨਦੇ ਹਨ। ਉਸ ਵਿਚ ਸੂਫੀ ਸਹਾਹ ਦੇ ਬੰਧਨਾ ਤੋਂ ਰਹਿਤ ਹੁੰਦੇ ਹਨ। ਸਾਈਂ ਮੀਆਂ ਮੀਰ, ਬੁਲ੍ਹੇ ਸ਼ਾਹ, ਸ਼ੇਖ ਫ਼ਰੀਦ ਆਦਿ ਸਾਂਈ ਸੂਫੀ ਫ਼ਕੀਰ ਕਹਾਉਂਦੇ ਹਨ।

੨੩. ਧਰੂਅ-ਭਗਤ

ਧਰੂਅ ਰਾਜਾ ਉਤਪਾਦ ਦਾ ਪੁਤ੍ਰ ਸੀ, ਇਸਦਾ ਮੱਤ੍ਰਿਆ ਭਾਈ ਉੱਤਮ ਸੀ, ਧਰੂਅ ਦੀ ਮਾਤਾ ਦਾ ਨਾਮ ਸੁਨੀਤਿਔਰ, ਉੱਤਮ ਦੀ ਮਾਤਾ

ਸੁਚਿਤ ਸੀ, ਰਾਜੇ ਨੂੰ ਸਜ ਵਿਆਹੀ ਛੋਟੀ ਰਾਣੀ ਨਾਲ ਵਧ ਪ੍ਰੇਮ ਸੀ। ਧਰੂਅ ਇਕ ਦਿਨ ਪ੍ਰੇਮ ਪਿਆਰ ਕਰਕੇ 'ਆਪਣੇ ਪਿਤਾ ਰਾਜਾ ਉਤਪਾਦ ਦੀ ਗੋਦ ਵਿਚ ਜਾ ਬੈਠਿਆ, ਉਤਮ ਦੀ ਮਾਤਾ ਸੁਚਿਤ ਨੂੰ ਕਰੋਧ ਔਰ ਈਰਖਾ ਨੇ ਅਸ਼ਾਂਤ ਕਰ ਦਿਤਾ, ਉਸ ਨੇ ਆ ਕੇ ਧਰੂਅ ਨੂੰ ਬਾਹਾਂ ਤੋਂ ਫੜਕੇ ਗੋਦੀ ਵਿਚੋਂ ਉਠਾਕੇ ਝਿੜਕ ਦਿਤਾ ਤੇ ਆਖਿਆ, ਗੋਦੀ ਵਿਚ ਬੈਠਣੇ ਦਾ ਤੇਰਾ ਕੋਈ ਹੱਕ ਨਹੀਂ ਹੈ। ਮੇਰਾ ਪੁਤ੍ਰ ਉਤਮ ਹੀ ਰਾਜ ਦਾ ਮਾਲਿਕ ਹੋਵੇਗਾ। ਇਹ ਮਿਤਰਈ ਵਾਲਾ ਸਾੜਾ ਸੀ, ਜਿਵੇਂ ਕਿ ਸ੍ਰੀ ਰਾਮ ਚੰਦਰ ਜੀ ਦੀ ਮਤਰੇਈ 'ਕੈਕਈ ਦਾ ਪ੍ਰਸੰਗ ਹੈ। ਧਰੂਅ ਨੇ ਨਿਰਾਦਰ ਹੋਣ ਪਰ ਆਪਣੀ ਮਾਤਾ ਨੂੰ ਪੁਛਿਆ ਕਿ ਕੀ ਤੂੰ ਰਾਜੇ ਦੀ ਰਾਣੀ ਹੈ ਜਾਂ ਕਿ ਗੋਲੀ ? ਉਸ ਕਿਹਾ ਮੈਂ ਹਾਂ ਤਾਂ ਰਾਣੀ ਪਰ ਪਿਛਲੇ ਜਨਮ ਭਗਤੀ ਨਾ ਕਰਨੇ ਕਰਕੇ ਮੈਂ ਹੁਣ ਗੋਲੀ ਦੀ ਮਾਨਿੰਦ ਹਾਂ। ਧਰੂਅ ਨੇ ਕਿਹਾ ਕਿ ਮਾਤਾ ਜੀ। ਫਿਰ ਮੈਨੂੰ ਰਾਜ ਕਿਵੇਂ ਮਿਲ ਸਕਦਾ ਹੈ ? ਮਾਤਾ ਨੇ ਕਿਹਾ ਭਗਤੀ ਕਰਨ ਨਾਲ। ਸੋ ਇਸ ਉਪਦੇਸ਼ ਨੂੰ ਲੈਕੇ ਧਰੂਅ ਜੋ ਕਿ ਅੱਠਾ ਨੌਆਂ ਸਾਲਾਂ ਦਾ ਬਾਲਿਕ ਸੀ, ਭਗਤੀ ਲਈ ਜੰਗਲਾਂ ਵਿਚ ਗਿਆ, ਇਹ ਕਥਾ ਭਾਗਵਤ ਆਦਿ ਪੁਰਾਣਾ ਵਿਚੋਂ ਮਿਲਦੀ ਹੈ, ਉਸ ਨੂੰ ਸਤ ਰਿਸ਼ੀ ਮਿਲੇ ਅਤੇ ਨਾਰਦ ਮੁਨੀ ਨੇ ਗੁਰਮੰਤਰ ਦਿਤਾ।

ਵਿਸ਼ਨੂੰ ਪੁਰਾਣਾ ਅਨੁਸਾਰ ਧਰੂਅ ਨੂੰ ਵਿਸ਼ਨੂੰ ਨੇ ਦਰਸ਼ਨ ਦਿਤਾ, ਉਸ ਦਾ ਤੱਪ ਪਰਵਾਨ ਕਰ ਕੇ ਰਾਜ ਦਿਤਾ। ਦਸਿਆ ਹੈ ਕਿ ਧਰੂਅ ਨੇ ਛੱਤੀਸ ਹਜ਼ਾਰ ਸਾਲ ਰਾਜ ਕੀਤਾ, ਉਸ ਦੇ ਦੋ ਇਸਤ੍ਰੀਆਂ ਇਲਾ ਔਰ ਭ੍ਰਮਿ ਨਾਮ ਦੀਆਂ ਸਨ ਭ੍ਰਮਿ ਤੋਂ ਕਬਪ ਔਰ ਇਲਾ ਤੋਂ ਉਤਫਲ ਪੁਤ੍ਰ ਜਨਮਿਆਂ। ਧਰੂਅ ਦਾ ਭਾਈ ਉਤਮ ਸ਼ਿਕਾਰ ਖੇਡਣ ਸਮੇਂ ਯਾਖਾਂ ਦੇ ਹਥੋਂ ਮਾਰਿਆ ਗਿਆ ਸੀ। ਵਿਸ਼ਨ ਪੁਰਾਣ ਕਹਿੰਦਾ ਹੈ ਕਿ ਵਿਸ਼ਨੂੰ ਨੇ ਧਰੂਅ ਨੂੰ ਅਚੱਲ ਸਥਾਨ ਬਖਸ਼ਿਆ। ਕਈਆਂ ਦਾ ਗ਼ਲਤ ਖਿਆਲ ਹੈ ਕਿ ਧਰੂਅ "ਅਸਮਾਨ ਵਿਚ ਧਰੂਅ ਤਾਰਾ ਹੋਕੇ ਅਟੱਲ ਹੈ" ਔਰ ਇਹ ਵਿਸ਼ਨੂੰ ਭਗਤ ਸੀ "ਗੁਰਬਾਣੀ ਵਿਚ ਪਾਠ ਹੈ ਕਿ ਉਸ ਨੇ ਪਰਭੂ ਦਾ ਸਿਮਰਨ

ਕਰਕੇ ਨਿਰਭੈਪਦ ਪਰਾਪਤ ਕੀਤਾ ਸੀ।

੨੪. ਹੱਜ ਕਰਨੇ ਦੀ ਮ੍ਰਯਾਦਾ

ਮੁਸਲਮਾਨ ਹੱਜ ਨੂੰ ਜਾਂਦੇ ਹਨ, ਮੱਕਾ ਜਿਸ ਵੇਲੇ ਇਕ ਪੜਾਉ ਨੇੜੇ ਹੁੰਦਾ ਹੈ ਤਾਂ ਯਾਤਰੀ ਅਸ਼ਨਾਨ ਕਰਕੇ ਏਹਸਮ ਬੰਨ੍ਹੇ ਭਾਵ ਪਹਿਲੇ ਬਸਤਰ ਉਤਾਰ ਕੇ ਕੇਵਲ ਇਕ ਚਾਦਰਾ ਤੇੜ ਔਰ ਦੂਜਾ ਸਰੀਰ ਉਪਰ ਲਪੇਟੇ, ਜੁਤੀ ਦਾ ਤਿਆਗ ਕਰੇ ਪਰ ਲੱਕੜ ਦੀ ਖੜਾਵਾਂ ਬੇਸ਼ਕ ਪਾ ਲਵੇ। ਗੀਤ ਤਲਬੀਆਂ ਗਾਉਂਦਾ ਹੋਇਆ ਮੱਕੇ ਜਾ ਪਹੁੰਚੇ। ਜੋ ਗੀਤ ਗਾਈਦਾ ਹੈ, ਉਸ ਦਾ ਭਾਵ ਅਰਥ ਇਉਂ ਹੈ। ਮੈਂ ਤੇਰੀ ਸੇਵਾ ਲਈ ਖੜਾ ਹਾਂ, ਤੇਰਾ ਸ਼ਰੀਕ ਕੋਈ ਨਹੀਂ, ਨਿਸਚੇ ਕਰਕੇ ਤੇਰੀ ਹੀ ਉਸਤੱਤ ਹੈ ਅਤੇ ਤੇਰੀ ਹੀ ਬਾਦਸ਼ਾਹਤ (ਹਕੂਮਤ) ਹੈ। ਇਹ ਗੀਤ ਅਰਬੀ ਬੋਲੀ ਵਿਚ ਹੈ।

ਕਾਬੇ ਪਾਸ ਜਾ ਕੇ ਇਸ਼ਨਾਨ ਕਰ ਕੇ ਸੰਗ ਅਸਵਦ (ਕਾਲਾ ਪੱਥਰ) ਨੂੰ ਚੁੰਮਕੇ, ਸਤ ਪਰਕਰਮਾਂ (ਤਵਾਫ) ਕਰਦੇ ਹਨ। ਤਿੰਨ ਚੱਕਰ ਤੇਜ਼ ਚਾਲ ਨਾਲ ਔਰ ਚਾਰ ਚੱਕਰ ਹੌਲੀ ਹੌਲੀ ਲੈਂਦੇ ਹਨ। ਕਾਬੇ ਨੂੰ ਖੱਬੇ ਹੱਥ ਰੱਖਦੇ ਹਨ, ਪਰ ਹਿੰਦੂ ਆਪਣੇ ਮੰਦਰਾਂ ਨੂੰ ਸੱਜੇ ਹੱਥ ਰਖਦੇ ਹਨ। ਹਾਜੀ ਲੋਕ ਕਾਲੇ ਪੱਥਰ ਨੂੰ ਹਰ ਵਾਰੀ ਚੁੰਮਦੇ ਹਨ। ਕਿਹਾ ਜਾਂਦਾ ਹੈ ਕਿ ਕਾਲਾ ਪੱਥਰ ਹਜ਼ਰਤ ਮੁਹੰਮਦ ਸਾਹਿਬ ਨੇ ਉਥੇ ਆਪ ਰਖਿਆ ਸੀ, ਜੋ ਕਿ ਪੱਥਰ ਪੂਜਾ ਦੀ ਭਾਂਤ ਦਾ ਹੀ ਹੈ। ਉਪਰੰਤ ਹਜ਼ਰਤ ਇਬਰਾਹੀਮ ਦੇ ਮੁਕਾਮ ਪੁਰ ਜਾਵੇ, ਜੋ ਕਤੇਬੀ ਮੱਤਾਂ ਦਾ ਵਡੇਰਾ ਹੋਇਆ ਹੈ। ਉਥੇ ਜਾ ਕੇ ਬੇਨਤੀ ਕਰੇ। ਉਥੋਂ ਹਟ ਕੇ ਫਿਰ ਪਹਾੜੀ 'ਸ਼ਫ਼ਾਮਰੂਹ' ਉਪਰ ਜਾ ਕੇ ਅਤੇ ਕਾਬੇ ਦੀ ਤਰਫ ਮੁਖ ਰਖ ਕੇ ਪ੍ਰਾਰਥਨਾ ਕਰੇ। ਉਪਰੰਤ ਮਰਵਾ ਚੋਟੀ ਪਰ ਚੜ੍ਹਕੇ ਬੇਨਤੀ ਕਰੇ। ਫਿਰ ਕਾਬੇ ਵਿਚ ਆ ਕੇ ਕੁਤਬਾ (ਵਖਿਆਨ) ਸੁਣੇ।

ਆਮ ਤੌਰ ਪਰ ਜੁਮੇ ਦੀ ਨਿਮਾਜ਼ ਤੋਂ ਪਹਿਲਾਂ ਔਰ ਈਦ ਤੋਂ ਪਿਛੋਂ ਕਾਜ਼ੀ ਜੋ ਉਪਦੇਸ਼ ਕਰਦਾ ਹੈ ਉਸ ਕਲਾਮ ਦਾ ਨਾਮ ਖੁਤਬਾ ਹੈ। ਮਸਜਿਦ ਦੇ ਉਚੇ ਥੜੇ ਤੇ ਖੜਕੇ ਇਮਾਮ 'ਖੁਤਬਾ ਪੜ੍ਹਦੇ ਹਨ।' ਹਜ਼ਰਤ ਮੁਹੰਮਦ ਸਾਹਿਬ ਭੀ ਐਸਾ ਹੀ ਪੜ੍ਹਦਾ ਸੀ। ਖੁਤਬੇ ਦੇ ਅੰਤ ਪਰ 'ਰਸੂਲ ਮਹੰਮਦ, ਔਰ ਖਲੀਫੇ ਲਈ ਦੁਆ ਮੰਗਦੇ ਹਨ।' (ਖੁਤੱਬਾ ਜਾਇ ਪੜਾਇੰਦਾ (ਭਾਈ ਗੁਰਦਾਸ) ਮੁਸਲਮਾਨ ਬਾਦਸ਼ਾਹ ਐਸਾ ਕਰਾਉਂਦੇ ਰਹੇ ਹਨ। ਹਾਜੀ ਲੋਕ ਖੁਤਬਾ ਸੁਣ ਕੇ ਮਿਨਾਂ ਨਾਮ ਮੁਕਾਮ ਪਰ ਰਾਤ ਨੂੰ ਜਾ ਰਹਿੰਦੇ ਹਨ। ਉਥੋਂ ਪਹਾੜੀ ਅਰਫਾਤ ਨੂੰ ਜਾਂਦੇ ਹਨ। ਉਥੇ ਭੀ ਪ੍ਰਾਰਥਨਾ ਕਰਨ ਪਿਛੋਂ ਖੁਤਬਾ ਸੁਣਦੇ ਹਨ। ਪਿਛੋਂ ਮੁਜ਼ਦਲਿਫਾ' ਮਕਾਮ ਪਰ ਜਾ ਕੇ ਸ਼ਾਮ ਦੀ ਨਿਮਾਜ਼ ਗੁਜ਼ਾਰਦੇ ਹਨ।

ਇਕਰ ਇਹ ਹੱਜ ਦੀ ਰੀਤੀ ਨੌਵੀਂ ਥਿੱਤ ਤੱਕ ਖਤਮ ਕਰਕੇ 'ਦਸਵੀਂ ਨੂੰ' ਹਰ ਕੁਰਬਾਨੀ ਦਾ ਦਿਨ ਮਨਾਉਂਦੇ ਹਨ। ਅਤੇ 'ਮੁਜ਼ਦਲਿਫ਼ਾ' ਮਕਾਮ ਪਰ ਨਿਮਾਜ ਪੜ੍ਹਕੇ ਸ਼ੈਤਾਨ ਦੇ ਥੰਮ੍ਹ ਪਾਸ ਜਾਕੇ 'ਸੱਤ ਪੱਥਰ ਸ਼ੈਤਾਨ ਵਲ' ਮਾਰਦੇ ਹਨ। ਉਪਰੰਤ ਨਾਮ ਮਿਨਾ ਪਰ ਜਾ ਕੇ ਕੁਰਬਾਨੀ ਦੇਵੇ। ਉਥੇ ਬਕਰਾ, ਗਊ, ਊਠ, ਦੁੰਬੇ ਜਾਨਵਰਾਂ ਦਾ ਸਿਰ ਕਾਬੇ ਦੀ ਤਰਫ ਲਿਟਕਾ ਕੇ ਪਸ਼ੂ ਦੇ ਸੱਜੇ ਖੜਾ ਹੋ ਕੇ ਉਸ ਜਾਨਵਰ ਪਰ ਛੁਰੀ ਦਲਾਕੇ ਉਸ ਨੂੰ ਕਤਲ (ਹਲਾਲ) ਕਰੇ। ਔਰ ਮੁਖ ਤੋਂ 'ਅਲਾਹੂ ਅਕਬਰ' ਆਖ ਕੇ ਛੁਰੀ ਚਲਾਵੇ। ਕੁਰਬਾਨੀ ਲਈ ਜਾਨਵਰ ਉਥੇ ਜਮ੍ਹਾ ਰਖਦੇ ਹਨ। ਕੁਰਬਾਨੀ ਦਿਤੇ ਜਾਨਵਰ ਦਾ ਮਾਸ ਵੰਡ ਕੇ ਖਾਇਆ ਜਾਂਦਾ ਹੈ। ਇੱਕਰ 'ਇਹ ਰਾਮ' ਰੀਤੀ ਨੂੰ ਮੁਕਾਕੇ, ਆਪਣੇ ਅਸਲੀ ਬਸਤ੍ਰ ਪਹਿਨਦੇ ਹਨ। ਹੱਜ ਸਮੇਂ ਹਜਾਮਤ ਕਰਾਉਣੀ ਮਨਾਂ ਹੈ। ਪਿਛੋਂ ਮੁੰਡਨ ਕਰਾਉਂਦੇ ਔਰ ਨੌਂਹ ਉਤਰਵਾਉਂਦੇ ਹਨ। ਉਪਰੰਤ ਤਿੰਨ ਦਿਨ ਮੱਕੇ ਵਿਚ ਹੋਰ ਅਟਕ ਕੇ ਮੱਕੇ ਤੋਂ ਵਾਪਸੀ ਸਮੇਂ ਮੱਕੇ (ਕਾਬੇ) ਦੀ ਫਿਰ ਪਰਿਕ੍ਰਮਾ ਕਰੇ ਅਤੇ ਸ਼ੈਤਾਨ ਦੇ ਥੰਮ੍ਹ ਪਰ ਸੱਤ ਵੱਟੇ ਮਾਰੇ ਔਰ ਜ਼ਮਜ਼ਮ ਨਾਮੀ ਖੂਹ ਦਾ ਪਾਣੀ ਪੀਵੇ। ਜ਼ਮਜ਼ਮ ਖੂਹ ਬਾਰੇ

ਦਸਿਆ ਹੈ ਕਿ ਜਦੋਂ ਹਜ਼ਰਤ ਇਬਰਾਹੀਮ ਦੀ ਔਰਤ ਆਪਣੇ ਬੇਟੇ ਇਸਮਾਈਲ ਸਮੇਤ ਪਿਆਸੀ ਸੀ, ਖੂਹ ਪਾਸ ਆਈ, ਤਦੋਂ ਉਸ ਨੇ ਪਾਣੀ ਵੇਖ ਕੇ ਪੁਤਰ ਨੂੰ ਕਿਹਾ, 'ਠਹਿਰ ਠਹਿਰ।' ਮਿਸਰ ਵਾਲੇ ਠਹਿਰਨ ਨੂੰ ਜ਼ਮਜ਼ਮ ਭੀ ਕਹਿੰਦੇ ਹਨ। ਇਸ ਦਾ ਅਰਥ ਭਰਣਾ ਭੀ ਹੈ। ਇਸ ਖੂਹ ਉਪਰ ਪਹਿਲਾਂ ਅਗਨ ਦੇ ਪੁਜਾਰੀਆਂ ਦਾ ਕੁੰਡ ਸੀ। ਉਸ ਵਿਚ ਪਾਣੀ ਨਾ ਵੇਖ ਕੇ ਨਿਰਾਸ ਹੋਏ ਸਨ। ਉਨ੍ਹਾਂ ਨੇ ਖੁਦਾ ਅਗੇ ਪ੍ਰਾਰਥਨਾ ਕੀਤੀ ਤਾਂ ਖੂਹ ਪਾਣੀ ਨਾਲ ਭਰ ਗਿਆ ਸੀ, ਤਾਂ ਮਾਂ ਪੁਤ ਨੇ ਪਾਣੀ ਪੀ ਕੇ ਪਿਆਸ ਬੁਝਾਈ ਸੀ। ਉਸੀ ਯਾਦ ਵਿਚ ਹਾਜੀ ਪਾਣੀ ਪੀਂਦੇ ਹਨ। ਗੰਗਾ ਜਲ ਦੀ ਭਾਂਤ ਟੀਨਾਂ ਵਿਚ ਬੰਦ ਕਰਕੇ ਪਾਣੀ ਲਿਆਉਂਦੇ ਹਨ। ਅਕਸਰ ਮੁਰਦੇ ਦੇ ਮੂੰਹ ਵਿਚ ਪੌਣ ਹਿਤ ਰਖਦੇ ਹਨ, ਇਹ ਹਿੰਦੂਆਂ ਦੀਆਂ ਨਕਲਾਂ ਹੀ ਹਨ। ਇਸ ਪਾਣੀ ਨਾਲ ਕਈ ਰੋਜ਼ਾ ਵੀ ਖੋਲ੍ਹਦੇ ਹਨ। ਅਕਸਰ ਹਾਜੀ ਮਦੀਨੇ ਭੀ ਜਾਂਦੇ ਹਨ, ਜਿਥੇ ਕਿ ਹਜ਼ਰਤ ਮੁਹੰਮਦ ਦੀ ਕਬਰ ਦੀ ਪੂਜਾ ਹੁੰਦੀ ਹੈ। ਪਰ ਬਹਾਵੀ ਮੁਸਲਮਾਨ ਕਬਰਾਂ ਦੀ ਪੂਜਾ ਨਹੀਂ ਕਰਦੇ।

ਅਸਵਦ ਕਾਲਾ ਪੱਥਰ ਜੋ ਮੱਕੇ ਵਿਚ ਰਖਿਆ ਹੈ। ਉਸ ਬਾਰੇ ਮੁਸਲਮਾਨਾਂ ਵਿਚ ਕਈ ਸਾਖੀਆਂ ਪ੍ਰਚਲਤ ਹਨ। ਅਬਾਸ ਮਹੰਮਦ ਦਾ ਲੇਖ ਹੈ ਕਿ ਇਹ ਪੱਥਰ ਬਹਿਸ਼ਤਾਂ ਤੋਂ ਸਫ਼ੈਦ ਗਿਰਿਆ ਸੀ। ਆਦਮ ਦੀ ਔਲਾਦ ਦੇ ਛੂਹਣ ਨਾਲ ਕਾਲਾ ਹੋ ਗਿਆ ਹੈ। ਪਰ ਪਰਲੋ ਦੇ ਅੰਤ ਤੇ ਜਦੋਂ ਖੁਦਾ ਜੀਵਾਂ ਦਾ ਇਨਸਾਫ ਕਰੇਗਾ, ਤਾਂ ਇਸ ਪੱਥਰ ਦੀਆਂ ਦੋ ਅੱਖਾਂ ਅਤੇ ਦੋ ਜ਼ਬਾਨਾਂ ਹੋਣਗੀਆਂ। ਅੱਖਾਂ ਨਾਲ ਇਹ ਉਨ੍ਹਾਂ ਦੀ ਸ਼ਨਾਖਤ ਕਰੇਗਾ, ਜਿਨ੍ਹਾਂ ਨੇ ਇਸ ਨੂੰ ਚੁੰਮਿਆ ਹੈ, ਔਰ ਆਪਣੀ ਜਹਿਬਾਂ ਨਾਲ ਚੁੰਬਕਾਂ ਦੇ ਹੱਕ ਵਿਚ ਸ਼ਾਹਦੀ ਭਰੇਗਾ। ਸਾਰੇ ਹਾਜੀ ਇਸ ਨੂੰ ਚੁੰਮਦੇ ਹਨ।

ਮੱਕੇ ਦਾ ਕਾਬਾ (ਕਾਅਬਹ) ਕਿਹਾ ਜਾਂਦਾ ਹੈ। ਪਹਿਲਾਂ ਇਸ ਨੂੰ ਹਜ਼ਰਤ ਆਦਮ ਨੇ ਬਣਾਇਆ ਸੀ। ਉਪ੍ਰੰਤ ਹਜ਼ਰਤ ਨੂਹ ਵਾਲੇ ਤੂਫ਼ਾਨ

ਵਿਚ ਗਿਰ ਗਿਆ ਸੀ। ਮੁਹੰਮਦ ਸਾਹਿਬ ਨੇ ਭੀ ਪਿਛੋਂ ਆ ਕੇ ਨੀਂਹ ਰਖੀ ਸੀ। ਸੰਗ ਅਸਵਦ ਭੀ ਆਪ ਨੇ ਰਖਿਆ ਸੀ। ਇਹ ਪੰਜ ਫੁੱਟ ਉਚਾ ਰਖਿਆ ਹੈ। ਕਾਬੇ ਨੂੰ ਕਿਬਲਾ ਭੀ ਕਹੀਦਾ ਹੈ।

੨੫. ਮੁਸਲਮਾਨਾਂ ਦੇ ਖ਼ਲੀਫੇ

ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਮੁਸਲਮਾਨਾਂ ਵਿਚ ਦੋ ਵਡੇ ਫਿਰਕੇ ਸੁੰਨੀ ਅਰ ਸ਼ੀਆ ਨਾਮ ਦੇ ਹਨ। ਸੁੰਨੀ ਹਜ਼ਰਤ ਮੁਹੰਮਦ ਸਾਹਿਬ ਦੀ ਸ਼ਰਹ ਸੁੰਨਤ ਆਦਿ ਨੂੰ ਮੰਨਣੇ ਵਾਲੇ ਅਤੇ ਸ਼ੀਆ (ਸਿਆਹੂ) ਤੋਂ ਭਾਵ ਪਿਛੇ ਚਲਣੇ ਵਾਲੇ ਹੈ। ਹਜ਼ਰਤ ਮੁਹੰਮਦ ਸਾਹਿਬ ਦੇ ਚਾਰ ਯਾਰ ਜਾਂ ਦੋਸਤ ਨੀਯਤ ਸਨ—ਅਬੂਬਕਰ, ਉਮਰ, ਉਸਮਾਨ, ਅਲੀ) ਮੁਹੰਮਦ ਸਾਹਿਬ ਦੇ ਚਲਾਣੇ ਪਿਛੋਂ ਇਹੋ ਖ਼ਲੀਫੇ ਸਦਾਏ ਅਰਥਾਤ ਜਾਨਸ਼ੀਨ ਯਾਂ ਪ੍ਰਤੀਨਿੱਧ ਥਾਪੇ ਗਏ। ਵੈਸੇ ਖ਼ਲੀਫ਼ਾ ਸ਼ਬਦ ਦੇ ਅਰਥ ਨਾਇਬ ਦੇ ਹਨ। ਕੁਰਾਨ ਸ਼ਰੀਫ ਵਿਚ ਆਦਮ ਔਰ ਦਾਊਦ ਲਈ ਭੀ ਖ਼ਲੀਫ਼ਾ ਸ਼ਬਦ ਵਰਤਿਆ ਹੈ। ਇਨ੍ਹਾਂ ਚਾਰੇ ਯਾਰਾਂ ਜਾਂ ਖ਼ਲੀਫ਼ਿਆਂ ਦਾ ਸੰਖੇਪ ਵੇਰਵਾ ਅਗੇ ਦਿਤਾ ਜਾਂਦਾ ਹੈ।

੧. ਜੋ ਪਹਿਲਾ ਖ਼ਲੀਫ਼ਾ ਥਾਪਿਆ, ਇਸ ਦਾ ਨਾਮ 'ਅਬੂ ਬਕਰ' ਸੀ, ਜੋ ਕਿ ਮੁਹੰਮਦ ਸਾਹਿਬ ਦੀ ਇਸਤ੍ਰੀ ਆਇਸ਼ਾਂ ਦਾ ਪਿਤਾ ਸੀ। ਇਹ ਸਵਾ ਕੁ ਦੋ ਸਾਲ ਖ਼ਲੀਫ਼ਾ ਰਹਿ ਕੇ ਮਦੀਨੇ ਜਾ ਕੇ ਅਗਸਤ ਸੰਨ ੬੨੪ ਨੂੰ ਚਲਾਣਾ ਕਰ ਗਿਆ ਸੀ, ਇਸ ਦਾ ਖ਼ਿਤਾਬ 'ਰਸੂਲ ਅੱਲਾ' ਸੀ।

੨. ਦੂਜਾ ਖ਼ਲੀਫ਼ਾ ਉਮਰ ਜੋ ਖ਼ਤਾਬ ਦਾ ਪੁਤਰ ਸੀ, ਇਹ ਤੇਰਵੀਂ ਹਿਜਰੀ ਵਿਚ ਬਣਿਆ। ਇਹ ਮੁਹੰਮਦ ਸਾਹਿਬ ਦੀ ਤੀਜੀ ਇਸਤ੍ਰੀ 'ਹਫਸ਼ਾਂ' ਦਾ ਪਿਤਾ ਸੀ। ਇਸ ਦਾ ਖ਼ਿਤਾਬ ਅਮੀਰੁਲ ਮੋਮਨੀਨ ਸੀ। ਇਸ ਨੂੰ ਉਮਰ ਬਿਨ ਖ਼ਤਾਬ ਭੀ ਲਿਖਿਆ ਹੈ। ਇਹ ੨੩ ਹਿਜਰੀ

(੬੪੪ ਈ:) ਨੂੰ ਫਿਰੋਜ਼ ਗੁਲਾਮ ਦੇ ਹੱਥੋਂ ਕਤਲ ਹੋ ਗਿਆ, ਇਸ ਦੇ ਸਮੇਂ ਵਿਚ ਮੁਸਲਮਾਨਾਂ ਨੇ ਮਿਸਰ ਅਤੇ ਉੱਤਰੀ ਅਫ਼ਰੀਕਾ ਨੂੰ ਫਤਹ ਕੀਤਾ ਸੀ, ਇਸ ਨੇ ਇਸਲਾਮ ਦਾ ਮਹਾਨ ਪ੍ਰਚਾਰ ਕੀਤਾ। ਫ਼ਾਰਸ ਅਤੇ ਮਿਸਰ ਦੇ ਫਤਹ ਕਰਨ ਸਮੇਂ ਇਸ ਨੇ ਸੰਸਾਰ ਪ੍ਰਸਿਧ ਅਲੈਗਜ਼ੈਂਡਰੀਆਂ ਦੀ ਲਾਇਬਰੇਰੀ ਇਹ ਆਖ ਕੇ ਫੁਕਵਾ (ਸੜਵਾ) ਦਿਤੀ ਕਿ ਜੇ ਇਸ ਵਿਚ ਕੁਰਾਨ ਦੇ ਆਸ਼ੇ ਦੀਆਂ ਲਿਖਤਾਂ ਹਨ ਤਾਂ ਕੁਰਾਨ ਵਿਚ ਆ ਗਈਆਂ ਸੋ ਲੋੜ ਨਹੀਂ ਹੈ ਜੇ ਵਿਰੁਧ ਹਨ ਤਾਂ ਰਖਣੇ ਦੀ ਲੋੜ ਨਹੀਂ ਹੈ। ਇਸ ਨੇ ਯੇਰੋਸ਼ਲਮ ਨੂੰ ਫਤਹ ਕਰਕੇ ਉਸ ਥਾਂ ਵਡੀ ਮਸਜਿਦ ਪਵਾਈ ਸੀ। ਇਸ ਨੇ ਇਸਲਾਮੀ ਸ਼ਰਹ ਅਨੁਸਾਰ ਕਾਨੂੰਨ ਬਣਵਾਏ। ਇਸ ਨੇ ਇਕ ਕਾਨੂੰਨ ਘੜਿਆ ਕਿ ਜੋ ਸ਼ਰਾਬ ਪੀਵੇਗਾ ਉਸ ਦੀ ਸਜ਼ਾ ਇਕ ਸੌ ਕੋਰੜੇ ਲਾਏ ਜਾਣ। ਇਸ ਨੇ ਆਪਣੇ ਪੁਤਰ ਦੇ ਸ਼ਰਾਬ ਪੀਣ ਪਰ ਆਪਣੀ ਹੱਥੀਂ ਐਸੇ ਜ਼ਬਰਦਸਤ ਕੋਰੜੇ ਲਗਾਏ ਕਿ ਉਹ ਮਾਰ ਨਾਲ ਹੀ ਮਰ ਗਿਆ।

ਇਸ ਨੂੰ ਫਿਰੋਜ਼ ਗੁਲਾਮ ਨੇ ਸਵੇਰ ਦੀ ਨਮਾਜ਼ ਪੜ੍ਹਦੇ ਨੂੰ ਖੰਜਰ ਨਾਲ ਤਿੰਨ ਨਵੰਬਰ ੬੪੪ ਨੂੰ ਕਤਲ ਕਰ ਦਿਤਾ ਸੀ।

੩. ਤੀਜਾ ਖ਼ਲੀਫ਼ਾ 'ਉਸਮਾਨ' ਹੋਇਆ, ਇਹ ਅਫਾਨ ਦਾ ਬੇਟਾ ਸੀ, ਇਹ ਚੌਬੀਸ ਹਿਜਰੀ ਵਿਚ ਬਣਿਆਂ। ਇਹ ਮੁਹੰਮਦ ਸਾਹਿਬ ਦੀਆਂ ਦੋ ਪੁਤ੍ਰੀਆਂ ਰੁਕੀਆਂ ਅਤੇ ਉਮੂਕਲਸ਼ੂਮ ਦਾ ਪਤੀ ਸੀ, ਇਸ ਨੂੰ ਅਬੂ ਬਕਰ ਦੇ ਪੁਤਰ ਮੁਹੰਮਦ ਨੇ ਮਦੀਨੇ ਵਿਖੇ ੩੦ ਜੂਨ ਸੰਨ ੬੬੫ ਈ: ਵਿਚ ਕਤਲ ਕਰ ਦਿਤਾ। ਪਰਤੀਤ ਹੁੰਦਾ ਹੈ ਕਿ ਇਹ ਪੀਰੀ ਵਾਸਤੇ ਗੱਦੀਆਂ ਲਈ ਹੀ ਕਤਲ ਹੁੰਦੇ ਸਨ ਜਿਵੇਂ ਕਿ ਸਿਖ ਰਾਜ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਪਿਛੋਂ ਹੋਇਆ। ਖ਼ਲੀਫ਼ੇ ਅਸਲੋਂ ਗੱਦੀਆਂ ਦੇ ਮਾਲਿਕ ਸਨ ਅਤੇ ਤਲਵਾਰ ਦੇ ਜ਼ੋਰ ਨਾਲ ਇਸਲਾਮ ਮਤਿ ਫੈਲਾਇਆ ਜਾਂਦਾ ਸੀ।

੪. ਚੌਥਾ ਖ਼ਲੀਫ਼ਾ 'ਅਲੀ' ਹੋਇਆ। ਇਹ ਅਬੂ ਤਾਲਿਬ ਦਾ

ਬੇਟਾ ਸੀ ਜੋ ਕਿ ਮੁਹੰਮਦ ਸਾਹਿਬ ਦੀ ਸਪੁਤਰੀ ਫਾਤਿਮਾ' ਦਾ ਪਤੀ ਸੀ। ਪੰਜ ਸਾਲ ਖ਼ਲੀਫ਼ਾ ਰਹਿ ਕੇ ਤੰਗ ਆ ਕੇ ਇਸ ਨੇ ਖਿਲਾਫਤ ਆਪ ਹੀ ਛਡੀ ਸੀ ਫਿਰ ਭੀ ਕੂਫਾ ਦੇ ਮੁਕਾਮ ਪਰ ਅਬਦੁਲ ਰਹਿਮਾਨ ਨੇ ਸੰਨ ੬੬੧ ਈ: ਵਿਚ ਇਸਨੂੰ ਕਤਲ ਕਰ ਦਿਤਾ ਸੀ। ਇਸ ਦੀ ਕਬਰ 'ਨਫਜ਼' ਸ਼ਹਿਰ ਵਿਚ ਪੂਜੀਦੀ ਹੈ। ਇਸ ਦੇ ਅਠਾਰਾਂ ਪੁਤਰ ਅਤੇ ਪੁਤ੍ਰੀਆਂ ਸਨ ਪਰ ਮੁਹੰਮਦ ਸਾਹਿਬ ਦੀ ਸਪੁਤਰੀ ਫਾਤਿਮਾਂ ਦੇ ਉਦਰ ਤੋਂ ਤਿੰਨ ਬੇਟੇ ਹਸਨ, ਹੁਸੈਨ ਅਤੇ ਮੁਹਿਸਨ ਹੋਏ ਜੋ ਪਰਸਿਧ ਸਨ। ਖ਼ਲੀਫ਼ਿਆਂ ਨੂੰ ਇਮਾਮ ਭੀ ਕਿਹਾ ਗਿਆ ਹੈ।

ਸੁੰਨੀ ਮੁਸਲਮਾਨ ਕੇਵਲ ਇਮਾਮ ਨੂੰ ਹੀ ਆਗੂ ਮੰਨਦੇ ਹਨ ਜਿਸ ਕਰਕੇ ਇਨ੍ਹਾਂ ਨੂੰ ਇਮਾਮ ਸਾਫੀ ਕਿਹਾ ਹੈ। ਸ਼ੀਆ ਲੋਕ ਬੀਬੀ ਫਾਤਿਮਾਂ ਦੇ ਪੁਤਰ ਹਸਨ ਨੂੰ ਪੰਜਵਾਂ ਖ਼ਲੀਫ਼ਾ ਮੰਨਦੇ ਹਨ। ਇਹ ਇਕਤਾਲੀ ਹਿਜਰੀ ਵਿਚ ਥਾਪਿਆ ਗਿਆ ਸੀ। ਪਰ ਇਸ ਦੀ ਮੁਖਾਲਫਤ ਹੋਣ ਕਰਕੇ ਇਸ ਨੇ ਛੀਆਂ ਕੁ ਮਹੀਨਿਆਂ ਪਿਛੋਂ ਅਸਤੀਫ਼ਾ ਦੇ ਦਿਤਾ ਸੀ। ਦਸਿਆ ਹੈ ਕਿ ਇਸ ਦੀ ਇਸਤ੍ਰੀ 'ਜ਼ਆਦਹ' ਨੇ ਯਜ਼ੀਦ ਬਾਦਸ਼ਾਹ ਦੀ ਪਰੇਰਨਾ ਨਾਲ ਹਸਨ ਨੂੰ ਜ਼ਹਿਰ ਦੇ ਕੇ ਮਰਵਾ ਦਿਤਾ ਸੀ। ਇਸ ਦੀ ਮੌਤ ਮਾਰਚ ਸੰਨ ੬੬੯ ਨੂੰ ਹੋਣੀ ਲਿਖੀ ਹੈ। ਹਸਨ ਅਤੇ ਹੁਸੈਨ ਦੀ ਉਲਾਦ ਦਰਜਾਂ (ਵੰਸੀ) ਮੁਸਲਮਾਨਾਂ ਨੂੰ ਸਯਦ ਕਿਹਾ ਜਾਂਦਾ ਹੈ। ਸਯਦ ਬ੍ਰਾਹਮਣਾਂ ਦੀ ਭਾਂਤ ਉਚੇ ਮੰਨੇ ਜਾਂਦੇ ਹਨ। ਇਨ੍ਹਾਂ ਨੂੰ ਮੀਰ ਭੀ ਕਹਿੰਦੇ ਹਨ। ਹਸਨ ਤੋਂ ਪਿਛੋਂ ਹੁਸੈਨ ਹੱਕਦਾਰ ਸੀ ਪਰ ਸਤਵੇਂ ਖ਼ਲੀਫ਼ੇ ਹੋਣ ਵਾਲੇ ਬਾਦਸ਼ਾਹ ਯਜ਼ੀਦ ਦੇ ਸੈਨਾ ਪਤੀ ਸਿਮਰੂ ਨੇ ਹੁਸੈਨ ਨੂੰ ਅਕਤੂਬਰ ਸੰਨ ੬੮੦ ਈ: ਵਿਚ ਅਤੀ ਬੇਰਹਿਮੀ ਨਾਲ ਕਤਲ ਕਰਵਾ ਦਿਤਾ ਸੀ। ਉਹ ਤਿੰਨ ਦਿਨਾਂ ਤੋਂ ਪਾਣੀ ਵਲੋਂ ਅਤਿ ਪਿਆਸਾ ਸੀ। ਇਸ ਦਾ ਕਤਲ ਇਸ ਕਰਕੇ ਕੀਤਾ ਮਤਾਂ ਇਹ ਖਲੀਫਾ ਨਾ ਬਣ ਜਾਵੇ। ਦੁਮਿਸ਼ਮਕ ਦਾ ਖਲੀਫਾ (ਨਾਇਬ) ਉਸ ਵੇਲੇ ਬਾਦਸ਼ਾਹ ਯਜ਼ੀਦ ਸੀ। ਕਤਲ ਦੇ ਦਿਨ ਮੁਸਲਮਾਨਾਂ ਦੇ ਸਾਲ ਦਾ ਆਰੰਭ ਹੈ। ਉਨ੍ਹਾਂ ਦਿਨਾਂ

ਨੂੰ ਮੁਹਰਮ ਕਹੀਦਾ ਹੈ। ਪਹਿਲੀ ਤਾਰੀਖ ਤੋਂ ਦਸ ਤਾਰੀਖ ਤਕ ਮੁਹਰਮ ਦਾ ਤਿਉਹਾਰ ਹੈ।

ਮੁਸਲਮਾਨ ਮੰਨਦੇ ਹਨ ਕਿ ਹਜ਼ਰਤ ਮੁਹੰਮਦ ਸਾਹਿਬ ਬੁਰਾਕ ਨਾਮਕ ਘੋੜੇ ਪਰ ਸਵਾਰ ਹੋਕੇ, ਸਤਵੇਂ ਆਸਮਾਨ ਵਿਚ ਪਹੁੰਚ ਕੇ ਖੁਦਾ ਨੂੰ ਮਿਲੇ ਸਨ। ਬੁਰਾਕ ਜਾਨਵਰ ਖੱਚਰ ਅਤੇ ਖੋਤੇ ਦੇ ਵਿਚਕਾਰਲੇ ਕਦ ਦਾ ਜਾਨਵਰ ਹੈ। ਜਿਸ ਦੇ ਖੰਭ ਭੀ ਵਿਖਾਏ ਜਾਂਦੇ ਹਨ। ਇਸ ਦੇ ਪੰਜੇ ਸ਼ੇਰ ਦੀ ਮਾਨਿੰਦ ਨੌਂਹਦਰਾਂ ਵਾਲੇ ਵਿਖਾਏ ਹਨ। ਤਾਜੀਆਂ ਦੇ ਸਮੇਂ ਭੀ ਬੁਰਾਕ ਕਾਗਜ਼ਾਂ ਆਦਿ ਦਾ ਬਣਾਉਂਦੇ ਹਨ। ਇਸ ਘੋੜੇ ਤੇ ਫਰਿਸ਼ਤਾ ਜੇਬਰਾਈਲ ਆਪ ਨੂੰ ਬਿਠਾਲ ਕੇ ਲੈ ਗਿਆ ਸੀ। ਇਨ ਅਸਮਾਨੀ ਸਫਰ ਦਾ ਨਾਮ ਮਿਅਰਾਜ ਅਤੇ ਮਸਰਾ ਕਿਹਾ ਜਾਂਦਾ ਹੈ। ਉਥੋਂ ਆ ਕੇ ਬਹਿਸ਼ਤਾਂ ਦੇ ਅਖੀਂ ਡਿਠੇ ਹਾਲ ਹਜ਼ਰਤ ਸਾਹਿਬ ਨੇ ਦਸੇ ਸਨ।

ਤਾਜੀਆਂ ਵਿਚ ਦੁਲ ਦੁਲ ਨਾਮ ਦਾ ਇਕ ਘੋੜਾ ਵਖਾਇਆ ਜਾਂਦਾ ਹੈ। ਜਿਸ ਪਰ ਹਜ਼ਰਤ ਮੁਹੰਮਦ ਸਵਾਰ ਹੁੰਦਾ ਸੀ। ਇਹ ਮਿਸਰ ਦੇ ਬਾਦਸ਼ਾਹ ਨੇ ਭੇਟਾ ਕੀਤਾ ਸੀ। ਉਪ੍ਰੰਤ ਹਜ਼ਰਤ ਅਲੀ ਪਾਸ ਰਿਹਾ ਸੀ। ਮਹੱਰਮਾਂ ਵਿਚ ਇਮਾਮ ਹੁਸੈਨ ਦਾ ਘੋੜਾ ਕਢਿਆ ਜਾਂਦਾ ਹੈ। ਉਸ ਨੂੰ ਵੀ ਦੁਲ ਦੁਲ ਘੋੜਾ ਕਹਿੰਦੇ ਹਨ।

੨੯. ਗਾਯਤ੍ਰੀ ਮੰਤ੍ਰ

ਗਾਯਤ੍ਰੀ ਹਿੰਦੂਆਂ ਦਾ ਪਰਧਾਨ ਮੰਤ੍ਰ ਹੈ। 'ਸੰਧਿਆ ਤਰਪਣ ਕਰਹਿ ਗਾਇਤ੍ਰੀ'' ਸੋਰਠ ਮ: ੧॥ ਕਿਹਾ ਜਾਂਦਾ ਹੈ ਕਿ ਬ੍ਰਾਹਮਣਾਂ ਦੇ ਮੁਖ ਤੋਂ ਨਿਕਲਨੇ ਕਰਕੇ ਨਾਮ ਗਾਯਤ੍ਰੀ ਪਿਆ ਹੈ। ਅਥਵਾ ਤ੍ਰਿਯਾਗ ਦਾ ਉਲਟ ਗਾਇਤ੍ਰੀ ਹੈ, ਭਾਵ ਤਿੰਨਾਂ ਪੈਰਾਂ ਵਾਲਾ ਤ੍ਰਿਪਦਾ। ਇਸ ਨੂੰ ਕੇਵਲ ਬ੍ਰਹਮਣ (ਦ੍ਵਿਜ), ਖੱਤ੍ਰੀ ਜਾਂ ਵੈਸ਼ਯ ਹੀ ਪੜ੍ਹ ਸਕਦੇ ਹਨ, ਸੂਦਰ ਚੰਡਾਲ ਆਦਿਕਾਂ ਨੂੰ ਪੜ੍ਹਨੇ ਦੀ ਆਗਿਆ ਨਹੀਂ ਹੈ। ਗਾਯਤ੍ਰੀ ਦਾ

ਅਰਥ ਹੈ ਸੂਰਜ ਦੇਵਤਾ ਸਭਸ ਨੂੰ ਜੀਵਾਉਂਦਾ ਹੈ, ਦੁਖਾਂ ਤੋਂ ਛਡਵਾਉਂਦਾ ਹੈ, ਪ੍ਰਕਾਸ਼ ਰੂਪ ਹੈ, ਪ੍ਰਾਰਥਨਾ ਕਰਨੇ ਯੋਗ ਹੈ, ਪਾਪ ਨਾਸ਼ਕ ਹੈ, ਜੋ ਕਿ ਸਾਡੀਆਂ ਬੁਧੀਆਂ ਨੂੰ ਪਰੇਰਦਾ ਹੈ। ਗਾਯਤ੍ਰੀ ਦਾ ਰੂਪ ਇਕਰ ਦਸਿਆ ਹੈ ਇਕ ਹੱਥ ਵਿਚ ਮ੍ਰਿਗ ਦਾ ਸਿੰਗ, ਅਤੇ ਦੂਜੇ ਹੱਥ ਵਿਚ ਕਮਲ ਅਤੇ ਸੁਰਖ ਕਪੜੇ, ਗਲ ਵਿਚ ਮੋਤੀਆਂ ਦਾ ਹਾਰ, ਕੰਨੀਂ ਕੁੰਡਲ ਅਤੇ ਮਸਤਕ ਪਰ ਮੁਕਟ ਵਿਖਾਇਆ ਹੈ। ਗਾਯਤ੍ਰੀ ਇਸਤ੍ਰੀ ਦੇ ਰੂਪ ਵਿਚ ਮੂਰਤਾ ਪਾਕੇ ਵਿਖਾਈ ਹੈ। ਵੇਦ ਬ੍ਰਾਹਮਣਾਂ ਦੀ ਕਥਾ ਮੂਜਬ ਜ਼ਿਕਰ ਹੈ ਕਿ ਇਕ ਦਫਾ ਵ੍ਰਿਹਸਪਤਿ ਨੇ ਲੱਤ ਮਾਰ ਕੇ ਗਾਯਤ੍ਰੀ ਦਾ ਮੱਥਾ ਭੰਨ ਸੁਟਿਆ ਸੀ, ਉਸ ਦੇ ਜ਼ਖਮ ਵਿਚੋਂ 'ਵਖਟਕਾਰ' ਨਾਮੀ ਦੇਵਤਾ ਨਿਕਲ ਪਿਆ, ਜਿਸ ਦੀ ਮਾਨਤਾ ਹੁੰਦੀ ਹੈ ਗਾਯਤ੍ਰੀ ਨੂੰ ਵੇਦਾਂ ਦੀ ਮਾਤਾ ਲਿਖਿਆ ਹੈ। ਵਿਦਵਾਨ ਖੋਜੀਆਂ ਦਾ ਕਥਨ ਹੈ ਕਿ ਗਾਯਤ੍ਰੀ ਰਿਗ ਵੇਦ ਦਾ ਇਕ ਮੰਤ੍ਰ ਹੈ ਜੋ ਕਿ ਵਿਸ਼ਵਾਮਿਤ੍ਰ ਰਿਸ਼ੀ ਦੀ ਰਚਨਾ ਹੈ।

ਕਈਆਂ ਨੇ ਲਿਖਿਆ ਕਿ ਗਾਉਣ ਵਾਲੇ ਦੀ ਰਖਿਆ ਕਰਨ ਕਰਕੇ ਨਾਮ ਗਾਯਤ੍ਰੀ ਹੈ ਅਤੇ ਤਿੰਨਾਂ ਪੈਰਾਂ ਵਾਲਾ ਤ੍ਰਿਪਦਾ ਛੰਦ ਹੈ। ਕਿਧਰੇ ਗਾਯਤ੍ਰੀ ਨੂੰ ਬ੍ਰਹਮਾ ਦੀ ਇਸਤ੍ਰੀ ਸਾਵਿਤ੍ਰੀ ਰੂਪ ਭੀ ਦਸਿਆ ਹੈ। ਪਦਮ ਪੁਰਾਣ ਅਨੁਸਾਰ ਇਹ ਬ੍ਰਹਮਾ ਨਾਲ ਨਰਾਜ਼ ਹੋ ਗਈ ਸੀ। ਇਹ ਭੀ ਦਸਿਆ ਹੈ ਕਿ ਇੰਦਰ ਨੇ ਮਰਤਦ ਲੋਕ ਤੋਂ ਬ੍ਰਹਮ ਦੇ ਯਗ ਕਰਨ ਹਿਤ ਗਵਾਲਨ (ਗੋਪੀ) ਲਿਆਂਦੀ ਸੀ, ਕਿਉਂਕਿ ਇਸਤ੍ਰੀ ਤੋਂ ਬਿਨਾ ਬ੍ਰਹਮਾ ਦਾ ਰਚਿਆ ਯਗ ਸੰਪੂਰਨ ਨਹੀਂ ਹੋ ਸਕਦਾ ਸੀ। ਬ੍ਰਹਮਾ ਨੇ ਉਸ ਨਾਲ ਗੰਧਰਵ ਵਿਵਾਹ ਕਰ ਲਇਆ। ਉਸ ਦਾ ਨਾਮ ਗਾਯਤ੍ਰੀ ਸੀ। ਇਸ ਤਰ੍ਹਾਂ ਗਾਯਤ੍ਰੀ ਦੇ ਸਬੰਧ ਵਿਚ ਕਈ ਕਥਾਵਾਂ ਹਨ।

ਇਕ ਇਹ ਭੀ ਕਥਾ ਹੈ ਜੋ ਨਾਮ ਦੇਵ ਜੀ ਨੇ ਉਸ ਕਥਾ ਅਨੁਸਾਰ ਰਾਗ ਗੋਂਡ ਵਿਚ ਸ਼ਬਦ ਉਚਾਰਿਆ ਹੈ : "ਗਾਇਤ੍ਰੀ ਲੋਧੇ ਕਾ ਖੇਤ ਖਾਤੀ ਥੀ। ਲੇਕਰ ਠੇਗਾ ਟਗਰੀ ਤੋਰੀ। ਲਾਂਗਤ ਲਾਂਗਤ ਜਾਤੀ ਥੀ ॥"

ਇਸਦਾ ਭਾਵ ਇਉਂ ਲਿਆ ਜਾਂਦਾ ਹੈ ਕਿ ਪਾਪਾਂ ਦਾ ਖੇਤਰ

ਗ ਯਤ੍ਰੀ ਖਾਂਦੀ ਸੀ। ਭਾਵ ਜੋ ਪੜਦਾ ਸੀ ਉਸ ਦੇ ਪਾਪ ਨਸ਼ਟ ਹੋ ਜਾਂਦੇ ਸਨ। ਵਸ਼ਿਸ਼ਟ ਰਿਸ਼ੀ ਨੇ ਸਰਾਪ ਰੂਪੀ ਸੋਟਾ ਮ ਰ ਕੇ ਲੰਗੜੀ ਅਰਥਾਤ ਅਸਮਰਥ ਬਣਾ ਦਿਤੀ ਭਾਵ ਉਸ ਦੀ ਸ਼ਕਤੀ ਉਡ ਗਈ। ਸਾਖੀ ਇਓਂ ਹੈ ਕਿ ਵਿਸ਼ਵਾਮਿਤ੍ਰ ਵਸ਼ਿਸ਼ਟ ਦੇ ਪੁਤਰਾਂ ਨੂੰ ਮਾਰ ਕੇ ਗਾਯਤ੍ਰੀ ਦੇ ਪਾਠ ਜਪ ਨਾਲ ਪਾਪਾਂ ਤੋਂ ਬਚ ਜਾਂਦਾ ਸੀ। ਪੰਡਿਤ ਵਿਸ਼ਿਸ਼ਟ ਨੇ ਸਰਾਪ ਦੇ ਕੇ ਗਾਯਤ੍ਰੀ ਦੀ ਪਾਪ ਨਾਸ਼ਕ ਸ਼ਕਤੀ ਨਾਸ ਕਰ ਦਿਤੀ। ਜਿਸ ਤੋਂ ਉਹ ਅਗੇ ਨੂੰ ਪਾਪ ਨਾਸ਼ ਕਰਨੇ ਕਰਕੇ ਸ਼ਕਤੀ ਕੁਝ ਨਹੀਂ ਰਖਦੀ।

ਇਕ ਇਹ ਭੀ ਕਥਾ ਹੈ ਕਿ ਇਕ ਵੇਰੀ ਗਾਯਤ੍ਰੀ ਨੂੰ ਆਪਣੀ ਸ਼ਕਤੀ ਦਾ ਹੰਕਾਰ ਹੋ ਗਿਆ ਸੀ, ਤਦੋਂ ਬ੍ਰਹਮਾ ਨੇ ਉਸ ਨੂੰ ਸਰਾਪ ਦੇ ਕੇ ਗਊ ਦੀ ਜੂਨੀ ਵਿਚ ਪਾ ਦਿਤਾ ਸੀ। ਉਹ ਗਊ ਇਕ ਲੋਧੇ ਅਰਥਾਤ ਜਿਮੀਂਦਾਰ ਦੇ ਖੇਤ ਵਿਚ ਚਰ ਰਹੀ ਸੀ। ਉਸ ਨੇ ਸੋਟਾ ਮਾਰ ਕੇ ਗਊ (ਗਾਯਤ੍ਰੀ) ਦੀ ਲੱਤ ਤੋੜ ਦਿਤੀ। ਇਕ ਹੋਰ ਕਥਾ ਹੈ ਕਿ ਗਾਯਤ੍ਰੀ ਮੰਤ੍ਰ ਵਿਚੋਂ ਇਕ ਪੰਗਤੀ ਚੌਥੀ ਨਿਕਾਲਨੇ ਕਰਕੇ, ਇਸ ਦੇ ਤਿੰਨ ਪੈਰੇ ਰਹਿ ਗਏ ਹਨ, ਜਿਸ ਕਰਕੇ ਸੰਪੂਰਨ ਨਹੀਂ ਰਹੀ। ਗਾਯਤ੍ਰੀ ਦਾ ਪਾਠ ਇਸ ਤਰ੍ਹਾਂ ਹੈ :

"ਓਅੰ ਭੂਰਵ ਭਵ: ਸ੍ਵ: ਤਤ੍ਸਵਿਤਰ ਵਰੇਣਯੰ ਭਰਗੋ ਦੇਵਸਯ ਧੀਮਹਿ ਧਿਯੋ ਯੋਨ: ਪ੍ਰਚੋਦਯਾਤ ॥"

੨੭. ਵੀਰ ਭੱਦ੍ਰ

ਵੀਰ ਭੱਦ੍ਰ ਅਤੇ ਭੱਦ੍ਰਾ ਕਾਲੀ ਦੀ ਮਹਾਂਰਾਸ਼ਟਰ ਦੇ ਇਲਾਕੇ ਵਿਚ ਮਨੌਤ ਹੁੰਦੀ ਹੈ। ਖਾਸ ਕਰਕੇ ਏਲੋਰਾ ਅਤੇ ਐਲੀਫ਼ੈਂਟ ਦੀ ਪਹਾੜੀ ਕੰਦਰਾਂ ਵਿਚ ਉਕਤ ਦੋਨਾਂ ਵਿਅਕਤੀਆਂ ਦੀਆਂ ਬਹੁਤ ਤਸਵੀਰਾਂ ਅਤੇ ਬੁੱਤ ਮਿਲਦੇ ਹਨ। ਪਹਾੜੀ ਲੋਕ ਇਹਨਾਂ ਬੁੱਤਾਂ ਦੀ ਪੂਜਾ ਵਾਲੇ ਦਿਨ ਇਕੱਠੇ ਹੋ ਕੇ ਮੇਲੇ ਲਾਉਂਦੇ ਹਨ। ਵੀਰ ਭੱਦ੍ਰ ਦੇ ਬੁਤਾਂ ਦੀਆਂ ਅੱਠ

ਬਾਹਾਂ ਬਣਾਈਆਂ ਹਨ। ਵਾਯੂਪੁਰਾਣ ਦੀ ਲਿਖਤ ਮੂਜਬ ਇਸ ਦੇ ਇਕ ਹਜ਼ਾਰ ਸਿਰ, ਦੋ ਹਜ਼ਾਰ ਅੱਖਾਂ, ਦੋ ਹਜ਼ਾਰ ਬਾਹਾਂ ਅਤੇ ਦੋ ਹਜ਼ਾਰ ਪੈਰ ਲਿਖੇ ਹਨ। ਇਸ ਦੇ ਹਥਾਂ ਵਿਚ ਇਕ ਹਜ਼ਾਰ ਗੁਰਜ (ਗਦਾ) ਅਤੇ ਇਕ ਹਜ਼ਾਰ ਧਨੁਸ਼ (ਤੀਰ ਕਮਾਨ) ਦਸੇ ਹਨ। ਮੱਥੇ ਪਰ ਚੰਦਰਮਾਂ ਅਤੇ ਸਰੀਰ ਪਰ ਸ਼ੇਰ ਦੀ ਖਲੜੀ ਪਹਿਨੀ ਹੋਈ ਹੈ। ਇਸ ਦੇ ਮੱਥੇ ਵਿਚੋਂ ਲਹੂ ਟਪਕਦਾ ਰਹਿੰਦਾ ਹੈ। ਇਸ ਦੀ ਅਤਿ ਭਿਆਨਕ ਸ਼ਕਲ ਦਸੀ ਹੈ। ਇਸ ਦੀ ਉਤਪੱਤੀ ਸ਼ਿਵਜੀ ਦੇ ਮੁਖ ਵਿਚੋਂ ਦਸੀ ਜਾਂਦੀ ਹੈ। ਇਸ ਨੂੰ ਸ਼ਿਵਜੀ ਦਾ ਗਣ ਅਥਵਾ ਮਹਾਂ ਭਿਆਣਕ ਸਿਪਾਹੀ ਮੰਨਿਆ ਹੈ। ਜੋ ਇਸ ਦੀ ਈਨ ਨਹੀਂ ਮੰਨਦਾ, ਉਸ ਨੂੰ ਇਹ ਅਤਿ ਦੁਖ ਦੇਂਦਾ ਹੈ। ਦਸਿਆ ਹੈ ਕਿ ਸ਼ਿਵਜੀ ਨੇ ਦਖੱਛ (ਦਖਯ) ਦਾ ਯਗ ਭ੍ਰਿਸ਼ਟ ਕਰਨ ਵਾਸਤੇ ਪੈਦਾ ਕੀਤਾ ਸੀ। ਯਗਾਂ ਪਰ ਇਕੱਤਰ ਹੋਣ ਵਾਲੇ ਦੇਵਤਿਆਂ ਨੂੰ ਸਜ਼ਾਵਾਂ ਦੇਣੀਆਂ ਇਸ ਦਾ ਮੁਖ ਕੰਮ ਸੀ, ਜਿਸ ਕਰਕੇ ਹਿੰਦੂ ਲੋਕ ਯਗ ਆਦਿ ਕਰਨ ਵੇਲੇ ਪਹਿਲਾਂ ਇਸ ਦੀ ਮਨੌਤ ਕਰਦੇ ਹਨ ਅਤੇ ਵਿਘਨਾਂ ਤੋਂ ਡਰਦੇ ਇਸ ਦੀ ਸੁਖਣਾ ਸੁਖਦੇ ਹਨ।

ਪਹਾੜੀ ਲੋਕ ਵੀਰ ਭੱਦ੍ਰ ਦੀ ਬਹੁਤ ਪੂਜਾ ਕਰਦੇ ਹਨ। ਵੀਰ ਭੱਦ੍ਰ ਦੀ ਪਿਛਲੇ ਸਮੇਂ ਕਰੋੜਾਂ ਲੋਕ ਪੂਜਾ ਕਰਦੇ ਸੀ, ਅਜ ਕਲ੍ਹ ਘਟ ਗਈ ਹੈ। ਇਸ ਦੀ ਮਨੌਤ ਦੇ ਤਿਉਹਾਰ ਦੀ ਛੁਟੀ ਵੀ ਹੁੰਦੀ ਸੀ। ਕਈ ਥਾਵੀਂ ਅਜ ਕਲ੍ਹ ਵੀ ਹੁੰਦੀ ਹੈ। ਵੀਰ ਭੱਦ੍ਰ ਅਤਿ ਰਥੀ 'ਸੂਰ ਬੀਰ' ਮਹਾਂ ਦੇਵਤਾ ਭ੍ਰਿਸ਼ਟ ਕਰਨ ਵਾਸਤੇ ਆਪਣੀਆਂ ਜਟਾਂ ਵਿਚੋਂ ਪੈਦਾ ਕੀਤਾ ਸੀ। ਇਸ ਦੇ ਬੁੱਤਾਂ ਵਿਚ ਸੋਲ੍ਹਾਂ ਬਾਹਾਂ ਵਿਖਾਈਆਂ ਗਈਆਂ ਹਨ। ਵੀਰ ਭੱਦ੍ਰ ਦੀ ਭਾਂਤ ਇਸ ਦੇ ਵੀ ਅਨੇਕਾਂ ਬੁੱਤ ਹਨ। ਦਸਿਆ ਹੈ ਕਿ ਭੱਦ੍ਰ ਕਾਲੀ ਨੇ ਹੀ ਮਹਿਖਾਸੁਰ ਦੈਂਤ ਨੂੰ ਪੈਦਾ ਕੀਤਾ ਸੀ। ਮੇਦਨੀ ਪੁਰ ਦੇ ਲੰਮੇ ਢਾਈ ਕੁ ਮੀਲਾਂ ਪਰ ਇਸ ਦਾ ਨਾਮੀ ਮੰਦਰ ਹੈ। ਦੂਰ ਦੂਰ ਤੋਂ ਆਕੇ ਲੋਕੀ ਸੁਖਣਾ ਦੇਂਦੇ ਹਨ। ਸ੍ਰੀ ਕ੍ਰਿਸ਼ਨ ਜੀ ਦੀ ਇਕ ਰਾਣੀ ਦਾ ਨਾਮ ਵੀ ਭਦਰਾਂ ਯਾ ਭੱਦ੍ਰਾ ਸੀ। ਜਿਸ ਦੀ ਮੂਰਤੀ

ਜਗਨ ਨਾਥ ਦੇ ਮੰਦਰ ਵਿਚ ਪੂਜੀਦੀ ਹੈ।

੨੯. ਗਣੇਸ਼ ਦੇਵਤਾ

ਹਿੰਦੂ ਧਰਮ ਵਿਚ ਗਣੇਸ਼ ਦੇਵਤੇ ਦੀ ਪੂਜਾ ਪਰਧਾਨ ਮੰਨੀ ਹੈ। ਹਰ ਕੰਮ ਵਿਚ ਗਣੇਸ਼ ਜੀ ਨੂੰ ਅਗੇ ਰਖਦੇ ਹਨ। ਦਸਿਆ ਹੈ ਕਿ ਗਣ ਨੂੰ ਮਾਰਨੇ ਕਰਕੇ ਇਸ ਦਾ ਨਾਮ ਗਣ-ਈਸ ਪਿਆ ਹੈ। ਸੁਕੰਦ ਪੁਰਾਣ ਵਿਚ ਇਕ ਲੇਖ ਹੈ ਕਿ ਗਣੇਸ਼ ਆਭਿਜਿਤ ਬ੍ਰਾਹਮਣ ਦੀ ਇਸਤ੍ਰੀ ਦੇ ਗਰਭ ਤੋਂ ਬ੍ਰਹਮਾ ਦੇ ਵੀਰਜ ਤੋਂ ਪੈਦਾ ਹੋਇਆ ਸੀ। ਜਿਸਨੂੰ ਗਣੇਸ਼ ਨੇ ਮਾਰਿਆ, ਉਸਦਾ ਨਾਮ ਗਣ ਸੀ। ਬ੍ਰਹਮ ਵਰਤ ਪੁਰਾਣ ਦਾ ਲੇਖ ਇਸ ਤਰ੍ਹਾਂ ਹੈ ਕਿ ਵਿਸ਼ਨੂੰ ਦੇ ਵਰ ਨਾਲ ਪਾਰਬਤੀ ਦਾ ਪੁਤਰ ਗਣੇਸ਼ ਜਨਮਿਆ। ਸਾਰੇ ਦੇਵਤੇ ਉਸਨੂੰ ਵੇਖ ਕੇ ਖੁਸ਼ ਹੋਏ, ਉਪਰੰਤ ਪਾਰਬਤੀ ਨੇ ਸ਼ਨੀ ਨੂੰ ਬਾਲਕ ਵੇਖਣ ਹਿਤ ਆਖਿਆ। ਜਦੋਂ ਸ਼ਨੀ ਦੀ ਨਜ਼ਰ ਪਈ ਤਾਂ ਬਾਲਕ ਦਾ ਸੀਸ ਉਡ ਗਿਆ। ਪਾਰਬਤੀ ਵਿਰਲਾਪ ਕਰਨ ਲਗੀ ਤਾਂ ਵਿਸ਼ਨੂੰ ਨੇ ਇਕ ਹਥਨੀ ਦਾ ਸਿਰ ਕਟ ਕੇ ਗਣੇਸ਼ ਦੀ ਗਰਦਨ ਪਰ ਜੋੜ ਦਿਤਾ। ਉਸ ਦਾ ਨਾਮ ਗਣੇਸ਼ ਥਾਪ ਕੇ ਵਰ ਦਿਤਾ ਕਿ ਸਭ ਕਾਰਜਾਂ ਦੇ ਆਦਿ ਵਿਚ ਇਸ ਦੀ ਪੂਜਾ ਕੀਤੀ ਜਾਵੇ।

ਦੂਜੀ ਕਥਾ ਇਉਂ ਹੈ ਕਿ ਪਾਰਬਤੀ ਨੇ ਆਪਣੇ ਸਰੀਰ ਦੀ ਮੈਲ ਤੋਂ ਬਾਲਕ ਬਣਾ ਲਿਆ, ਉਸਨੂੰ ਦਰਵਾਜ਼ੇ ਪਰ ਪਹਿਰੇ ਪਰ ਬਿਠਲਾਇਆ। ਮਹਾਂਦੇਵ ਜਦੋਂ ਬਾਹਰੋਂ ਆਇਆ ਤਾਂ ਇਸ ਨੇ ਰੋਕਿਆ। ਮਹਾਂਦੇਵ ਨੇ ਓਪਰਾ ਆਦਮੀ ਸਮਝ ਕੇ ਉਸਦਾ ਸਿਰ ਤ੍ਰਿਸੂਲ ਨਾਲ ਕਟ ਦਿਤਾ। ਪਾਰਬਤੀ ਦਾ ਰੋਣਾ ਸੁਣ ਕੇ ਮਹਾਂਦੇਵ ਨੇ ਹਥਨੀ ਦਾ ਸਿਰ ਵਢ ਕੇ ਉਸ ਉਪਰ ਜੋੜ ਦਿਤਾ। ਨਾਮ ਗਣੇਸ਼ ਥਾਪਿਆ ਭਾਵ ਇਹ ਗਣਾਂ ਦਾ ਈਸ਼ਵਰ ਹੈ।

ਇਸੇ ਤਰ੍ਹਾਂ ਦੀ ਇਕ ਹੋਰ ਕਥਾ ਭੀ ਹੈ ਕਿ ਗਜ ਮੁਖ ਦੈਂਤ ਨਾਲ ਗਣੇਸ਼ ਨਾਲ ਜੰਗ ਹੋਇਆ। ਗਣੇਸ਼ ਜੀ ਨੇ ਉਸ ਗਜ ਮੁਖ ਨੂੰ

ਤੀਰ ਨਾਲ ਜ਼ਖਮੀ ਕਰਕੇ ਚੂਹਾ ਬਣਾ ਦਿਤਾ ਅਤੇ ਆਪਣੀ ਸਵਾਰੀ ਲਈ ਰਖਿਆ। ਸੋ ਗਣੇਸ਼ ਦੀ ਸਵਾਰੀ ਤਸਵੀਰਾਂ ਵਿਚ ਚੂਹਾ ਵਿਖਾਇਆ ਜਾਂਦਾ ਹੈ।

ਇਸੇ ਤਰ੍ਹਾਂ ਇਕ ਹੋਰ ਕਥਾ ਹੈ ਕਿ ਪੰਡਿਤ ਪਰਸ ਰਾਮ ਇਕ ਵੇਰੀ ਮਹਾਂਦੇਵ ਨੂੰ ਮਿਲਣ ਗਿਆ। ਗਣੇਸ਼ ਜੋ ਪਹਿਰੇ ਪਰ ਸੀ, ਰੋਕਿਆ। ਪਰਸ ਰਾਮ ਨੇ ਸ਼ਿਵਜੀ ਦੇ ਦਿਤੇ ਹੋਏ ਕੁਹਾੜੇ ਨਾਲ ਵਾਰ ਕਰ ਦਿਤਾ। ਅਗੋਂ ਗਣੇਸ਼ ਜੀ ਦਾ ਇਕ ਦੰਦ ਟੁਟ ਗਿਆ। ਏਸੇ ਕਾਰਨ ਗਣੇਸ਼ ਦੀ ਮਹਿਮਾਂ ਕਰਨ ਵਾਲੇ ਉਸਨੂੰ ਏਕ ਦੰਤ ਜਾਂ ਇਕ ਰਦਮ ਵਾਲਾ ਪੁਕਾਰਦੇ ਹਨ। ਸੁਕੰਦ ਪੁਰਾਣ ਦੇ ਗਣੇਸ਼ ਖੰਡ ਵਿਚ ਇਕ ਇਉਂ ਕਥਾ ਹੈ ਕਿ ਵਰੇਣਯ ਰਾਜੇ ਦੀ ਰਾਣੀ ਪੁਸ਼ਪਕਾ ਦੇ ਗਰਭ ਥੀਂ ਗਣੇਸ਼ ਜਨਮਿਆ ਸੀ। ਇਸ ਦੀ ਸ਼ਕਲ ਨੂੰ ਵੇਖ ਕੇ ਰਾਜਾ ਡਰ ਗਿਆ। ਇਸਨੂੰ ਪਾਰਸ਼ਠ ਮੁਨੀ ਦੇ ਆਸ਼ਰਮ ਪਾਸ ਸੁਟ ਆਇਆ। ਉਸ ਮੁਨੀ ਦੀ ਇਸਤ੍ਰੀ ਦੀਪਵਤਲਾ ਨੇ ਇਸ ਨੂੰ ਪਾਲ ਲਿਆ। ਇਸ ਕਰਕੇ ਗਣੇਸ਼ ਦਾ ਨਾਮ ਦਿਵਮਾਤਰ ਵੀ ਆਉਂਦਾ ਹੈ।

ਪੁਰਾਣਾਂ ਅਨੁਸਾਰ ਇਹ ਕਥਾ ਭੀ ਹੈ ਕਿ ਗਣੇਸ਼ ਅਤਿ ਛੇਤੀ ਲਿਖਣੇ ਵਾਲਾ ਲਿਖਾਰੀ ਹੈ ਅਤੇ ਮਹਾਂ ਭਾਰਤ ਦੀ ਪਹਿਲੀ ਪੋਥੀ ਗਣੇਸ਼ ਨੇ ਲਿਖੀ ਸੀ। ਪੰਡਿਤ ਬਿਆਸ ਜੀ ਬੋਲਦੇ ਸਨ—ਗਣੇਸ਼ ਲਿਖਦਾ ਸੀ ਗਣੇਸ਼ ਦਾ ਜਨਮ ਦਿਨ ਮਾਘ ਸੁਦੀ ਚੌਥ ਨੂੰ ਗਣੇਸ਼ ਚਤੁਰਥੀ ਨਾਮ ਲੈ ਕੇ ਮਨਾਉਂਦੇ ਹਨ। ਗਣੇਸ਼ ਦੀਆ ਚਾਰ ਬਾਹਾਂ ਹਨ, ਜਿਨ੍ਹਾਂ ਵਿਚ ਸੰਖ, ਚੱਕਰ ਅਤੇ ਪਦਮ ਵਿਖਾਇਆ ਹੈ। ਦੱਖਣ ਵਲ ਇਸਦੀ ਵਧ ਪੂਜਾ ਹੈ। ਵਡਾ ਲਿਖਾਰੀ ਹੋਣ ਕਰਕੇ ਬਾਣੀਏਂ ਲੋਕ ਵਹੀਆਂ ਪਰ ਗਣੇਸ਼ ਦਾ ਚਿੰਨ੍ਹ ਉਕਰਦੇ ਹਨ।

ਪਦਮ ਜੋ ਗਣੇਸ਼ ਜੀ ਦਾ ਸ਼ਸਤ੍ਰ ਸੀ। ਇਸਨੂੰ ਫੁਲ ਸਮਝਣਾ ਗਲਤੀ ਹੈ। ਅਸਲੋਂ ਪਦਮ ਗੁਰਜ ਦੀ ਸ਼ਕਲ ਦਾ ਸ਼ਸਤ੍ਰ ਹੈ।

੨੯. ਕਾਰੂੰ

ਕਾਰੂੰ ਨੂੰ ਮਹਾਂ ਧੰਨ ਅਤੇ ਕੰਜੂਸਾਂ ਦਾ ਸ਼ਰੋਮਣੀ ਮੰਨਿਆ ਹੈ। ਇਹ ਮਿਸਰ ਦੇਸ਼ ਵਿਚ ਹੋਇਆ ਹੈ। ਇਸ ਦਾ ਪਿਤਾ ਇਸਰਾਈਲ ਵੰਸੀ, ਬਸ਼ਰ ਨਾਮ ਦਾ ਸੀ, ਯਹੂਦੀਆਂ ਦੇ ਗ੍ਰੰਥ ਤਲਾਮੁੰਡ ਵਿਚ ਦਸਿਆ ਹੈ ਕਿ ਇਸ ਦੇ ਖ਼ਜ਼ਾਨਿਆਂ ਦੇ ਜੰਦਰਿਆਂ ਦੀਆਂ ਕੁੰਜੀਆਂ ਦਾ ਭਾਰ ਇਤਨਾ ਸੀ ਕਿ ਵੀਹ ਖੱਚਰਾਂ ਚੁੱਕ ਸਕਦੀਆਂ ਸਨ। ਕਾਰੂੰ ਹਜ਼ਰਤ ਮੂਸਾ (ਯਹੂਦੀਆਂ ਦਾ ਪੈਗੰਬਰ) ਦੇ ਚਾਚੇ ਦਾ ਬੇਟਾ ਸੀ। ਪਰ ਇਹ ਹਜ਼ਰਤ ਮੂਸਾ ਦੀ ਸਿਖਿਆ ਤੋਂ ਬਾਗੀ ਸੀ ਅਤੇ ਕਿਸੀ ਨੂੰ ਜ਼ਕਾਤ (ਮਹਿਸੂਲ) ਆਦਿ ਭੀ ਨਹੀਂ ਦਿੰਦਾ ਸੀ। ਮਾਇਆ ਦੇ ਹੰਕਾਰ ਕਰਕੇ ਆਪ ਨੂੰ ਵੱਡਾ ਸਮਝਦਾ ਸੀ। ਦਸਿਆ ਹੈ ਕਿ ਇਹ ਮੂਸਾ ਦੇ ਸ੍ਰਾਪ ਨਾਲ ਸਮੇਤ ਖ਼ਜ਼ਾਨਿਆਂ ਦੇ ਜ਼ਮੀਨ ਵਿਚ ਗਰਕ ਹੋ ਗਿਆ ਸੀ। ਕੁਰਾਨ ਸ਼ਰੀਫ਼ ਵਿਚ ਇਸ ਦਾ ਜ਼ਿਕਰ ਹੈ। ਪੜ੍ਹੋ ਕੁਰਾਨ ਸੂਰਤ ੨੯ ਅਤੇ ਆਯਤ ੩੮ ਅਤੇ ਸੂਰਤ ੨੮ ਦੀ ਆਯਤ ੭੬ ਅਤੇ ੮੨। ਇਸ ਤਰ੍ਹਾਂ ਦੂਜਾ ਕਾਰੂੰ ਲੀਡੀਆ ਅਸੀਆ ਮੀਨਾਰ ਦੇ ਬਾਦਸ਼ਾਹ ਨੂੰ ਮੰਨਿਅ ਹੈ। ਇਸ ਦਾ ਨਾਂ ਕਾਰਸਸ ਸੀ ਇਹ ਈਸਵੀ ਸੰਨ ੫੬੦ ਵਿਚ ਹੋਇਆ ਹੈ। ਇਸ ਨੂੰ ਫ਼ਰਾਂਸ ਦੇ ਬਾਦਸ਼ਾਹ ਕਰੂਸ ਨੇ ਜੰਗ ਵਿਚ ਜਿਤ ਕੇ ਫੜ ਲਿਆ ਸੀ। ਅੰਤ ਇਹ ਮੁਆਫ਼ੀ ਮੰਗ ਕੇ ਬਚ ਗਿਆ ਪਰ ਇਸ ਦਾ ਧੰਨ ਜ਼ਬਤ ਕਰ ਲਿਆ ਸੀ।

ਕਈਆਂ ਦਾ ਖਿਆਲ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਕਾਰੂੰ ਨੂੰ ਮਿਲੇ ਸਨ ਅਤੇ ਨਸੀਹਤ ਨਾਮੇ ਦੁਆਰਾ ਉਸਨੂੰ ਉਪਦੇਸ਼ ਦਿਤਾ ਸੀ। ਪਰ ਇਤਿਹਾਸ ਦੀ ਖੋਜ ਮੂਜਬ ਇਹ ਸਿੱਧ ਨਹੀਂ ਹੁੰਦੀ। ਸਤਿਗੁਰੂ ਨਾਨਕ ਜੀ ਜਿਸ ਵੇਲੇ ਰੂਮ ਦੇ ਦੌਰੇ ਗਏ ਸਨ, ਉਸ ਵੇਲੇ ਸ਼ਾਹੀ ਤਖ਼ਤ ਪਰ ਸੁਲਤਾਨ ਸਲੀਮ ਖਾਨ ਪਹਿਲਾ ਸੀ। ਨਾਨਕ ਪ੍ਰਕਾਸ਼ ਵਿਚ ਭਾਈ ਸੰਤੋਖ ਸਿੰਘ ਜੀ ਨੇ ਕਾਰੂੰ ਨੂੰ ਬਾਦਸ਼ਾਹ ਲਿਖਿਆ ਹੈ, ਜੋ ਠੀਕ ਨਹੀਂ।

੩੦. ਕਾਮਧੇਨ ਗਊ

ਕਾਲਿਕਾ ਪੁਰਾਣ ਅਨੁਸਾਰ ਦਖੱਯ ਦੀ ਬੇਟੀ ਸਰਭਿ ਦੇ ਉਦਰ ਤੋਂ ਕਸ਼ਯਪ ਦੀ ਕੁੜੀ ਰੋਹਿਣੀ ਜਨਮੀ। ਇਸ ਦੀ ਸੂਰਸੈਨ ਅਤੇ ਵਸੂ ਦੇ ਵੀਰਜ ਤੋਂ, ਕਾਮਧੇਨ ਜਨਮੀ 'ਇਕ ਵਿਸ਼ਈ ਵੇਤਾਲਾ ਉਸ ਦੀ ਸੁੰਦਰਤਾ ਪਰ ਮੋਹਿਤ ਹੋ ਗਿਆ' ਉਸ ਨੇ ਬੈਲ ਦਾ ਰੂਪ ਧਾਰ ਕੇ ਕਾਮਧੇਨ ਨਾਲ ਭੋਗ ਕੀਤਾ, ਜਿਸਥੀਂ ਮਹਾਨਕ ਬੈਲ ਹੋਇਆ ਜੋ ਕਿ ਨੰਦੀ ਨਾਮਸੇ ਸ਼ਿਵ ਜੀ ਦੀ ਸਵਾਰੀ ਦਿੰਦਾ ਸੀ। ਇਕ ਕਪਿਲਾ ਨਾਮ ਦੀ ਗਊ ਹੈ ਜੋ ਮਨ ਇੱਛਤ ਪਦਾਰਥ ਦਿੰਦੀ ਮੰਨੀ ਹੈ। ਇਹ ਗਊ ਵਿਸ਼ਨੂੰ ਨੇ ਬ੍ਰਹਮਾਂ ਨੂੰ ਦਿਤੀ ਸੀ, ਉਸ ਤੋਂ ਭ੍ਰਿਗੂ ਰਿਸ਼ੀ ਨੂੰ ਅਗੇ ਰਿਸ਼ੀ ਜਮਦਗਨ, ਪਰਸ ਰਾਮ ਦੇ ਪਿਤਾ ਪਾਸ ਜਾ ਰਹੀ। ਜਦੋਂ ਰਾਜਾ ਕਾਤਵੀਯ ਨੇ ਜਮਦਗਨ ਨੂੰ ਮਾਰ ਦਿਤਾ ਤਾਂ ਉਹ ਬ੍ਰਹਮ ਲੋਕ ਵਿਚ ਚਲੀ ਗਈ।

ਲਖਮੀ ਦੇ ਨਾਲ ਸਮੁੰਦਰ ਵਿਚੋਂ ਕਲਪ ਬ੍ਰਿਛ ਵੀ ਨਿਕਲਨਾ ਦਸਿਆ ਹੈ। ਜਿਸਨੂੰ ਸੁਰਤਰ ਭਾਵ ਦੇਵਤਿਆਂ ਦਾ ਦਰਖਤ ਕਹਿੰਦੇ ਹਨ ਇਸ ਦੀ ਹੋਂਦ ਸੁਰਗਾ ਵਿਚ ਦਸੀ ਹੈ। ਇਹ ਪੰਜ ਪ੍ਰਕਾਰ ਦੇ ਬ੍ਰਿਛ ਹਨ ਮੰਦਾਰ, ਪਾਰ ਜਾਤਿ, ਸੰਤਾਨ ਕਲਪ ਬ੍ਰਿਛ, ਹਰਿਚੰਦਨ।

ਮੁਸਲਮਾਨ ਭੀ ਆਪਣੇ ਬਹਿਸ਼ਤਾਂ ਵਿਚ ਦਸਦੇ ਹਨ, ਪਰ ਨਾਮ ਉਸ ਦਾ 'ਸਿਦਰਤੁਲ' ਹੈ। ਪਾਰ ਜਾਤਿ ਦਰਖਤ ਇੰਦ੍ਰ ਦੀ ਇਸਤ੍ਰੀ 'ਸੁਚੀ' ਪਾਸ ਵੇਖ ਕੇ ਕ੍ਰਿਸ਼ਨ ਦੀ ਇਸਤ੍ਰੀ ਸਤਯਭਾਮਾਂ ਦਾ ਦਿਲ ਲਲਚਾਇਆ ਸੀ ਦਸਿਆ ਕਿ ਕ੍ਰਿਸ਼ਨ ਜੀ ਨੇ ਇੰਦਰ ਨਾਲ ਜੰਗ ਕਰਕੇ ਇਸ ਨੂੰ ਬਿੰਦ੍ਰਾਬਨ ਲਿਆਂਦਾ ਸੀ।

੩੧. ਜੱਗ (ਯੱਗ)

ਜੱਗ ਕਰਨਾ ਪੁਰਾਣਾ ਰਿਵਾਜ ਸੀ, 'ਸਤਜੁਗਿ ਸਤ, ਤੇਤਾ ਜਗੀ, ਦੁਆਪਰ ਪੂਜਾ ਚਾਰ (ਰਵਿਦਾਸ) ਤ੍ਰੇਤੇ ਜੁਗ ਵਿਚ ਜੱਗ ਕਰਨੇ ਪਰਧਾਨ

ਕਰਮ ਸੀ। ਲੱਖਾਂ ਜਾਨਵਰ ਜੱਗਾਂ ਵਿਚ ਕਤਲ ਹੁੰਦੇ ਸਨ, ਵੇਦ ਮ੍ਰਯਾਦਾ ਜੱਗਾਂ ਦੀ ਰੀਸੇ ਕਤੇਬੀ ਮਤਿ ਵਿਚ ਭੀ ਹਜ਼ਰਤ ਇਬਰਾਹੀਮ ਤੋਂ ਲੈਕੇ ਜਾਨਵਰਾਂ ਨੂੰ ਕਤਲ ਕਰਕੇ ਕੁਰਬਾਨੀ ਦੇਣ ਦੀ ਮ੍ਰਯਾਦਾ ਚਲੀ ਔਂਦੀ ਹੈ। ਹਿੰਦੂ ਲੋਕ ਜੱਗਾਂ ਵਿਚ ਘੋੜੇ, ਗਾਈਆਂ, ਬੈਲਾਂ ਔਰ ਪੁਰਸ਼ਾਂ ਨੂੰ ਮਾਰ ਕੇ ਹਵਨ ਕਰਦੇ ਸਨ। ਸੋਈ ਮੁਸਲਮਾਨ ਊਠਾਂ, ਗਾਈਆਂ, ਦੁੰਬੇ ਆਦਿ ਮਾਰ ਕੇ ਖੁਦਾ ਲਈ ਕੁਰਬਾਨੀ ਦਿੰਦੇ ਔਂਦੇ ਹਨ।

ਜੇ ਇਧਰ ਅਸਵ ਮੇਧ, ਗਊ ਮੇਧ, ਨਰ ਮੇਧ ਆਦਿ ਜੱਗ ਸਨ ਮੁਕਾਬਲੇ ਪਰ ਬਕਰੀਦ ਆਦਿ ਨਾਮਾਂ ਹੇਠਾਂ ਜੱਗਾਂ ਦੀ ਨਕਲਾਂ ਹਨ। ਗੁਰੂ ਸਾਹਿਬਾਂ ਨੇ ਫੁਰਮਾਯਾ ਹੈ ਕਿ ਜਾਨਵਰਾਂ ਨੂੰ ਮਾਰ ਕੇ ਕੁਰਬਾਨੀ ਦੇਣੀ ਯਾਂ ਹਵਨ ਕਰਨੇ ਕੋਈ ਦੇਵਤਿਆਂ ਦਾ ਕਰਤੱਬ ਨਹੀਂ ਹੈ।

ਮਹਾਤਮਾਂ ਬੁੱਧ ਨੇ ਬੇ-ਰਹਿਮੀ ਭਰਪੂਰ ਜੱਗਾਂ ਨੂੰ ਵੇਖ ਕੇ ਹੀ ਵੇਦ ਧਰਮ ਦੀ ਮੁਖਾਲਫਤ ਕਰਕੇ ਜੀਵ ਅਹਿੰਸਾ ਨੂੰ ਧਰਮ ਦਸਿਆ ਸੀ, ਪਰ ਉਹ ਹੱਦਾਂ ਤੋਂ ਟਪਾ ਦਿੱਤਾ ਗਿਆ। ਪਾਠਕਾਂ ਦੀ ਗਿਆਤ ਵਾਸਤੇ ਅਗੇ ਸੰਖੇਪ ਰੂਪ ਵਿਚ ਅਸਮੇਧ ਜੱਗਾਂ ਦੀ ਮ੍ਰਯਾਦਾ ਲਿਖੀ ਜਾਂਦੀ ਹੈ।

ਜਿਸ ਜੱਗ ਵਿਚ ਘੋੜਾ ਮਾਰ ਕੇ ਹਵਨ ਕੀਤਾ ਜਾਵੇ ਉਸ ਨੂੰ ਅਸਵਮੇਧ ਜੱਗ ਕਹੀਦਾ ਸੀ। ਜੱਗ ਦਾ ਮਨੋਰਥ ਆਪਣੀ ਹਕੂਮਤ ਵਧੌਣ ਯਾਂ ਉਲਾਦ ਪ੍ਰਾਪਤੀ ਹਿਤ ਵਧ ਹੁੰਦੇ ਸਨ। ਇਕ ਸਫੈਦ ਰੰਗ ਦਾ ਘੋੜਾ ਵੇਦ ਮੰਤ੍ਰਾਂ ਨਾਲ ਅਭਿਮੰਤ੍ਰਿਤ ਕਰ ਕੇ ਖੁਲ੍ਹਾ ਛਡ ਦਿਤਾ ਜਾਂਦਾ ਸੀ। ਘੋੜੇ ਦੇ ਮਸਤੱਕ ਪਰ ਜੱਗ ਕਰਨੇ ਵਾਲੇ ਰਾਜੇ ਦਾ ਨਾਮ ਔਰ ਉਸ ਦਾ ਤੇਜ ਤਪ ਆਦਿ (ਮਹਿਮਾ) ਲਿਖ ਦਿੰਦੇ ਸਨ। ਅਸਵਮੇਧ ਜੱਗ ਅਕਸਰ ਰਾਜੇ ਹੀ ਵਧ ਕਰਦੇ ਸਨ, ਉਸ ਘੋੜੇ ਦੇ ਪਿਛੇ ਪਿਛੇ ਫੌਜ ਘਲ ਦਿੰਦੇ। ਇੱਕਰ ਘੋੜਾ ਆਪ ਮੁਹਾਰਾ ਸਾਲ ਭਰ ਦੇਸ਼ ਦਿਸ਼ਾਂਤ੍ਰਾਂ ਵਿਚ ਭੌਂਦਾ ਫਿਰਦਾ। ਅਗੋਂ ਜੋ ਰਾਜੇ ਅਸਵ-ਮੇਧ ਕਰਨੇ ਵਾਲੇ ਰਾਜ ਦੀ ਈਨ ਨਹੀਂ ਮੰਨਣਾ ਚਾਹੁੰਦੇ ਸਨ। ਉਹ ਘੋੜੇ ਨੂੰ ਪਕੜ ਲੈਂਦੇ, ਉਸ ਦਾ ਮੁਦਾ ਜੰਗ ਕਰਨਾ ਸਮਝਿਆ ਜਾਂਦਾ ਸੀ। ਘੋੜੇ ਨੂੰ ਫੜ ਕੇ ਬੰਨ੍ਹਣ ਵਾਲੇ ਨਾਲ ਘੋਰ

ਜੰਗ ਹੁੰਦਾ ਸੀ। ਦੋਹੀ ਪਾਸੀਂ ਹਜ਼ਾਰਾਂ ਪੁਰਸ਼ ਮਾਰੇ ਜਾਂਦੇ, ਘੋੜਾ ਛਡਣੇ ਵਾਲਾ ਜੇਕਰ ਨਾ ਛੁਡਾ ਸਕੇ ਤਾਂ ਉਹ ਜੱਗ ਨਹੀਂ ਕਰ ਸਕਦਾ ਸੀ, ਜੇ ਘੋੜੇ ਨੂੰ ਜੰਗ ਕਰਕੇ ਛੁਡਵਾ ਲੈਂਦਾ ਤਾਂ ਫੜਨੇ ਵਾਲੇ ਨੂੰ ਈਨ ਮੰਨਣੀ ਪੈਂਦੀ ਸੀ। ਘੋੜਾ ਵਾਪਸ ਲਿਆ ਕੇ ਯੱਗ ਕਰਦੇ ਸਨ। ਜਿਸ ਰਾਜ ਵਿਚ ਘੋੜਾ ਨਿਸੰਕ ਗੁਜ਼ਰ ਜਾਂਦਾ ਉਨ੍ਹਾਂ ਰਾਜਿਆਂ ਲਈ ਜੱਗ ਵਿਚ ਸ਼ਾਮਲ ਹੋਣਾ ਜ਼ਰੂਰੀ ਸੀ। ਵੇਦਾਂ ਵਿਚ ਲਿਖੀ ਵਿਧੀ ਅਨੁਸਾਰ ਜਗ ਹੁੰਦੇ ਸਨ। ਜਗਾਂ ਦੇ ਕਾਰਕੁਨ ਬ੍ਰਹਮਣ ਹੁੰਦੇ ਸਨ।

ਜੱਗ ਵਾਸਤੇ ਇਕ ਜਗ੍ਹਾ ਬਣਾਈ ਜਾਂਦੀ ਸੀ। ਉਸ ਦੇ ਵਿਚਕਾਰ ਵੇਦੀ ਰਚੀ ਜਾਂਦੀ। ਸਵਾ ਸਵਾ ਗਜ਼ ਦੇ ਚੌੜੇ ਅਤੇ ਸੱਤ ਸੱਤ ਗਜ਼ਾਂ ਦੇ ਲੰਮੇ ਇੱਕੀ ਖੰਭਿਆਂ ਪਰ ਵੇਦੀ ਰਚਦੇ ਸਨ ਤੇ ਹਵਨ ਵਾਸਤੇ ਅਠਾਰਾਂ ਕੁੰਡ ਬਣਾਏ ਜਾਂਦੇ ਸਨ। ਉਨ੍ਹਾਂ ਵਿਚ ਅਗਨੀ ਪ੍ਰਜੁਲਤ ਕਰਕੇ ਬਹੁਤ ਸਾਰੇ ਪਸ਼ੂ ਪੰਛੀ ਕਤਲ ਕਰਕੇ ਹਵਨ ਹੁੰਦੇ। 'ਸਾੜੇ ਜਾਂਦੇ। ਜਾਨਵਰਾਂ ਦੀ ਬੂ ਯਾ ਗੰਦੀ ਹਵਾੜ ਰਾਜਾ ਰਾਣੀ ਲੈਂਦੇ ਸਨ। ਅਖੀਰ ਵੇਦ ਮੰਤ੍ਰਾਂ ਦਾ ਪਾਠ ਕਰਕੇ ਅਤੇ ਘੋੜੇ ਨੂੰ ਇਸ਼ਨਾਨ ਕਰਵਾਕੇ ਇਕ ਬੈਂਤ ਦੀ ਬਣੀ ਹੋਈ ਚਟਾਈ (ਸੱਫ) ਉਤੇ ਖੜਾ ਕਰਕੇ ਉਸ ਨੂੰ ਰਾਜਾ ਅਤੇ ਉਸ ਦੀ ਰਾਣੀ ਦੇ ਹੱਥੋਂ ਕਤਲ ਕਰਵਾਉਂਦੇ ਸੀ। ਘੋੜੇ ਦੇ ਕਤਲ ਸਮੇਂ ਵੇਖਣ ਵਾਲੇ ਲੋਕੀ, ਜੈ ਜੈ ਕਾਰ ਆਦਿ ਨਾਅਰੇ ਲਾਉਂਦੇ ਸਨ। ਜੇਕਰ ਉਲਾਦ ਦੀ ਇੱਛਾ ਹਿਤ ਜੱਗ ਕੀਤਾ ਜਾਂਦਾ ਤਾਂ ਰਾਤ ਨੂੰ ਘੋੜੇ ਦੀ ਲੋਥ ਨਾਲ ਰਾਣੀ ਨੂੰ ਸੌਣਾ ਪੈਂਦਾ ਸੀ। ਜੇ ਰਾਜ ਦੀ ਵਧ ਇੱਛਾ ਹੁੰਦੀ ਤਾਂ ਹੋਰ ਵਧ ਜਾਨਵਰ ਕਤਲ ਹੁੰਦੇ ਸਨ। ਬ੍ਰਾਹਮਣਾਂ ਨੇ ਮੰਥਾ ਦੇ ਰੱਖੀ ਸੀ ਕਿ ਇਕ ਸੌ ਐਸਾ ਜੱਗ ਕਰਨ ਵਾਲਾ ਰਾਜਾ 'ਇੰਦਰ ਦੀ ਪਦਵੀ' ਨੂੰ ਪ੍ਰਾਪਤ ਹੁੰਦਾ ਹੈ। ਇਸੇ ਕਾਰਨ ਇੰਦਰ ਜੱਗਾਂ ਵਿਚ ਵਿਘਨ ਪਾਉਂਦਾ ਸੀ। ਬਾਲਮੀਕ ਰਾਮਾਇਣ ਦੇ ਲੇਖ ਅਨੁਸਾਰ ਰਾਮਚੰਦਰ ਦੇ ਪਿਤਾ ਦਸਰਥ ਨੇ ਆਪਣੇ ਕੀਤੇ ਅਸ਼ਵਮੇਧ ਜੱਗ ਵਿਚ ਤਿੰਨ ਸੌ ਪਸ਼ੂ (ਗਾਈਆਂ ਘੋੜੇ ਆਦਿ) ਮਾਰਕੇ ਹਵਨ ਕੀਤੇ ਸਨ ਅਤੇ ਘੋੜੇ ਨੂੰ ਰਾਣੀਆਂ ਨੇ ਆਪ

ਕਤਲ ਕੀਤਾ ਸੀ। ਕਤਲ ਕੀਤੇ ਘੋੜੇ ਨਾਲ ਰਾਣੀਆਂ ਦਾ ਰਾਤ ਨੂੰ ਸੌਣਾ ਲਾਜ਼ਮੀ ਨਿਯਮ ਸੀ।

ਜਿਸ ਪਸ਼ੂ ਨੂੰ ਮਾਰ ਕੇ ਹਵਨ ਕੀਤਾ ਜਾਂਦਾ ਸੀ, ਉਹੀ ਨਾਮ ਜੱਗ ਦਾ ਹੁੰਦਾ ਸੀ। ਜਿਵੇਂ ਕਿ ਘੋੜੇ ਦੇ ਹਵਨ ਪਰ ਅਸ਼ਵਮੇਧ, ਗਊ ਦੇ ਹਵਨ ਪਰ ਗਊ ਮੇਧ, ਪੁਰਸ਼ ਦੇ ਹਵਨ ਪਰ ਨਰ ਮੇਧ ਜਗ ਕਹਾਉਂਦਾ ਸੀ। ਰਾਜੇ ਆਦਮੀ ਨੂੰ ਮੁਲ ਲੈ ਕੇ ਯਗਾਂ ਵਿਚ ਕਤਲ ਕਰਕੇ ਹਵਨ ਕਰਦੇ ਸਨ। ਇਹ ਜੱਗ ਚੇਤ ਸੁਦੀ ਦਸਵੀਂ ਤੋਂ ਲੈ ਕੇ ਚਾਲੀ ਦਿਨਾਂ ਵਿਚ ਸੰਪੂਰਨ ਹੁੰਦੇ ਸੀ। ਇਹ ਭੀ ਅਕਸਰ ਰਾਜੇ ਹੀ ਕਰਦੇ ਸਨ।

ਇਕ ਪੁਰਾਤਨ ਕਥਾ ਹੈ ਕਿ ਰਾਜਾ ਹਰੀਸ਼ ਚੰਦਰ ਦੇ ਘਰ ਕੋਈ ਪੁਤਰ ਨਹੀਂ ਸੀ, ਸੁਖਨਾ ਨਾਲ ਉਸ ਦੇ ਘਰ ਰੋਹਿਤ ਨਾਮੀ ਬੇਟਾ ਹੋਇਆ। ਰੋਹਿਤ ਪ੍ਰਾਣ ਦੇਣ ਦੇ ਡਰ ਤੋਂ ਘਰੋਂ ਨਠ ਗਿਆ। ਉਸ ਨੇ ਇਕ ਗ਼ਰੀਬ ਬ੍ਰਾਹਮਣ ਸੁਨਹਸੇਫ ਦੇ ਮਾਪਿਆਂ ਨੂੰ ਬੇਅੰਤ ਧੰਨ ਦੇ ਕੇ ਬਲੀਦਾਨ ਲਈ ਆਪਣੀ ਥਾਵੇਂ ਮੁਲ ਲਿਆਂਦਾ ਸੀ। ਰਾਮਾਇਣ ਵਿਚ ਨਰਮੇਧ ਦੀਆਂ ਕਥਾਵਾਂ ਭੀ ਹਨ।

੩੨. ਜ਼ਕਾਤ (ਮਹਿਸੂਲ)

ਮੁਸਲਮਾਨੀ ਸ਼ਰਾਹ ਵਿਚ ਜ਼ਕਾਤ ਦੀ ਵੰਡ ਇਉਂ ਲਿਖੀ ਹੈ, ਜਿਸ ਦੇ ਸੱਤ ਹਿੱਸੇ ਕੀਤੇ ਹਨ। ਫ਼ਕੀਰਾਂ ਦਰਵੇਸ਼ਾਂ ਨੂੰ ਅਨਾਥਾਂ ਉਗਰਾਹੇ, ਗੁਲਾਮਾਂ ਆਜ਼ਾਦ ਕਰਾਉਣ ਹਿਤ, ਮਕਰਾਜਾਂ ਭਾਵ ਮਕਰੂਜ਼ਾਂ ਲਈ ਧਰਮ ਦੇ ਜੰਗ ਵਾਸਤੇ, [ਖ਼ੁਦਾ ਦਾ ਨਾਮ] ਮੁਸਾਫਿਰਾਂ ਹਿੱਤ ਰਾਜ ਯਾ ਸ਼ਹਿਰ ਵਿਚੋਂ ਔਣ ਵਾਲੀਆਂ ਵਸਤਾਂ ਪੁਰ ਮਸੂਲ, ਟੈਕਸ, ਜ਼ਕਾਤ, ਚੁੰਗੀ, ਇਕੋ ਬਾਤ ਹੈ, ਇਸ ਤੋਂ ਬਿਨਾਂ ਰਾਜ ਪ੍ਰਬੰਧ ਨਹੀਂ ਚਲ ਸਕਦੇ, ਪਰ ਮਹਿਸੂਲ ਯਾਂ ਜ਼ਕਾਤ ਵਿਤ ਅਨੁਸਾਰ ਹੀ ਲੀਤੀ ਜਾ ਸਕਦੀ ਹੈ। ਵਿਤੋਂ ਵਧ ਮੰਗਣ ਨਾਲ ਲੋਕਾਂ ਵਿਚ ਬਗ਼ਾਵਤ ਹੋ ਜਾਇਆ ਕਰਦੀ ਹੈ। ਅਤੇ ਜ਼ੁਲਮ ਮੰਨਿਆ ਜਾਂਦਾ ਹੈ।

ਮੁਸਲਮਾਨੀ ਰਾਜ ਵਿਚ ਜੋ ਲੋਕ ਮੁਸਲਮਾਨ ਨਹੀਂ ਬਣਦੇ ਸਨ, ਉਨ੍ਹਾਂ ਨੂੰ ਟਕਸ ਯਾ ਜਿਜ਼ੀਆਹ ਲਗਾਇਆ ਜਾਂਦਾ ਸੀ। ਹਰ ਇਕ ਬਾਲਕ ਪਾਸੋਂ ਇਕ ਦੀਨਾਰ ਭਾਵ ਬੱਤੀ ਰੱਤੀ ਸੋਨੇ ਦੀ ਮੋਹਰ ਲੀਤੀ ਜਾਂਦੀ ਸੀ। ਜੋ ਸਰਕਾਰ ਨੂੰ ਫੌਜੀ ਸੇਵਾ ਨਹੀਂ ਦਿੰਦਾ ਸੀ, ਉਸ ਨੂੰ ਭੀ ਜਿਜ਼ੀਆ ਲਗਦਾ ਸੀ। ਇਹ ਵੀ ਗੈਰ ਮੁਸਲਮਾਨ ਹੀ ਦਿੰਦੇ ਸਨ। ਔਰੰਗਜ਼ਬ ਦਾ ਹੁਕਮ ਸੀ ਕਿ ਹਰ ਇਕ ਕਾਫਰ (ਗੈਰ ਮੁਸਲਮਾਨ) ਅਦਾਲਤ ਵਿਚ ਆਪ ਹਾਜ਼ਰ ਹੋ ਕੇ ਆਪਣੀ ਹੱਥੀਂ ਜਿਜ਼ੀਆ ਭਰਿਆ ਕਰੇ। ਅਰ ਉਹ ਮੋਮਨਾ ਜਹੀ ਚੰਗੀ ਪੁਸ਼ਾਕ ਪਾ ਕੇ ਆਉਣ। ਜਿਜ਼ੀਆ ਅਸਲ ਰਹਿਮ ਦਾ ਤ੍ਰੀਕਾ ਮੰਨਿਆ ਜਾਂਦਾ ਕਿ ਉਹ ਕਟਲ ਰਹਿੰਦੀ ਥਾਂ ਡੰਡ ਭਰੇ।'

੩੩. ਨਾਸਤਿੱਕ ਮਤਿ

ਨਾਸਤਿੱਕ ਮਤਿ ਦਾ ਵਡਾ ਮੋਢੀ ਬ੍ਰਹਸਪਤੀ ਨੂੰ ਮੰਨਿਆ ਗਿਆ ਹੈ। ਇਸ ਨੇ ਭੀ ਵੇਦਾਂ ਦੇ ਮੁਕਾਬਲੇ ਗਰੰਥ ਲਿਖੇ। 'ਇਸ ਦਾ ਚੇਲਾ ਮੁਨਿ ਹੋਇਆ ਅਤੇ ਨਾਸਤਿੱਕ ਮਤਿ ਦਾ ਮੁਖੀ ਪ੍ਰਚਾਰਕ "ਚਾਰਵਾਕ" ਨਾਮ ਦਾ ਪੁਰਸ਼ ਪ੍ਰਸਿੱਧ ਹੋਇਆ, ਇਸ ਦੀ ਹੋਂਦ, ਸਨ ਈਸਵੀ ਤੋਂ ੨੪੩੯ ਸਾਲ ਪਹਿਲਾਂ ਦਸੀ ਗਈ ਹੈ। ਇਸ ਦਾ ਪਿਤਾ ਇੰਦੂ ਕਾਂਤ ਔਰ ਮਾਤਾ ਸ੍ਰੀ ਬ੍ਰਿਣੀ ਸੀ ਇਸ ਦਾ ਗਰਾਮ ਸੰਖਯੋਧਾਰ ਖਜੋੜ ਨਾਮ ਸੀ। ਇਹ ਪਿੰਡ ਚੰਚਲ ਨੱਦੀ ਦੇ ਕਿਨਾਰੇ ਪਰ ਹੈ।

ਨਾਸਤਿਕਤਾ ਦੇ ਬਾਨੀ ਬ੍ਰਿਹਸਪਤੀ ਨੇ ਕਈ ਕੁ ਸੂਤ੍ਰ ਪਹਿਲੇ ਲਿਖੇ ਸਨ ਉਸਨੇ ਲਿਖਿਆ ਸੀ 'ਕਿਚਾਰਤਤਾ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ!" ਜਿਹਾ ਕਿ ਅਗਨੀ, ਪਾਣੀ ਹਵਾ ਔਰ ਪ੍ਰਿਥਵੀ ਹੈ ਪੰਜਵਾਂ ਅਕਾਸ਼ ਨੂੰ ਤੱਤ ਨਹੀਂ ਮੰਨਿਆ ਸੀ। ਚਾਰਾਂ ਦੇ ਸੰਜੋਗ ਨਾਲ ਚੈਤਨ ਉਤਪਨ ਹੋਇਆ। ਜਿਵੇਂ ਕਿ ਮਾਦਕ (ਨਸ਼ੇ) ਵਾਲੇ ਦ੍ਰਵਾਂ ਦੇ ਮਿਲਾਪ ਨਾਲ ਨਸ਼ਾ ਉਤੱਪਨ ਹੁੰਦਾ ਹੈ। ਇਕੱਰ ਜੀਵ ਸਰੀਰ ਨਾਲ ਹੀ ਪੈਦਾ ਹੋਕੇ ਮਰ

ਜਾਂਦਾ ਹੈ। ਬਾਕੀ ਕੁਛ ਨਹੀਂ ਰਹਿੰਦਾ, ਯਾਂ ਤੋ ਲੋਕ ਪ੍ਰਲੋਕ ਯਾਂ ਪਿਛੋ ਲਿਖੇ ਪੜੇ ਵਧ ਬਾਤਾਂ ਹਨ।

ਚਾਰਵਾਕ ਨੇ ਆਪਣੇ ਖਿਆਲਾਂ ਦੇ ਪ੍ਰਚਾਰ ਵਾਸਤੇ ਕਈ ਗਰੰਥ ਲਿਖੇ, ਜਿਨ੍ਹਾਂ ਦਾ ਸਾਰ ਅੰਸ਼ ਸਿਧਾਂਤ ਅਗੇ ਦਿਤਾ ਜਾਂਦਾ ਹੈ। ਮਰਨ ਪਿਛੋਂ ਸਰੀਰ ਭਸਮ ਹੋ ਜਾਂਦਾ ਹੈ ਜੀਵ ਦਾ ਕਿਧਰੇ ਔਣਾ ਜਾਣਾ ਨਹੀਂ ਹੈ। ਜਨਮ ਦਾ ਮੁਖ ਮਨੋਰਥ ਖਾਣਾ ਪੀਣਾ ਤੇ ਮਨ ਬਾਂਛਤ ਭੋਗ ਭੋਗਣੇ ਹਨ, ਲੋਕ ਪ੍ਰਲੋਕ ਕੋਈ ਨਹੀਂ। ਮਰੇ ਪਿਛੋਂ ਜੀਵ ਪ੍ਰਤੱਖ ਨਹੀਂ ਹੁੰਦਾ ਸੋ ਪ੍ਰਤੱਖ ਤੋਂ ਬਿਨਾਂ ਅਨਮਾਦਿਕ ਕੁਝ ਨਹੀਂ ਹੁੰਦਾ। ਸੁੰਦਰ ਜ਼ਨਾਨੀ ਦਾ ਭੋਗ ਹੀ ਪੁਰਖਾਰਥ ਦਾ ਫਲ ਹੈ। ਸੰਸਾਰ ਦੇ ਪ੍ਰਤੱਖ ਸੁਖ ਛਡਕੇ ਸੁਰਗਾਂ ਦੀ ਇੱਛਾ ਮਾਤ੍ਰ ਵਿਚ ਧੂਰਤਾਂ ਅਹਿਮਕਾਂ) ਦੇ ਰਚੇ ਹੋਏ ਵੇਦ ਹਨ। ਅਗਨੀ ਹੋਤ੍ਰ, ਕਰਮ ਉਪਾਸ਼ਨਾ ਆਦਿ ਅਗਿਆਨ ਕਾਂਡ ਦਾ ਉਦਮ ਕਰਦੇ ਹਨ। ਸੋ ਇਹ ਅਗਿਆਨੀ ਹਨ। ਜੇ ਪ੍ਰਲੋਕ ਹੈ ਹੀ ਨਹੀਂ ਤਾਂ ਉਸ ਦੀ ਆਸ਼ਾ ਕਰਨੀ ਮੂਰਖਤਾ ਹੈ।

ਸੰਸਾਰ ਦੀ ਰਚਨਾ ਜੋ ਸੁਭਾਵਕ ਹੀ ਪਦਾਰਥ ਦ੍ਰਵਯ ਸੰਯੁਕਤ ਹੋ ਕੇ, ਸਾਰੇ ਪਦਾਰਥ ਬਣਦੇ ਹਨ। ਕੋਈ ਜਗਤ ਦਾ ਕਰਤਾ ਨਹੀਂ ਹੈ। ਨਾ ਕੋਈ ਸੁਰਗ ਨਰਕ ਹੈ। ਪ੍ਰਲੋਕ ਕਿਸੇ ਨੇ ਨਹੀਂ ਜਾਣਾ, ਅਤੇ ਨਾ ਹੀ ਬ੍ਰਨਾਸ੍ਰਮਾਦੀ ਕ੍ਰਿਯਾ ਫਲਦਾਇਕ ਹੈ। ਜੋ ਜਗ ਵਿਚ ਪਸ਼ੂ ਮਾਰ ਕੇ ਹੋਮ ਕਰਨ ਨਾਲ ਸੁਰਗਾਂ ਨੂੰ ਕਿਉਂ ਨਹੀਂ ਜਾਂਦੇ ? ਸ੍ਰਾਧਾਂ ਦੁਆਰੇ ਮਰੇ ਪ੍ਰਾਣੀਆਂ ਨੂੰ ਅੰਨ ਆਦਿ ਬਸਤ੍ਰ ਪਹੁੰਚਣੇ ਇਹ ਸਭ ਪੋਪ ਲੀਲਾ ਹੈ। ਮਰਨ ਸਮੇਂ ਕੋਈ ਜੀਵ ਪ੍ਰਲੋਕ ਨੂੰ ਜਾਂਦਾ ਹੈ ਇਹ ਸਭ ਢੰਗ ਬ੍ਰਾਹਮਣਾਂ ਦੀ ਉਪਜੀਵਕਾ ਦੇ ਹਨ। ਵੇਦਾਂ ਦੇ ਕਰਤੇ ਭੰਡ ਹਨ, ਧੂਰਤ ਔਰ ਰਾਖਸ਼ ਹਨ। ਜ਼ਰਫ਼ਰੀ, ਤਰਫ਼ਰੀ ਆਦਿ ਪੰਡਿਤਾਂ ਦੇ ਧੂਰਤ ਬਚਨ ਹਨ। ਜੋ ਮੰਨਣੇ ਯੋਗ ਨਹੀਂ ਹਨ। ਵੇਖੋ ! ਅਹਿਮਕਾਂ ਦੀ ਰਚਨਾ ਕਿ ਘੋੜੇ ਦੇ ਲਿੰਗ ਨੂੰ ਫੜਕੇ, ਇਸਤ੍ਰੀ ਉਸ ਦੇ ਨਾਲ ਸਮਾਗਮ ਕਰੇ, ਕੰਨਜਾ ਨਾਲ ਠੱਠਾ ਮਸਕਰੀ ਲਿਖਣਾ ਧੂਰਤ ਦੇ ਬਿਨਾ ਨਹੀਂ ਹੋ ਸਕਦਾ। ਜੇੜ੍ਹਾ ਮਾਸ

ਖਾਣਾ ਲਿਖਿਆ ਹੈ ਇਹ ਰਾਖਸ਼ਾਂ ਦਾ ਬਣਾਯਾ ਵੇਦ ਭਾਗ ਹੈ। ਇਕੱਤ
ਦੇ ਇਨ੍ਹਾਂ ਦੇ ਕਿਤਨੇ ਹੀ ਉਪਦੇਸ਼ ਹਨ, ਜਿਨ੍ਹਾਂ ਪਰ ਅਣਜਾਣ ਭਿਜਕੇ
ਧਰਮ ਨੂੰ ਛਡਕੇ ਨਾਸਤਿੱਕ ਬਣ ਤੁਰਦੇ ਹਨ। ਗਲਾਂ ਬਾਤਾਂ ਨਾਲ
ਚਾਰਵਾਕੀਏ ਧੂਏਂ ਦੇ ਬਦੱਲ ਖੜੇ ਕਰਕੇ ਲੋਕਾਂ ਨੂੰ ਭਰਮਾ ਲੈਂਦੇ ਹਨ।
ਇਨ੍ਹਾਂ ਬਾਰੇ ਲਿਖਿਆ ਹੈ।

੩੪. ਦੇਵੀ ਜੁਆਲਾਮੁਖੀ

'ਜਵਾਲਾਮੁਖੀ ਨਾਮ ਦੀ ਦੇਵੀ' ਕਾਂਗੜੇ ਜ਼ਿਲਾ ਹੁਸ਼ਿਆਰਪੁਰ ਦੇ
ਪਹਾੜਾਂ ਵਿਖੇ ਪੂਜੀ ਜਾਂਦੀ ਹੈ। ਉਥੇ ਦੇ ਪਹਾੜ ਵਿਚ ਗੰਧਕ ਹੋਣ
ਕਰਕੇ ਵਿਚੋਂ ਗੈਸ ਨਿਕਲਦੀ ਹੈ। ਉਥੋਂ ਨਿਕਲਦੀ ਗੈਸ ਨੂੰ ਦੇਵੀ
ਦੇ ਮੁਖ ਵਿਚੋਂ ਅਗਨ ਦੀਆਂ ਲਾਟਾਂ ਦਸ ਕੇ ਪਾਂਡੇ ਲਾਟਾਂ ਵਾਲੀ ਦੇਵੀ
ਸਿੱਧ ਕਰਦੇ ਹਨ। ਇਕਰ ਜਵਾਲਾ ਮੁਖੀ ਪਹਾੜ ਜਾਪਾਨ ਆਦਿ ਹੋਰ
ਦੇਸ਼ਾਂ ਵਿਚ ਭੀ ਹਨ। 'ਗੰਧਕ ਦੇ ਵਧਣ ਪਰ ਕਈ ਵਾਰੀ ਪਹਾੜ ਫਟ
ਕੇ ਭੁਚਾਲ ਭੀ ਆ ਜਾਂਦੇ ਹਨ। ਗੈਸ ਨਿਕਲਣ ਨੂੰ ਦੇਵੀ ਦੇ ਮੁਖ ਦੀਆਂ
ਲਾਟਾਂ ਦਸਣਾਂ ਵਹਿਮ ਔਰ ਪਾਖੰਡ ਦਾ ਪਰਚਾਰ ਕਰਨਾ ਹੈ।

ਦੇਵੀਆਂ ਬਾਰੇ ਇਕ ਪੁਰਾਣਕ ਕਥਾ ਹੈ ਕਿ ਮਹਾਂਦੇਵ ਦੀ ਇਸਤ੍ਰੀ
ਜੋ ਕਿ ਦਖਯ ਦੀ ਪੁਤਰੀ ਸੀ ਦਖਯ ਦੇ ਜੱਗ ਵਿਚ ਮਹਾਂਦੇਵ ਦੇ ਨਮਿਤ
ਆਹੂਤੀ ਨਾ ਦੇਣ ਨੂੰ ਨਿਰਾਦਰੀ ਹੋਈ ਮੰਨ ਕੇ ਵਨਕੁੰਡ ਵਿਚ ਡਿਗ ਕੇ
ਸਤੀ ਹੋ ਗਈ ਸੀ। ਮਹਾਂਦੇਵ ਉਸ ਦੇ ਮੋਹ ਵਸ ਹੋ ਕੇ ਸਤੀ ਦੇ ਸੜੇ
ਹੋਏ ਪਿੰਜਰ ਨੂੰ ਉਠਾ ਕੇ ਕਈ ਸਾਲ ਫਿਰਦਾ ਰਿਹਾ। ਅਖੀਰ ਸ੍ਰੀ ਵਿਸ਼ਨੂੰ
ਜੀ ਨੇ ਸੁਦਰਸ਼ਨ ਚਕਰ ਨਾਲ ਉਸ ਮੁਰਦਾ ਪਿੰਜਰ ਨੂੰ ਖਿੰਡਾ ਦਿਤਾ ਜੋ
ਇਕਵੰਜਾ ਥਾਵੀਂ ਅੰਗ ਡਿਗਣ ਨਾਲ ਦੇਵੀ ਪੀਠ ਬਣਾਏ ਗਏ। ਉਹੀ
ਨਾਮ ਰਖੇ ਜਿਹਾ ਕਿ ਜਿਹਵਾਂ ਤੋਂ ਜਵਾਲਾਮੁਖੀ ਨੇਤਰਾਂ ਤੋਂ
ਨੈਣਾਂ ਦੇਵੀ। ਸਵਾਰੀਆਂ ਲਈ ਵਿਸ਼ਨੂ ਦਾ ਗਰੜ, ਬਰਹਮਾ
ਦਾ ਹੰਸ, ਗਣੇਸ਼ ਦਾ ਚੂਹਾ, ਸਰਸਵਤੀ ਦੇਵੀ ਦਾ ਹੰਸ, ਇੰਦਰ ਦਾ ਹਾਥੀ,

ਦੁਰਗਾਦੇਵੀ ਦਾ ਸ਼ੇਰ ਸ਼ਨੀ ਔਰ ਰਾਹੂ ਗ੍ਰਹਿ ਦਾ ਗਿਰਝ, ਸੂਰਜ ਦਾ ਸਤਾਂ ਘੋੜਿਆਂ ਦਾ ਰੱਥ, ਕਾਰਤਕ੍ਰੇਯ ਦਾ ਮੋਰ, ਸ਼ਿਵ ਜੀ ਦਾ ਬੈਲ, ਮੰਗਲ ਗ੍ਰਹਿ ਦਾ ਮੀਂਡਾ, ਕੁਬੇਰ ਦਾ ਨਰ, ਔਰ ਭੈਰਵ ਦਾ ਕੁਤਾ, ਸੀਤਲਾ ਦੇਵੀ ਦਾ ਗੱਧਾ, ਲਛਮੀ ਦਾ ਕੰਨਖੰਜੂਰਾ, ਮਨਸਾ ਦੇਵੀ ਦਾ ਸ਼ਰਪ, ਚੰਦ੍ਰਮਾ ਦਾ ਦਸ ਘੋੜਿਆਂ ਵਾਲਾ ਰੱਥ! ਯਮ ਦੀ ਸਵਾਰੀ ਝੋਟੇ ਦੀ ਹੈ। ਕਾਮ ਦੇਵਤੇ ਦਾ ਤੋਤਾ। ਇਕਰ ਹਰ ਦੇਵਤੇ ਦੀ ਸਵਾਰੀ ਵਖੋ ਵਖਰੀ ਵਿਖਾਈ ਜਾਂਦੀ ਹੈ। ਪਰਸਿੱਧ ਦੇਵੀਆਂ ਜਾਂ ਮਾਤਾਵਾਂ ਸਤ ਮੰਨੀਆਂ ਹਨ ਜਿਹਾ ਕਿ ਵੈਸ਼ਨਵੀ ਮਤੇ ਸ਼ਵਰੀ, ਕੌਮਾਂਰੀ ਵਾਰਾਹੀ, ਚਾਮੁੰਡਾ, ਇੰਦਰਾਣੀ ਬ੍ਰਹਮੀਨ ਇਨ੍ਹਾਂ ਦੇ ਦੇਵੀ ਦਵਾਲੇ ਬਹੁਤ ਉਚੇ ਬਣਾਏ ਹੋਏ ਹਨ।

੩੫. ਮਹਾਂਰਾਣੀ ਦਰੋਪਦੀ

ਦਰੋਪਦੀ ਰਾਜਾ ਦਰੁਪੱਦ ਦੀ ਪੁੱਤਰੀ ਸੀ, ਅਸਲ ਨਾਮ ਕ੍ਰਿਸ਼ਨਾ ਸੀ, ਦਰੁਪੱਦ ਪ੍ਰਿਸਾਤ ਦਾ ਪੁਤਰ ਸੀ। ਚੰਦਰ ਵੰਸੀ ਊਰਧ ਦੁਆਬ ਜਮਨਾ ਗੰਗਾ ਦਾ ਦੁਆਬ ਇਲਾਕੇ ਪੰਚਾਲ ਦਾ ਰਾਜਾ ਸੀ। ਕ੍ਰਿਸ਼ਨਾ ਦੇ ਦੋ ਭਾਈ ਧ੍ਰਿਸਟਦੁਯੁਮਨ ਔਰ ਸਿਖੰਡੀ ਸਨ। ਸਮੇਤ ਰਾਜੇ ਦੇ ਇਹ ਦੋਵੇਂ ਪੁੱਤਰ ਮਹਾਂ ਭਾਰਤ ਦੇ ਜੰਗ ਵਿਚ ਮਾਰੇ ਗਏ ਸਨ। "ਸਿਮਰਨ ਦਰੋਪਦਸੁਤਾ ਉਧਰੀ (ਨਾਮ ਦੇਵ ਗੌਂਡ)" ਦਰੋਪਦੀ ਲਜਾ ਨਿਵਾਰਿ ਉਧਾਰਣ ॥ ਮਾਰੂ ਸੋਲਹੇ ਮ: ੫ ॥ ਰਾਜਾ ਦਰੁਪਦ ਨੇ 'ਆਪਣੀ ਬੇਟੀ ਕ੍ਰਿਸ਼ਨਾ ਦੀ ਸ਼ਾਦੀ ਦੀ ਇਕ ਸ਼ਰਤ ਰਖੀ, ਇਕ "ਮਛਯੰਤਰ ਰਚਕੇ 'ਤੇਲ ਦੇ ਬਰਤਣ ਵਿਚੋਂ ਉੱਪਰ ਟੰਗੀ ਮੱਛੀ ਯੰਤਰ ਦੀ ਅੱਖ ਦਾ ਤੀਰ ਨਾਲ ਜੋ ਭੀ ਨਿਸ਼ਾਨਾ ਕਰੇਗਾ ਉਸ ਨਾਲ ਕ੍ਰਿਸ਼ਨਾ ਦੀ ਸ਼ਾਦੀ ਹੋਵੇਗੀ, ਉਸ ਸ਼ਰਤ ਨੂੰ ਪਾਂਡੋ ਅਰਜਨ ਨੇ ਜਿੱਤ ਲਿਆ, ਦਸਿਆ ਹੈ ਕਿ ਘਰ ਪਹੁੰਚਣ ਪਰ ਇਸ ਦੀ ਮਾਤਾ ਕੁੰਤੀ ਨੇ ਕਿਹਾ ਜਿੱਤੀ ਚੀਜ਼ ਪੰਜੇ ਭਰਾਵਾਂ ਦੀ ਸਾਂਝੀ ਰਹੇ, ਸੋ ਕ੍ਰਿਸ਼ਨਾ ਪੰਜਾਂ ਭਰਾਵਾਂ ਦੀ ਇਸਤ੍ਰੀ ਬਣੀ। ਪੰਜਾਂ ਭਰਾਵਾਂ ਨੇ ਕ੍ਰਿਸ਼ਨਾ ਤੋਂ ਪੰਜ ਪੁਤਰ ਪੈਦਾ ਕੀਤੇ ਯੁਧਿਸ਼ਟਰ ਦਾ

ਪ੍ਰਤਿ-ਧਯੁ, ਭੀਮ ਸੈਨ ਦਾ ਸਰਸੋਮ, ਅਰਜਨ ਦਾ ਸਰਤਕੀਤ ਅਗੋ ਨਕੁਲ ਤੋਂ "ਸ਼ਤਾਨੀਕੇ, ਔਰ ਸਹਦੇਵ ਤੋਂ ਸਰੁਤਕ੍ਰਮਾਂ ਜਨਮਿਆ" ਯੁਧਿਸਟਰ ਨੇ ਦੁਰਜੋਧਨ (ਕੌਰਵਾਂ) ਨਾਲ ਜੂਆ ਖੇਡਕੇ ਰਾਜ ਭਾਗ ਹਾਰ ਕੇ ਦਰੋਪਤੀ (ਕ੍ਰਿਸ਼ਨਾ) ਭੀ ਜੂਏ ਵਿਚ ਲਗਾਕੇ ਹਾਰ ਦਿਤੀ" ਜਿਸ ਕਰਕੇ ਦੁਰਜੋਧਨ ਨੇ ਮਹਿਲਾਂ ਵਿਚੋਂ ਦਰੋਪਦੀ ਨੂੰ ਕੇਸਾਂ ਤੋਂ ਫੜਕੇ ਆਪਣੇ ਭਾਈ ਦੁਸ਼ਾਸਨ ਦੀ ਮਾਰਫਤ ਦਰੋਪਤੀ ਨੂੰ ਆਪਣੇ ਸ਼ਾਹੀ ਦਰਬਾਰ ਵਿਚ ਨੰਗੀ ਕਰਕੇ ਬੇਇਜ਼ੱਤ ਕਰਨ ਵਾਸਤੇ ਮੰਗਵਾਇਆ। ਕਰਤਾਰ ਦੇ ਸਿਮਰਨ ਕਰਕੇ ਉਹ ਨੰਗੀ ਨਾ ਹੋ ਸਕੀ।"

ਮਿਲੇ ਪੰਜ ਰਹੀ ਬੋਲੇ ਸ਼ਰਮਾਦੀ।

ਪੰਜੇ ਭਾਈ ਭੀ ਸ਼ਾਹੀ ਦਰਬਾਰ ਵਿਚ ਬੈਠੇ ਵੇਖਦੇ ਸਨ। ਕੁਝ ਨਾ ਕਰ ਸਕੇ। ਗੁਰਬਾਣੀ ਵਿਚ ਦਸਿਆ ਹੈ ਕਿ ਦਰੋਪਤੀ ਦੀ ਲਾਜ ਕਰਤਾਰ ਨੇ ਰੱਖੀ, "ਪੰਚਾਲੀ ਕਉ ਰਾਜ ਸਭਾ ਮਹਿ, ਰਾਮ ਨਾਮ ਸੁਧ ਆਈ" ਮਾਰੂ ਮ: ੯॥ ਦਰੋਪਤੀ ਦੀ ਲਜਾ ਰਖੀ ਕਰਤਾਰ ਨੇ ਆਪ, ਕਿਉਂਕਿ ਉਸਨੇ ਕਰਤਾਰ ਦੀ ਓਟ ਲਿਤੀ ਸੀ। ਸ੍ਰੀ ਕ੍ਰਿਸ਼ਨ ਜੀ ਭੀ ਉਸ ਸਮੇਂ ਉਥੇ ਹੀ ਹਾਜ਼ਰ ਸਨ। ਪਾਂਡੋ ਭਾਈ ਇਸ ਘਟਨਾ ਤੋਂ ਦੁਖੀ ਹੋ ਕੇ ਅਤਿ ਰੋਂਦੇ ਰਹੇ।

ਸ੍ਰੀ ਦਰੋਪਤੀ ਨੇ ਆਪਣੇ ਪੰਜਾਂ ਪਰਾਣ ਪਤੀਆਂ ਨਾਲ ਖਿੜੇ ਮਹਾਨ ਦੁਖਾਂ ਨੂੰ ਝਲਿਆ ਮਹਾਂ ਜੰਗ ਵਿਚ ਇਸ ਦਾ ਪਿਤਾ ਔਰ ਭਾਈ ਮਾਰੇ ਗਏ ਸਨ, ਦਰੋਪਤੀ ਪੰਜਾਂ ਪਾਂਡਵਾਂ ਦੇ ਹਿਮਾਲਯਾ ਜਾਣ ਸਮੇਂ ਸਾਥ ਹੀ ਗਈ ਸੀ ਆਪਣੇ ਪਿਆਰੇ ਪਤੀਆਂ ਨਾਲ ਬਰਫ ਵਿਚ ਰਹਿਕੇ ਪਰਾਣ ਤਿਆਗੇ ਸਨ। ਦਰੋਪਤੀ ਦਾ ਪਤੀ ਬਰਤ ਧਰਮ ਦੀ ਪਾਲਨਾ ਕਰਨੀ ਭਾਰੀ ਮਿਸਾਲ ਹੈ।

੩੯. ਜੁੱਗ (ਸਮਾਂ)

ਹਿੰਦੂ ਗਰੰਥਾਂ ਵਿਚ ਜੁੱਗਾਂ ਦੀ ਆਰਜਾ (ਉਮਰ) ਆਪੋ ਆਪਣੀ

ਬੁਧੀ ਅਨੁਸਾਰ ਕਈ ਥਾਂਵੀ ਲਿਖੀ ਮਿਲਦੀ ਹੈ ਉਨ੍ਹਾਂ ਲਿਖਤਾਂ ਦਾ ਸੰਖੇਪ ਅਗੇ ਦਰਜ ਹੈ। ਯੁਗ ਦੇ ਅਰਥ ਸਮਾ, ਮਾਪ, ਜੋੜ ਆਦਿ ਹਨ। ਸਤਯ, ਤਰੇਤਾ, ਦਵਾਪਰ, ਕਲਿਜੁਗ ਇਕ ਖਾਸ ਸਮਿਆਂ ਦਾ ਨਾਮ ਹੈ। ਜੋ ਹਰ ਸਮੇਂ, ਵਰਤੀਂਦੇ ਹੈਨ। ਹਿੰਦੂ ਗਰੰਥਾਂ ਦੇ ਮੁਜਬ ਸੰਖਯਾ, ਔਰ ਸਮਾਪਤੀ ਦਾ ਸੰਧਯਾਂਸ਼ ਆਖੀਦਾ ਹੈ। ਇਨ੍ਹਾਂ ਦੋਨਾਂ ਦਾ ਪ੍ਰਮਾਣ ਯੁਗ ਦਾ ਦਸਵਾਂ ਦਸਵਾਂ ਹਿਸਾ ਹੁੰਦਾ ਹੈ। ਦੋਹਾਂ ਯੁਗਾਂ ਦੀ ਗਿਣਤੀ ਦੇਵਤਿਆਂ ਦੇ ਵਰਸ਼ਾਂ ਅਨੁਸਾਰ ਹੈ ਅਗੇ ਲਿਖੇ ਅਨੁਸਾਰ ਦੇਵਤਿਆਂ ਦਾ ਵਰਸ਼ ਲੋਕਾਂ ਦੇ ਤਿੰਨ ਸੌ ਸਠ ਵਰਸ਼ਾਂ ਦੇ ਬਰਾਬਰ ਮੰਨਿਆ ਹੈ। ਇਸ ਲੇਖੇ ਅਨੁਸਾਰ ਸਤਿਜੁਗ ਦਾ ਸਮਾ ਅਠਤਾਲੀ ਸੌ ਵਰਸ਼, ਔਰ ਤਰੇਤੇ ਦਾ ਛਬੀਸ ਸੌ, ਦੁਆਪਰ ਦਾ ਚੌਬੀਸ ਸੌ ਤੇ ਕਲਜੁਗ ਦਾ ਬਾਰਾਂ ਸੌ ਵਰਸ਼ ਹੁੰਦਾ ਹੈ। ਇਸ ਨੂੰ ਜ਼ਰਬ ਨਾਲ ਨਿਕਾਲੋ।

ਇਸ ਲੇਖੇ ਚਾਰੇ ਜੁਗਾ ਦੀ ਆਰਜਾ ਤਿਰਤਾਲੀ ਲੱਖ ਬੀਸ ਹਜ਼ਾਰ ਸਾਲ ਬਣਦੀ ਹੈ। ਚਾਰ ਜੁਗਾਂ ਦੀ ਇਕ ਚੌਂਕੜੀ ਨੂੰ 'ਮਹਾਂ ਯੁਗ' ਕਹਿੰਦੇ ਹਨ। ਦੋ ਹਜ਼ਾਰ ਮਹਾਂ ਜੁਗਾਂ ਦਾ ਇਕ ਕਲਪ ਹੁੰਦਾ ਹੈ। ਇਹ ਅੱਠ ਅਰਬ ਚੌਂਸਠ ਕਰੋੜ ਵਰਸ਼ ਬਣਦੇ ਹਨ। ਇਕ ਕਲਪ ਬ੍ਰਹਮਾਂ ਦੀ ਉਮਰ ਦਾ ਇਕ ਦਿਨ ਰਾਤ ਬਣਦਾ ਹੈ। ਇਕੱਰ ਦੀ ਕਈ ਗਿਣਤੀਆਂ ਮਹਾਂ ਭਾਰਤ, ਰਾਮਾਯਣ ਔਰ ਹੋਰ ਕਈ ਪੁਰਾਣਾਂ ਵਿਚ ਹਨ।

ਲਿਖਿਆ ਹੈ ਕਿ ਸਤਿਜੁਗ ਵਿਚ ਲੋਕਾਂ ਦੀ ਉਮਰ ਚਾਰ ਸੌ ਸਾਲਾਂ ਦੀ, ਤਰੇਤੇ ਤਿਨ ਸੌ, ਦੁਆਪਰ ਦੋ ਸੌ ਔਰ ਕਲਿਜੁਗ ਵਿਚ ਇਕ ਸੌ ਸਾਲਾਂ ਦੀ ਉਮਰ ਹੈ। ਕਈਆਂ ਨੇ ਚਾਰ ਹਜ਼ਾਰ, ਤਿੰਨ ਹਜ਼ਾਰ, ਦੋ ਹਜ਼ਾਰ ਲਿਖੀ ਹੈ। ਪਰ ਕਲਿਜੁਗ ਵਿਚ ਮਨੁਖ ਦੀ ਉਮਰ ਦਾ ਕੋਈ ਪੈਮਾਨਾ ਨਹੀਂ ਹੈ।

ਦਸਿਆ ਹੈ ਕਿ ਮਾਰਕੰਡ ਰਿਸ਼ੀ ਦੀ ਉਮਰ ਅਠਾਸੀ ਹਜ਼ਾਰ ਵਰ੍ਹਿਆਂ ਦੀ ਸੀ। ਲੋਮਸ ਰਿਖੀ ਬਾਰੇ ਭਾਈ ਗੁਰਦਾਸ ਜੀ ਨੇ ਪੁਰਾਣਕ ਕਥਾ ਅਨੁਸਾਰ ਲਿਖਿਆ ਹੈ। ਚਉਦਹ ਇੰਦਰ ਵਿਣਾਸ ਕਾਲ, ਬ੍ਰਹਮੇ ਦਾ

ਇਕ ਦਿਵਸ ਵਿਹਾਵੈ। ਧੰਧੇ ਹੀ ਬ੍ਰਹਮਾ ਮਰੈ, ਲੋਮਸ ਦਾ ਇਕ ਰੋਮ ਛਿਜਾਵੈ।

ਇਸ ਦਾ ਭਾਵ ਹੈ ਕਿ ਬ੍ਰਹਮੇ ਦੇ ਇਕ ਦਿਨ ਵਿਚ ਚੌਦਾਂ ਇੰਦਰ ਹੋ ਕੇ ਮਰ ਜਾਂਦੇ ਹਨ। ਐਸੇ ਦਿਨਾਂ ਦੇ ਸੌ ਵਰਸ਼ ਬ੍ਰਹਮਾ ਉਮਰ ਭੋਗਦਾ ਹੈ। ਪਰ ਬ੍ਰਹਮਾ ਦੇ ਮਰਨੇ ਪਰ ਲੋਮਸ ਰਿਸ਼ੀ ਭਦੱਣ ਕਰਾਉਣ ਦੀ ਬਜਾਏ ਸਿਰਫ ਇਕੋ ਰੋਮ (ਵਾਲ) ਪੁਟ ਛਡਦਾ ਹੈ। ਭਾਵ ਬ੍ਰਹਮਾਂ ਤਾਂ ਰੋਜ਼ ਪਿਆ ਮਰਦਾ ਹੈ। ਰੋਜ਼ ਰੋਜ਼ ਭਦਣ ਕੌਣ ਕਰਾਵੇ।

੩੭. ਨਾਰਦ ਮੁਨੀ

ਨਾਰਦ ਦਾ ਨਾਮ ਮੁਨੀਆਂ ਵਿਚ ਪ੍ਰਸਿੱਧ ਹੈ। ਕਈਆਂ ਨੇ ਲਿਖਿਆ ਹੈ ਕਿ ਰਿਗਵੇਦ ਵਿਚ ਇਸਦੇ ਰਚੇ ਕਈ ਮੰਤਰ ਹਨ। ਇਸ ਦੀ ਪੈਦਾਇਸ਼ ਬ੍ਰਹਮਾ ਦੇ ਮਸਤੱਕ ਵਿਚੋਂ ਲਿਖੀ ਹੈ, ਵਿਸ਼ਨ ਪੁਰਾਨ ਅਨੁਸਾਰ ਇਸ ਨੂੰ ਕਸ਼ਯਪ ਦਾ ਪੁੱਤਰ ਮੰਨਿਆ ਹੈ। ਇਕ ਕਥਾ ਹੈ ਕਿ ਨਾਰਦ ਨੇ ਦਖਯ ਪਰਜਾ ਪਤਿ ਦੇ ਜਗ ਵਿਚ ਜਾਣ ਬੁਝ ਕੇ ਵਿਘਨ ਪਾ ਦਿਤਾ ਸੀ। ਇਸ ਨੂੰ ਸਰਾਪ (ਸ਼ਾਪ) ਦਿਤਾ ਸੀ ਕਿ ਤੂੰ ਚਲਾ ਜਾ, ਕਿਸੇ ਇਸਤਰੀ ਦੇ ਉਦਰ ਥੀਂ ਜਨਮੇਂਗਾ। ਮਹਾਂ ਭਾਰਤ ਵਿਚ ਇਕਰ ਦੀ ਸਾਖੀ ਹੈ। ਬ੍ਰਹਮਾ ਨੇ ਦਖਯ ਪ੍ਰਜਾ ਪਤਿ ਦੀ ਮਿਨਤਾਂ ਕੀਤੀਆਂ ਪਰ ਦਖਯ ਨੇ ਇਹ ਮੰਨਿਆਂ ਕਿ ਬ੍ਰਹਮਾ ਔਰ ਨਾਰਦ ਦਖਯ ਦੀ ਲੜਕੀ ਦੇ ਉਦਰ ਥੀਂ ਮੁੜ ਜਨਮ ਲੈਣ। ਇਸੇ ਵਾਸਤੇ ਨਾਰਦ ਨੂੰ ਬਰਮ ਅਤੇ ਵੇਦ ਬ੍ਰਹਮਾਂ ਲਿਖਿਆ ਹੈ। ਨਾਰਦਮੁਨੀ ਸ਼ਰੋਮਣੀ ਗਵਈਆ ਭੀ ਸੀ, ਪਰ ਇਹ ਲਾਈ ਬੁਝਾਈ ਕਰਕੇ ਔਰ ਚੁਗਲੀ ਨਿੰਦਿਆ ਕਰਨੇ ਕਰਕੇ, ਸ਼ਰਾਰਤੀ ਮੰਨਿਆ ਜਾਂਦਾ ਸੀ, ਇਸੇ ਕਰਕੇ ਲੋਕੀ ਇੱਲਤੀ ਨੂੰ ਨਾਰਦ ਕਹਿੰਦੇ ਹਨ, ਜਿਵੇਂ ਮੁਸਲਮਾਨ ਸ਼ੈਤਾਨ ਨੂੰ ਕਹਿੰਦੇ ਹਨ। ਨਾਰਦ ਨੇ ਕੰਸ ਨੂੰ ਇਹ ਪੱਟੀ ਪੜ੍ਹਾਈ ਸੀ ਕਿ ਤੇਰੇ ਨਾਸ ਕਰਨੇ ਵਾਲਾ ਤੇਰੀ ਭੈਣ ਦੇਵਕੀ ਦੇ ਉਦਰ ਥੀਂ ਬੱਚਾ ਜਨਮੇਂਗਾ, ਜਿਸ ਕਾਰਨ ਦੇਵਕੀ ਦੇ ਬਚੇ ਜਨਮ ਸਾਰ ਕੰਸ ਮਰਵਾ ਦਿੰਦਾ ਸੀ, ਪਰ

ਕ੍ਰਿਸ਼ਨ ਜੀ ਦੇਵਕੀ ਦੇ ਉਦਰ ਥੀਂ ਜਨਮ ਲੈਕੇ ਵਡੇ ਯਤਨਾਂ ਨਾਲ ਬਚ ਨਿਕਲੇ ਸਨ। ਕ੍ਰਿਸ਼ਨ ਜੀ ਨੇ ਆਪਣੇ ਮਾਮੇ ਕੰਸ ਨੂੰ ਮਾਰ ਕੇ ਉਗਰ ਸੈਨ ਨੂੰ ਰਾਜ ਗੱਦੀ ਦਲਾਈ, ਅੰਤ ਗੱਦੀ ਦਾ ਮਾਲਕ ਆਪ ਹੀ ਹੋ ਗਿਆ ਸੀ।

ਨਾਰਦ ਕ੍ਰਿਤ "ਪੰਕ ਰਾਤ੍ਰ" ਦੀ ਕਥਾ ਮੂਜਬ ਬ੍ਰਹਮਾ ਨੇ ਨਾਰਦ ਨੂੰ ਕਿ ਤੂੰ ਸ਼ਾਦੀ ਕਰਵਾ ਲੈ। ਨਾ ਮੰਨਣੇ ਪਰ ਸਰਾਪ ਦਿਤਾ ਕਿ ਜਾਹ ਤੂੰ ਹਮੇਸ਼ਾ ਇਸਤਰੀਆਂ ਦੇ ਭੋਗਾਂ ਵਿਚ ਲਿਪਤ ਰਹੇਂਗਾ। ਅਗੋਂ ਨਾਰਦ ਨੇ ਬਰਹਮਾ ਨੂੰ ਸਰਾਪ ਚੁਕ ਦਿਤਾ ਕਿ ਜਾਹ ਤੂੰ ਆਪਣੀ ਬੇਟੀ ਨਾਲ ਰਮਣ ਕਰੇਂਗਾ। ਇਕੱਰ ਦੋਵੇਂ ਪਿਉ ਪੁਤਰ ਸਰਾਪਾਂ ਦੇ ਵਸ ਪਏ ਅਤੇ ਖੁਆਰ ਭੀ ਹੋਏ। 'ਨਾਰਦ ਪੰਚ ਰਾਂਤ੍ਰ' ਵਿਚ ਬੁਤ ਪ੍ਰਸਤੀ ਦਾ ਭੀ ਬੰਧਾਨ ਹੈ। ਪੰਡਿਤ ਬਿਆਸ ਨੂੰ ਪਰੇਮ ਭਗਤੀ ਵਲ ਇਸ ਨੇ ਪਰੇਰਨਾ ਕੀਤੀ ਦਸੀ ਹੈ। ਵੈਸੇ ਨਾਰਦ ਪੁਰਾਣ ਦੀ ਕਥਾਵਾਂ ਦੇਵ ਪੂਜਾ ਦੀ ਪ੍ਰਚਾਰਕ ਹਨ।

੩੮. ਹਿੰਦੂਆਂ ਦੇ ਰਸਮੋਂ-ਰਿਵਾਜ

ਹਿੰਦੂ ਲੋਕ ਬੱਚਿਆਂ ਦੇ ਨਾਮ ਕਰਨ ਸੰਸਕਾਰ ਜਨਮ ਤੋਂ ਗਿਆਰਵੇਂ ਜਾਂ ਬਾਰਵੇਂ ਦਿਨ ਕਰਦੇ ਹਨ। ਬ੍ਰਹਮਣ ਦੇ ਨਾਮ ਪਿਛੋਂ ਸ਼ਰਮਾਂ ਖਤਰੀਆਂ ਦੇ ਨਾਮ ਪਿਛੋਂ ਵਰਮਾਂ ਵੈਸ਼ਾਂ ਦੇ ਗੁਪਤਾ, ਸ਼ੂਦਰਾਂ ਦੇ ਨਾਮ ਪਿਛੋਂ ਦਾਸ ਸ਼ਬਦ ਲੱਗਦਾ ਹੈ। ਹਿੰਦੂ ਲੋਕ ਦੇਵੋਥਾਨ ਇਕਾਦਸੀ ਹਾੜ ਸੁਦੀ ਗਿਆਰਾਂ, ਔਰ ਕਾਤਕ ਸੁਦੀ ਗਿਆਰਾਂ ਨੂੰ ਵਰਤ ਧਾਰਕੇ ਮਨੌਂਦੇ ਹਨ। ਕਿਹਾ ਜਾਂਦਾ ਹੈ ਕਿ ਇਨ੍ਹਾਂ ਤਿਥਾਂ ਨੂੰ ਵਿਸ਼ਨ ਭਗਵਾਨ ਸੌਣ ਤੋਂ ਪਿਛੋਂ ਜਾਗਦਾ ਹੈ। ਪੰਜਾਬ ਵਿਚ ਇਸ ਦਾ ਨਾਮ ਦੇਊਟਣੀ ਭੀ ਹੈ। ਜ਼ਿਮੀਂਦਾਰ ਕਾਤਕ ਦੀ ਗਿਆਰਾਂ ਨੂੰ ਕਮਾਦ ਵਿੱਚ ਰਸ ਪੈਨਾ ਮੰਨਕੇ 'ਗੰਨੇ ਭੰਨ ਇਕਾਦਸੀ ਨਾਮ ਦਿੰਦੇ ਹਨ। ਹਿੰਦੂ ਲੋਕ ਦੂਜ ਦੇ ਚੰਦ੍ਰਮਾ ਨੂੰ ਨਮਸਕਾਰ ਕਰਕੇ 'ਨਵੇਂ ਚੰਦ ਕੀ ਰਾਮ ਰਾਮ' ਬੋਲਦੇ ਹਨ। ਮੁਸਲਮਾਨਾਂ ਵਿੱਚ ਈਦ ਦਾ ਚੰਦ ਨਾਮ ਸੇ ਪ੍ਰਸਿਧ ਹੈ। ਬਾਈਬਲ ਵਿਚ

ਲਿਖਿਆ ਹੈ ਕਿ ਨਵੇਂ ਚੰਦ ਔਰ ਪੂਰਨਮਾਸ਼ੀ ਨੂੰ ਜੋ ਸਾਡੇ ਤਿਉਹਾਰਾਂ ਦਾ ਦਿਨ ਹੈ ਤੁਰੀ ਬਜਾਓ, (ਬਾਜੇ ਆਦਿ)। ਇਹ ਇਸਰਾਈਲ ਵੰਸ ਲਈ ਕਾਨੂੰਨ ਅਤੇ ਪਰਮੇਸ਼ਰ ਦੀ ਆਗਿਆ ਹੈ। (ਪੜ੍ਹੋ ਜ਼ਬੂਰਸਾਮ ੮੧ ਦੀ ਆਯਤ ਤੀਸਰੀ)। ਹਿੰਦੂ ਇਸਤ੍ਰੀਆਂ ਦੀ ਰੀਤੀ ਹੈ ਕਿ ਚੰਦ੍ਰਮਾਂ ਨੂੰ ਵੇਖਕੇ ਉਸ ਵਲ ਤੰਦ ਯਾ ਤਿਨਕਾ ਸੁਟਣਾ ਚੰਦ ਨੂੰ ਤਿਨਕਾ (ਘਾਸ ਆਦਿ) ਅਰਪਨ ਦਾ ਰਿਵਾਜ ਹੈ। ਚੌਥ ਦੇ ਚੰਦ੍ਰਮਾਂ ਨੂੰ ਵੇਖਣਾ ਮਾੜਾ ਮੰਨਿਆ ਹੈ। ਇਹ ਪੁਰਾਣੀ ਰਸਮ ਹੈ। ਚੰਦ੍ਰਮਾਂ ਨੂੰ ਸ਼ਿਵਜੀ ਦੇ ਮਥੇ ਪਰ ਟਿਕਿਆ ਭੀ ਮੰਨਿਆ ਹੈ। ਜੋ ਗੰਗਾ ਵਿਚ ਸ਼ਨਾਨ ਕਰਦਾ ਹੈ। ਪੰਚ ਗਭਯ ਦਾ ਨੁਸਖਾ ਇਕਰ ਲਿਖਿਆ ਹੈ, 'ਲਾਲ ਗਊ ਦਾ ਦਹੀਂ ਅੱਠ ਹਿੱਸੇ, ਇਸ ਨਾਲ ਇਕ ਹਿਸਾ ਗੋਬਰ, ਔਰ ਮੂਤਰ, ਔਰ ਦੂਧ ਸ਼ਹਿਤ ਹੁੰਦਾ ਹੈ। ਪਰਾਸ਼ਤ ਸਿਮ੍ਰਤੀ ਅਨੁਸਾਰ ਅਧਿਆਇ ਪਹਿਲਾ ਸਲੋਕ ਦੂਜੇ ਤੋਂ ਚਾਲੀ ਸਲੋਕ ਤਕ ਏਹੀ ਪ੍ਰਸੰਗ ਹੈ। ਦਸਿਆ ਹੈ ਕਿ ਵਰਣ ਦੇਵਤਾ ਮੂਤਰ ਵਿਚ, ਔਰ ਗੋਬਰ ਵਿਚ ਅਗਨ ਦੇਵਤਾ, ਔਰ ਘਿਉ ਵਿਚ ਚੰਦ੍ਰਮਾ ਦੇਵਤਾ ਵਸਦਾ ਹੈ। ਪੰਚਗਡਯ ਨੂੰ ਕੁਸ਼ਾ ਦੇ ਪਾਣੀ ਨਾਲ ਮਿਲਾਈਦਾ ਹੈ। ਸੂਤਕਾਂ ਪਾਤਕਾਂ ਦੇ ਦੂਰ ਕਰਨ ਸਮੇਂ ਇਹ ਨੁਸਖਾ ਵਰਤਦੇ ਹਨ। ਮੰਨੂ ਸਿਮ੍ਰਤੀ ਵਿਚ ਭੀ ਇਸਦਾ ਜ਼ਿਕਰ ਹੈ ਜਿਹਾ ਕਿ ਕਾਲੀ ਗਾਊ ਦਾ ਦੂਧ ਇਕ ਹਿੱਸਾ, ਦੋ ਹਿਸੇ ਸਫੈਦ ਗਊ ਦਾ ਗੋਬਰ, ਕਪਲਾਗਊ ਦਾ ਘਿਉ ਚਾਰ ਹਿੱਸੇ, ਬੇ ਰੰਗੀ ਦਾ ਦੂਧ ਅੱਠ ਹਿੱਸੇ ਇਕਰ ਦੇ ਵੇਰਵੇ ਹਨ। ਹਿੰਦੂ ਲੋਕ ਮਰਣ ਹਾਰੇ ਪ੍ਰਾਣੀ ਦੇ ਨਮਿਤ ਦਸ ਦਿਨ ਕਰਮੀ ਧਰਮੀ ਬੈਠਦੇ ਹਨ। ਇਸਨੂੰ ਦਸ ਗਾਤਰ ਕਹੀਦਾ ਹੈ। ਮਰਨ ਹਾਰੇ ਦੇ ਕ੍ਰਿਆ ਕਰਮ ਕਰੌਣੇ ਵਾਲੇ ਦੀ ਹਜਾਮਤ ਕਰਾਈ ਜਾਂਦੀ ਹੈ। ਇਹ ਸੋਗ ਦੇ ਚਿੰਨ੍ਹ ਦਰਸਾਈਦੇ ਹਨ। ਦਸ ਮਾਤ੍ਰ ਵਿਚ ਪਿੰਡ ਦਾਨ ਕਰਦੇ ਹਨ ਜੋ ਜਮਾ ਨੂੰ ਪੁੱਠੀ ਚੱਕੀ ਫੇਰਕੇ ਦਲਿਆ ਆਟਾ ਹੁੰਦਾ ਹੈ। ਇਨ੍ਹਾਂ ਪਿੰਡਾਂ ਤੋਂ ਪਰੇਤ ਦਾ ਗਾਤਰ (ਸ਼ਰੀਰ) ਬਣਦਾ ਮੰਨਦੇ ਹਨ। ਪਹਿਲੇ ਪਿੰਡ ਤੋਂ ਸਿਰ, ਦੂਜੇ ਥੀ ਨੱਕ ਔਰ ਕੰਨ ਅਤੇ ਅੱਖਾਂ ਬਣਦੀਆਂ ਹਨ। ਦਸਵੇਂ ਪਿੰਡ

ਨਾਲ ਪੈਰ ਆਦਿ ਬਣ ਕੇ ਪਰੇਤ ਦਾ ਸਰੀਰ ਬਣ ਜਾਂਦਾ ਹੈ। ਦਸੋ ਦਿਨ ਘਰੋਗੀ ਕੰਮ ਕਰਨੇ ਮਨਹਿ ਹਨ। (ਪੜ੍ਹੋ ਗਰੜ ਪੁਰਾਣ) ਇਸ ਦਾ ਜ਼ਿਕਰ ਮਨੂਸਿਮ੍ਰਤੀ ਵਿਚ ਭੀ ਹੈ।

ਇਸਤ੍ਰੀਆਂ ਦੇ ਸੰਸਕਾਰ ਵੇਦ ਮੰਤ੍ਰ, ਨਾਲ ਕਰਨੇ ਮਨਹਿ ਹਨ। ਇਸਤ੍ਰੀਆਂ ਅਗਿਆਨਣਾ, ਵੇਦ ਮੰਤ੍ਰਾਂ ਤੋਂ ਵਾਂਜੀਆਂ ਔਰ ਝੂਠ ਦੀ ਮੂਰਤਾਂ ਹਨ। ਪੜ੍ਹੋ ਮਨੂਸਿਮ੍ਰਤੀ ਅ: ਪੰਜਵੇਂ ਦਾ ਸਲੋਕ ਇਕ ਸੌ ਸੰਤਾਲੀ ਔਰ ਅਠਤਾਲੀ ਤਕ, ਅਤੇ ਅਧਿਆਇ ੬ ਦਾ ਸਲੋਕ ੧੮। ਹਿੰਦੂ ਇਸਤ੍ਰੀਆਂ ਦਾ ਜੰਞੂ ਸੰਸਕਾਰ ਇਸੇ ਕਰਕੇ ਨਹੀਂ ਕੀਤਾ ਜਾਂਦਾ, ਨਾ ਹੀ ਧਰਮ ਦੀਆਂ ਅਚਾਰਜਾਂ ਹੋ ਸਕਦੀਆਂ ਹਨ।

ਮੰਨੂ ਸਿਮ੍ਰਤੀ ਵਿਚ ਅੱਠ ਪਰਕਾਰ ਦੇ ਵਿਆਹ ਲਿਖੇ ਹਨ। (੧) ਬ੍ਰਾਹਮ ਭਾਵ ਵਰ ਨੂੰ ਘਰ ਸਦਕੇ ਗਹਿਣਿਆਂ ਸਹਿਤ ਲੜਕੀ ਦੇਣੀ। (੨) ਦੈਵ ਭਾਵ ਯਗਾਂ ਕਰੌਣੇ ਵਾਲੇ ਰਿਵਾਜ ਨੂੰ ਕਨਯਾ ਦਾਨ ਕਰਨੀ (੩) ਅਸੁਰ ਅਰਥਾਤ ਵਰ ਪਾਸੋਂ ਦੋ ਬੈਲਾਂ ਦੇ ਬਦਲੇ ਲੜਕੀ ਦੇਣੀ (੪). ਪ੍ਰਜਾ ਪਤਿ ਭਾਵ ਲਾੜਾ ਲਾੜੀ ਨੂੰ ਸੰਤਾਨ ਉਤਪਨ ਕਰਨ ਵਾਸਤੇ ਵਿਵਾਹ ਕਰਨਾ। (੫) ਸੁਰ ਭਾਵ ਧਨਯ ਲੈ ਕੇ ਕਨਯਾ ਦੇਣੀ (੬) ਗਾਂਦ੍ਰਵ ਭਾਵ ਸ਼ਾਦੀ ਥੀਂ ਪਹਿਲਾਂ ਹੀ ਵਰ ਔਰ ਕੰਨਯਾ ਦਾ ਮੇਲ ਮਿਲਾਪ ਹੋ ਜਾਣਾ (੭) ਰਾਖਸ਼ ਭਾਵ ਜੰਗ ਵਿਚ ਜਿਤਕੇ ਕੰਨਯਾ ਵਰਨੀ (੮) ਪੈਸਾਚ ਅਰਥਾਤ ਜ਼ੋਰ ਜਬਰ ਨਾਲ ਕੰਨਯਾ ਰੋਂਦੀ ਧੋਂਦੀ ਨੂੰ ਚੁਕ ਕੇ ਲੈ ਜਾਣਾ। 'ਪੜ੍ਹੋ ਮੰਨੂ ਸਿਮ੍ਰਤੀ ਅਧਿਆਇ ਤੀਜੇ ਦਾ ਸਲੋਕ ੨੧॥ ਇਨ੍ਹਾਂ ਅੱਠਾਂ ਵਿਵਾਹਾਂ ਦੀ ਰੀਤੀ ਨੂੰ ਛਡਕੇ 'ਸ੍ਰੀ ਰਾਮ ਚੰਦਰ ਔਰ ਸੀਤਾ ਜੀ ਦਾ ਸੁਯੰਬਰ ਵਿਵਾਹ ਹੋਇਆ। ਵਿਵਾਹ ਦੇ ਫੇਰਿਆਂ ਵੇਲੇ ਜੋ ਲਾੜੇ ਨੂੰ ਮਧੁ ਪਿਲਾਈ ਜਾਂਦੀ ਹੈ। ਉਸਦਾ ਨੁਸਖਾ ਇਕਰ ਹੈ। ਤੰਤ੍ਰ ਸ਼ਾਸ਼ਤ੍ਰ ਅਨੁਸਾਰ ਉਸਦਾ ਨਾਮ ਮਧੁਕਰ ਹੈ। ਦੋ ਤੋਲੇ ਘਿਉ ਦੋ ਤੋਲੇ ਸ਼ਹਿਤ, ਤਿੰਨ ਤੋਲੇ ਦਹੀਂ, ਇਨ੍ਹਾਂ ਨੂੰ ਮਿਲਾ ਕੇ ਪਿਲੌਂਦੇ ਹਨ। ਦੇਵਤਿਆਂ ਨੂੰ ਭੀ ਇਹ ਅਰਪਦੇ ਹਨ। ਕਾਂਸੀ ਦਾ ਬਰਤਣ ਲੈਣ ਵਾਸਤੇ ਲਾਜਮੀ ਹੈ ਕਈ

ਪਾਂਧੇ ਦਹੀਂ, ਘਿਉ ਸ਼ਹਿਦ, ਖੰਡ ਔਰ ਪਾਣੀ ਰਲਾਕੇ ਮਧ ਤਿਆਰ ਕਰਦੇ ਹਨ। ਲਾੜੀ ਨੂੰ ਵੱਖ ਕਿਸਮ ਦਾ ਹੁੰਦਾ ਹੈ ।। ਅੰ: ੬੭ ।। ਕਾਲਕਾ ਪੁਰਾਣ ।।

ਕਰਣ ਵੇਧ ਸੰਸਕਾਰ (ਕੰਨ ਵਿੰਨਣੇ) ਬਚੇ ਦਾ ਜਨਮ ਥੀਂ ਛੀਵੇਂ ਮਹੀਨੇ ਹੁੰਦਾ ਹੈ। ਬ੍ਰਾਹਮਣ ਔਰ ਵੈਸ਼ ਦਾ ਕੰਨ ਚਾਂਦੀ ਦੀ ਸਲਾਈ ਨਾਲ, ਖੜ੍ਰੀ ਦਾ ਸੋਨੇ ਦੀ ਨਾਲ, ਸ਼ੂਦਰ ਦਾ ਲੋਹੇ ਦੀ ਸਲਾਈ ਨਾਲ ਛੇਕਦੇ ਹਨ।

ਮੁਰਦੇ ਨੂੰ ਸਾੜਨ ਵੇਲੇ ਲਕੜਾਂ ਉਹ ਵਰਤਣੀਆਂ ਜ਼ਰੂਰੀ ਹਨ। ਜਿਨ੍ਹਾਂ ਵਿਚੋਂ ਦੁਧ ਨਿਕਲਦਾ ਹੈ, ਭਾਵ ਜਿਸ ਦਰਖਤ ਵਿਚੋਂ ਦੁਧ ਨਾ ਨਿਕਲਦਾ ਹੋਵੇ ਉਸ ਦੀਆਂ ਲਕੜਾਂ ਨਹੀਂ ਵਰਤਦੇ। ਚਿਖਾ ਉਪਰ ਪੁਰਸ਼ ਮੁਰਦੇ ਨੂੰ ਮੂੰਧੇ ਮੂੰਹ ਔਰਤ ਨੂੰ ਸਿਧੇ ਮੂੰਹ ਪਾਈਦਾ ਹੈ। ਕਪਾਲ ਕ੍ਰਿਆ ਲਕੜੀ ਦੀ ਠੋਕਰ ਮਾਰਕੇ ਨਿਕਟ ਵਰਤੀ ਕਰਦਾ ਹੈ। ਸਾਧੂ ਦੀ ਬਿਲ ਦੀ ਲਕੜ ਨਾਲ ਇਕਰ, ਕਪਾਲ ਕ੍ਰਿਆ ਕਰਨ ਨਾਲ ਪਿੱਤਰ ਲੋਕ ਪ੍ਰਾਪਤ ਹੁੰਦਾ ਦਸਿਆ ਹੈ। ਗਰੜ ਆ: ੧੦ ਸਲੋਕ ਪ੬ ਤੋਂ ਪ੭ ਤਕ। ਮਰਨ ਥੀਂ ਪਹਿਲਾਂ ਹਰ ਇਕ ਨੂੰ ਮਰਨ ਦੀ ਹਾਲਤ ਪਰ ਜ਼ਮੀਨ ਪਰ ਲਿਟਾਣਾ ਦਸਿਆ ਹੈ।

ਜੰਜੂ ਸੰਸਕਾਰ ਬ੍ਰਾਹਮਣ ਦਾ ਅਠਵੇਂ ਛੜ੍ਰੀ ਦਾ ਗਿਆਰਵੇਂ ਵੈਸ਼ ਦਾ ਬਾਰਵੇਂ ਸਾਲ ਸ਼ੂਦਰਾਂ ਔਰ ਇਸਤ੍ਰੀਆਂ ਵਾਸਤੇ ਜੰਜੂ ਸੰਸਕਾਰ ਮਨ੍ਹਾ ਹੈ।

ਮੁੰਡਨ ਸੰਸਕਾਰ ਬਾਰੇ ਅਥਰਵ ਵੇਦ ਵਿਚ ਜ਼ਿਕਰ ਹੈ ਅ: ੬ ਮੰਤ੍ਰ ਤੀਸ ਔਰ ਇਕ ਸੌ ਛਤੀਸ। ਅਥਰਵ ਵੇਦ ਪਹਿਲੇ ਤਿੰਨਾ ਵੇਦਾਂ ਨਾਲੋਂ ਪਿਛੋਂ ਲਿਖਿਆ ਸਿੱਧ ਹੁੰਦਾ ਹੈ।

ਸਿਧਉਰਾ, ਉਸ ਸਾਮਗ੍ਰੀ ਦਾ ਨਾਮ ਹੈ, ਜੋ ਸਤੀ ਹੋਣ ਵਾਲੀ ਇਸਤ੍ਰੀਆਂ ਲੈ ਕੇ ਜਾਂਦੀਆਂ ਹਨ। ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ (ਕਬੀਰ) ਸਤੀ ਇਕ ਥਾਲ਼ ਵਿਚ ਸ੍ਰੀਫਲ (ਖੋਪੇ ਦਾ) ਸੰਧੂਰ ਔਰ ਫੂਲ, ਸੁਪਾਰੀ ਅਰ ਚਾਵਲ ਧਰਕੇ ਘਰੋਂ ਚਲਦੀ ਹੈ।

ਪਤੀ ਦੇ ਮਸਤਕ ਪਰ ਤਿਲਕ ਲੌਂਦੀ ਹੈ। ਬਾਕੀ ਸਾਮਗ੍ਰੀ ਅਰਪਨ ਕਰਦੀ ਹੈ, ਉਪਰੰਤ ਚਿਤਾ ਦੀ ਪਰਕੰਮਿਆ ਆਪਣੇ ਸਬੰਧੀਆਂ ਪਰ ਸੰਧੂਰ ਛਿੜਕਦੀ ਹੈ, ਸਭਸ ਨੂੰ ਆਸ਼ੀਰਬਾਦ ਦਿੰਦੀ ਹੈ ਪਤੀ ਦਾ ਸੀਸ ਆਪਣੇ ਪਟ ਪਰ ਧਰਕੇ ਚਿਤਾ ਨੂੰ ਅਗਨੀ ਲੌਣ ਦੀ ਆਗਿਆ ਦਿੰਦੀ ਹੈ, ਇਕਰ ਪਤੀ ਨਾਲ ਜ਼ਿੰਦਾ ਸੜ ਮਰਦੀ ਹੈ ਰਾਜਪੂਤਾਂ ਵਿਚ ਇਹ ਵਧ ਰਵਾਜ ਸੀ। ਅਜ ਕਲ ਕਾਨੂਨੀ ਤੌਰ ਪਰ ਬੰਦਸ਼ ਹੈ।

ਹਿੰਦੂਆਂ ਵਿਚ ਤਿਲਕ ਦੇ ਨਿਸ਼ਾਨ ਕਈ ਪ੍ਰਕਾਰ ਦੇ ਹਨ ਜਿਹਾ ਕਿ ਤ੍ਰਿਪੁੰਡ ਊਰਧਪੁੰਡ ਆਦਿ ਨਾਮ ਪ੍ਰਸਿਧ ਹਨ। ਇਹ ਵੈਸ਼ਨਵਾਂ ਦੇ ਤਿਲਕ ਹਨ। ਜਿਹਾ ਕਿ ਕੇਸ਼ਵ ਦਾ ਨਾਮ ਲੈਕੇ ਮਸਤਕ ਪਰ, ਨਾਰਾਇਣ ਦਾ ਪੇਟ ਪਰ ਮਾਧਵ ਦਾ ਛਾਤੀ ਉਪਰ ਗੋਬਿੰਦ ਦਾ ਕੰਠ ਪਰ, ਵਿਸ਼ਨੂੰ ਦਾ ਸਜੀ ਬਖੀ ਉਪਰ ਮਧੂ ਸੂਦਨ ਦਾ ਸਜੀ ਬਾਂਹ ਉਪਰ, ਤ੍ਰਿਕ੍ਰਮ ਦਾ ਸਜੇ ਮੋਢੇ ਪਰ, ਰਿਸ਼ੀ ਦਾ ਖਬੀ ਬਾਂਹ ਪਰ, ਸ੍ਰੀਧਰ ਦਾ ਪਿਠ ਉਪਰ, ਪਦਮਨਾਭ ਦਾ ਕਮਰ ਉਪਰ ਔਰ ਦਾਮੋਦਰ ਨਾਮ ਲੈ ਕੇ ਲੌਂਦੇ ਹਨ। ਇਹ ਬਾਰਾਂ ਤਿਲਕ ਹਨ। ਇਹ ਅਕਸਰ ਕੇਸਰ ਔਰ ਗੋਪੀ ਚੰਦਨ ਦੇ ਹੁੰਦੇ ਹਨ। ਗੋਪੀ ਚੰਦਨ ਇਕ ਤਾਲਾਬ ਦੀ ਮਿੱਟੀ ਹੈ, ਜੋ ਕਿ ਦੁਆਰਕਾ ਦੇ ਲਾਗੇ ਹੈ। ਇਥੇ ਗੋਪੀਆਂ ਨੇ ਕ੍ਰਿਸ਼ਨ ਜੀ ਦੇ ਚਲਾਣੇ ਪਿਛੋਂ ਵਿਯੋਗ ਵਿਚ ਪ੍ਰਾਣ ਤਿਆਗੇ ਸਨ। ਹਿੰਦੂਆਂ ਦੇ ਹਰ ਫਿਰਕੇ ਦਾ ਤਿਲਕ ਅਡਰਾ ਹੈ ਜਿਸ ਥੀਂ ਫਿਰਕੇ ਦਾ ਪਤਾ ਲਗਦਾ ਹੈ।

ਹਿੰਦੂਆਂ ਵਿਚ ਹਵਨ ਕਰਨ ਦਾ ਆਮ ਰਿਵਾਜ ਹੈ ਔਰ ਪਕਾ ਨਿਯਮ ਭੀ ਹੈ। ਯਗਾਂ ਵਿਚ ਖਾਸ ਬੰਧਾਨ ਹੈ ਜਿਹਾ ਕਿ ਪੂਰਬ ਦਿਸ਼ਾਵਲ ਚਾਰ ਕੋਣਾ ਔਰ ਯੂਨੀ ਦੀ ਸ਼ਕਲ ਦਾ ਦਖਣ ਵਲ ਦਾ ਕੁੰਡ ਅਧੇ ਚੰਦ੍ਰਮਾਂ ਦੀ ਸ਼ਕਲ ਦਾ ਅਤੇ ਨੈਰਤਵਲ ਤ੍ਰਿਕੋਨਾ ਪਛਮ ਵਲ ਗੋਲ, ਵਾਯੂ ਵਲ ਛੀ ਕੋਣਾ ਉਤਰ ਵਲ ਕਮਲ ਦੀ ਸ਼ਕਲ ਦਾ, ਈਸ਼ਾਨ ਦਿਸ਼ਾ ਵਲ ਅੱਠ ਕੋਣਾ, ਇਨ੍ਹਾਂ ਦੀ ਡੂੰਘਾਈ ਪੰਜਾਹ ਹੋਮਾਂ (ਅਹੂਤੀਆਂ) ਵਾਸਤੇ ਮੁਠੀ ਭਰ ਅਤੇ ਇਕ ਹਜ਼ਾਰ ਹਵਨ ਵਾਸਤੇ ਹੱਥ ਭਰ ਜ਼ਮੀਨ

ਪੁਟੀ ਜਾਵੇ, ਹਵਨ ਵਿਚ ਲਕੜਾਂ ਪਲਾਹ ਜਾਂ ਚੰਦਨ ਦੀਆਂ ਵਰਤਦੇ ਹਨ ਅਗਨੀ ਵਿਚ ਘਿਉ ਔਰ ਮੇਵੇ ਵਧ ਫੂਕਦੇ ਹਨ।

ਅਹੂਤੀਆਂ ਦੇਣ ਵੇਲੇ ਹਰ ਮੰਤ੍ਰ ਦੇ ਪਿਛੋਂ ਸਵਧਾ ਔਰ ਸਵਾਹ ਸ਼ਬਦ ਕਹਿਣਾ ਲਾਜ਼ਮੀ ਹੈ। ਪੁਰਾਣਕ ਕਥਾ ਹੈ ਕਿ ਸਵਧਾ ਔਰ ਸਵਾਹ ਨਾਮ ਦੀਆਂ ਦੋ ਲੜਕੀਆਂ ਬ੍ਰਹਮਾ ਦੀਆਂ ਸਨ ਜਿਨ੍ਹਾਂ ਦੀ ਰਾਹੀਂ ਅਹੂਤੀ ਦੇਵਤੇ ਲੈਂਦੇ ਹਨ ਔਰ ਪਿਤਰਾਂ ਨੂੰ ਮਿਲਦੀਆਂ ਹਨ।

ਬਾਲਕਾਂ ਦੇ ਜਨਮ ਸਮੇਂ ਬ੍ਰਾਹਮਣਾਂ ਦੇ ਘਰ ਗਿਆਰਾਂ ਦਿਨ ਛਤ੍ਰੀ ਦੇ ਤੇਰਾਂ ਦਿਨ ਵੈਸ਼ ਦੇ ਸਤਾਰਾਂ ਔਰ ਸ਼ੂਦਰ ਤੀਸ ਦਿਨਾਂ ਦਾ ਸੂਤਕ (ਅਸ਼ੁਧੀ) ਰਹਿੰਦੀ ਹੈ। ਮਰਨੇ ਪਰ ਬ੍ਰਾਹਮਣ ਦੇ ਦੱਸ ਦਿਨ ਔਰ ਖਤਰੀ ਦੇ ਦਸ, ਵੈਸ਼ ਦੇ ਪੰਦਰਾਂ ਅਤੇ ਸ਼ੂਦਰ ਦੇ ਤੀਸ ਦਿਨ ਪਾਤਕ (ਅਸੁਧੀ) ਰਹਿੰਦੀ ਦਸੀ ਹੈ ਜਿਸ ਨੂੰ ਕੇਵਲ ਬ੍ਰਾਹਮਣ ਹੀ ਦੂਰ ਕਰ ਸਕਦੇ ਹਨ। ਰਾਮਾਯਣ ਕਾਂਡ ੬ ਅ: ੧੧੪ ਵਿਚ ਦਸਿਆ ਹੈ ਕਿ ਪਿਤਰ ਮੇਧ ਕਰਨ ਹਿਤ ਦਖਣ ਕੋਣ ਵਿਚ ਵੇਦੀ ਰਚਨੇ ਅਗਨ ਸਥਾਪਨ ਕਰੇ (ਚਿਖਾ ਬਨੌਣੀ) ਸਰੀਰ ਪਰ ਘਿਓ ਔਰ ਦਹੀਂ ਪਾਵੇ, ਕੰਧੇ ਪਰ ਕੜਛਾ ਰਖੇ ਪੈਰਾਂ ਉਪਰ ਗਡਾ, ਲਤਾਂ ਪਰ ਉਖਲ ਧਰੇ ਔਰ ਪਸ਼ੂ ਦੀ ਕੁਰਬਾਨੀ ਦੇਵੇ। ਪਰ ਅਮਲ ਘਟ ਵੇਖੀਦਾ ਹੈ।

ਹਿੰਦੂ ਸ਼ਾਸਤ੍ਰਾਂ ਅਨੁਸਾਰ ਵਿਧਵਾ ਇਸਤ੍ਰੀ ਦਾ ਦੋਬਾਰੇ ਵਿਵਾਹ ਕਰਨ ਦੀ ਮਨਾਹੀ ਹੈ। ਲਿਖਿਆ ਹੈ ਵਿਧਵਾ ਇਸਤ੍ਰੀ ਦੂਜੀ ਵਾਰ ਵਿਵਾਹ ਨਹੀਂ ਕਰਵਾ ਸਕਦੀ। ਮਨੂ ਸਿਮ੍ਰਤੀ ਆ: ੯ ਸਲੋਕ ੬੫। ਔਰ ਅਧਿਆਇ ਪੰਜ ਦਾ ਸਲੋਕ ੧੬੨॥ ਇਸ ਪਰ ਅਮਲ ਕਰਨ ਕਰਕੇ ਲਖਾਂ ਇਸਤ੍ਰੀਆਂ, ਵਿਧਵਾ ਪਣੇ ਦਾ ਸੰਕਟ ਸਹਾਰਦੀਆਂ ਹਨ।

ਹਿੰਦੂਆਂ ਵਿਚ ਤੁਲਸੀ ਦੇ ਬੂਟੇ ਦੀ ਪੂਜਾ ਪਰਧਾਨ ਹੈ। ਸਾਲਿਗਰਾਮ ਔਰ ਤੁਲਸੀ ਦਾ ਵਿਵਾਹ ਕਰਕੇ ਹਜ਼ਾਰਾਂ ਰੁਪਏ ਖਰਚਦੇ ਹਨ। ਪੁਰਾਣਕ ਕਥਾ ਹੈ ਕਿ ਤੁਲਸੀ ਨਾਮੀ ਇਸਤ੍ਰੀ ਰਾਜਾ ਧਰਮ ਧੁਜ ਦੀ ਪੁਤਰੀ ਸੀ ਔਰ ਰਾਧਕਾ ਦੀ ਸਹੇਲੀ ਸੀ। ਸ੍ਰੀ ਕ੍ਰਿਸ਼ਨ ਜੀ ਨੂੰ ਉਸ ਨਾਲ

ਕਰੀੜਾ ਕਰਦੇ ਵੇਖਕੇ ਰਾਧਕਾ ਨੇ ਸਰਾਪ ਦਿਤਾ ਕਿ ਤੂੰ ਮਾਨੁਖ ਹੋਕੇ ਜਨਮੇ, ਸ੍ਰੀ ਕ੍ਰਿਸ਼ਨ ਜੀ ਨੂੰ ਵਿਸ਼ਨ ਅਵਤਾਰ ਮੰਨਿਆ ਹੈ, ਤੁਲਸੀ ਨੇ ਸੰਖ ਚੂੜ੍ਹ ਨਾਮੀ ਦੈਂਤ ਨਾਲ ਸ਼ਾਦੀ ਕਰਵਾਈ। ਉਸਨੇ ਤਿੰਨੇ ਲੋਕ ਜਿਤ ਕੇ ਦੇਵਤੇ ਹਰਾ ਦਿਤੇ। ਵਿਸ਼ਨੂੰ ਨੇ ਸੰਖ ਚੂੜ੍ਹ ਦਾ ਰੂਪ ਧਾਰ ਕੇ ਤੁਲਸੀ ਦਾ ਸਤ ਭੰਗ ਕਰਕੇ ਸੰਖ ਚੂੜ੍ਹ ਨੂੰ ਹਰਾਇਆ। ਤੁਲਸੀ ਨੇ ਵਿਸ਼ਨੂੰ ਨੂੰ ਸਰਾਪ ਦਿਤਾ ਕਿ ਤੂੰ ਪੱਥਰ ਹੋ ਜਾ, ਵਿਸ਼ਨੂੰ ਨੇ ਕਿਹਾ ਅਛਾ ਤੂੰ ਭੀ ਲਛਮੀ ਰੂਪ ਰਹੇਂਗੀ। ਸੋ ਉਹ 'ਪਥਰ ਬਣੇ, ਵਿਸ਼ਨੂੰ ਦਾ ਨਾਮ ਸਾਲਿਗਰਾਮ ਕਹੀਦਾ ਹੈ। ਸਾਲਿਗਰਾਮ ਇਕ ਨਦੀ ਵਿਚੋਂ ਨਿਕਲਦੇ ਹਨ। ਤੁਲਸੀ ਦੇ ਬੂਟੇ ਤੇ ਸਾਲਿਗਰਾਮ ਦੀ ਸ਼ਾਦੀ ਕਰਕੇ ਪੁਨਦਾਨ ਮੰਨੀਦਾ ਹੈ। ਸਾਲਿਗਰਾਮ ਪੱਥਰ ਵਿਚ ਚਿਟੀ ਧਾਰੀ ਹੁੰਦੀ ਹੈ ਜਿਸ ਨੂੰ ਜੰਜੂ ਕਲਪਿਆ ਜਾਂਦਾ ਹੈ।

ਮੰਨੂ ਸਿਮਰਤੀ ਅਨੁਸਾਰ ਵੇਦ ਗ੍ਰੰਥਾਂ ਦੀ ਪ੍ਰਾਪਤੀ, ਸੂਰਜ ਅਗਨੀ ਔਰ ਹਵਾ ਥੀਂ ਹੋਣੀ ਮੰਨੀ ਹੈ। ਮੰਨੂ ਸਿਮ੍ਰਤੀ ਅ: ੧ ਸਲੋਕ ੨੩ ਹਿੰਦੂ ਧਰਮ ਅਨੁਸਾਰ ਦਸ ਬਜਰ ਪਾਪ ਮੰਨੇ ਹਨ। ਵੇਦ ਵਿਰੁਧ ਅਹਿੰਸਾ, ਚੋਰੀ ਕਰਨੀ, ਪਰ ਇਸਤ੍ਰੀ ਮਾਮਤਾ, ਇਨ੍ਹਾਂ ਤਿੰਨਾਂ ਨੂੰ ਸਰੀਰਕ ਪਾਤਕ ਕਹੀਦਾ ਹੈ, ਫਿਕੇ ਬੋਲ ਚੁਗਲੀ ਤੇ ਝੂਠਾ ਬਕਵਾਸ, ਇਹ ਬਾਣੀ ਪਾਤਕ ਹਨ। ਕਿਸੀ ਦਾ ਨਾਜਾਇਜ਼ ਧਨ ਲੈਣਾ, ਕਿਸੀ ਦਾ ਬੁਰਾ ਚਿਤਵਣਾ, ਝੂਠਾ ਕਲੰਕ ਥਪਣਾ, ਇਹ ਤਿੰਨੇ ਮਾਨਸਿਕ ਪਾਪ ਕਹੌਂਦੇ ਹਨ। ਪਰ ਇਨ੍ਹਾਂ ਪਰ ਅਮਲ ਘਟ ਹੀ ਵੇਖੀਦਾ ਹੈ।

ਪੁਰਾਣਕ ਕਥਾ ਮੂਜਬ, ਬਸੰਤ ਪੰਚਮੀ ਹਿੰਦੂਆਂ ਦਾ ਤਿਉਹਾਰ ਹੈ। ਇਸ ਦਿਨ ਕਾਮ ਔਰ ਰਤਿ ਦਾ ਪੂਜਨ ਹੁੰਦਾ ਹੈ। ਇਸ ਰਸਮ ਨੂੰ ਮਦਨੋ ਉਤਸਵ ਕਹਿੰਦੇ ਹਨ, ਇਹ ਤਿਉਹਾਰ ਥਿਤ ਮਾਘ ਪੰਚਮੀ ਦਾ ਹੁੰਦਾ ਹੈ ਬਸੰਤ ਦਾ ਮਿਤ੍ਰ ਕਾਮ ਦੇਵ ਮੰਨਿਆ ਹੈ।

ਪਿਤ੍ਰਾਂ ਵਾਸਤੇ ਹਿੰਦੂ ਲੋਕ ਬ੍ਰਾਹਮਣਾ ਦੀ ਰਾਹੀਂ ਹੇਠਾਂ ਲਿਖੀਆਂ ਚੀਜ਼ਾਂ ਘਲਦੇ ਹਨ। 'ਛਤ੍ਰੀ, ਜੁਤੀ' ਪਹਿਰਨ ਦੇ ਬਸਤ੍ਰ, ਸੋਨੇ ਦੀ ਛਾਪ,

ਕਮੰਡਲ, ਆਸਣ ਲੰਗਰ ਦੇ ਪੰਜ ਭਾਂਡੇ, ਸੋਟੀ ਔਰ ਤਸਦ, ਕਚਾ ਔਰ ਪੱਕਾ ਅਨਾਜ, ਨਕਦੀ (ਸੋਨਾ ਚਾਂਦੀ) ਅਤੇ ਜੰਞੂ ਇਹ ਤੇਰਾ ਚੀਜ਼ਾਂ ਹਨ। ਜੋ ਸਰਾਧਾਂ ਸਮੇਂ, ਯਾ ਕਿਸੇ ਦੇ ਮਰਨ ਪਿਛੋਂ ਘਲਦੇ ਹਨ। ਇਹ ਦਾਨ ਢੋਂਸੀ ਲੈਂਦੇ ਹਨ, ਜੋ ਬ੍ਰਾਹਮਣਾਂ ਨਾਲੋਂ ਉਚੇ ਮੰਨੇ ਹਨ।

ਹਿੰਦੂਆਂ ਦੀ ਮ੍ਰਯਾਦਾ ਵਿਚ ਪ੍ਰਕਰਮਾਂ ਕਰਨ ਦੀ ਇਕਰ ਵਰਤੋਂ ਹੈ। ਦੇਵੀ ਦੀ ਇਕ (ਦੇਵੀ ਦੁਆਲੇ) ਸੂਰਜ ਦੀਆਂ ਸੱਤ, ਗਣੇਸ਼ ਦੀਆਂ ਤਿੰਨ, ਸ਼ਿਵਜੀ ਦੀ ਅੱਧੀ ਪ੍ਰਕਰਮਾਂ ਦਾ ਬੰਧਾਨ ਹੈ। ਵਿਸ਼ਨੂੰ ਦੀਆਂ ਚਾਰ ਪ੍ਰਕਰਮਾਂ ਲਿਖੀਆਂ ਹਨ। ਮੁਸਲਮਾਨ ਕਾਬੇ ਦੀਆਂ ਸਤ ਕਰਦੇ ਹਨ। ਇਸ਼ਟ ਦੇਵ ਨੂੰ ਆਪਣੇ ਸੱਜੇ ਹੱਥ ਰਖਿਆ ਜਾਂਦਾ ਹੈ। ਵਿਵਾਹ ਸਮੇਂ ਹਿੰਦੂ ਚਾਰ ਲਾਵਾਂ ਦੀ ਪਰਕਰਮਾਂ ਕਰੌਂਦੇ ਹਨ। ਹਰ ਧਰਮ ਵਿਚ ਪ੍ਰਕਰਮਾਂ ਕਰਨ ਦਾ ਰਿਵਾਜ ਹੈ, ਇਸ ਦਾ ਭਾਵ ਕੁਰਬਾਨ ਜਾਣਾ ਹੈ।

ਦਸਹਿਰੇ ਦੇ ਅਰਥ ਦਸਾਂ ਪਾਪਾਂ ਦੇ ਨਾਸ਼ ਕਰਨ ਵਾਲਾ ਪੁਰਬ ਮੰਨਿਆ ਹੈ। 'ਦਸ ਪੁਰਬ ਸਦਾ ਦਸਾਹਰਾ' ਗੁਰਵਾਕ ਹੈ।

ਦਸ ਪਾਪ ਇਉਂ ਹਨ, ਦਾਨ ਕਰਕੇ ਮੁਕਰਨਾ, ਹਿੰਸਾ, ਵੇਦ ਵਿਰੁਧ ਕਰਮ, ਪਰ ਇਸਤ੍ਰੀ ਗਾਮਤਾ, ਕੁਬਚਨ, ਚੁਗਲੀ, ਝੂਠ ਆਦਿ—

ਹਿੰਦੂਆਂ ਦੇ ਦਸ ਪੁਰਬ ਇਹ ਹਨ, ਅਠੇ ਚੌਦੇ, ਪੂਰਨਮਾਸ਼ੀ, ਮੌਸ ਸੰਕ੍ਰਾਤ, ਉਤ੍ਰਾਯਣ, ਦਖਣਾਯਣ, ਵਯਤਿਪ੍ਰਾਤ੍ਰ ਸੂਰਜ ਔਰ ਚੰਦ੍ਰ ਗ੍ਰਹਿਣ, ਸਿਖ ਭੀ ਅਕਸਰ ਪੁਰਬ ਮਨੌਣ ਵਾਸਤੇ ਹਿੰਦੂਆਂ ਦੀਆਂ ਨਕਲਾਂ ਕਰਦੇ ਰਹਿੰਦੇ ਹਨ। ਮੁਸਲਮਾਨ ਨਿਰਲੇਪ ਰਹਿੰਦੇ ਹਨ।

ਜੰਞੂ ਵਟਣ ਦੀ ਇਉਂ ਰੀਤੀ ਹੈ: ਵੇਦ ਮੰਤ੍ਰ ਪੜ੍ਹਕੇ ਖੇਤਰ ਵਿਚੋਂ ਕਪਾਸ ਲਿਆਵੇ, ਉਸ ਦੀ ਰੂੰਈ ਹੱਥਾਂ ਨਾਲ ਨਿਕਾਲ ਕੇ ਖੂਹ ਦੀ ਮਣ ਪਰ ਬੈਠਕੇ ਲਾਟੂ ਨਾਲ ਸੂਤਰ ਕੱਤੇ, ਪਹਿਲਾਂ ਡੋਰ ਵਟੇ ਜੰਞੂ ਤੇਹਰੀ ਡੋਰ ਦਾ ਹੁੰਦਾ ਹੈ (ਤਿੰਨ ਲੜੀਆਂ) ਜੰਞੂ ਬ੍ਰਾਹਮਣ ਹੀ ਵਟ ਸਕਦਾ ਹੈ।

ਹਿੰਦੂ ਦਾ ਤਿਉਹਾਰ ਹੋਲੀ ਪ੍ਰਸਿਧ ਹੈ। ਜੋ ਫਗਣ ਸੁਦੀ ਗਿਆਰ੍ਹਾਂ ਤੋਂ ਲੈ ਕੇ ਪੰਦਰਾਂ ਤੀਕਰ ਹੁੰਦਾ ਹੈ। ਪੁਰਾਣਕ ਕਥਾ ਹੈ ਕਿ ਢੂੰਡਾ ਨਾਮਕ ਇਸਤ੍ਰੀ ਜੋ ਕਿ ਪ੍ਰਹਿਲਾਦ ਦੀ ਭੂਆ ਸੀ (ਹਰਨਾਖਸ਼ ਦੀ ਭੈਣ) ਇਸ ਨੇ ਸ਼ਿਵਜੀ ਪਾਸੋਂ ਵਰ ਲਿਤਾ ਸੀ ਕਿ ਉਹ ਅਗਨੀ ਨਾਲ ਸੜ ਨਹੀਂ ਸਕੂਗੀ। ਢੂੰਡਾ ਨੇ ਪ੍ਰਹਿਲਾਦ ਨੂੰ ਆਪਣੀ ਗੋਦੀ ਵਿਚ ਲੈ ਕੇ ਗਿਰਦੇ ਲਕੜਾ ਚੁਣਾ ਕੇ ਅਗ ਲਵਾ ਲਿਤੀ, ਪਰ ਕੁਦਰਤ ਐਸੀ ਵਰਤੀ ਕਿ ਢੰਡਾ ਸੜ ਗਈ ਪ੍ਰਹਿਲਾਦ ਨੂੰ ਆਂਚ ਨਹੀਂ ਲਗੀ। ਹਿੰਦੂ ਪੂਰਨਮਾਸ਼ੀ ਵਾਲੇ ਦਿਨ ਢੂੰਡਾ ਦੀ ਚਿਖਾ ਦੀ ਨਕਲ ਕਰਕੇ ਅਗਨੀ ਪ੍ਰਜਲਤ ਕਰਦੇ ਹਨ ਔਰ ਚਿਤਾ ਦੀ ਸਵਾਹ ਨੂੰ ਉਡੌਂਦੇ ਹਨ ਇਸ ਦੇ ਨਾਮ ਹੋਰੀਯਾਂ ਹੋਲੀ ਖੇਡਣਾ ਹੈ। ਪਰੰਤੂ ਮੂਰਖ ਲੋਕ ਗੰਦ ਮੰਦ ਉਛਾਲਦੇ ਹਨ।

ਪਹਿਲਾ ਭਾਈ ਦੂਜ ਦੇ ਤਿਉਹਾਰ ਦਾ ਜ਼ਿਕਰ ਕੀਤਾ ਹੈ, ਇਸ ਦਿਨ ਯਮ ਔਰ ਚਿੱਤਰ ਗੁਪਤ ਦੀ ਪੂਜਾ ਕੀਤੀ ਜਾਂਦੀ ਹੈ, ਕੁਆਰੀਆਂ ਲੜਕੀਆਂ (ਕਨਯਾਂ) ਵਰਤ ਰਖਦੀਆਂ ਹਨ, ਆਪਣੇ ਭਾਈ ਦੇ ਮੱਥੇ ਪਰ ਟਿੱਕਾ ਲਾਉਣਾ ਔਰ ਗਾਨਾ (ਰੱਖੜੀ) ਬੰਨਣ ਦਾ ਰਿਵਾਜ ਹੈ। ਰਖੜੀ ਦਾ ਤਿਉਹਾਰ ਪੰਦਰਾਂ ਸੁਦੀ ਸੌਣ ਅਥਵਾ ਪੂਰਨਮਾਸ਼ੀ ਦਾ ਹੁੰਦਾ ਹੈ। ਰਖੜੀ ਦੇ ਅਰਥ ਰਖਿਆ ਕਰਨਾ ਹਨ, ਸਲੂਨੋ ਭੀ ਇਸੀ ਦਾ ਨਾਮ ਹੈ। ਦਸਿਆ ਹੈ ਕਿ ਪਹਿਲਾਂ ਇਹ ਰਿਵਾਜ, ਜੰਗ ਜਾਣ, ਸਮੇਂ ਦੀ ਬਹਾਦਰੀ ਦਾ ਗਾਨਾ ਸੀ, ਦਸਮ ਗੁਰੂ ਜੀ ਨੇ ਸਦਾ ਵਾਸਤੇ 'ਸਰਬ ਲੋਹ ਦਾ ਕੜਾ' ਬਖ਼ਸ਼ਿਆ ਹੈ। ਸਿੱਖ ਹਰ ਸਮੇਂ ਜੰਗ ਵਿਚ ਹੈ, ਔਰ ਦੇਸ਼ ਵਿਰੋਧੀਆਂ ਨੂੰ ਸੰਥਾ ਦੇਣ ਵਾਸਤੇ ਤੱਤਪਰ ਰਹਿੰਦਾ ਹੈ ਔਰ ਸਦਾ ਭਇਆ ਦੂਜਾ ਤਿਉਹਾਰ ਰਖਦਾ ਹੈ, ਅਕਸਰ ਹਿੰਦੂ ਲੋਕ ਭਇਆ ਦੂਜ ਵਿਚ ਯਾਤਰਾ ਕਰਨੀ ਔਰ ਵਿਦਿਆ ਪੜ੍ਹਨੀ ਸਖਤ ਮਨਹਿ ਦਸਦੇ ਹਨ।

ਅੱਠ ਸੱਠ ਤੀਰਥ

ਇਕੱਠੇ ਤੀਰਥਾਂ ਦੇ ਨਾਮ ਤਾਂ ਕਾਫੀ ਮਿਲਦੇ ਹਨ ਪਰ ਇਹ ਪਤਾ ਨਹੀਂ ਲਗਦਾ ਇਹ ਕਿਥੇ ਕਿਥੇ ਹਨ ? ਇਸ ਲਈ ਜ਼ਰੂਰੀ ਹੈ ਕਿ ਅਗੇ ਇਨ੍ਹਾਂ ਦੀ ਸੰਖੇਪ ਤੌਰ ਪਰ ਵਾਕਫੀ ਕਰਵਾਈ ਜਾਵੇ ਤਾਕਿ ਕਥਾ ਕਰਨ ਵਾਲੇ ਗਿਆਨੀਆਂ, ਉਪਦੇਸ਼ਕਾਂ ਦੀ ਵਾਕਫੀ ਵਧੇ । ਸ੍ਰੀ ਰਾਮ ਚੰਦਰ ਦੇ ਨਾਮ ਪਰ ਦੱਖਣ ਵਿਖੇ ਪਾਮਬਨ ਦੀਪ ਵਿਚ ਰਾਮ ਨਾਦ ਜ਼ਿਮੀਂਦਾਰੀ ਦੇ ਅੰਦਰ ਸਮੁੰਦਰ ਦੇ ਕੰਢੇ ਪਰ ਇਕ ਮੰਦਰ ਹੈ ਜਿਸ ਨੂੰ ਰਾਮੇਸ਼ਵਰ ਕਹਿੰਦੇ ਹਨ ਪਰ ਇਸ ਵਿਚ ਸ਼ਿਵਲਿੰਗ ਦੀ ਪੂਜਾ ਹੁੰਦੀ ਹੈ । ਇਹ ਮੰਦਰ ਸੌ ਕੁ ਫੁਟ ਉਚਾ ਹੈ । ਮੰਦਰ ਦੀ ਪਰਸਿਧੀ ਕਰਕੇ ਉਥੇ ਦੇ ਨਗਰ ਨੂੰ ਹੀ ਲੋਕੀ ਰਾਮੇਸ਼ਵਰ ਕਹਿੰਦੇ ਹਨ ।

ਕੇਦਾਰ ਜਾਂ ਕੇਦਾਰ ਨਾਥ ਇਸ ਨਾਮ ਦਾ ਤੀਰਥ ਰਿਆਸਤ ਗੜ੍ਹਵਾਲ ਯੂ. ਪੀ. ਵਿਖੇ ਹੈ, ਜੋ ਰੁਦਰ ਹਿਮਾਲਯ ਦੀ ਬਰਫਾਨੀ ਧਾਰਾ ਵਿਚ ਹੈ, ਜਿਸ ਨੂੰ ਮਹਾਂ ਪੰਥ ਦੀ ਚੋਟੀ ਬੋਲਦੇ ਹਨ । ਇਹ ਇਕ ਟਿਲਾ ਹੈ । ਇਸ ਦੇ ਮੰਦਰ ਨੂੰ ਸਦਾ-ਸ਼ਿਵ ਕਹਿੰਦੇ ਹਨ । ਮਹਾਂ ਦੇਵ ਦੀ ਸ਼ਕਲ ਝੋਟੇ ਦੀ ਸ਼ਕਲ ਦੀ ਵਿਖਾਈ ਜਾਂਦੀ ਹੈ । ਕਿਹਾ ਜਾਂਦਾ ਹੈ ਕਿ ਪਾਂਡਵਾਂ ਤੋਂ ਹਾਰ ਕੇ ਸ਼ਿਵ ਜੀ ਇਸ ਜਗ੍ਹਾ ਝੋਟਾ ਰੂਪ ਧਾਰ ਕੇ ਆਏ ਸਨ, ਇਥੇ ਸ਼ਿਵਾਂ ਦੇ ਉਪਾਸ਼ਕ ਜੰਗਮ ਵਧ ਜਾਂਦੇ ਹਨ ।

ਘੱਗਰ ਨਦੀ ਦੇ ਉੱਤਰ ਪਾਸੇ ਦਾ ਇਲਾਕਾ ਹੈ । ਇਹ ਲਗ ਪਗ ਬਾਰਾਂ ਜੋਜਨ ਅਥਵਾ ਅਠਤਾਲੀ ਮੁਰੱਬਾ ਮੀਲ ਦਾ ਰਕਬਾ ਹੈ । ਰਾਜ ਕੁਰੂ ਦੇ ਨਾਮ ਪਰ ਨਾਮ ਕੁਰਖੇਤਰ ਪਿਆ ਹੈ । ਇਸ ਧਰਤੀ ਪਰ ਤਿੰਨ ਸੌ ਪੈਂਸਠ ਤੀਰਥ ਦਸੇ ਜਾਂਦੇ ਹਨ । ਕੁਰੂ ਰਾਜ ਰਿਖੀ ਦਾ ਇਥੇ ਹਲ ਚਲਾਉਣ ਕਰਕੇ ਨਾਮ ਖੇਤ ਜਾਂ ਖੇਤਰ ਹੈ । ਪਾਂਡਵਾਂ ਕੌਰਵਾਂ ਦਾ ਜੰਗ ਇਥੇ ਹੋਇਆ ਸੀ । ਜਿਸ ਦਾ ਪੂਰਨ ਬ੍ਰਿਤਾਂਤ ਗਰੰਥ ਮਹਾਂ ਭਾਰਤ ਵਿਚ ਹੈ । ਕੁਰਖੇਤਰ ਨਾਰਦਨ ਰੇਲਵੇ ਦਾ ਸਟੇਸ਼ਨ ਹੈ । ਵਧ ਰਕਬਾ ਜ਼ਿਲਾ ਕਰਨਾਲ ਅਤੇ ਅੰਬਾਲੇ ਨੂੰ

ਲਗਦਾ ਹੈ। ਇਥੇ ਭਾਰੀ ਮੇਲਾ ਹੁੰਦਾ ਹੈ। ਲੱਖਾਂ ਯਾਤਰੂ ਸੂਰਜ ਗ੍ਰਹਿਣ ਸਮੇਂ ਜਾਂਦੇ ਹਨ। ਇਸੇ ਸਥਾਨ ਨੂੰ ਭੀ ਥਾਨੇਸਰ ਭੀ ਕਹਿੰਦੇ ਹਨ। ਇਥੇ ਭਾਰੀ ਸ਼ਿਵ ਮੰਦਰ ਭੀ ਹੈ। ਥਾਨੇਸਰ ਕੁਰਖੇਤਰ ਦੇ ਅੰਤਰ ਗਤਿ ਹੈ।

ਗਯਾ ਨਾਮ ਦਾ ਤੀਰਥ ਸੱਤਾ ਪੁਰੀਆਂ ਵਿਚ ਇੱਕ ਹੈ, ਸੱਤਾਂ ਪੁਰੀਆਂ ਦੇ ਨਾਮ ਇੱਕਰੇਦ ਹਨ–ਇੰਦਪੁਰੀ, ਦੇਵਪੁਰੀ ਯਮ ਦੀ ਸੰਯਮਨ ਨੈਰਤੀ, ਵਰਣੀ ਦੀ ਵਰਣੀ ਪੌਣ ਦੀ ਵਾਯਵੀ, ਅਗਨੀ ਦੀ ਅਗਨਯ, ਇਸ ਤਰ੍ਹਾਂ ਸਭ ਦੇਵਤਿਆਂ ਦੀਆਂ ਪੁਰੀਆਂ ਹਨ। ਇੰਦ੍ਰਪੁਰੀ, ਸ਼ਿਵਪੁਰੀ, ਬ੍ਰਹਮਪੁਰੀ, ਵਿਸਨਪੁਰੀ ਆਦਿ ਪਰ ਇਹ ਨਿਹਚਲ ਸਥਾਨ ਨਹੀਂ ਹਨ। ਗਯਾ ਤੀਰਥ ਇਲਾਕਾ ਬਿਹਾਰ ਵਿਚ ਹੈ। ਜਿਥੇ ਕਿ ਹਿੰਦੂ ਲੋਕ ਜਾ ਕੇ ਪਿਤਰਾਂ ਦੇ ਨਮਿਤ ਪਿੰਡ ਭਰਦੇ ਹਨ। ਫਲਗੂ ਨਦੀ ਦਾ ਕਿਨਾਰਾ ਹੈ। ਸਤਿਗੁਰੂ ਨਾਨਕ ਜੀ ਇਥੇ ਪਧਾਰੇ ਸਨ। ਇਥੇ ਗੁਰੂ ਜੀ ਨੇ ਉਪਦੇਸ਼ ਦਿਤਾ ਸੀ।

ਇਕਰ ਦਾ ਹੀ ਇਕ ਵੇਤ੍ਰਵਤੀ ਨਾਮ ਤੀਰਥ ਹੈ ਜਗਨਨਾਥ ਪੁਰੀ ਇਸ ਨਾਮ ਦਾ ਮੰਦਰ ਇਲਾਕਾ ਉੜੀਸੇ ਵਿਖੇ ਮਹਾ ਸਿੱਧ ਹੈ ਪ੍ਰਯੋਗ ਦੁਆਰਾ ਤ੍ਰਿਬੈਨੀ ਸੰਗਮ ਨਾਮ ਦਾ ਤੀਰਥ ਅਲਾਹਬਾਦ ਵਿਖੇ ਹੈ। ਤ੍ਰਿਬੈਨੀ ਤੋਂ ਭਾਵ ਗੰਗਾ ਜਮਨਾ ਸਰਸ੍ਵਤੀ ਦੇ ਮਿਲਾਪ ਦਾ ਨਾਮ ਹੈ, ਅਤੇ ਤੀਸਰਾ ਬਾਗ ਸ਼ਰਸ੍ਵਤੀ ਨਦੀ ਤੇ ਗੰਗਾ ਨਾਮ ਹੈ, ਜੋਗੀ ਲੋਕ, ਮਸਤੱਕ ਦੀਆਂ ਤਿੰਨਾਂ ਨਾੜੀਆਂ ਨੂੰ ਇੜਾ, ਪਿੰਗਲਾ, ਸੁਖਮਨਾ ਨਾਮ ਸੇ ਤ੍ਰਿਬੇਣੀ ਬੋਲਦੇ ਹਨ। ਅਲਾਹਬਾਦ ਵਾਲੀ ਤ੍ਰਿਬੇਣੀ ਘਾਟਪੁਰ ਲੱਖਾਂ ਯਾਤਰੂ ਸੂਰਜ ਗ੍ਰਹਿਣ ਸਮੇਂ ਇਸ਼ਨਾਨ ਕਰਦੇ ਹਨ।

ਪ੍ਰਯਾਗ ਬਾਰੇ ਪੁਰਾਤਨ ਕਥਾ ਹੈ ਕਿ ਸੰਖਾਸੁਰ ਨਾਮੀ ਇਕ ਦੈਂਤ ਵੇਦਾਂ ਨੂੰ ਚੁਰਾਕਰ, ਸਮੁੰਦਰ ਵਿਚ ਜਾ ਲੁਕਿਆ ਸੀ, ਵਿਸ਼ਨੂੰ ਨੇ ਉਸ ਪਾਸੋਂ ਮਛ ਰੂਪ ਧਾਰਕੇ ਵੇਦ ਲਿਆਂਦੇ ਸਨ ਅਤੇ ਬ੍ਰਹਮਾ ਨੂੰ ਸੰਭਾਲੇ ਸਨ। ਇਥੇ ਬ੍ਰਹਮਾ ਨੇ ਯਗ ਕੀਤੇ, ਜਿਸ ਤੋਂ ਸ਼ਹਿਰ ਦਾ ਨਾਮ ਪ੍ਰਯਾਗ ਪੈ ਗਿਆ। ਪਰ ਬਾਦਸ਼ਾਹ ਅਕਬਰ ਨੇ ਇਸ ਦਾ ਨਾਮ ਅਲਾਹਬਾਦ ਰੱਖ ਦਿਤਾ ਸੀ, ਹੁਣ ਇਹੋ ਪ੍ਰਸਿਧ ਹੈ। ਪ੍ਰਯਾਗ ਸਭ ਨਾਲੋਂ ਵਡਾ ਤੀਰਥ ਮੰਨਿਆ ਗਿਆ ਹੈ।

ਇਥੇ ਇਕ ਕਰਵਤ ਨਾਮ ਦਾ ਆਰਾ ਲਾਇਆ ਹੋਇਆ ਸੀ ਉਥੇ ਦੇ ਪਾਂਡੇ ਸ਼ਰਧਾਲੂਆਂ ਪਾਸੋਂ ਉਸ ਦਾ ਸਾਰਾ ਧੰਨ ਲੈ ਕੇ ਆਰੇ ਹੇਠਾਂ ਖੜਾ ਕਰਕੇ ਕਹਿੰਦੇ ਸਨ। ਬੋਲ ਕੀ ਮੰਗਦਾ ਹੈ ? ਉਹ ਕਹਿੰਦਾ ਮੁਕਤੀ ਮਿਲੇ ਜਾਂ ਮੈਂ ਮਰਕੇ ਰਾਜਾ ਬਣਾ ਆਦਿ ਆਦਿ, ਆਰਾ ਉਪਰੋਂ ਛਡਕੇ ਉਸ ਦੇ ਸੀਸ ਦੀ ਦੋ ਫਾਕੜਾ ਕਰ ਦਿੰਦੇ ਸਨ, ਹਜ਼ਾਰਾਂ ਲੋਕ ਇਸ ਵਹਿਮ ਵਿਚ ਫਸਕੇ ਕਟ ਮਰੇ, ਇਚਰ ਦਾ ਇਕ ਆਰਾ (ਕਰਵੱਤ) ਕਾਂਸੀ ਵਿਚ ਸੀ ਜੋ ਸ਼ਿਵ ਜੀ ਦੇ ਨਾਮ ਪਰ ਸੀ, ਮੁਕਤਿ ਦੇ ਲਾਲਚ ਵਿਚ ਲੋਕੀ ਇਥੋਂ ਮਰਦੇ ਰਹਿੰਦੇ ਸਨ, ਇਸ ਪ੍ਰਯਾਗ ਵਿਖੇ ਇਕ ਅਖੈਬਟ ਨਾਮ ਦਾ ਦਰਖਤ (ਬੋਹੜ) ਸੀ। ਪੁਰਾਣਕ ਕਥਾ ਹੈ ਕਿ ਇਸ ਉਪਰ ਵਿਸ਼ਨੂੰ ਜੀ ਬਾਲਕ ਰੂਪ ਧਾਰ ਕੇ ਪੈਰ ਦਾ ਅੰਗੂਠਾ ਚੂੰਘਦੇ ਹਨ। ਉਸ ਬੋਹੜ ਤੋਂ ਡਿਗਕੇ ਮਰਨ ਨਾਲ ਮੁਕਤਿ ਮਿਲਦੀ ਹੈ, ਅਨੇਕਾਂ ਯਾਤਰੂ ਜਾ ਕੇ ਮਰਦੇ ਸਨ। ਬਾਦਸ਼ਾਹ ਜਹਾਂਗੀਰ ਨੇ ਇਸ ਬੋਹੜ ਨੂੰ ਕਟਵਾ ਸੁਟਿਆ ਸੀ। ਪਾਂਡੇ ਫਿਰ ਭੀ ਕਿਲ੍ਹੇ ਵਿਚਾਲੇ ਇਕ ਬੋਹੜ ਨੂੰ ਵਿਖਾਕੇ ਠੱਗੀ ਕਰਦੇ ਰਹਿੰਦੇ ਹਨ।

ਕਾਂਸ਼ੀ ਵਿਖੇ ਜਾ ਕੇ ਮਰਨਾ ਭੀ ਮੁਕਤੀ ਮੰਨੀ ਸੀ। ਮਗਹਰ ਵਿਖੇ ਮਰਨ ਹਾਰੇ ਗੱਧੇ ਬਣਦੇ ਦਸ ਹਨ। ਮਗਹਰ ਦੀ ਧਰਤੀ ਜ਼ਿਲਾ ਬਸਤੀ (ਯੂ. ਪੀ.) ਦੀ ਤਹਿਸੀਲ ਖਲੀਲਾਬਾਦ ਵਿਖੇ ਹੈ।

ਮਹਾਂ ਕਾਲ ਦਾ ਇਕ ਮੰਦਰ ਜੋ ਕਿ ਉਜੈਨ ਵਿਚ ਹੈ, ਸ਼ਿਵ ਲਿੰਗ ਦੀ ਪੂਜਾ ਹੁੰਦੀ ਹੈ। ਮਹਾਂ ਕਾਲ ਸ਼ਿਵ ਜੀ ਦਾ ਇਕ ਪੁੱਤਰ ਸੀ, ਸ਼ਿਵਾਂ ਦਾ ਵੀਰਜ ਅਗਨ ਵਿਚ ਸਥਾਪਨ ਕਰਨ ਤੋਂ ਇਸ ਦੀ ਪੈਦਾਇਸ਼ ਦਸੀ ਹੈ, ਭ੍ਰਿੰਗੀ ਇਸ ਦਾ ਭਾਈ ਸੀ। ਵੈਸੇ ਮਹਾਂ ਕਾਲ ਦੇ ਅਰਥ ਅਕਾਲ ਪੁਰਖ ਹਨ, ਜੋ ਕਾਲ ਦਾ ਭੀ ਕਾਲ ਹੈ—

ਪ੍ਰਿਥੂਦਕ ਨਾਮ ਦਾ ਤੀਰਥ, ਅਥਵਾ ਪਹੋਆ ਤੀਰਥ, ਸੁਰਸ੍ਵਤੀ ਨਦੀ ਦੇ ਸੱਜੇ ਕਿਨਾਰੇ ਪਰ ਹੈ ਪ੍ਰਾਣਕਕਥਾ ਹੈ ਕਿ ਰਾਜਾ ਪ੍ਰਿਥੂ ਨੇ, ਆਪਣੇ ਪਿਤਾ ਵੇਣ ਦੇ ਮਰਨ ਪਰ, ਇਥੇ ਉਸ ਦਾ ਸੰਸਕਾਰ ਕੀਤਾ ਸੀ ਅਤੇ ਬਾਰਾਂ ਦਿਨ ਅਤੁਟ ਲੰਗਰ ਚਲਾਇਆ ਸੀ ਪਹੋਆ (ਕੁਰਛੇਤ੍ਰ) ਜ਼ਿਲਾ ਕਰਨਾਲ ਦੀ

ਕੈਥਲ ਤਹਿਸੀਲ ਨੂੰ ਲਗਦਾ ਹੈ, ਇਥੇ ਪ੍ਰਥੀ ਰਾਜ ਨਾਮ ਦਾ ਤਾਲਾਬ ਭੀ ਹੈ, ਹਿੰਦੂ ਪਹੋਏ ਨੂੰ ਜਾਂਦੇ ਹਨ, ਹਰ ਸਮੇਂ ਇਕੱਠ ਹੁੰਦੇ ਰਹਿੰਦੇ ਹਨ। ਬਦਰੀ ਨਾਰਾਇਣ ਨਾਮ ਦਾ ਤੀਰਥ ਜ਼ਿਲਾ ਗੜ੍ਹਵਾਲ ਅਕਲਨੰਦਾ ਦੇ ਕਿਨਾਰੇ ਪਰ ਹੈ ਜਿਥੇ ਕਿ ਪ੍ਰਸਿਧ ਵੈਸ਼ਨਵ ਮੰਦਰ ਹੈ। ਜਿਸ ਨੂੰ ਬਦਰਿ ਕਾ ਆਸ਼ਰਮ ਭੀ ਬੋਲਦੇ ਹਨ। ਇਹ ਮੰਦਰ ਹਿਮਾਲਯ ਦੀ ਧਾਰਾ ਵਿਚ ਸਾਢੇ ਕੁ ਦਸ ਹਜ਼ਾਰ ਫੁਟ ਉਚੀ ਥਾਂ ਪਰ ਹੈ। ਇਸੇ ਨੂੰ ਬਦਰੀ ਨਾਥ ਭੀ ਕਹਿੰਦੇ ਹਨ। ਇਸ ਜਗ੍ਹਾ ਨੂੰ ਨਰ ਨਾਰਾਇਣ ਦਾ ਤਪ ਸਥਾਨ ਮੰਨਿਆ ਹੈ। ਬਦਰੀ ਸ਼ਬਦ ਉਥੇ ਇਕ ਬੇਰੀ ਤੋਂ ਪ੍ਰਚਲਤ ਹੋਇਆ ਦਸਿਆ ਹੈ। ਇਥੇ ਭਾਰੀ ਮੇਲਾ ਲਗਦਾ ਹੈ। ਨਰ ਨਾਰਾਇਣ ਦੇ ਬੁਤ ਦੀ ਪੂਜਾ ਪਰਧਾਨ ਹੈ।

ਪੁਸ਼ਕਰ ਨਾਮ ਦਾ ਤੀਰਥ, ਰਾਜਪੂਤਾਨੇ ਵਿਚ ਅਜਮੇਰ ਦੇ ਲਾਗੇ ਦੀ ਝੀਲ ਨੂੰ ਕਹਿੰਦੇ ਹਨ, ਦਸਿਆ ਹੈ ਕਿ ਇਥੇ ਬ੍ਰਹਮਾ ਜੀ ਨੇ ਭਾਰੀ ਜੱਗ ਕੀਤਾ ਸੀ ਉਥੇ ਬ੍ਰਹਮਾ ਦਾ ਪ੍ਰਸਿਧ ਮੰਦਰ ਹੈ। ਯਾਤਰੂ ਝੀਲ ਵਿਚ ਇਸ਼ਨਾਨ ਕਰਦੇ ਹਨ।

ਹਰਦਵਾਰ ਨਾਮ ਦਾ ਤੀਰਥ ਜ਼ਿਲਾ ਸਹਾਰਨਪੁਰ ਵਿਚ ਹੈ, ਰੇਲ ਦਾ ਸਟੇਸ਼ਨ ਹੈ। ਇਲਾਕਾ ਯੂ. ਪੀ. ਲਗਦਾ ਹੈ।

ਚਿੱਤ੍ਰ ਕੂਟ ਨਾਮ ਦੀ ਇਕ ਪਹਾੜੀ ਬੰਦੇਲਖੰਡ ਜ਼ਿਲਾ ਬਾਂਦਾ ਵਿਖੇ ਹੈ, ਇਲਾਕੇ ਨੂੰ ਮਧ ਭਾਰਤ ਕਹਿੰਦੇ ਹਨ। ਪਹਾੜ ਪਾਸ ਦੀ ਮੰਦਾਕਿਨ ਨਾਮ ਦੀ ਨਦੀ ਵਗਦੀ ਹੈ। ਅਜ ਕਲ ਚਿੱਤ੍ਰ ਕੂਟ ਜੀ. ਆਈ. ਪੀ. ਦਾ ਰੇਲਵੇ ਸਟੇਸ਼ਨ ਹੈ। ਇਥੋਂ ਚਿੱਤ੍ਰ ਕੂਟ ਤੀਰਥ ਪੰਜ ਕੁ ਮੀਲਾਂ ਪਰ ਹੈ। ਇਸ ਪਹਾੜ ਦੇ ਲਾਗੇ ਸ੍ਰੀ ਰਾਮ ਚੰਦਰ ਅਤੇ ਸੀਤਾ ਜੀ ਔਰ ਲਛਮਨ ਜੀ ਤਿੰਨੇ ਬਨਵਾਸ ਸਮੇਂ ਕੁਟੀਆ ਪਾਕੇ ਰਹੇ ਸਨ। ਪਹਿਲੀ ਰਾਮਾਯਣ ਦਾ ਕਰਤਾ ਰਿਸ਼ੀ ਬਾਲਮੀਕ ਭੀ ਇਸੇ ਪਹਾੜੀ ਪਰ ਰਹਿੰਦਾ ਸੀ। ਸ੍ਰੀ ਸੀਤਾ ਜੀ ਪਿਛੋਂ ਜਾਕੇ ਇਥੇ ਹੀ ਰਹੀ ਸੀ। ਉਥੇ ਹੀ ਜੋੜੇ ਬਾਲਕ ਲਊ ਔਰ ਕੁਸ਼ੂ ਜਨਮੇ ਸਨ, ਜੋ ਕਿ ਸ੍ਰੀ ਰਾਮ ਚੰਦਰ ਜੀ ਦੇ ਸਪੁਤਰ ਸਨ। ਇਥੋਂ ਦੇ ਸਥਾਨ ਨੂੰ ਤੀਰਥ ਯਾਤਰਾ ਮੰਨ ਕੇ ਹਿੰਦੂ ਜਾਂਦੇ ਹਨ, ਪਹਾੜ

ਨੂੰ ਪਵਿੱਤਰ ਮੰਨ ਕੇ ਸਤਿਕਾਰ ਕਰਦੇ ਹਨ।

ਅਯੋਧਿਆ ਜ਼ਿਲਾ ਫ਼ੈਜ਼ਾਬਾਦ (ਯੂ. ਪੀ.) ਸੂਰਜ ਨਦੀ ਦੇ ਕਿਨਾਰੇ ਪਰ ਆਬਾਦ ਹੈ। ਸੂਰਜਵੰਸ਼ੀ ਰਾਜੇ ਇਥੇ ਰਾਜ ਕਰਦੇ ਰਹੇ। ਸ੍ਰੀ ਰਾਮ ਚੰਦਰ ਜੀ ਦੀ ਜਨਮ ਭੂਮੀ ਹੋਣ ਕਰਕੇ, ਤੀਰਥ ਮੰਨਿਆ ਹੈ। ਇਸ ਨੂੰ ਪੁਰੀ ਮੰਨੀਦਾ ਹੈ ਇਸੇ ਨੂੰ ਇਲਾਕਾ ਅਵਧ ਭੀ ਕਹਿੰਦੇ ਹਨ, ਸੂਰਜ ਨਦੀ ਦੇ ਕਿਨਾਰੇ ਪਰ ਰਾਜਾ ਦਸਰਥ ਦੀ ਸਮਾਧੀ ਹੈ।

ਅਵੰਤ ਯਾ ਅਵੰਤਿਕਾ ਨਾਮ ਦੀ ਇਕ ਪੁਰੀ ਇਹ ਸਿਪਰਾ ਨਦੀ ਕਿਨਾਰੇ ਪਰ ਆਬਾਦ ਹੈ (ਮੱਧ ਭਾਰਤ) ਇਸੀ ਨੂੰ ਵਿਸਾਲਾ ਯਾ ਉਜੈਨ ਭੀ ਕਹਿੰਦੇ ਹਨ। ਏਰਾਵਤੀ ਯਾ ਪਰਸ਼ਨੀ ਰਾਵੀ ਨਦੀ ਨੂੰ ਲਿਖਿਆ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ 'ਅਜੁਧਯਾ ਗੋਮਤੀ ਅਵੰਤਿਕਾ, ਕਿਦਾਰ ਹਿਮਧਰ ਹੈ।' ਕੁੰਭ ਦਾ ਇਥੇ ਮੇਲਾ ਭੀ ਹੁੰਦਾ ਹੈ।

ਗੋਵਰਧਨ ਨਾਮ ਦੀ ਪਹਾੜੀ, ਜਿਸ ਪਰ ਸ੍ਰੀ ਕ੍ਰਿਸ਼ਨ ਜੀ ਗਊਆਂ ਚਾਰਿਆ ਕਰਦੇ ਸਨ। ਇਹ ਬਿੰਦਰਾਬਨ ਤੋਂ ਬੀਸ ਕੁ ਮੀਲ ਹੈ। ਭਗਤ ਨਾਮ ਦੇਵ ਜੀ ਨੇ ਲਿਖਿਆ ਹੈ, 'ਧੰਨ ਧੰਨ ਬਿੰਦ੍ਰਾਂ ਬਨਾ, ਜਹ ਖੇਲੈ ਸ੍ਰੀ ਨਾਰਾਇਨਾ' ਗੋਪਾਂ ਨੇ ਇੰਦਰ ਦੀ ਮਨੌਤ ਬੰਦ ਕਰ ਦਿਤੀ ਸੀ, ਜਿਸ ਪਰ ਕਰੋਪ ਹੋਕੇ ਇੰਦਰ ਨੇ ਜ਼ੋਰ ਦੀ ਵਰਖਾ ਸ਼ੁਰੂ ਕਰਵਾ ਦਿਤੀ। ਗੋਪਾਂ ਔਰ ਗਊਆਂ ਦੀ ਰਖਿਆ ਲਈ ਸ੍ਰੀ ਕ੍ਰਿਸ਼ਨ ਜੀ ਨੇ ਗੋਵਰਧਨ ਪਹਾੜ ਨੂੰ ਆਪਣੀ ਚੀਚੀ ਪਰ ਉਠਾ ਕੇ ਬਚਾਉਣ ਲਈ ਛਤ੍ਰੀ ਦਾ ਰੂਪ ਕਰ ਦਿਤਾ ਸੀ। ਲੋਕ ਇਸ ਪਹਾੜ ਨੂੰ ਪੂਜਦੇ ਹਨ।

ਗੋਕਰਣ ਨਾਮ ਦਾ ਤੀਰਥ ਇਹ ਬੰਬਈ ਦੇ ਜ਼ਿਲਾ ਚਰਵਾਰ ਵਿਖੇ ਹੈ। ਟਾਪੂ ਗੋਆ ਤੀਸ ਕੁ ਮੀਲ ਪਰ ਹੈ, ਇਸਦੇ ਸ਼ਿਵ ਮੰਦਰ ਨੂੰ ਮਹਾਂ ਬਲੇਸ਼ਵਰ ਆਖਦੇ ਹਨ। ਸ਼ਿਵਲਿੰਗ ਪੂਜਾ ਪ੍ਰਧਾਨ ਹੈ। ਕਿਹਾ ਜਾਂਦਾ ਹੈ ਕਿ ਇਥੇ ਦਾ ਸ਼ਿਵਲਿੰਗ ਲੰਕਾਪਤਿ ਰਾਵਣ ਨੂੰ ਦਿਤਾ ਸੀ, ਰਾਵਣ ਪੱਕਾ ਸ਼ਿਵ ਭਗਤ ਸੀ। ਵੈਸੇ ਗੋਕਰਣ ਦੇ ਅਰਥ ਗਊ ਦੇ ਕੰਨ ਹਨ।

ਤੀਰਥ ਕਪਾਲ ਮੋਚਨ ਕਾਂਸ਼ੀ ਵਿਖੇ ਇਕ ਤਲਾਬ ਦਾ ਨਾਮ ਹੈ।

ਪਦਮ ਪੁਰਾਣ ਵਿਚ ਇਸ ਦੀ ਲੰਮੀ ਕਥਾ ਹੈ। ਇਥੇ ਲੋਕੀ ਬਜੱਰ ਪਾਪ ਉਤਾਰਨ ਵਾਸਤੇ ਜਾਂਦੇ ਹਨ। ਦਸਿਆ ਹੈ, ਕਿ ਸ਼ਿਵ ਜੀ (ਮਹਾਂ ਭੈਰਵ) ਦੇ ਹਥ ਨਾਲ ਚਿਮੜਿਆ, ਬ੍ਰਹਮਾ ਦਾ ਸੀਸ ਇਥੇ ਜਾ ਕੇ ਉਤਰਿਆ ਸੀ। ਸ਼ਿਵ ਜੀ ਨੇ ਮੰਦੀ ਨਜ਼ਰ ਕਰਨ ਕਰਕੇ ਬ੍ਰਹਮਾ ਦਾ ਸਿਰ ਕਟਿਆ ਸੀ। ਮਹਾਂ ਭਾਰਤ ਅਨੁਸਾਰ ਇਸੀ ਨਾਮ ਦਾ ਇਕ ਤੀਰਥ ਸਰਸਵਤੀ ਦੇ ਕਿਨਾਰੇ ਔਸਠਸ਼ ਤੀਰਥ ਦਾ ਨਾਮ ਹੈ। ਸ੍ਰੀ ਰਾਮ ਚੰਦਰ ਦਾ ਕਟਿਆ ਇਕ ਦੈਂਤ ਦਾ ਸੀਸ ਮਹਿੰਦਰ ਰਿਸ਼ੀ ਦੀ ਲਤ ਨਾਲ ਚਿਮਟ ਗਿਆ ਸੀ। ਹੋਰ ਕਿਸੇ ਤੀਰਥ ਪਰ ਨਾ ਉਤਰ ਸਕਿਆ। ਇਥੇ ਇਸ਼ਨਾਨ ਕਰਨੇ ਕਰਕੇ ਉਤਰਿਆ ਸੀ। ਦਸਮ ਗੁਰੂ ਜੀ ਸੰਮਤ ੧੭੪੨ ਵਿਚ ਮੇਲੇ ਪਰ ਪਹੁੰਚੇ ਸਨ। ਇਥੇ ਇਕ ਰਣਮੋਚਨ ਨਾਮ ਦਾ ਤੀਰਥ ਭੀ ਹੈ। ਦਸ਼ਮੇਸ਼ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੈ। ਕਪਾਲ ਮੋਚਨ ਪਿੰਡ ਮਿਲਖ ਦੀ ਜ਼ਮੀਨ ਵਿਚ ਹੈ। ਸਿੱਖ ਧਰਮ ਦੇ ਪ੍ਰਚਾਰ ਵਾਸਤੇ ਮੇਲੇ ਪਰ ਚੰਗਾ ਸਮਾਂ ਮਿਲਦਾ ਹੈ।

ਗੰਡਕਾ ਨਦੀ ਕਪਤ ਗੰਡਕੀ ਪਹਾੜ ਤੋਂ ਨਿਕਲਦੀ ਹੈ। ਇਹ ਨੈਪਾਲ ਵਿਚ ਹੈ। ਇਹ ਪਟਣੇ ਸਾਹਿਬ ਆ ਕੇ ਗੰਗਾ ਵਿਚ ਮਿਲਦੀ ਹੈ: ਇਸ ਵਿਚ ਕਾਲੇ ਰੰਗ ਦੇ ਪੱਥਰ ਨਿਕਲਦੇ ਹਨ ਜਿਹਨਾਂ ਨੂੰ ਸਾਲਿਗ੍ਰਾਮ ਨਾਮ ਨਾਲ ਪੂਜੀਦਾ ਹੈ। ਵਿਸ਼ਨੂੰ ਪੁਰਾਣ ਦੀ ਕਥਾ ਅਨੁਸਾਰ, ਗੰਡਕੀ ਨਾਮ ਦੀ ਇਕ ਇਸਤਰੀ ਨੇ ਦਸ ਹਜ਼ਾਰ ਸਾਲ ਉਗ੍ਰ ਤਪ ਕੀਤਾ ਸੀ। ਸ੍ਰੀ ਵਿਸ਼ਨੂੰ ਨੇ ਪ੍ਰਸੰਨ ਹੋ ਕੇ ਵਰ ਦਿਤਾ ਸੀ ਕਿ ਮੈਂ ਤੇਰ ਵਿਚੋਂ ਸਾਲਿਗ੍ਰਾਮ ਰੂਪ ਹੋ ਕੇ ਨਿਕਲਿਆ ਕਰਾਂਗਾ। ਵਿਸ਼ਨੂੰ ਜੀ ਦੇ ਪਸੀਨੇ ਤੋਂ ਭੀ ਉਤਪਤੀ ਲਿਖੀ ਹੈ। ਕ੍ਰਿਸ਼ਨਾ ਔਰ ਗੰਡਕੀ ਨਦੀਆਂ ਇਕੱਠੀਆਂ ਹਨ।

ਗੰਗਾ ਸਾਗਰ ਨਾਮ ਦਾ ਤੀਰਥ, ਜਿਥੇ ਕਪਿਲ ਰਿਸ਼ੀ ਨੇ ਰਾਜਾ ਸਗਰ ਦੇ ਸੌ ਪੁਤਰ ਸਰਾਪ ਨਾਲ ਮਾਰੇ ਸਨ। ਸਮੁੰਦਰ ਵਿਚ ਮਿਲਣੇ ਕਰਕੇ ਨਾਮ ਗੰਗਾ ਸਾਗਰ ਹੈ। ਗੜ੍ਹਵਾਲ ਲਾਗੇ ਗੰਗਾ ਨੀਚੇ ਉਤਰਦੀ ਹੈ ਜਿਸ ਕਰਕੇ ਉਸ ਨੂੰ ਗੰਗੋਤਰੀ ਬੋਲਦੇ ਹਨ। ਇਹ ਜਗ੍ਹਾ ਗੋਮੁਖ ਤੋਂ ਅਠ ਮੀਲ ਹੈ।

ਪ੍ਰਸਿਧ ਤੀਰਥ ਹੈ !

ਭਾਰਤ ਦੀ ਲਗ ਪਗ ਸਾਰੀ ਨਦੀਆਂ ਹੀ ਤੀਰਥਾਂ ਵਿਚ ਸ਼ਾਮਲ ਜਿਹਾ ਕਿ ਦ੍ਰਿਸ਼ਵਤੀ (ਘੱਗਰ) ਜੋ ਸਿਰਮੌਰ (ਨਾਹਨ ਰਾਜ) ਤੋਂ ਨਿਕਲਦੀ ਹੈ। ਅੰਬਾਲਾ ਪਟਿਆਲਾ ਪਾਸ ਦੀ ਵਗਦੀ ਹੋਈ ਬੀਕਾਨੇਰ ਦੇ ਰਾਜ ਵਿਚ ਜਾ ਕੇ ਹਨੂਮਾਨ ਗੜ੍ਹ ਲਾਗੇ ਰੇਤੇ ਵਿਚ ਸਮਾ ਜਾਂਦੀ ਹੈ। ਰਿਗਵੇਦ ਵਿਚ ਇਹਦਾ ਜ਼ਿਕਰ ਹੈ। ਇਸੇ ਤਰ੍ਹਾਂ ਕਾਵੇਰੀ ਨਦੀ ਜੋ ਪਸ਼ਛਮ ਘਾਟ ਤੋਂ ਨਿਕਲ ਕੇ ਖਾੜੀ ਬੰਗਾਲ ਵਿਚ ਡਿਗਦੀ ਹੈ। ਇਸਨੂੰ ਕਾਵੇਰੀ ਰਿਸ਼ੀ ਦੀ ਪੁਤਰੀ ਦਸਿਆ ਹੈ। ਸੁਕੰਦ ਪੁਰਾਣ ਅਨੁਸਾਰ ਇਹ ਤੀਰਥ ਹੈ। ਵਿਤਸਤਾ ਜਿਹਲਮ ਨਦੀ ਨੂੰ ਲਿਖਿਆ ਹੈ 'ਜੋ ਵਾਗ ਨਾਗ ਦੇ ਚਸ਼ਮਿਆਂ ਤੋਂ ਨਿਕਲਦੀ ਹੈ। ਅਤੇ ਚੰਦਰ ਭਾਗਾਂ ਅਰਥਾਤ ਚਨਾਬ ਵਿਚ ਮਖਿਆਲੇ ਪਾਸ ਜਾ ਮਿਲਦੀ ਹੈ। ਸ੍ਰੀ ਨਗਰ (ਕਸ਼ਮੀਰ) ਇਸੇ ਨਦੀ ਪਰ ਹੈ, ਇਸ ਨੂੰ ਭੀ ਤੀਰਥ ਮੰਨਿਆ ਹੈ।

ਗੋਮਤੀ ਨਦੀ ਪ੍ਰਸਿਧ ਤੀਰਥ ਹੈ ਜੋ ਪੀਲੀ ਭੀਤ ਸ਼ਾਹ ਜਹਾਨਪੁਰ ਦੀ ਝੀਲ ਵਿਚੋਂ ਨਿਕਲਦੀ ਹੈ। ਜ਼ਿਲਾ ਗ਼ਾਜ਼ੀਪੁਰ ਵਿਖੇ ਸੈਦਪੁਰ ਲਾਗੇ ਗੰਗਾ ਨਾਲ ਮਿਲਦੀ ਹੈ। ਗੋਮਤੀ ਨਾਮ ਦੀਆਂ ਹੋਰ ਭੀ ਨਦੀਆਂ ਹਨ। ਇਸ ਪਰ ਜਾ ਕੇ ਹਿੰਦੂ ਪੁਨ ਦਾਨ ਕਰਨਾ ਉਤਮ ਮੰਨਦੇ ਹਨ। ਇਕਰ ਹੀ ਗੁਦਾਵਰੀ ਨਦੀ ਹੈ ਜੋ ਕਿ ਤ੍ਰਿਐਂਬਕ ਪਾਸੋਂ ਪੂਰਬੀ ਘਾਟਾਂ ਚੋਂ ਨਿਕਲਦੀ ਹੈ। ਇਸ ਦੇ ਕਿਨਾਰੇ ਪਰ ਹਜ਼ੂਰ ਸਾਹਿਬ ਖਾਲਸੇ ਦਾ ਤਖਤ ਹੈ। ਦਸਿਆ ਹੈ ਕਿ ਸ਼ਿਵ ਜੀ ਦੀਆਂ ਜੱਟਾਂ ਵਿਚੋਂ ਗੋਤਮ ਤਪੇ ਨੇ ਗਊ ਨੂੰ ਜ਼ਿੰਦਾ ਕਰਨ ਹਿਤ ਲਿਆਂਦੀ ਸੀ। ਇਸ ਦਾ ਮੁਢ ਇਕ ਤਪੀਸ਼ਵਰ ਇਸਤਰੀ ਤੋਂ ਵੀ ਦਸਿਆ ਹੈ।

ਤਪਤੀ ਯਾ ਤਾਪਤੀ ਨਾਮ ਦੀ ਨਦੀ ਸੰਤਪੁਰ ਪਹਾੜ ਦੀ ਧਾਰਾ (ਮੌਲਾਨਾ) ਤੋਂ ਨਿਕਲਕੇ ਵਗਦੀ ਹੈ, ਪੁਰਾਣਾਂ ਮੂਜਬ ਇਹ ਸੂਰਜ ਦੀ ਪੁਤਰੀ ਛਾਯਾ ਤੋਂ ਬਣੀ ਹੈ। ਇਸ ਦੀ ਸ਼ਾਦੀ ਚੰਦਰ ਵੰਸ਼ੀ ਰਾਜਾ ਸਬਰਣ ਨਾਲ ਹੋਣੀ ਲਿਖੀ ਹੈ। ਇਸੇ ਨੂੰ ਧਾਵੀ ਤਾਪਤੀ ਭੀ ਕਹਿੰਦੇ ਹਨ। ਇਸੇ ਨੂੰ ਸਯਾਮ

ਤਾਰਾ ਸ਼ਨਿਤ੍ਰਾ ਕਪਿਲਾ ਆਦਿ ਬੋਲਦੇ ਹਨ।

ਚਿਨਵੇਲੀ ਦੀ ਇਕ ਨਦੀ ਤਮ੍ਰਪਰਣੀ ਨਾਮ ਸੇ ਹੈ ਇਸ ਦਾ ਨਿਕਾਸ ਅਗਤਿ ਕੂਟ ਤੋਂ ਲਿਖਿਆ ਹੈ। ਇਸ ਵਿਚੋਂ ਮੋਤੀ ਨਿਕਲਦੇ ਦਸੇ ਹਨ ਪਵਿਤਰ ਮੰਨਕੇ ਇਸ ਦਾ ਜਲ ਲੋਕੀਂ ਲੈ ਜਾਂਦੇ ਹਨ।

ਤੁੰਗਭਾ ਨਦੀ ਜੋ ਕਿ ਸਹਥਪ ਬਨ ਤੋਂ ਨਿਕਲਕੇ ਕ੍ਰਿਸ਼ਨਾ ਨਦੀ ਵਿਚ 'ਮਲਦੀ ਹੈ। ਤੁੰਗ ਔਰ ਭੱਦ੍ਰਾ ਦੋਨੋਂ ਇਕੱਠੀਆਂ ਚਲਦੀਆਂ ਹਨ। ਇਸ ਦਾ ਪਾਣੀ ਲੋਕ ਮਹਾਂ ਪਵਿੱਤਰ ਮੰਨਕੇ ਟੀਨਾਂ ਭਰਕੇ ਲੈ ਜਾਂਦੇ ਹਨ। ਮਹਾਂ ਭਾਰਤ ਅਨੁਸਾਰ ਵੇਤਰ ਦੀ ਨਦੀ ਭੀ ਇਕ ਤੀਰਥ ਮੰਨਿਆ ਹੈ।

ਵਿਮਲੇਂਵਰ ਨਦੀ ਇਹ ਭੀ ਤੀਰਥ ਹੈ ਵੇਤਰਬੀ ਨਦੀ ਦਾ ਨਾਮ ਭੀ ਆਉਂਦਾ ਹੈ ਅਗੇ ਬਿਮਲ ਨਦੀ ਅਗਨਿ ਬਿਖ ਝਲਾ। ਮਾ: ੧ ਹਿਦੂ ਲੋਕ ਇਸ ਵਿਚ ਗਊ ਪੁੰਨ ਕਰਕੇ ਪਾਰ ਹੁੰਦੇ ਹਨ। ਇਹ ਅਗਨੀ ਔਰ ਜ਼ਹਿਰ ਰੂਪ ਭਿਆਨਕ ਹੈ। ਨੈਮਿਸ ਨਾਮ ਦਾ ਤੀਰਥ ਜ਼ਿਲਾ ਸੀਤਾਪੁਰ (ਯੂ. ਪੀ.) ਵਿਚ ਹੈ। ਇਥੇ ਗੌਰਮੁਖ ਨਾਮੀ ਰਿਸ਼ੀ ਹੋਇਆ ਸੀ। ਇਸ ਨੇ ਦੈਂਤਾਂ ਦੀ ਇਕ ਵਡੀ ਫੌਜ ਭਸਮ ਕਰ ਸੁਟੀ ਸੀ। ਸ੍ਰੀ ਰਾਮ ਚੰਦਰ ਜੀ ਨੇ ਇਥੇ ਅਸ਼ਵਮੇਧ ਯੱਗ ਕੀਤਾ ਸੀ। ਨੇਮ ਖਾਰ ਭੀ ਇਸੇ ਤੀਰਥ ਦਾ ਨਾਮ ਹੈ ਪ੍ਰਸਿੱਧ ਤੀਰਥ ਹੈ।

ਚੰਦ੍ਰ ਭਾਗਾ ਨਾਮੀ ਨਦੀ ਹਮਾਲਯਾ ਦੇ ਪਹਾੜ ਚੰਦਰ ਭਾਗ ਪਹਾੜ ਤੋਂ ਨਿਕਲਦੀ ਹੈ ਇਹ ਸਿੰਧ ਪਾਸ ਰਾਵੀ ਨਾਲ ਮਿਲਕੇ ਮਿਠਨ ਕੋਟ ਦੇ ਮੁਕਾਮ ਪਰ ਸਿੰਧ ਨਾਲ ਮਿਲ ਜਾਂਦੀ ਹੈ। ਚੰਦ੍ਰ ਭਾਗਾ ਸ੍ਰੀ ਕ੍ਰਿਸ਼ਨ ਜੀ ਦੀ ਸਖੀਆਂ ਵਿਚੋਂ ਇਕ ਸੀ, ਇਸੀ ਦੇ ਨਾਮ ਪਰ ਪ੍ਰਸਿਧ ਤੀਰਥ ਮੰਨੀ ਗਈ ਹੈ।

ਚੰਬਲਯਾ ਚਰਮ ਨਹਤੀ ਜਨਪਾਵ ਦੇ ਪਹਾੜ ਤੋਂ ਨਿਕਲਦੀ ਹੈ। ਰਾਜ ਇੰਦੌਰ ਲਗਦਾ ਹੈ। ਇਟਾਵੇਂ ਥੀਂ ਅਗੇ ਨਿਕਲਕੇ ਜਮਨਾ ਵਿਚ ਮਿਲਦੀ ਹੈ।

ਭੀਮਾਰਥਾਂ ਭੀਮੇਸ਼ਵਰ ਨਾਮ ਦੀ ਨਦੀ ਭੀਮ ਪੁਰ ਵਿਰਕਾਸੁਰ

ਰਾਜਧਾਨੀ ਤੋਂ ਨਿਕਲਦੀ ਹੈ, ਭੀਮਾ ਇਕ ਦੁਰਗਾ ਦੇਵੀ ਸੀ ਇਹ ਭੀ ਤੀਰਥਾਂ ਵਿਚ ਸ਼ਾਮਲ ਹੈ :

ਕਾਂਜੀ ਨਾਮ ਦਾ ਤੀਰਥ ਮਦਰਾਸ ਦੇ ਚੇਂਗਟਪਟ ਜ਼ਿਲੇ ਵਿਚ ਹੈ ਇਹ ਪ੍ਰਸਿਧ ਪੁਰੀ ਹੈ ਕਾਂਤੀ ਇਸੇ ਦਾ ਨਾਮ ਹੈ। ਮਦਰਾਸੀ ਲੋਕ ਯਾਤਰਾ ਨੂੰ ਜਾਂਦੇ ਹਨ। ਕਈ ਇਸ ਨੂੰ ਕਾਜੀਵਰ ਭੀ ਆਖਦੇ ਹਨ।

ਹਿੰਦੂਆਂ ਵਿਚ ਲਗਪਗ ਸਾਰੇ ਦਰਿਆਵਾਂ ਨੂੰ ਤੀਰਥ ਮੰਨਿਆ ਜਾਂਦਾ ਹੈ। ਕਈਆਂ ਦੇ ਨਾਮ ਹੋਰ ਹੋ ਗਏ ਹਨ। ਜਿਵੇਂ ਰਾਵੀ ਦਾ ਪਹਿਲਾ ਨਾਂ ਏਰਾਵਤੀ ਸੀ ਪਰਸਨੀ ਭੀ ਇਸੇ ਦਾ ਨਾਮ ਹੈ। ਇਹ ਕੁਲੂ ਦੇ ਪਹਾੜਾਂ ਤੋਂ ਨਿਕਲ ਕੇ ਚਨਾਬ (ਚੰਦ੍ਰ ਭਾਗਾਂ) ਵਿਚ ਮਿਲ ਜਾਂਦੀ ਹੈ। ਸੌ ਧਾਰਾ ਕਰ ਕੇ ਸਤਿਲੁਜ ਦਾ ਨਾਮ ਭੀ ਸੱਦ੍ਰਵ ਹੈ। ਇਹ ਮਾਨਸਰੋਵਰ ਪਾਸੋਂ ਨਿਕਲ ਕੇ ਜ਼ਿਲਾ ਮੁਜ਼ਫਰਗੜ੍ਹ ਵਿਚ ਸਿੰਧ ਵਿਚ ਜਾ ਮਿਲਦੀ ਹੈ। ਸੁਰਸਤ੍ਰੀਆਂ ਸਰਸਵਤੀ ਇਹ ਇਲਾਕਾ ਸਿਰਮੌਰ ਤੋਂ ਨਿਕਲ ਕੇ ਪਟਿਆਲੇ ਪਾਸ ਘਘਰ ਨਦੀ ਵਿਚ ਆ ਮਿਲਦੀ ਹੈ। ਸੂਰਜ ਕੁੰਡ ਕਈ ਸਰੋਵਰਾਂ ਦਾ ਨਾਮ ਹੈ, ਇਕ ਜ਼ਿਲਾ ਅੰਬਾਲਾ ਵਿਚ, ਦੂਜਾ ਮਥਰਾ ਪਾਸ ਜਮਨਾ ਦੇ ਕਿਨਾਰੇ ਹੈ। ਇਥੇ ਸੂਰਜ ਦੀ ਪੂਜਾ ਪ੍ਰਧਾਨ ਹੈ। ਸਿੰਧ ਜਾਂ ਅਟਕ ਨੂੰ ਭੀ ਤੀਰਥ ਮੰਨਦੇ ਹਨ ਇਹ ਤਿਬਤ ਤੋਂ ਨਿਕਲ ਕੇ ਬੰਦਰ ਕਰਾਚੀ ਲਾਗੇ ਸਾਗਰ ਵਿਚ ਮਿਲਦਾ ਹੈ। ਅਵੰਤੀ ਜਾਂ ਅਵੰਤਕਾ ਇਕ ਨਦੀ ਹੈ ਮਾਨਸਰੋਵਰ ਤੋਂ ਨਿਕਲਦੀ ਹੈ। ਵਿਸ਼ਨੂੰ ਦੇ ਲਹੂ ਦੀ ਨਦੀ ਕਹਿੰਦੇ ਹਨ। ਇਸ ਦਾ ਨਾਮ ਸਿਪ੍ਰਾ ਹੈ। ਇਹ ਚੰਬਲ ਦਰਿਆ ਵਿਚ ਜਾ ਮਿਲਦੀ ਹੈ।

ਸ੍ਰੀ ਰੰਗ ਨਾਮ ਦਾ ਮੰਦਰ ਜੋ ਤ੍ਰਿਚਾਪਲੀ ਤੋਂ ਦੋ ਮੀਲ ਹੈ ਜਿਥੇ ਸ੍ਰੀ ਰੰਗ ਦੇ ਪਰਮ ਭਗਤ ਰਾਮਾਨੁਜ ਦੀ ਸਮਾਧੀ ਹੈ, ਇਹ ਭੀ ਤੀਰਥ ਮੰਨਿਆ ਜਾਂਦਾ ਹੈ।

(੨) ਵੈਦਯਾ ਨਾਥ ਝਾਰ ਖੰਡ ਦੇ ਪੂਰਬ ਭਾਗ ਵਿਚ ਮੁਕਾਮ ਦੇਵਗੜ੍ਹ ਵਿਖੇ ਇਕ ਮੰਦਰ ਹੈ ਜਿਸ ਵਿਚ ਸ਼ਿਵ ਲਿੰਗ ਦੀ ਪੂਜਾ ਹੁੰਦੀ ਹੈ। ਸ਼ਿਵ ਲਿੰਗ ਦੇ ਪ੍ਰਸਿੱਧ ਮੰਦਰਾਂ ਵਿਚ ਬਾਰਾਂ ਗਿਣੇ ਜਾਂਦੇ ਹਨ ਜਿਨ੍ਹਾਂ ਨੂੰ

ਦੁਆਦਸ਼ ਸਿਲਾ ਭੀ ਕਹਿੰਦੇ ਹਨ। ਗੁਰਬਾਣੀ ਵਿਚ ਜ਼ਿਕਰ ਆਉਂਦਾ ਹੈ ਜੇ ਉਹ ਦੁਆਦਸ ਸਿਲਾ ਪੂਜਾਵੈ (ਗੋਂਡ ਰਵਿਦਾਸ) ਇਹ ਪਥਰ ਦੀਆਂ ਬਾਰਾਂ ਮੂਰਤਾਂ ਹਨ। ਅਥਵਾ ਇਹਨਾਂ ਨੂੰ ਜੋਤੀ ਲਿੰਗ ਭੀ ਲਿਖਿਆ ਹੈ ਜਿਹਾ ਕਿ ਗਯਾ ਦੇ ਲਾਗੇ ਦੇਵਗੜ੍ਹ ਵਿਚ ਦੀ ਮੂਰਤੀ ਨੂੰ ਵੈਦਯ ਨਾਥ ਕਹਿੰਦੇ ਹਨ। ਇਸੇ ਤਰ੍ਹਾਂ ਪੂਨੇ ਦੇ ਨੇੜੇ ਸਾਕਿਨੀ ਨਦੀ ਦੇ ਕਿਨਾਰੇ ਦੀ ਸਿਲਾ ਨੂੰ ਭੀਮ ਸ਼ੰਕਰ ਸੋਮਨਾਥ ਮੰਦਰ, ਕਿਸ ਕਿੰਧਾ ਸ੍ਰੀ ਮੇਲੇ ਪਹਾੜ ਅਤੇ ਮਲਕਾਜੁਨ ਕ੍ਰਿਸ਼ਨ ਨਦੀ ਪਰ। ਉਜੈਨ ਵਿਚ ਮਹਾਂ ਕਾਲ, ਨਰਬਦਾ ਦੇ ਪਿਨਾਰ ਓਅੰਕਾਰ (ਅਮਰੇਸ਼ਵਰ ਵਿਖੇ) ਲੰਕਾ ਦਾ ਪੁਲ ਰਾਮੇਸ਼ਵਰ ਕਹੀਦਾ ਹੈ ਦੁਆਰਕਾ ਦੇ ਲਾਗੇ ਨਾਗੇਸ਼ਵਰ ਅਤੇ ਕਾਂਸ਼ੀ ਵਿਚ ਵਿਸ਼ਵੇਸ਼ਵਰ ਹੈ। ਅਤੇ ਗੋਦਾਵਰੀ ਦੇ ਕੰਢੇ ਤ੍ਰਯੰਬਕ, ਪੰਜਵਟੀ ਪਾਸ। ਹਿਮਾਲਯ ਵਿਚ ਕੇਦਾਰਨਾਥ (ਬਦਰੀ ਨਾਰਾਇਣ ਦੇ ਨੇੜੇ) ਧ੍ਰਿਖਣੇਂ ਸਵਰ ਔਰੰਗਾਬਾਦ ਦੇ (ਦਖਣ ਪਾਸੇ ਵਿਚ) ਇਕਰ ਇਹ ਬਾਰਾਂ ਸਿਲਾਯਾ ਜੋਤੀ ਲਿੰਗ ਤੀਰਥ ਹਨ। ਇਹਨਾਂ ਵਿਚ ਅਕਸਰ ਵਿਸ਼ਨੂੰ, ਲਛਮੀ, ਸ਼ਿਵ ਅਤੇ ਪਾਰਬਤੀ, ਗਣੇਸ਼, ਬ੍ਰਹਮਾ ਅਤੇ ਸਰਸਵਤੀ, ਸੂਰਜ, ਭੈਰਵ ਅਤੇ ਕਾਲੀ ਦਵੀ, ਯਮ (ਧਰਮ ਰਾਜ) ਇੰਦਰ ਆਦਿ ਇਕਰ ਬਾਰਾਂ ਮੂਰਤਾਂ ਭਿੰਨ ਭਿੰਨ ਸ਼ਕਲਾਂ ਵਿਚ ਹਨ। ਜਿਨ੍ਹਾਂ ਦੀ ਪੂਜਾ ਹੁੰਦੀ ਹੈ।

ਕਾਂਸ਼ੀ (ਬਨਾਰਸ) ਯੂ. ਪੀ. ਵਿਚ ਪ੍ਰਸਿੱਧ ਤੀਰਥ ਹੈ। ਸ਼ਿਵਪੁਰ ਕਾਂਸ਼ੀ ਗੰਗਾ ਦੇ ਖਬੇ ਪਾਸੇ ਆਬਾਦ ਹੈ। ਹਿੰਦੂਆਂ ਦੇ ਖਿਆਲ ਹਨ ਕਾਂਸ਼ੀ ਜਾ ਕੇ ਮਰਨ ਵਾਲੇ ਸਵਰਗਾਂ ਨੂੰ ਜਾਂਦੇ ਹਨ। ਇਸ ਨੂੰ ਸ਼ਿਵਜੀ ਦੀ ਪੁਰੀ ਕਿਹਾ ਹੈ। ਸ੍ਰੀ ਕ੍ਰਿਸ਼ਨ ਜੀ ਭੀ ਇਥੇ ਨਦੀ ਪਰ ਗਊਆਂ ਚਾਰਦੇ ਰਹੇ ਸਨ।

ਭਾਵ ਨਬੇੜਾ ਚੰਗੇ ਮੰਦੇ ਕਰਮਾਂ ਅਨੁਸਾਰ ਹੁੰਦਾ ਹੈ। ਕਾਂਸ਼ੀ ਕ੍ਰਿਸ਼ਨ ਚਰਾਵਰ ਗਊ, ਮਿਲਿ ਹਰਿ ਜਨ ਸੋਰਾ ਪਾਈ। (ਮਲਾਰ ਮ: ੪)

'ਕਾਂਸ਼ੀ ਮਰਾਹਰ, ਸਮ ਵੀਚਾਰੀ (ਕਬੀਰ) ਕਿਸੇ ਥਾਂ ਮਰਨੇ ਸੇ ਮੁਕਤ ਅਮੁਕਤ ਮਨਣੀ ਵਹਿਮ ਮਾਰਗ ਹੈ। ਔਰੰਗਜ਼ੇਬ ਨੇ ਕਾਂਸ਼ੀ ਦੇ ਮੰਦਰਾਂ ਨੂੰ

ਢਹਾ ਕੇ ਮਸੀਤਾਂ ਬਣਾਈਆਂ ਸਨ । ਨਾਂ ਭੀ ਮੁਹੰਮਦਾਬਾਦ ਧਰਿਆ ਸੀ ; ਵਡੇ ਮੰਦਰ ਦੀ ਥਾਂ ਮਸੀਤ ਅਜੇ ਤੀਕ ਮੌਜੂਦ ਹੈ । ਨੌਵੇਂ ਗੁਰੂ ਇਥੇ ਸੰਮਤ ੧੭੨੧ ਵਿਚ ਪਧਾਰੇ ਸਨ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭੀ ਇਥੇ ਪਹੁੰਚ ਕੇ ਪੰਡਿਤਾਂ ਨਾਲ ਗੋਸ਼ਟ ਕੀਤੀ ਸੀ । ਦਸਮ ਗੁਰੂ ਜੀ ਭੀ ਪਧਾਰੇ ਸਨ । ਕਾਂਸ਼ੀ ਵਿਖੇ ਇਕ ਕਰਵਤ੍ਰ (ਆਰਾ) ਗਡਿਆ ਸੀ, ਜਿਸ ਦੇ ਹੇਠਾਂ ਆ ਕੇ ਵਹਿਮੀ ਲੋਕ ਮਰਨ ਪਿਛੋਂ ਮੁਕਤੀ ਮਿਲਣੀ ਮੰਨਦੇ ਸਨ । ਅੰਗਰੇਜ਼ੀ ਰਾਜ ਸਮੇਂ ਐਸਾ ਕਰਤੱਵ ਹੁਕਮਨ ਬੰਦ ਕਰ ਦਿਤਾ ਗਿਆ ।

ਮਥਰਾ ਸ੍ਰੀ ਕ੍ਰਿਸ਼ਨ ਜੀ ਦੀ ਕਾਇਮ ਕੀਤੀ ਰਾਜਧਾਨੀ ਸੀ ਇਸੇ ਨੂੰ ਮਧਪੁਰੀ ਕਹਿੰਦੇ ਹਨ । ਇਹ ਅਲਾਹਬਾਦ ਦੇ ਇਲਾਕੇ ਵਿਚ ਜਮਨਾ ਨਦੀ ਦੇ ਸਜੇ ਕਿਨਾਰੇ ਪਰ ਹੈ । ਇਸ ਨੂੰ ਬ੍ਰਿਜਭੂਮੀ ਮਥਰਾ ਭੀ ਕਹਿੰਦੇ ਹਨ । ਕ੍ਰਿਸ਼ਨ ਜੀ ਇਥੇ ਕਾਫੀ ਸਮਾਂ ਬਿਰਾਜੇ । ਇਹ ਹਿੰਦੂਆਂ ਦੀ ਸਤਾਂ ਪੁਰੀਆਂ ਵਿਚ ਸ਼ਾਮਲ ਹੈ । ਸ੍ਰੀ ਕ੍ਰਿਸ਼ਨ ਜੀ ਦੀ ਏਹੀ ਜਨਮ ਭੂਮੀ ਹੈ । ਮਧਦੈਂਤ ਦੇ ਨਾਮ ਪਰ ਪਹਿਲਾਂ ਇਹ ਮਥਰਾ ਪੁਰੀ ਸੀ । ਔਰੰਗਜ਼ੇਬ ਨੇ ਇਥੇ ਦਾ ਮੰਦਰ ਢਹਾ ਕੇ ਇਸ ਦਾ ਨਾਮ ਇਸਲਾਮਾਬਾਦ ਰਖਿਆ ਸੀ। ਮਸੀਤ ਭੀ ਮੌਜੂਦ ਹੈ । ਪਹਿਲੇ ਮੰਦਰ ਦਾ ਨਾਮ ਕੇਸ਼ਵ ਦੇਵ ਸੀ । ਮਥਰਾ ਵਿਖੇ ਛੀਵੇਂ ਔਰ ਦਸਵੇਂ ਗੁਰੂ ਜੀ ਨੇ ਚਰਨ ਪਾਏ ਸਨ । ਪਹਿਲੇ ਗੁਰੂ ਜੀ ਭੀ ਇਥੇ ਪਹੁੰਚੇ ਸਨ ਗੁਰਦੁਆਰੇ ਭੀ ਮੌਜੂਦ ਹਨ ਮਾਨ ਸਰੋਵਰ ਨਾਮ ਦੀ ਪ੍ਰਸਿਧ ਝੀਲ ਇਲਾਕਾ ਤਿੱਬਤ ਵਿਖੇ ਹੈ । ਜੋ ਬ੍ਰਹਮਾ ਨੇ ਕੈਲਾਸ਼ ਪਰਬਤ ਪਾਸ ਰਚੀ ਸੀ। ਇਸ ਕੁਦਰਤੀ ਤਾਲਾਬ ਦਾ ਰਕਬਾ ਪੰਜਾਹ ਸਠਾਂ ਮੀਲਾਂ ਦਾ ਹੈ । ਕੈਲਾਸ਼ ਦੀ ਬੁਲੰਦੀ ਪਰ ਪੰਦਰਾਂ ਸੋਲਾਂ ਹਜ਼ਾਰ ਫੁਟ ਉਚਾਈ ਪਰ ਹੈ। ਹੰਸਾਂ ਦੀ ਰਹਾਇਸ਼ ਇਥੇ ਮੰਨੀਦੀ ਹੈ । ਉਥੋਂ ਮੋਤੀ ਨਿਕਲਦੇ ਹਨ ।

ਧਾਰਾ ਨਾਮ ਦੀ ਨਗਰੀ 'ਰਾਜਾ ਭੋਜ ਦੇ ਸਮੇਂ ਪ੍ਰਸਿਧ ਸੀ । ਇਲਾਕੇ ਨੂੰ ਮਧ ਭਾਰਤ ਮੰਨਦੇ ਹਨ ।' ਇਥੇ ਰਾਜਾ ਭੋਜ ਸੰਮਤ ੧੦੬੮ ਵਿਚ ਰਾਜ ਕਰਦਾ ਸੀ, ਰਾਜਾ ਭੋਜ ਪ੍ਰਸਿਧ ਦਾਨੀ ਅਤੇ ਜੰਤਾ ਵਿਚ ਬਾ-ਰਸੂਖ ਇਨਸਾਫ ਪਸੰਦ ਸੀ । ਰਾਜਾ ਭਰਥਰੀ ਕਰਤਾ ਵੈਰਾਗ ਸ਼ਤੱਕ ਇਥੇ ਦਾ

ਪ੍ਰਸਿਧ ਜੋਗੀ ਮੰਨਿਆ ਗਿਆ ਸੀ। ਧਾਰਾ ਅਠਾਹਠ ਤੀਰਥਾਂ ਵਿਚ ਗਿਣਿਆ ਹੈ। ਇਕ ਧਾਰਾ ਨਾਮ ਦਾ ਤੀਰਥ ਪੰਜੋਰ ਰਾਜ ਪਟਿਆਲਾ ਵਿਖੇ ਭੀ ਹੈ। ਸਤਿਗੁਰੂ ਨਾਨਕ ਜੀ ਇਥੇ ਪਧਾਰੇ ਸਨ, ਗੁਰਦੁਆਰਾ ਬਣਿਆ ਹੈ, ਧਾਰਾ ਨਾਮ ਦੇ ਹੋਰ ਕਈ ਸਥਾਨ ਹਨ।

ਘਰਾ ਘਰਾ ਨਾਮ ਦੀ ਇਕ ਨਦੀ ਜੋ ਕਿ ਇਲਾਕਾ ਕਮਾਊਂ ਤੋਂ ਨਿਕਲ ਕੇ ਸਤਜੂ ਨਦੀ ਵਿਚ ਜਾ ਮਿਲਦੀ ਹੈ, ਇਲਾਕੇ ਨੂੰ ਯੂ. ਪੀ. ਕਹਿੰਦੇ ਹਨ ਇਸ ਨਦੀ ਦਾ ਜਲ ਲੋਕੀ ਗੰਗਾ ਜਲ ਦੀ ਭਾਂਤ ਪਵਿੱਤਰ ਮੰਨ ਕੇ ਲੈ ਜਾਂਦੇ ਹਨ, ਇਹ ਭੀ ਤੀਰਥ ਹੈ।

ਕਨਖਲ ਦੇ ਲਾਗੇ ਗੰਗਾ ਦੇ ਇਕ ਘਾਟ ਨੂੰ ਹਰਿਦਵਾਰ ਆਖਦੇ ਹਨ, ਮੁਕਤੀ ਵਾਸਤੇ ਹਿੰਦੂ ਸ਼ਨਾਨ ਨੂੰ ਜਾਂਦੇ ਹਨ। ਇਸੇ ਘਾਟ ਪਰ ਬ੍ਰਹਮ ਕੁੰਡ ਹੈ। ਮੁਰਦਿਆਂ ਦੀਆਂ ਜਲੀਆਂ ਹੱਡੀਆਂ ਫੁਲ ਨਾਮ ਆਖਕੇ ਉਥੇ ਲੈ ਜਾਕੇ ਗੰਗਾ ਨਦੀ ਵਿਚ ਸੁਟਦੇ ਹਨ। ਮਾਯਾ ਪੁਰੀ ਨਾਮ ਭੀ ਇਸੀ ਦਾ ਹੈ।

ਮੁੰਦ੍ਰਕਾ ਕਿੰਨੀ ਇਹ ਤੀਰਥ ਕਿਦਾਰ ਨਾਥ ਦੇ ਲਾਗੇ ਹੈ। ਗੰਗਾ ਦੀ ਧਾਰਾ ਦਾ ਨਾਮ ਹੈ। ਬ੍ਰਹਮ ਵੈਵਰਤ ਅਨੁਸਾਰ ਇਸ ਦੀ ਧਾਰਾ ਦਸ ਹਜ਼ਾਰ ਜੋਜਨ ਬਹਿੰਦੀ ਹੈ। ਇਸੇ ਨਾਮ ਦੀ ਨਦੀ ਬੰਦੇਲ ਖੰਡ ਵਿਚ ਚਿੱਤ੍ਰਕੂਟ ਪਾਸ ਹੈ, ਉਥੇ ਮੰਦਰ ਨਾਮੀ ਇਕ ਪਹਾੜ ਹੈ ਇਥੇ ਦੇਵਤਿਆਂ ਔਰ ਦੈਂਤਾਂ ਨੇ ਮਿਲਕੇ ਸਮੁੰਦਰ ਵਿਚੋਂ ਚੋਦਾਂ ਰਤਨ ਨਿਕਾਲੇ ਸਨ ਮਹਾਂ ਭਾਰਤ ਅਨੁਸਾਰ ਇਸੀ ਦਾ ਨਾਮ ਮੰਦ੍ਰਾਚਲ ਹੈ। (ਮਹਾਂ ਭਾਰਤ ਦੇ ਆਦਿ ਪੂਰਵ ਦਾ ਅ: ੧੭ ਅੰਕ ੧੮) ਲਿਖਿਆ ਹੈ ਕਿ ਇਹ ਪਹਾੜ ਗਿਆਰਾਂ ਹਜ਼ਾਰ ਜੋਜਨ ਧਰਤੀ ਵਿਚ ਹੈ। ਵਾਸਿਕ ਨਾਗ ਇਸ ਨੂੰ ਪੁਟ ਕੇ ਸਮੁੰਦਰ ਦੇ ਕਿਨਾਰੇ ਲੈ ਗਿਆ ਸੀ ਜਿਸ ਦੀ ਮਧਾਣੀ ਬਣਾਈ ਗਈ ਸੀ।

ਦ੍ਵਾਰਕਾਵਤੀ ਨਾਮ ਦਾ ਤੀਰਥ ਨਦੀ, ਇਹ ਬੰਬਈ ਦੇ ਸੂਬੇ ਵਿਚ ਹੈ। ਕਾਠੀਆਵਾੜ ਰਾਜ ਬੜੌਦਾ ਹੈ। ਇਹ ਸਮੁੰਦਰ ਦੇ ਕਿਨਾਰੇ ਇਕ ਹਿੰਦੂਪੁਰੀ ਹੈ। ਯਾ ਦੇਵਾਂ ਕੁਲ ਦਾ ਇਥੇ ਕਾਫੀ ਸਮਾਂ ਰਾਜ ਰਿਹਾ ਸੀ,

ਇਥੇ ਰਣਛੋੜ ਨਾਮ ਦੀ ਕ੍ਰਿਸ਼ਨ ਮੂਰਤੀ ਪੂਜੀਦੀ ਹੈ। ਭਗਤ ਨਾਮ ਦੇਵ ਜੀ ਨੇ ਇਥੇ ਭਗਤੀ ਕੀਤੀ ਸੀ। ਦਆਰਕਾ ਨਗਰੀ ਕਾਹੇ ਕੇ ਮਗੋਲ ਇਹ ਉਥੀ ਦੀ ਕਥਾ ਹੈ।

ਯਮਨਾ ਨਾਮੀ ਨਦੀ ਪਰਾਣਕ ਕਥਾ ਮੂਜਬ ਇਹ ਸੂਰਜ ਦੀ ਪੁਤਰੀ ਮੰਨੀ ਹੈ। ਇਸ ਨੂੰ ਕ੍ਰਿਸ਼ਨ ਜੀ ਦੀ ਅਰਧ ਅੰਗੀ ਭੀ ਕਹਿੰਦੇ ਹਨ। ਇਹ ਨਦੀ ਹਮਾਲਯ ਦੇ ਕਲਿੰਦਾ ਨਾਮੀ ਪਥਾਨ ਥੀਂ ਨਿਕਲਦੀ ਹੈ। ਪ੍ਰਯਾਗ ਜਾ ਕੇ ਗੰਗਾ ਵਿਚ ਮਿਲਦੀ ਹੈ। ਦੂਜੀ ਜਮਨਾ ਨਦੀ ਤ੍ਰਿਬੇਣੀ ਨਾਲ ਮਿਲਦੀ ਹੈ, ਇਸ ਨੂੰ ਭੀ ਸੂਰਜ ਦੀ ਪਤਰੀ ਕਹਿੰਦੇ ਹਨ। ਅਲਾਹਾਬਾਦ ਇਸ ਦਾ ਮਿਲਾਪ ਹੈ।

ਇਸਲਾਮ ਮੱਤ ਦੇ ਰਸਮੋ ਰਿਵਾਜ

ਮੁਸਲਮਾਨਾਂ ਵਿਚ ਵਿਵਾਹ ਦਾ ਨਾਮ ਨਿਕਾਹ ਹੈ। ਇਸ ਦਾ ਤਰੀਕਾ ਇਉ ਹੈ ਕਿ ਇਕ ਪਾਸਾ ਦਰਖਾਸਤ ਕਰੇ ਦੂਜਾ ਮਨਜ਼ੂਰੀ ਕਰੇ, ਦੋ ਗਵਾਹਾਂ ਦੇ ਸਨਮੁਖ, ਜੋ ਬਾਲਿਗ ਸਮਝ ਵਾਲੇ ਔਰ ਮੁਸਲਮਾਨ ਹੋਣ, ਉਨ੍ਹਾਂ ਦੇ ਸਾਹਮਣੇ ਨਿਕਾਹ ਪੱਕਾ ਕਰਨਾ ਪੈਂਦਾ ਹੈ। ਨਿਕਾਹ ਦੀ ਰਸਮ ਵਿਚ ਪਤੀ ਵਲੋਂ ਆਪਣੀ ਇਸਤਰੀ ਨੂੰ 'ਮਹਰ' ਅਰਥਾਤ ਇਸਤਰੀ ਨੂੰ ਧਨ ਦੇਣ ਦਾ ਪ੍ਰਣ ਕੀਤਾ ਜਾਂਦਾ ਹੈ, ਜਿਸ ਦੀ ਤਾਦਾਦ ਲਾੜ੍ਹੀ ਦੇ ਗੁਣ, ਰੂਪ ਔਰ ਕੁਲ (ਖਾਨਦਾਨ) ਅਤੇ ਵਿਹਾਦੜ ਦੀ ਹੈਸੀਅਤ ਦਾ ਧਿਆਨ ਰਖ ਕੇ ਵਰਤੋਂ ਹੁੰਦੀ ਹੈ। ਮਹਰ ਵਧ ਤੋਂ ਵਧ ਭਾਵੇਂ ਕਿਤਨਾ ਹੋਵੇ ਪਰ ਦਸ ਦਿਰਹਮਾਂ ਤੋਂ ਘਟ ਨਹੀਂ ਹੋ ਸਕਦਾ। ਦਿਰਹਮ ਇਕ ਪੁਰਾਣਾ ਸਿੱਕਾ ਸੀ ਜੋ ਕਿ ੨੪ ਰਤੀ ਚਾਂਦੀ ਦਾ ਹੁੰਦਾ ਸੀ। ਹਿੰਦੂਆਂ ਵਿਚ ਵੀ ਇਉਂ ਰਸਮਾਂ ਸਨ, ਉਹ ਪਸ਼ੂਆਂ ਦੇ ਵਟਾਂਦਰੇ ਵਿਚ ਵੀ ਹੁੰਦੀਆਂ ਸਨ। ਮਹਰ ਦਾ ਧਨ ਇਸਤਰੀ ਦਾ ਸਮਝਿਆ ਜਾਂਦਾ ਹੈ। ਨਿਕਾਹ ਕਾਜ਼ੀ ਹੀ ਪੜ੍ਹਾ ਸਕਦਾ ਹੈ। ਹੋਰ ਕੋਈ ਨਹੀਂ ਕਰਵਾ ਸਕਦਾ :/

ਹਿੰਦੂ ਲੋਕ ਮੁਰਦਾ ਦਬਣਾ ਔਰ ਮੁਸਲਮਾਨ ਸਾੜਨਾ ਗੁਨਾਹ ਸਮਝਦੇ

ਹਨ । ਹਿੰਦੂ ਸਨਿਆਸੀ, ਜਿਨ੍ਹਾਂ ਬਾਲਕਾਂ ਦੇ ਦੰਦ ਨ ਨਿਕਲੇ ਹੋਣ, ਮਰਨੇ ਪਰ ਦਫਨ ਕਰਦੇ ਹਨ । ਦਫਨ ਕਰਨਾ ਮੁਸਲਮਾਨਾਂ ਦਾ ਧਾਰਮਿਕ ਅੰਗ ਹੈ । ਮੁਰਦੇ ਦਬੌਣ ਦੀ ਰੀਤੀ ਮੁਸਲਮਾਨ ਤੋਂ ਬਹੁਤ ਪਰਾਣੀ ਅਰਬ ਵਿਚ ਪ੍ਰਚਲਤ ਸੀ । ਮੁਸਲਮਾਨ ਛਾਤੀ ਪਰਮਾਣ ਤਕ ਕਬਰ ਡੂੰਘੀ ਪੁਟਦੇ ਹਨ, ਜੋ ਲਗ ਪਗ ਚਾਰ ਫੁਟ ਹੁੰਦੀ ਹੈ । ਇਕ ਪਾਸੇ ਮੁਰਦੇ ਲਈ ਬਗਲ ਵਿਚ ਗੁਫਾ ਪੁਟਦੇ ਹਨ । ਜਿਸ ਦਾ ਮੁਖ ਕਾਬੇ ਵਲ (ਪਛਮ ਨੂੰ) ਔਰ ਹਿੰਦੂ ਦਖਣ ਵਲ ਰਖਦੇ ਹਨ । ਮੁਰਦੇ ਦੀ ਗੁਫਾ ਵਿਚ ਮਿਟੀ ਨਹੀਂ ਪੌਂਦੇ । ਕਬਰ ਉਤੇ ਇਮਾਰਤ ਬਨੌਣੀ ਮਨਹਿ ਹੈ । ਦਬਣ ਪਿਛੋਂ ਮੁਨਕਰ ਔਰ ਨਕੀਰ ਫਰਿਸ਼ਤੇ ਮੁਰਦੇ ਪਾਸ ਔਂਦੇ ਦਸਦੇ ਹਨ । ਮੁਰਦੇ ਨੂੰ ਪੁਛਦੇ ਹਨ ਕਿ ਤੂੰ ਹਜ਼ਰਤ ਮੁਹੰਮਦ ਸਾਹਿਬ ਪਰ ਭਰੋਸਾ ਰਖਦਾ ਹੈਂ ? ਜੇ ਉਹ ਆਖੇ ਹਾਂ ਤਾਂ ਕਬਰ ਸੱਤ ਗਜ਼ ਲੰਮੀ ਹੋ ਜਾਂਦੀ ਹੈ ਇਤਨੀ ਚੌੜੀ ਔਰ ਰੋਸ਼ਨੀ ਚਮਕ ਆਉਂਦੀ ਹੈ ਤਾਂ ਦੋਵੇਂ ਫਰਿਸ਼ਤੇ ਕਹਿੰਦੇ ਹਨ ਪ੍ਰਲੈਯ ਤੀਕਰ ਗੂੜ੍ਹੀ ਨਿੰਦ੍ਰਾ ਸੁਤਾ ਰਹੀਂ, ਤੈਨੂੰ ਕੋਈ ਦੁਖ ਮਾਲੂਮ ਨਹੀਂ ਹੋਵੇਗਾ । ਜੋ ਮੁਰਦਾ ਕਹਿੰਦਾ ਹੈ, ਮੈਂ ਮਹੰਮਦ ਸਾਹਿਬ ਨੂੰ ਨਹੀਂ ਮੰਨਦਾ ਅਰ ਸ਼ਰਧਾਲੂ ਨਹੀਂ ਹਾਂ, ਉਸ ਦੀ ਕਬਰ ਇਤਨੀ ਤੰਗ ਹੋ ਜਾਂਦੀ ਹੈ, ਜਿਵੇਂ ਕਿਸੀ ਸ਼ਿਕੰਜੇ ਵਿਚ ਘੁਟੀਂਦਾ ਹੈ । ਮਿਸਕਾਤ ਦੀ ਲਿਖਤ ਮੁਜਬ, ਕਾਫਰ ਨੂੰ ਸੱਟਿਆਂ ਦੀ ਐਸੀ ਮਾਰ ਪੈਂਦੀ ਹੈ ਕਿ ਕਬਰ ਪਾਸ ਦੇ ਪਸ਼ੂ ਉਸ ਦਾ ਵਿਰਲਾਪ ਸੁਣਦੇ ਹਨ ਪਰ ਆਦਮੀ ਨਹੀਂ ਸੁਣਦੇ । ਇਸ ਕਬਰ ਦੇ ਦੁਖ ਦਾ ਨਾਮ "ਅਜ਼ਬਲ ਕਬਰ ਹੈ" ਦਸਿਆ ਹੈ ਕਿ ਕਿਆਮਤ ਦੇ ਸਮੇਂ ਮੁਰਦੇ ਉਠ ਖੜਨਗੇ । ਸਰੀਰਾਂ ਵਿਚ ਰੂਹਾਂ ਪਰਵੇਸ਼ ਕਰਨਗੀਆਂ । ਇਸ ਦਾ ਨਾਮ 'ਕਿਆਮਤ' ਤਦੇ ਪਿਆ ਹੈ । ਕੁਰਾਨ ਸ਼ਰੀਫ ਦੀ ਸੂਰਤ ੩੨ ਆਯਤ ਪੰਜਵੀਂ ਅਨੁਸਾਰ ਆਦਮੀਆਂ ਦੇ ਹਜ਼ਾਰ ਸਾਲਾਂ ਦਾ ਇਕ ਦਿਨ ਪ੍ਰਲੈਯ ਦਾ ਅੰਤ ਹੋਵੇਗਾ । ਉਸੀ ਦਿਨ ਜੀਵਾਂ ਦੇ ਮੰਦੇ ਚੰਗੇ ਕਰਮਾਂ ਦਾ ਫੈਸਲਾ ਖੁਦਾ ਆਪ ਕਰਦਾ ਦਸਿਆਂ ਹੈ ।

ਇਸਲਾਮ ਮਤਿ ਦੇ ਨਿਸਚੇ ਅਨੁਸਾਰ ਚਿਤਰ ਗੁਪਤ ਦੇ ਮੁਕਾਬਲੇ ਪਰ ਕਿਰਮਾਨ ਔਰ ਕਾਤਬੀਨ ਹੈ । ਇਹ ਸੱਜੇ ਖੱਬੇ ਮੋਢੇ ਪਰ ਰਹਿੰਦੇ ਹਨ ।

ਇਹਨਾਂ ਤੋਂ ਬਿਨਾਂ ਦੋ ਫਰਿਸ਼ਤੇ (ਦੇਵਤੇ) ਮੁਨਕਰ ਔਰ ਨਕੀਰ ਹਨ ਜੋ ਕਬਰਾਂ ਵਿਚ ਮੁਰਦਿਆਂ ਦੀ ਪੜਤਾਲ ਕਰਦੇ ਹਨ ਕਿ ਕੌਣ ਚੰਗਾ ਮੰਦਾ ਹੈ। ਅਠ ਫਰਿਸ਼ਤੇ ਹੋਰ ਹਨ ਜੋ ਕਿ ਖ਼ੁਦਾ ਦਾ ਸਿੰਘਾਸਨ (ਰਾਜ ਗੱਦੀ) ਚੁਕਦੇ ਹਨ ਔਰ ਮਾਲਕ ਫਰਿਸ਼ਤੇ ਦੀ ਤਾਬਿਆ, ਉੱਨੀ ਫਰਿਸ਼ਤੇ ਹੋਰ ਦਸੇ ਹਨ ਕਿ ਦੋਜ਼ਖਾਂ (ਨਰਕਾਂ) ਦੇ ਰਾਖੇ ਹਨ। ਬਹਿਸ਼ਤਾਂ ਦਾ ਪਰਧਾਨ ਰਿਜਵਾਨ ਹੈ।

ਫ਼ਾਤੀਆ ਯਾ ਅੰਤਮ ਸੰਸਕਾਰ ਮੁਸਲਮਾਨ ਕੁਰਾਨ ਦੀ ਪਹਿਲੀ ਸੂਰਤ ਜਿਸ ਦੀਆਂ ਸਤ ਆਯਤਾਂ ਹਨ। 'ਫ਼ਾਤੀਆਂ ਇਕ ਕਿਸਮ ਦਾ ਮੂਲ ਮੰਤਰ ਹੈ ਜੋ ਰੋਗੀਆਂ ਦੇ ਇਲਾਜ ਹਿਤ ਕਾਜ਼ੀ ਲੋਕ ਪੜ੍ਹਦੇ ਹਨ ਅਤੇ ਮਰੇ ਹੋਏ ਪ੍ਰਾਣੀਆ ਹਿਤ ਫ਼ਾਤੀਆ ਪੜ੍ਹਦੇ ਹਨ। ਫ਼ਾਤੀਏ ਦਾ ਪਾਠ ਅਕਸਰ ਨਮਾਜ਼ ਸਮੇਂ ਭੀ ਪੜ੍ਹਦੇ ਹਨ। ਇਹ ਇਕ ਦੁਆ ਮੰਗਣ ਦਾ ਤਰੀਕਾ ਹੈ।

ਮੁਸਲਮਾਨ ਅਲਹਮਦ (ਵਡਿਆਈ) ਨਾਮ ਦੀ ਕਲਾਮ ਪੜ੍ਹਦੇ ਹਨ। ਕੁਰਾਨ ਦੀ ਪਹਿਲੀ ਸੂਰਤ ਦਾ ਨਾਮ ਭੀ ਅਲਹਮਦ ਹੈ। ਸ਼ੁਰੂ ਸ਼ੁਰੂ ਵਿਚ ਇਸ ਦੇ ਸ਼ਬਦ ਅਲਹਮਦ ਆਉਂਦਾ ਹੈ। ਮੁਸਲਮਾਨ ਮੁਰਦਿਆਂ ਨੂੰ ਦਬਾਉਣ ਵੇਲੇ ਅਲਹਮਦ ਪੜ੍ਹਦੇ ਹਨ। ਨਿਮਾਜ਼ ਵਿਚ ਵੀ ਅਲਹਮਦ ਪੜ੍ਹਦੇ ਹਨ।

ਮੁਸਲਮਾਨਾਂ ਵਿਚ ਇਕ ਤਲਾਕ ਦੀ ਰਸਮ ਹੈ। ਪਤੀ ਵਲੋਂ ਇਸਤ੍ਰੀ ਦਾ ਤਿਆਗ ਕਰਨ ਨੂੰ ਤਲਾਕ ਕਿਹਾ ਜਾਂਦਾ ਹੈ। ਪਰ ਇਹ ਪਤੀ ਵਲੋਂ ਹੀ ਹੋ ਸਕਦਾ ਹੈ, ਇਸਤਰੀ ਤਲਾਕ ਨਹੀਂ ਦੇ ਸਕਦੀ। ਮੁਸਲਮਾਨਾਂ ਵਿਚ ਤਲਾਕ ਦੇ ਤਿੰਨ ਭੇਦ ਹਨ। ਪਹਿਲਾ ਤਲਾਕ ਰਜਈ, ਇਸ ਅਨੁਸਾਰ ਪਤੀ ਤਲਾਕ ਦੇ ਕੇ ਇਸਤਰੀ ਨੂੰ ਨਿਕਾਹ ਤੋਂ ਬਿਨਾਂ ਹੀ ਘਰ ਰਖ. ਸਕਦਾ ਹੈ। ਦੂਜਾ ਹੈ ਤਲਾਕ ਬਾਯਨ ਅਰਥਾਤ ਤਲਾਕ ਦੇਣ ਪਿਛੋਂ ਦੋਬਾਰੇ ਨਿਕਾਹ ਦੀ ਰਸਮ ਨਾਲ, ਪਤੀ ਇਸਤਰੀ ਨੂੰ ਫੇਰ ਕਰਕੇ ਰਖ ਸਕਦਾ ਹੈ। ਤੀਜਾ ਹੈ ਤਲਾਕ ਮੁਗ਼ਲਿਜ਼ਹ; ਪਤੀ ਤਲਾਕੀ ਇਸਤਰੀ ਨਾਲ ਫੇਰ ਵਿਵਾਹ ਨਹੀਂ ਕਰ ਸਕਦਾ।

ਮੁਸਲਮਾਨ ਵਾਸਤੇ ਪੰਜ ਨਮਾਜ਼ਾਂ ਪੜ੍ਹਨੀਆਂ ਜ਼ਰੂਰੀ ਹਨ। ਪਹਿਲੀ ਨਮਾਜ਼ ਸੁਲਾਤੁਲ-ਫਜਰ ਦੀ ਜੋ ਪਹੁ ਫੁਟਣ ਤੋਂ ਲੈ ਕੇ ਸੂਰਜ ਚੜ੍ਹਨ ਤੀਕ ਪੜ੍ਹੀ ਜਾਂਦੀ ਹੈ। ਦੂਜੀ ਹੈ ਸਲਾਤੁਲਜੁਹਰਾ, ਸੂਰਜ ਢਲਣੇ ਪਰ ਪੜ੍ਹਦੇ ਹਨ। ਤੀਜੀ ਹੈ ਸਲਾਤੁਲਅਸਰ ਇਹ ਤੀਜੇ ਪਹਿਰ ਦੀ। ਚੌਥੀ ਹੈ ਸਲਾਤੁਲ ਮਗ਼ਰਿਬ ਦੀ ਇਹ ਸੂਰਜ ਛਿਪਣ ਤੋਂ ਲੈ ਕੇ ਅਸਮਾਨ ਦੀ ਸੁਰਖੀ ਖਤਮ ਹੋਣ ਤੀਕਰ। ਪੰਜਵੀਂ ਹੈ ਸਲਾਤੁਲਇਸਾ ਇਹ ਸੌਣ ਵੇਲੇ ਦੀ ਹੈ। ਇਹ ਪੰਜੇ ਲਾਜ਼ਮੀ ਹਨ। ਪੰਜ ਨਮਾਜ਼ਾਂ ਵਖਤ ਪੰਜ, ਪੰਜਾਂ ਪੰਜੇ ਨਾਉਂ। ਤਿੰਨ ਹੋਰ ਹਨ ਉਹ ਅਖਤਿਆਰੀ ਭਾਵ ਮਰਜ਼ੀ ਨਾਲ ਹਨ। ਪਹਿਲੀ ਹੈ ਸਲਾਤੁਲ ਇਸ਼ਰਾਕ, ਸੂਰਜ ਦੇ ਚੜ੍ਹਨੇ ਪਰ ਦੂਜੀ ਸਲਾਤੁਲ-ਜ਼ਹਾ, ਇਹ ਦਸ ਗਿਆਰਾਂ ਵਜੇ ਦਿਨ ਨੂੰ। ਤੀਜੀ ਹੈ ਸਲਾਤੁਲ ਤਹੱਜੁ, ਅਧੀ ਕੁ ਰਾਤ ਨੂੰ ਪੜ੍ਹਨੀ ਪੈਂਦੀ ਹੈ। ਇਹਨਾਂ ਤੋਂ ਬਿਨਾਂ ਈਦੁਲ ਫਿਤਰ ਔਰ ਈਦੁਲ ਅਜ਼ਹਾ ਦੀ ਇਹ ਖਾਸ ਈਦ ਦੀਆਂ ਹਨ। ਨਮਾਜ਼ ਕਿਸੇ ਹੋਰ ਬੋਲੀ ਯਾ ਤਰਜਮਾ ਕਰ ਕੇ ਨਹੀਂ ਪੜ੍ਹੀ ਜਾ ਸਕਦੀ, ਅਰਬੀ ਵਿਚ ਹੀ ਕਬੂਲ ਹੁੰਦੀ ਹੈ। ਨਮਾਜ਼ ਸਮੇਂ ਪੈਰਾਂ ਵਿਚ ਜੁਤੀ ਨਹੀਂ ਰਖੀ ਜਾ ਸਕਦੀ। ਔਰ ਸਿਰ ਨੰਗਿਆ ਨਮਾਜ਼ ਪੜ੍ਹਨੀ ਮਨਹਿ ਹੈ। ਯਹੂਦੀ ਲੋਕ ਮੂਸਾ ਦੇ ਮੁਰੀਦ ਸਤ ਵੇਲੇ ਨਮਾਜ਼ ਪੜ੍ਹਦੇ ਹਨ।

ਮੁਸਲਮਾਨ ਰਮਜ਼ਾਨ ਦਾ ਸਾਰਾ ਮਹੀਨਾ ਰੋਜ਼ਿਆਂ ਦਾ ਸਮਝਦੇ ਹਨ। ਮਹੀਨਾ ਰਮਜ਼ਾਨ ਹਿਜਰੀ ਸਾਲ ਦੇ ਨੌਵੇਂ ਮਹੀਨੇ ਨੂੰ ਮੰਨਦੇ ਹਨ। ਮੁਸਲਮਾਨਾਂ ਨੂੰ ਨਿਸਚਾ ਕਰਾਇਆ ਜਾਂਦਾ ਹੈ। ਕਿ ਇਨ੍ਹਾਂ ਦਿਨਾਂ ਵਿਚ ਬਹਿਸ਼ਤਾਂ ਦੇ ਦਰਵਾਜ਼ੇ ਖੁਲ੍ਹੇ ਹੁੰਦੇ ਅਤੇ ਨਰਕਾਂ (ਦੋਜ਼ਖਾਂ) ਦੇ ਬੰਦ ਰਹਿੰਦੇ ਹਨ ਅਤੇ ਸ਼ੈਤਾਨ ਨੂੰ ਕੈਦ ਹੁੰਦੀ ਹੈ। ਜਿਸ ਕਾਰਨ ਰਮਜ਼ਾਨ ਦੇ ਰੋਜ਼ੇ ਰਖਣ ਵਾਲੇ ਬਖਸ਼ੇ ਜਾਂਦੇ ਹਨ। ਰੋਜ਼ਾ ਸੂਰਜ ਚੜ੍ਹਨ ਤੋਂ ਛਿਪਣ ਤਕ ਹੈ ਅਤੇ ਦਸਵੇਂ ਮਹੀਨੇ ਦਾ ਚੰਦਰਮਾਂ ਵੇਖ ਕੇ ਰੋਜ਼ਾ ਖਤਮ ਹੁੰਦਾ ਹੈ ਜਿਸ ਨੂੰ ਈਦ ਦਾ ਚੰਦਰਮਾਂ ਕਹਿੰਦੇ ਹਨ। ਰੋਜ਼ਿਆਂ ਵਿਚ ਨਮਾਜ਼ ਦੱਸ ਰਕਾਤਾ ਵਧ ਪੜ੍ਹਦੇ ਹਨ। ਜਿਨ੍ਹਾਂ ਨੂੰ 'ਬਰਾਵੀਹ, ਆਖਦੇ ਹਨ। ਗਰਭ

ਵਾਲੀ ਇਸਤਰੀ ਛੋਟੇ (ਮਾਸੂਮ) ਬਾਲਕ ਰੋਜ਼ਿਆਂ ਤੋਂ ਮੁਆਫ ਹਨ। ਰਮਜ਼ਾਨ ਦੀ ਸਤਾਈ ਤਰੀਕ ਨੂੰ ਲੈ-ਲਤੁਲ-ਕਦਰ ਲੈ-ਤੁਲ-ਮੁਬਾਰਕ ਕਹਿੰਦੇ ਹਨ।

ਇਸ ਰਾਤ ਨੂੰ ਕੁਰਾਨ ਲੋਹਮਹਿਫੂਜ਼ ਤੋਂ ਉਤਰਿਆ ਦਸਦੇ ਹਨ। ਮਿਸ਼ਰਤ ਗਰੰਥ ਦੀ ਲਿਖਤ ਹੈ ਕਿ ਰੋਜ਼ੇ ਰਖਣ ਨਾਲ ਆਉਣ ਵਾਲੇ ਸਾਲ ਦੇ ਸਾਰੇ ਪਾਪ ਨਾਸ ਹੋ ਜਾਂਦੇ ਹਨ ਅਤੇ 'ਈਦੁਲਫਿਤਰ' ਪਿਛੋਂ ਛੇ ਦਿਨ ਰੋਜ਼ੇ ਹੋਰ ਰਖਣਾ ਮਹਾਨਪੁੰਨ ਕਰਨਾ ਦਸਿਆ ਗਿਆ ਹੈ। ਸੋਮ ਅਤੇ ਵੀਰਵਾਰ, ਹਰੇਕ ਹਫਤੇ ਦੇ ਖਾਸ ਰੋਜ਼ੇ ਹੁੰਦੇ ਹਨ। ਰਮਜ਼ਾਨ ਦਾ ਸਾਰਾ ਮਹੀਨਾ 'ਹਜ਼ਰਤ ਸਾਹਿਬ' ਰੋਜ਼ਾ ਰਖਦੇ ਸਨ। ਰਮਜ਼ਾਨ ਮਹੀਨੇ ਦੀ ਤੇਰਵੀਂ, ਚੌਧਵੀਂ, ਪੰਦਰਵੀਂ, ਤੀਕ ਅਥਵਾ ਹਰ ਇਕ ਮਹੀਨੇ ਦਾ ਅੱਯਾਮੁਲ ਬੀਜ' ਭਾਵ, ਰੋਸ਼ਨ ਦਿਨ ਹੈ। ਪੈਗੰਬਰ ਦਾਊਦ ਬਾਦਸ਼ਾਹ ਨੂੰ ਭੀ ਰੋਜ਼ੇ ਰਖਦਾ ਦਸਦੇ ਹਨ। ਰੋਜ਼ਿਆਂ ਵਿਚ ਲੜਨਾ ਝਗੜਨਾ ਨਿੰਦਾ ਚੁਗਲੀ ਆਦਿ ਕਰਨੀ, ਨਿੰਦਤ ਕਰਮ ਹੈ। ਰਸਨ ਹਿਜਰੀ ਅਨੁਸਾਰ ਸਤਵਾਂ ਮਹੀਨਾ ਰਜਬ ਵਿਚ ਜੋ ਵਰਤ (ਰੋਜ਼ਾ) ਰਖਣਗੇ ਉਨ੍ਹਾਂ ਨੂੰ ਬਹਿਸ਼ਤਾਂ ਦੀ ਰਜਬ ਨਾਮੀ ਨਦੀ ਦਾ ਠੰਡਾ ਪਾਣੀ ਮਿਲਦਾ ਦਸਿਆ ਹੈ।

ਇਸਲਾਮ ਮਤਿ ਸ਼ਰਾਹ ਦੇ ਜ਼ੋਰ ਨਾਲ ਸੰਸਾਰ ਵਿਚ ਫੈਲਿਆ ਹੈ, ਸਾਥ ਹੀ ਉਸਦੀ ਪਿਠ ਪਿਛੇ ਹਕੂਮਤ ਅਥਵਾ ਤਲਵਾਰ ਰਹੀ ਹੈ। ਮੁਸਲਮਾਨਾਂ ਦੀ ਸ਼ਰਾਹ ਜਾਂ ਮਰਿਯਾਦਾ ਬਹੁਤ ਪੱਕੀ ਹੈ। ਉਸ ਨੂੰ ਮੰਨਣ ਵਾਲੇ ਕਾਫਰ ਜਾਂ ਗੁਨਾਹੀ ਠਹਿਰਾਏ ਜਾਂਦੇ ਹਨ। ਹਿੰਦੂਆਂ ਦੀ ਮਰਿਯਾਦਾ ਇਤਨੀ ਮਜ਼ਬੂਤ ਜਾਂ ਪੱਕੀ ਨਹੀਂ ਹੈ, ਤਦੋਂ ਇਹ ਕਿਹਾ ਜਾਂਦਾ ਹੈ ਕਿ ਇਹ ਇਕੋ ਰਸਤੇ ਪਰ ਚਲਣੇ ਵਾਲੇ ਘਟ ਮਿਲਦੇ ਹਨ। ਪਾਠਕਾਂ ਦੀ ਵਾਕਫੀ ਵਾਸਤੇ ਇਸ ਲੇਖ ਵਿਚ ਇਸਲਾਮ ਮੱਤ ਦੀ ਪਰਸਿੱਧ ਸ਼ਰਾਹ ਲਿਖੀ ਗਈ ਹੈ ਜੋ ਅੱਲਾ ਅਤੇ ਉਸਦੇ ਰਸੂਲ ਦੇ ਹੁਕਮ ਉਪਰ ਚਲਦੇ ਹਨ, ਉਨ੍ਹਾਂ ਦੇ ਹਾਲ ਪਰ ਅੱਲਾ ਰਹਿਮ ਕਰੂਗਾ। ਸੂਰਤ ੬ ਆਯਤ ੩੭੧ ਜੋ ਅੱਲਾ ਦੇ ਰਸੂਲ ਦੀਆਂ ਹੱਦਾਂ (ਸ਼ਰਾਹ) ਨੂੰ ਲੰਘੇਗਾ, ਉਹ ਨਿਤਯ

ਰਹਿਣੇ ਵਾਲੀ ਅਗਨੀ ਵਿਚ ਪਾਇਆ ਜਾਊਗਾ। ਸੂਰਤ ੬ ਆਯਤ ੧੪।
ਕੁਰਾਨ ਪਿਛੋਂ ਕੇਹੜੀ ਐਸੀ ਕਿਤਾਬ ਹੈ ਜਿਸ ਉਪਰ ਲੋਕ ਨਿਸਚਾ ਕਰਨਗੇ। ਕੁਰਾਨ ਸੂਰਤ ੬ ਆਯਤ ੪੦। ਭਾਵ ਮੁਸਲਮਾਨਾਂ ਨੂੰ ਬਿਨਾਂ ਕੁਰਾਨ ਦੇ ਹੋਰ ਕਿਸੀ ਗਰੰਥ ਪਰ ਨਿਸਚਾ ਧਾਰਨ ਦਾ ਹੁਕਮ ਨਹੀਂ ਹੈ।
ਅੰਜੀਲ ਵਾਲੇ ਭੀ ਲਗ ਪਗ ਇਸੀ ਸ਼ਰਾਹ ਨੂੰ ਮੰਨਦੇ ਹਨ, 'ਜੋ ਕੋਈ ਈਸਾ ਦੀ ਸਿਖਿਆ ਨੂੰ ਉਲੰਘਦਾ ਹੈ, ਪਰਮਾਤਮਾਂ ਉਸਦਾ ਨਹੀਂ ਹੈ। ਜੋ ਕੋਈ ਸਾਡੇ ਪਾਸ ਆਵੇ ਅਤੇ ਈਸਾ ਦੀ ਸਿਖਿਆ ਨਾਲ ਨਾ ਲਿਆਵੇ, ਤਾਂ ਉਸ ਨੂੰ ਘਰ ਨਾ ਵੜਨ ਦਿਉ, ਅਤੇ ਉਸ ਨੂੰ ਸਲਾਮ ਨਾ ਕਰੋ। ਅੰਜੀਲ ਯੂਹੰਨਾ ਚਿਠੀ ਨੰ: ੨ ਅੰਕ ੬ ਅਤੇ ੧੧।

ਮੁਸਲਮਾਨੀ ਸ਼ਰਾਹ ਲਗ ਪਗ ਹਿੰਦੂ ਗਰੰਥਾਂ ਦੀ ਮਰਿਯਾਦਾ ਦਾ ਉਲਟ ਹੈ। ਜੋ ਹਿੰਦੂ ਕਰਦੇ ਹਨ, ਮੁਸੰਲਮਾਨ ਉਸ ਥੀਂ ਉਲਟ ਚਲਦੇ ਹਨ। ਇਸ ਦੀਆਂ ਸੈਂਕੜੇ ਮਿਸਾਲਾਂ ਹਨ।

ਵਜ਼ੂ ਕਰਨੇ ਕੀ ਮ੍ਰਯਾਦਾ ਬਾਰੇ, ਜਦੋਂ ਨਮਾਜ਼ ਦੇ ਬਾਰੇ ਖੜਵਰਤੋਂ ਤਾਂ ਆਪਣੇ ਮੂੰਹ ਧੋ ਲੀਤਾ ਕਰੋ ਔਰ ਪ੍ਰਕੋਸਤਾਂ ਤੱਕ (ਕੂਹਣੀਆਂ) ਹਥ ਆਪਣੇ ਅਰ ਸਿਰ ਮਸਾ ਕਰ ਲੀਤਾ ਕਰੋ ਔਰ ਗੁਲਫਾਂ ਤਕ ਆਪਣੇ ਪੈਰ ਭੀ। ਯਦੀ 'ਚ ਤੁਸਾਂ ਨੂੰ ਅਸ਼ਨਾਨ ਦੀ ਜ਼ਰੂਰਤ ਹੋਵੇ ਤਾਂ ਸ਼ਨਾਨ ਕਰਕੇ ਸ਼ੁਧ ਹੋ ਜਾਵੋ ਤੁਸਾਂ ਨੂੰ ਜਲ ਨਾ ਮਿਲੇ ਤਾਂ ਮਿਟੀ ਲੈ ਕੇ ਉਸ ਦੇ ਸਾਥ ਤਯਮਮ ਅਰਥਾਤ ਆਪਣੇ ਮੂੰਹ ਔਰ ਹਥਾਂ ਦਾ ਮਸਾ ਕਰ ਲਵੋ। ਸੂਰਤ ਨਿਸ਼ਾਇ ੪ ੧ ਪਰਾ ੬ ਆਯਤ ੬ ਰੁਕੂ ੧ ਵਜ਼ੂ ਕਰਨੇ ਦੀ ਮਾਨਿੰਦ ਹਿੰਦੂ ਭਾਈ ਇਉਂ ਕਰਦੇ ਹਨ। ਪ੍ਰਿਥਮ ਤਿੰਨ ਵਾਰੀ ਆਚਮਨ (ਕੁਰਲੀ) ਦੋ ਵਾਰੀ ਮੂੰਹ ਧੋਵੇ, ਨੱਕ ਮੂੰਹ ਛਾਤੀ ਔਰ ਅੱਖਾਂ ਨੂੰ ਜਲ ਨਾਲ ਧੋਵੇ, ਪਰ ਛੱਤ੍ਰੀ ਗਲੇ ਤੀਕਰ ਔਰ ਵੈਸ਼ ਜਹਿਬਾ ਤਾਣੀ ਪਾਣੀ ਪਾਵੇ। ਮਨੂੰ ਸਿਮ੍ਰਤੀ ਅੰ : ਕ ਸ਼ਲੋਕ ੬੨। ਵੁਜ਼ੂ ਔਰ ਆਚਮਨ, ਇਕ ਦੂਏ ਤੋਂ ਉਲਟ ਹੈ। ਵੁਜ਼ੂ ਕਰਨ ਪਿਛੋਂ ਕੰਨਾ ਪਰ ਹਥ ਧਰਨੇ ਫਿਰ ਨਾਭੀ ਪਰ ਦੋਵੇਂ ਹਥ ਲੈਣ ਉਪ੍ਰੰਤ ਅਲਹਮਦ ਪੜ੍ਹ ਕੇ, ਫਰਜ਼ ਰੁਕਾਤ ਪੜ੍ਹ ਕੇ,

ਗੋਡਿਆਂ ਪਰ ਹਥ ਧਰਕੇ ਝੁਕਣਾ, ਅਰ ਹਰ ਰੁਕਾਤ ਪੂਰੀ ਹੋਣ ਪਰ ਜ਼ਮੀਨ ਪਰ ਮਸਤੱਕ ਲਾ ਕੇ ਸਿਜਦਾ ਕਰਨਾ ਲਾਜ਼ਮੀ ਹੈ। ਸਿਜਦੇ ਵੀ ਚੌਦਾਂ ਪ੍ਰਕਾਰ ਦੇ ਹਨ, ਔਰ ਇਮਾਮ ਸਾਫ਼ੀਆਂ ਦੇ ਗਿਆਰਾਂ ਹਨ। ਕੁਰਾਨ ਦੇ ਅਰਥ ਕਰਨੇ ਮਨਹਿ ਹਨ। ਨਮਾਜ਼ਾਂ ਦੇ ਨਾਮ, ਜ਼ੋਹਰ, ਅਸ਼ਰ, ਮਗਰਬ ਅਸ਼ਾ, ਵਤਰ, ਤਰਾਵੀਹ, ਤਹਿਜਦ, ਪੰਜ ਲਾਜ਼ਮੀ ਹਨ, ਔਰ ਜੁਮੇਂ ਦੀ ਖਾਸ ਹੈ। ਔਰਤਾਂ ਮਸੀਤੇ ਜਾ ਕੇ ਨਮਾਜ਼ ਨਹੀਂ ਪੜ੍ਹ ਸਕਦੀਆਂ ਨਾ ਹੀ ਬਾਂਗ ਦੇ ਸਕਦੀਆਂ ਹਨ, ਬਲਕੇ ਕੋਈ ਭੀ ਸੰਸਕਾਰ ਨਹੀਂ ਕਰਵਾ ਸਕਦੀਆਂ।

ਕੁਰਾਨ ਵਿਚ ਜ਼ਿਕਰ ਹੈ ਰੱਬ ਦੇ ਨਾਮ ਤੋਂ ਹੋਰ ਕਿਸੀ ਦਾ ਨਾਮ ਲੈ ਕੇ ਜੋ ਜੀਵ ਜ਼ਿਬਹਿ ਕੀਤਾ ਜਾਵੇ ਉਹ ਹਰਾਮ ਹੈ। ਸੂਰਤ ਬਕਰ ੧੭੩ ਜਿਸ ਪਰ ਅੱਲਾ ਦਾ ਨਾਮ ਲਿਆ ਗਿਆ ਹੈ ਉਹ ਹਲਾਲ ਹੈ। ਸੂਰਤ ਅਨਆਮ ਆਯਤ ੧੧੯। ਹਲਾਲ ਕੀਤਾ ਹੈ, ਅੱਲਾ ਦੇ ਵਣਿਜ ਔਰ ਹਰਾਮ ਕੀਤਾ ਹੈ ਵਿਆਜ। ਸੂਰਤ ਬਕਰ ਅ: ੨੭੫। ਭਾਵ ਵਿਆਜ ਲੈਣਾ ਹਰਾਮ ਹੈ। ਤੁਹਾਡੇ ਵਾਸਤੇ ਹਰਾਮ ਕੀਤਾ ਗਿਆ ਮੁਰਦਾਰ, ਲਹੂ ਔਰ ਸੂਰ ਦਾ ਮਾਸ। ਸੂਰਤ ਬਕਰ ਆਯਤ ੧੭੩॥ ਬਾਈਬਲ ਵਿਚ ਭੀ ਸੂਦ ਲੈਣਾ ਗੁਨਾਹ ਮੰਨਿਆ ਹੈ ਜ਼ਬੂਰ ੧੫ ਆਯਤ ਪੰਜਵੀ ਔਰ ਪ੍ਰੋਵਰਬ ਕਾਂਡ ਅਠਾਈ ਦੀ ਆਯਤ ਅਗਵੀ। ਪਰ ਈਸਾਈ ਲੋਕ ਸੂਰ ਮਾਸ ਦੀ ਆਣ ਨੂੰ ਨਹੀਂ ਮੰਨਦੇ ਵੇਖੀਦੇ।

ਹਿੰਦੂਆਂ ਵਿਚ ਗਊ ਮਾਸ ਦੀ ਆਣ ਹੈ ਔਰ ਵਿਆਜ ਲੈਣਾ ਜਾਇਜ਼ ਹੈ।

ਈਸਾਈਆਂ ਦੇ ਦੋ ਵਡੇ ਫਿਰਕੇ ਹਨ, 'ਰੋਮਨ ਕੈਥਲਿਕ' ਜਿਨ੍ਹਾਂ ਦਾ ਮੁਖ ਚਰਚ (ਗਿਰਜਾ) 'ਸ਼ਹਿਰ ਰੋਮਨ ਜੋ ਕਿ ਇਟਲੀ ਦਾ ਪ੍ਰਧਾਨ ਨਗਰ ਹੈ।' ਉਥੇ ਹੀ ਵਡਾ ਪੋਪ ਰਹਿੰਦਾ ਹੈ। ਦੂਜਾ ਫਿਰਕਾ ਪਰੋਟੈਸਟੈਂਟ ਹੈ, ਜਿਸ ਦਾ ਕੈਥਲਿਕ ਜਰਮਨ ਦੇ ਪਾਦਰੀ ਮਾਰਟਨ ਲੂਥਰ ਸੀ। ਜਿਸ ਨੇ ਸੰਨ ੧੫੧੭ ਵਿਚ ਇਸ ਦੀ ਨੀਂਹ ਰਖੀ ਸੀ। ਕੈਥਲਿਕ ਸੰਸਾਰ ਵਿਚ

ਤੀਹ ਕੁ ਕਰੋੜ ਹਨ । ਪਰੋਟੈਸਟੈਂਟ ਵਧ ਹਨ । ਰੋਮ ਦੀ ਭਾਂਤ ਇਸਰਾ-ਈਲੀਆਂ ਦਾ ਸ਼ਹਿਰ ਯੂਰਸ਼ਲਮ ਪ੍ਰਸਿਧ ਹੈ ਜੋ ਕਿ ਫੋਲਸਟਾਈਨ ਵਿਖੇ ਹੈ । ਇਥੇ ਹੀ ਪੈਗੰਬਰ ਸੁਲੇਮਾਨ ਦੀ ਕਬਰ ਹੈ, ਜਿਸ ਨੂੰ ਸੈਤਲ ਮਕੱਦਸਾ ਕਹਿੰਦੇ ਹਨ । ਖਲੀਫ਼ਾ ਉਮਰ ਨੇ ਯਰੂਸ਼ਲਮ ਨੂੰ ਸੰਨ ੬੩੭ ਵਿਚ ਫਤਹ ਕੀਤਾ ਸੀ । ਹਜ਼ਰਤ ਈਸਾ ਜੀ ਦੀ ਕਬਰ ਭੀ ਇਥੇ ਹੈ । 'ਖਲੀਫਾ ਉਮਰ' ਦੀ ਬਣਵਾਈ ਮਸੀਤ ਦਾ ਨਾਮ 'ਮਸਜਿਦੁਲ ਅਕਸ਼ਾ ਹੈ ।'

ਮੁਸਲਮਾਨਾਂ ਦੇ ਸੱਤ ਤਿਉਹਾਰ ਪ੍ਰਸਿਧ ਹਨ । ਈਦੁਲ ਫਿਤਰ, ਈਦੁਲ ਅਜਹਾ, ਸ਼ਬੇਬਰਾਤ, ਨੌਰੋਜਾ, ਇਹ ਸਤ ਦਿਨ ਮਨਾਉਂਦੇ ਹਨ । ਚਹਾਰਸ਼ੰਬਾ ਲਾਇਤੁਗਾਇਬ, ਮੌਲੂਦ, ਭਾਵ ਤਵੱਲਦ ਹੋਣ ਦਾ ਦਿਨ । ਇਹ ਮੁਹੰਮਦ ਸਾਹਿਬ ਦਾ ਜਨਮ ਦਿਨ ਹੈ ਜੋ ਮਹੀਨਾ ਰਬੀਉਲ ਦੀ ਬਾਰਵ੍ਹੀ ਤ੍ਰੀਕ ਦਾ ਹੁੰਦਾ ਹੈ। ਈਸਾਈ ਲੋਕਾਂ ਦੇ ਵਡੇ ਦਿਨ ਨੀਯਤ ਹਨ । ਮੁਸਲ-ਮਾਨ ਸਮੇਂ ਅਨੁਸਾਰ 'ਗਊ, ਊਠ, ਭੇਡ ਆਦਿ ਪਸ਼ੂਆਂ ਦੀ ਕੁਰਬਾਨੀ ਦਿੰਦੇ ਹਨ । ਮਾਸ ਦਾ ਇਕ ਹਿਸਾ ਗਰੀਬਾਂ ਨੂੰ ਔਰ ਇਕ ਹਿਸਾ ਰਿਸ਼ਤੇਦਾਰਾਂ ਨੂੰ ਤੀਜਾ ਹਿਸਾ ਆਪ ਵਰਤਦੇ ਹਨ ।

ਬਾਂਗ ਦੇਣ ਵੇਲੇ ਉਚੀ ਥਾਂ ਖੜੋਕੇ ਮੁਲਾਂ ਕੰਨਾਂ ਵਿਚ ਉਂਗਲਾਂ ਦਿੰਦਾ ਹੈ । ਕੁਰਾਨ ਵਿਚ ਲਿਖਿਆ ਹੈ 'ਅੱਲਾ ਮੁਸਲਮਾਨਾਂ ਦੇ ਨਾਲ ਹੈ ਲੋਕੋ ! ਜੋ ਈਮਾਨ ਲਿਆਏ ਹੋ । ਹਾਕਾਂ ਮਾਰਨੀਆਂ ਮਨਜ਼ੂਰ ਕਰੋ ।' ਵਾਸਤੇ ਅੱਲਾ ਦੇ ਅਰ ਵਾਸਤੇ ਰਸੂਲ ਦੇ । ਮੰਜਲਦ ਸਿਪਾਰਾ ੬ ਸੂਰਤ ੮ ਆਯਤ ੧੯, ੨੪, ੨੭ ਆਦਿ । ਇਹ ਬਾਂਗ ਦਾ ਜ਼ਿਕਰ ਹੈ । ਬਾਂਗ ਦੇਣ ਦੀ ਸ਼ਰਾਹ ਮਦੀਨੇ ਜਾ ਕੇ ਮੁਹੰਮਦ ਸਾਹਿਬ ਨੇ ਜਾਰੀ ਕੀਤੀ ਸੀ । ਸੰਨ ੬੨੨ ਵਿਚ ਉਥੇ ਪਹਿਲੀ ਬਾਂਗ ਦਿਤੀ, ਇਸ ਦਾ ਨਾਮ ਅਲਸਲਵਾ, ਯਾ ਅਤਨ ਕਹੀਦਾ ਹੈ । ਇਹੋ ਸਦਾ ਪੱਤਰ ਭੀ ਹੈ । ਬਾਂਗ ਦੇ ਸ਼ਬਦ ਇਉਂ ਹਨ, ਅਲਹੁ ਅਕਬਰ, ਅਲਹੁ ਅਕਬਰ, ਅਸਹਦੁਅਨ ਮਹੰਮਦਨ ਰਸੂਲਿ ਅਲਾਹਿ ।' ਹਯ ਅੱਲਾ ਸਲਵਾਤੇ ਹਯਲ ਫਲਾਹ । ਪਹਿਲੀ ਪੰਗਤੀਆਂ ਚਾਰ ਵੇਰੀ, ਪਿਛਲੀਆਂ ਦੋ ਵੇਰੀ, ਫਜਰ ਨਮਾਜ਼ ਸਮੇਂ ਦੋ ਵੇਰੀ, ਹਯਲ

ਫਲਾਹ ਦੇ ਪਿਛੋਂ 'ਅਲ ਸਲਵਾਤੇ ਖ਼ੈਰੋਂ ਮਿਨ ਉਲ ਨਾਂ' 'ਇਹ ਸ਼ਬਦ ਵਧਾਉਂਦੇ ਹਨ। ਕਈ ਕਹਿੰਦੇ ਹਨ ਇਹ ਸ਼ਬਦ ਖਲੀਫਾਂ ਉਮਰ ਨੇ ਵਧਾਏ ਸਨ। ਸ਼ੀਆ ਲੋਕ ਇਹ ਸ਼ਬਦ ਨਹੀਂ ਕਹਿੰਦੇ। ਬਾਂਗ ਦਾ ਭਾਵ ਹੈ, ਖੁਦਾ ਵਡਾ ਹੈ, ਮੈਂ ਗਵਾਹੀ ਦਿੰਦਾ ਹਾਂ ਕਿ ਅਲਾ ਬਿਨਾਂ ਕੋਈ ਪੂਜ ਜੋਗ ਨਹੀਂ ਹੈ। ਮੈਂ ਗਵਾਹੀ ਦਿੰਦਾ ਹਾਂ ਕਿ ਮੁਹੰਮਦ ਖੁਦਾ ਦਾ ਪੈਗੰਬਰ ਹੈ।

ਮੁਸਲਮਾਨ ਦਾ ਕਲਮਾ ਇੰਝ ਹੈ– ਲਾ ਇਲਾਹ' ਇਲੱਲਾਹੁ ਮੁਹੰਮਦ ਰਸੂਲ ਲਾਹ। ਭਾਵ ਖੁਦਾ ਬਿਨਾਂ ਕੋਈ ਪੂਜਣੇ ਜੋਗ ਨਹੀਂ, ਮੁਹੰਮਦ ਉਸ ਦਾ ਘਲਿਆ ਪੈਗੰਬਰ ਹੈ। ਸੂਫੀ ਫਕੀਰ' ਲਾ ਇਲਾਹ ਇੱਲ ਲਾਹੂ ਇਤਨਾ ਹੀ ਜਾਪ ਕਰਦੇ ਹਨ।

ਹਿੰਦੂਆਂ ਦੇ ਸ਼ਾਸਤ੍ਰਾਂ ਅਨੁਸਾਰ ਪ੍ਰਲੋਕ ਵਿਚ ਇਕ ਬੈਤਰਨੀ ਨਦੀ ਹੈ ਜੋ ਲਹੂ ਆਦਿ ਗੰਦ ਮੰਦ ਨਾਲ ਭਰੀ ਹੋਈ ਹੈ, ਪਾਪੀ ਲੋਕਾਂ ਨੂੰ ਉਸ ਵਿਚ ਦੀ ਗੁਜਰਨਾ ਪੈਂਦਾ ਹੈ, ਉਸ ਵਿਚ ਦੀ ਪੁੰਨ ਕੀਤੀ ਗਊ ਪਾਰ ਕਰ ਦਿੰਦੀ ਹੈ। ਇਸੀ ਤਰ੍ਹਾਂ ਮੁਸਲਮਾਨਾਂ ਨੇ ਇਕ ਪੁਲਸਲਾਤ ਨਾਮ ਦਾ ਪੁਲ ਕਲਪਿਆਂ ਹੋਇਆ ਹੈ ਉਹ ਪੁਲ ਅਤਿ ਹੀ ਤੰਗ ਔਰ ਕੰਡਿਆਲਾ ਅਰ ਬਾਲ ਨਾਲੋਂ ਭੀ ਬ੍ਰੀਕ ਹੈ। ਧਰਮੀ ਉਸ ਉਪਰ ਦੀ ਗੁਜ਼ਰਦੇ ਹਨ, ਪਾਪੀ ਲੋਕ ਦੋਜ਼ਖਾਂ ਦੀ ਅਗਨੀ ਵਿਚ ਡਿਗ ਕੇ ਸੜਦੇ ਬਲਦੇ ਹਨ।

ਪਾਰਸੀ ਲੋਕ ਇਸ ਪੁੱਲ ਦਾ ਨਾਮ ਚਿਨਵਤ ਪ੍ਰੇਤੂ ਆਖਦੇ ਹਨ। ਯਹੂਦੀ ਲੋਕ ਪੁਰਸਲਾਤ ਹੀ ਕਹਿੰਦੇ ਹਨ। ਇਸ ਪੁੱਲ ਦਾ ਜ਼ਿਕਰ ਕੁਰਾਨ ਵਿਚ ਭੀ ਹੈ। ਲੋਹ ਮਹਿਫੂਜ਼ ਦਾ ਜ਼ਿਕਰ, ਸੂਰਤ ਜਖਰਟ ਆਯਤ ਚੌਥੀ ਔਰ ਸੂਰਤ ਵਾਕਹਿ ਵਿਖੇ ਹੈ, ਅਠੱਤ੍ਰ ਔਰ ਉਨਾਸੀ ਵਿਚ ਭੀ ਹੈ ਕਈ ਥਾਂ ਇਸ ਨੂੰ ਰਬਾਨੀ ਲੋਹ ਨਾਮ ਦਿਤਾ ਹੈ। ਜਿਸ ਕਲਮ ਨਾਲ ਖੁਦਾ ਨੇ ਕਲਾਮ ਲਿਖੀ ਹੈ ਉਸ ਦਾ ਨਾਮ "ਕਲਮ ਲੋਹ" ਹੈ। ਜਹਾਦ ਦਾ ਜ਼ਿਕਰ ਸੂਰਤ ਨਿਸਾਇ ਮੰਜਲ ਪਹਿਲੀ ਬਤੀਸ, ਔਰ ਤੇਤੀਸ ਔਰ ਤੋਬਾ ਅਯਾਤ ੪੭ ਵਿਚ ਹੈ, ਪੜ੍ਹੋ ਸੂਰਤ ਬਕਰ ਕੂੜੀ, ਛਬੀਸ, ਜਹਾਦ ਕਰਨਾ ਔਰ ਲੁਟਾਂ ਮਾਰਾਂ ਕਰਨੀਆਂ ਲਿਖੀਆਂ ਹਨ, ਦਸਿਆ ਹੈ "ਲੁਟਾਂ ਦਾ ਮਾਲ ਅੱਲਾ ਦਾ,

ਔਰ ਪੰਜਵਾਂ ਹਿਸਾ ਰਸੂਲ ਦਾ" ਸੂਰਤ ੯ ਆਯਤ ਪੰਜਵੀਂ ਛੀਵੀਂ ਉਨੱਤੀਸ। ਇਸ ਤਰ੍ਹਾਂ ਲੁਟਾਂ ਨੂੰ ਸ਼ਰਾਂਹ ਨੇ ਜਾਇਜ਼ ਦਸਿਆ ਹੈ।

ਇਸਲਾਮੀ ਸ਼ਰਾਹ ਵਿਚ ਪਾਪਾਂ ਦੀ ਨਵਿਰਤੀ ਵਾਸਤੇ ਕਾਫੀ ਪ੍ਰਸੰਗ ਹਨ ਜਿਹਾ ਕਿ "ਜੁਮੇ ਨੂੰ" ਜੋ ਖੁਤਬਾ ਸੁਣਦਾ ਹੈ ਉਸ ਦੇ ਹਫਤੇ ਦੇ ਪਾਪ ਕਟ ਜਾਂਦੇ ਹਨ। (ਮਿਸ਼ਕਾਤ ਦੀ ਲਿਖਤ), ਜੁਮੇ ਦੀ ਨਮਾਜ਼ ਈਦ-ਗਾਹ ਵਿਚ ਹੁੰਦੀ ਹੈ, ਉਥੇ ਹੀ ਮੁਲਾਂ ਲੋਕ ਖੁਤਬਾ ਪੜ੍ਹਦੇ ਹਨ। ਜੁਮੇ ਦਾ ਦਿਨ ਬਹੁਤ ਮੁਬਾਰਕ ਮੰਨਿਆ ਹੈ, ਇਸੀ ਦਿਨ ਕਿਆਮਤ ਵੇਲੇ ਮੁਰਦੇ ਕਬਰਾਂ ਵਿਚੋਂ ਉਠਣਗੇ।

ਇਤਿਹਾਸ ਦਸਦਾ ਹੈ ਕਿ ਸੋਮਨਾਥ ਦਾ ਮੰਦਰ, ਜੋ ਕਾਠੀਆਵਾੜ ਦੀ ਰਿਆਸਤ ਵਿਚ ਸਮੁੰਦਰ ਦੇ ਕਿਨਾਰੇ ਪਰ ਹੈ, ਇਸ ਨੂੰ ਹਿੰਦੂ ਲੋਕ ਮੱਕੇ ਦੀ ਭਾਂਤ ਮੰਨਦੇ ਆਉਂਦੇ ਹਨ ਮਹਿਮੂਦ ਗਜ਼ਨਵੀ ਨੇ ਸੰਨ ੧੦੨੪ ਈ: ਵਿਚ ਇਸ ਨੂੰ ਢਾਹਿਆ ਔਰ ਲੁਟਿਆ ਜੀ ਇਸ ਵਿਚ ਸ਼ਿਵ ਜੀ ਦਾ ਪੰਜ ਫੁਟ ਉੱਚਾ ਬੁਤ ਸੀ, ਮਹਿਮੂਦ ਨੇ ਇਸ ਨੂੰ ਤੋੜ ਕੇ ਚਾਰ ਟੋਟੇ ਬਣਾਏ ਸਨ, ਜਿਨ੍ਹਾਂ ਵਿਚੋਂ ਦੋ ਗਜ਼ਨੀ ਨੂੰ ਘਲੇ ਉਥੇ ਇਕ ਟੁਕੜਾ ਮਸਜਿਦ ਦੀ ਪੌੜੀਆਂ ਵਿਚ ਲਾਇਆ, ਦੂਜਾ ਕਚਹਿਰੀ ਵਿਚ ਜੜਿਆ, ਬਾਕੀ ਦੋ ਟੁਕੜੇ ਮੱਕੇ ਔਰ ਮਦੀਨੇ ਘਲੇ ਸਨ, ਸੋਮ ਨਾਥ ਮੰਦਰ ਦੇ ਛਪੰਜਾ ਥਮਲੇ ਸਨ, ਜੋ ਰਤਨਾਂ ਤੇ ਲਾਲਾਂ ਨਾਲ ਜੜਤ ਸੀ।

ਜਿਸ ਜ਼ੰਜੀਰ ਨਾਲ ਮਹਾਂ ਦੇਵ ਦਾ ਟੱਲ ਵਜਾਉਣੇ ਵਾਲਾ ਬਧਾ ਸੀ, ਉਹ ਜ਼ੰਜੀਰ ਦੋ ਸੌ ਮਣ ਸੋਨੇ ਦੀ ਸੀ। ਇਕਰ ਸੈਂਕੜੇ ਮਣ ਸੋਨਾ ਔਰ ਹੀਰੇ ਜਵਾਹਰ ਰਤਨ ਆਦਿ ਲੁਟ ਵਿਚ ਮਿਲੇ।

ਬੁਤਾਂ ਨੂੰ ਤੋੜਨ, ਅਥਵਾ ਬੁਤ-ਪ੍ਰਸਤੀ ਨੂੰ ਹਟਾਉਣਾ, ਮੁਸਲਮਾਨਾਂ ਦੀ ਮੁਖ ਸ਼ਰਾ ਹੈ। ਹਜ਼ਰਤ ਮੁਹੰਮਦ ਸਾਹਿਬ ਨੇ ਪਹਿਲਾਂ ਮੱਕੇ ਵਿਖੇ ਪੂਜੇ ਜਾਂਦੇ ਬੁਤ ਹਥੌੜਾ ਫੜਕੇ ਆਪ ਤੋੜੇ ਸਨ। ਮੁਸਲਮਾਨੀ ਸ਼ਰਾ ਅਨੁਸਾਰ ਬੁਤ ਰੱਬ ਦੇ ਸ਼ਰੀਕ ਕਲਪੇ ਜਾਂਦੇ ਹਨ।

ਮਨੂਸਿਮ੍ਰਤੀ ਵਿਚ ਲਿਖਿਆ ਹੈ 'ਧਰਮ ਜਾਨਣੇ ਦੀ ਇੱਛਿਆ

ਵਾਲੇ ਨੂੰ ਵੇਦ ਦਾ ਪ੍ਰਮਾਣ ਸਭ ਤੋਂ ਉੱਤਮ ਹੈ। ਮਨੂ ਅਧਿਆਇ ਦੂਜਾ ਸਲੋਕ ੧੩।' ਜੋ ਸਿਮ੍ਰਤੀਆਂ ਵੇਦ ਤੋਂ ਵਿਰੁਧ ਹਨ, ਉਹ ਸਭ ਨਿਸਫਲ ਅਤੇ ਨਰਕ ਫਲ ਦੇਣ ਵਾਲੀਆਂ ਹਨ, ਮਨੂਸਿਮ੍ਰਤੀ ੧੨ ਸਲੋਕ ੯੫ ॥ ਹਿੰਦੂਆਂ ਨੇ ਚਾਰੇ ਵੇਦਾਂ ਨਾਲ ਚਾਰ ਉਪਵੇਦ ਮੰਨੇ ਹਨ ਜਿਹਾ ਕਿ ਗਾਂਦ੍ਰਵ ਭਾਵ ਰਾਗ ਵਿਦਆਿ, ਅਯੁਰਵੇਦ ਭਾਵ ਦਵਾਈ, ਬੂਟੀ, ਧਨੁਰਵੇਦ ਅਰਥ-ਸ਼ਸਤ੍ਰ, ਵਿਦਿਆ ਸਥਾਪਤਯ, ਵੇਦ, ਭਾਵ ਇਮਾਰਤਾਂ ਦੀ ਵਿਦਿਆ। ਇਸੀ ਤਰ੍ਹਾਂ ਮੁਸਲਮਾਨਾਂ ਵਿਚ ਕੁਰਾਨ ਤੋਂ ਉਤਰਕੇ ਹਦੀਸਾਂ ਹਨ 'ਜਿਨ੍ਹਾਂ ਵਿਚ ਹਰ ਪ੍ਰਕਾਰ ਦੀ ਸ਼ਰਾ ਦਾ ਜ਼ਿਕਰ ਹੈ।'

ਸੋ ਹਦੀਸਾ ਵਿਚ ਲਿਖੀ ਸ਼ਰਾ ਨੂੰ ਅਗੇ ਰਖਕੇ ਅਥਵਾ ਇਸਲਾਮ ਮਤਿ ਦੇ ਪਕੇ ਨਿਸਚੇ ਔਰ ਸ਼ਰਾ ਨੂੰ ਅਗੇ ਰਖ ਕੇ 'ਖਲੀਫਾ ਉਮਰ 'ਜਿਸ ਦਾ ਖਿਤਾਬ "ਅਮੀਰੁਲ਼ ਮੋਮਿਨੀਨ ਸੀ, ਇਸ ਨੇ ਫਾਰਸ ਔਰ ਮਿਸਰ ਨੂੰ ਫਤਹ ਕਰਕੇ ਇਸਲਾਮ ਮਤਿ ਦਾ ਤਲਵਾਰ ਨਾਲ ਪਰਚਾਰ ਕੀਤਾ! ਐਲਗਜ਼ੈਂਡਰੀਆ ਦੀ ਸੰਸਾਰ ਪ੍ਰਸਿਧ ਲਾਇਬਰੇਰੀ ਨੂੰ ਇਹ ਆਖ ਕੇ ਫੁਕਵਾ ਦਿਤੀ ਸੀ ਕਿ ਜੇ ਇਸ ਵਿਖੇ ਕੁਰਾਨ ਥੀਂ ਵਿਰੁਧ ਪੁਸਤਕਾਂ ਹਨ 'ਤਦ ਇਸ ਨੂੰ ਰਖਣੇ ਦੀ ਕੋਈ ਲੋੜ ਨਹੀਂ ਹੈ' ਜੇਕਰ ਕੁਰਾਨ ਦੇ ਅਨੁਸਾਰ ਹਨ ਤਾਂ ਓਹ ਮਤਲਬ ਕੁਰਾਨ ਵਿਚ ਆ ਗਿਆ ਹੈ, ਇਸ ਲਈ ਇਸ ਪੁਸਤਕਾਲਯ ਨੂੰ ਰਖਣਾ ਕੋਈ ਲਾਭ ਨਹੀਂ ਹੈ। ਖਲੀਫਾ ਉਮਰ ਨੇ ਮੁਹੰਮਦ ਦੀ ਸ਼ਰਾ ਅਨੁਸਾਰ ਕਾਨੂੰਨ ਬਣਾਏ ਸਨ "ਇਹ ਖਲੀਫਾ ਇਸਲਾਮੀ ਸ਼ਰਾ ਦਾ ਮੋਢੀ ਪਰਚਾਰਕ ਸੀ।

ਖਲੀਫਾ ਉਮਰ ਨੇ ਜੈਰੂਸਲਮ ਨੂੰ ਫਤਹ ਕਰਕੇ ਉਥੇ ਆਪਣੇ ਨਾਮ ਦੀ ਭਾਰੀ ਮਸਜਿਦ ਬਣਾਈ, ਉਸੀ ਮਸੀਤ ਵਿਚ ਨਮਾਜ਼ ਪੜ੍ਹਦੇ ਨੂੰ ਫਿਰੋਜ਼ ਗੁਲਾਮ ਨੇ ਇਸ ਨੂੰ ਖੰਜਰ ਮਾਰਕੇ ਖਤਮ ਕਰ ਦਿਤਾ ਸੀ, "ਇਹ ਖਲੀਫਾ ਮੁਹੰਮਦ ਸਾਹਿਬ ਦੀ ਤੀਜੀ ਇਸਤਰੀ ਹਫਜ਼ਾ ਦਾ ਪਿਤਾ ਸੀ ਇਸ ਨੂੰ ਇਸਲਾਮ ਮਤਿ ਵਿਚ ਮਹਾਨ ਪਕਾ ਸ਼ਰਧਾਲੂ ਮੰਨਿਆ ਗਿਆ ਸੀ !

ਸੋਲਾਂ ਔਰ ਚੌਂਸਠ ਕਲਾਂ

ਪੁਰਾਣੇ ਸਮੇਂ ਦੇ ਵਿਦਵਾਨਾਂ ਨੇ ਚੌਦਾਂ ਵਿਦਿਆ ਕਲਪੀਆਂ ਹਨ।

ਕਈਆਂ ਨੇ ਅਠਾਰਾਂ, ਸੋਲ਼ਾਂ, ਚੌਸਠ ਆਦਿ ਦਸੀਆਂ ਹਨ, ਪੁਰਾਣੇ ਗਰੰਥ ਜੋ ਚਾਰ (ਰਿਗ, ਯਜੁਰ, ਸਾਮ, ਅਥਰਵ) ਕਹੇ ਜਾਂਦੇ ਹਨ, ਇਹਨਾਂ ਦਾ ਨਾਮ ਵਿਦਿਆ ਵਿਸਥਾਰ ਕਰ ਕੇ ਹੀ ਵੇਦ ਕਿਹਾ ਹੈ। ਚਾਰ ਵੇਦ ਤੇ ਛੀਅ ਅੰਗ (ਸ਼ਾਸਤ੍ਰ) ਵਿਆਕਰਣ ਗੰਧਰਵ-ਨਿਰੁਕਤ, ਜੋਤਿਸ਼, ਪਿੰਗਲ ਮੀਮਾਂਸਾ, ਧਰਮ ਸ਼ਾਸਤਰ ਆਦਿ ਵਿਦਿਆ ਦੇ ਗ੍ਰੰਥ ਹਨ।

ਅਜ ਕਲ ਦੇ ਸਮੇਂ ਦੀ ਗਿਣਤੀ ਇਕਰ ਦੀ ਹੈ। ਧਰਮ ਵਿਦਿਆ, ਬ੍ਰਹਮ ਵਿਦਿਆ, ਵਿਗਿਆਨ, ਸਮਾਜ, ਆਤਮ, ਮਾਨਵੀ ਵਿਗਿਆਨ, ਸਮਾਜ, ਰਮਲ, ਜੋਤਿਸ਼, ਸਦਾਚਾਰ, ਚਰਚਾ, ਨਯਾਯ, ਭਤ, ਸਾਇੰਸ, ਗਣਿਤ, ਹਿਸਾਬ, ਰੇਖਾ ਗਣਿਤ, ਮਾਪ ਅਲਜਬਰਾ, ਭੂਗੋਲ ਅਗ, ਸਰੀਰ, ਇਤਿਹਾਸ, ਚਿਤ੍ਰਕਾਰੀ, ਰਾਗ, ਕਾਰੀਗਰੀ, ਖੇਤੀ ਬਾੜੀ, ਇੰਜਨੀਅਰੀ ਵੈਦਗੀ, ਧਾਤੂ, ਭੂਗਰਭ, ਰਸਾਇਣ ਧਰਤੀ ਖੋਜ (ਕਾਨਾਂ) ਚਿਤ੍ਰਕ ਰੀ, ਸਬਦ ਬੋਧ, ਪਸ਼ੂ ਚਿਕਿਤਸਾ, ਦ੍ਰਵੀ ਬਨਾਸਪਤੀ ਵਿਦਿਆ, ਖਗੋਲ, ਜੀਵਨ ਜਾਤ੍ਰਾ ਛੰਦਾਬੰਦੀ, ਵਿਆਕਰਣ, ਭਾਸ਼ਜਾ, ਸ਼ਿਲਪਕਾਰੀ, ਰਸੋਈ, ਉਕਰਣਾ, ਫੋਟੋ-ਗਰਾਫੀ ਨਿਕਾਸੀ, ਅਲੰਕਾਰ, ਵਾਕਯ ਵਿਦਿਆ, ਸਾਹਿਤਯ, ਵਾਕਫੀ, ਜੀਵ-ਜੰਤੂ, ਇਤਿਆਦਿ ਫੋਜੀ ਸ਼ਸਤਰ ਅਸ਼ਤਰ, ਆਦਿ ਹੋਰ ਭੀ ਹਨ; ਅਜ ਕਲ੍ਹ ਘਰੋਗੀ ਵਿਦਿਆ, ਸੰਜਮ ਸਾਧਨ, ਸਿਆਸਤ (ਪੋਲੀਟੀਕਲ) ਖੇਤੀ ਬਾੜੀ ਦੇ ਸੰਦ ਅਤੇ ਬੀਜ, ਮੌਸਮਾਂ ਦੀ ਪਰਖ, ਅਕਾਸ਼, ਤਾਰਾ ਮੰਡਲਾਂ ਦੀ ਜਾਣ ਪਛਾਣ, ਰਿਧੀਆਂ, ਸਿਧੀਆਂ ਆਦਿ ਇਹ ਭੀ ਵਿਦਿਆ ਹੀ ਹਨ।

ਕਲਾ (ਸ਼ਕਤੀ) ਜਿਵੇਂ ਸੋਲਾਂ ਕਲਾਂ ਅਵਤਾਰਾਂ ਵਿਚ ਦਸੀਆਂ ਹਨ, ਜਿਹਾ ਕਿ—

'ਗਿਯਾਨ ਧਿਯਾਨ ਸ਼ੁਭ ਕਰਮ,
ਹੱਠ, ਸੱਜਮ, ਧਰਮ ਰੁਦਾਨ।
ਵਿਦਿਆ, ਭਜਨ, ਸੁਪ੍ਰੇਮ,
ਬ੍ਰਤ, ਅਧਆਤਮ, ਸਤਮਾਨ।
ਦਯਾ ਨੇਨ ਅਰ ਚਾਤੁਰਤਾ,
ਬੁਧ, ਸ਼ੁਧ, ਇਹ ਜਾਨ।

ਕਈ ਕੁ ਗਰੰਥਕਾਰਾਂ ਨੇ ਚੌਂਸਠ ਕਲਾ ਯਾ ਵਿਦਿਆ ਗਿਣੀਆਂ ਹਨ. ਜਿਨ੍ਹਾਂ ਦਾ ਸੰਖੇਪ ਹੇਠਾਂ ਲਿਖੇ ਅਨੁਸਾਰ ਹੈ ਧਾਤਾਂ ਦਾ ਮਿਲਾਉਣਾ ਜਾਂ ਅਲਗ ਕਰਨਾ, ਨਾਚ ਤੇ ਸੰਗੀਤ ਕਾਰੀ, ਸ਼ਿੰਗਾਰ ਲਾਉਣੇ, ਫੂਲ ਗੁੰਦਣੇ, ਕਈ ਰੂਪ ਧਾਰਨੇ, ਕਾਮ ਆਸਣ, ਜੂਆ, ਚੋਪਟ ਆਦਿ ਘਾਵ ਸਵਾਰਨੇ, ਅਨਕਰਸਾਂ ਦੀ ਬਨੌਤ, ਧਾਤੂ ਪਿੰਘਾਰਨੇ, ਇਮਾਰਤੀ ਕਾਰੀਗਰੀ, ਸ਼ਸਤਰ ਚਲਾਉਣਾ, ਘੁਲਣਾ (ਘਲੈਟਾਪਣ) ਯੰਤਰ ਨਾਲ ਅਸਤਰ ਸੁਟਣੇ, ਫੌਜੀ ਕਿੱਲਾ ਰਚਣਾ, ਜੰਗੀ ਪਰਯੋਗ, ਘੋੜੇ ਹਾਥੀ ਆਦਿ ਨੂੰ ਚਾਲ ਸਿਖਾਉਣੀ, ਮਿੱਟੀ ਵਰਤਣ, ਕਾਠ ਦੇ ਪਦਾਰਥ ਤੇ ਖੇਡਾਂ, ਪੱਥਰ ਦੇ ਸਮਾਨ ਘੜਨੇ, ਧਾਤ ਦੀਆਂ ਵਸਤਾਂ, ਤਾਲਾਬ ਬਾਵਲੀ ਖਾਲ (ਗੁਫ਼ਾ) ਆਦਿ ਰਚਨਾ, ਅਨੇਕ ਰੰਗ ਬਨਾਉਣੇ, ਹਵਾ (ਪਵਨ) ਅਗਨੀ ਪਾਣੀ ਤੋਂ ਕੰਮ ਲੈਣੇ। ਸੰਜੋਗ ਨਾਲ ਰੋਗਾਂ ਦਾ ਇਲਾਜ, ਰੱਸੀ (ਬਾਣ ਵਟਣੇ) ਕਿਸ਼ਤੀ ਜਹਾਜ਼ ਬਣਾਉਣੇ, ਕਪੜਾ ਤਿਆਰ ਕਰਨਾ, ਪੱਥਰਾਂ ਦੀ ਅਤੇ ਧਾਤਾਂ ਦੀ ਪਰਖ, ਲੇਪਾ ਤਿਆਰ ਕਰਨੀਆਂ, ਦੂਧ ਚੋਣਾ, ਬਸਤਰਾਂ ਦੇ ਫੈਸ਼ਨ, ਪਸ਼ੂ ਪਾਲਣੇ, ਬਰਤਨਾਂ ਦੀ ਸਫਾਈ, ਧੋਬੀ ਵਿਦਿਆ, ਮਾਲਿਸ਼ ਨਾਲ ਰੋਗ ਹਟਾਉਣੇ, ਪਾਨ ਆਦਿ ਲਾਉਣਾ, ਬਚਿਆਂ ਦਾ ਪਾਲਣਾ ਤੇ ਖੇਡਾਂ, ਰੁਖਾਂ ਪਰ ਚੜ੍ਹਨਾ, ਤੇਲ ਨਿਕਾਲਨੇ, ਬਲ ਕਾਰਕ ਪਦਾਰਥ ਤਿਆਰ ਕਰਨੇ, ਹਥਿਆਰ ਘੜਨੇ, ਬਚਿਆਂ ਦੀ ਸਿਖਿਆ, ਪਾਣੀ ਸਿੰਜਣਾ, ਬਾਗ ਬੂਟੇ ਲਾਉਣੇ ਅੱਖਰ ਸੁੰਦਰ ਲਿਖਣੇ, (ਛਾਪਣ ਵਿਦਿਆ) ਦੰਡ ਦੇਣ ਦੇ ਤਰੀਕੇ, ਪਾਣੀ ਸਾਫ਼ ਕਰਨ ਦੇ ਸਾਧਨ, ਕੱਚ ਦੇ ਬਰਤਣ, ਬਾਂਸ ਤੂਤ ਆਦਿ ਦੇ ਬਰਤਣ ਬਣਾਉਣੇ, ਚਟਣੀਆਂ, ਮੁਰੱਬੇ ਆਦਿ ਤਿਆਰ ਕਰਨੇ, ਕੇਸ ਗੁੰਦਣੇ, ਨਸ਼ੇ ਵਾਲੀ ਚੀਜ਼ਾਂ ਤਿਆਰ ਕਰਨੀਆਂ, ਅਤਰ ਫੁਲੇਲ ਆਦਿ ਬਣਾਉਣੇ। ਹਰ ਪ੍ਰਕਾਰ ਦੇ ਸਾਬਣ, ਪਸ਼ੂਆਂ ਦੇ ਚਿੰਨ੍ਹ ਤੋਂ ਪਰਖਣਾ, ਸਿਟਾ ਕੀ ਇਕਰ ਦੇ ਹੁਨਰਾਂ ਦਾ ਨਾਮ ਚੌਂਸਠ ਕਲਾ ਹੈ। ਜਿਸ ਦੇਸ਼ ਵਿਚੋਂ ਉਪਰ ਦਸੀਆਂ ਵਿਦਵਾਨਾਂ ਦੀ ਬਹੁਲਤਾ ਹੈ, ਉਹੀ ਦੇਸ਼ ਤਰੱਕੀ ਨੂੰ ਪਹੁੰਚੇ ਹੋਏ ਮੰਨੇ ਜਾਂਦੇ ਹਨ। ਭਾਰਤ ਦੇ ਲੋਕ ਹਾਲੀ ਦੂਜੇ

ਦੇਸ਼ਾਂ ਵਿਚ ਜਾ ਕੇ ਵਿਦਿਆ ਪੜ੍ਹਦੇ ਹਨ। ਜਿਸ ਕਰ ਕੇ ਪਛੜੇ ਹੋਏ ਮੰਨੇ ਜਾਂਦੇ ਹਨ, ਸਾਨੂੰ ਚਾਹੀਦਾ ਹੈ ਹਰ ਇਕ ਵਿਦਿਆ ਵਿਚ ਦੇਸ਼ ਨੂੰ ਨਿਪੁੰਨ ਕਰੀਏ।

ਮਹਾਤਮਾ ਬੁੱਧ

ਬੁੱਧ ਦਾ ਜਨਮ ਸ਼ਾਕਯ ਵੰਸੀ ਰਾਜਾ ਸਧੋਦਨ ਦੇ ਘਰ ਮਾਇਆ ਦੇਵੀ ਦੇ ਉਦਰ ਥੀਂ ਹੋਇਆ, ਗੋਤ ਗੋਤਮ ਹੋਣ ਕਰਕੇ ਇਸ ਨੂੰ ਮੁਨੀ ਗੋਤਮ ਭੀ ਲਿਖਿਆ ਹੈ। ਰਾਜਾ ਸਧੋਦਨ ਦੀ ਰਾਜਧਾਨੀ ਕਪਿਲਸਤੂ ਨਗਰੀ ਜੋ ਕਿ ਲੁੰਖਿਨੀ ਦੇ ਬਾਗ ਵਿਚ ਸੀ। ਬਿ. ਸੰ. ੬੨੪ ਮਾਘ ਸੁਦੀ ਪੰਦਰਵੀਂ ਨੂੰ ਜਨਮ ਲਿਆ। ਕਈਆਂ ਨੇ ਇਸ ਦਾ ਨਾਮ ਸਿਧਾਰਥ, ਸਾਕਬਮਨਿ ਭੀ ਲਿਖਿਆ ਹੈ।

ਉਨ੍ਹੀਂ ਸਾਲਾ ਦੀ ਉਮਰ ਵਿਚ ਦੰਡਪਾਣੀ ਦੀ ਲੜਕੀ ਯਸ਼ੋਧਰਾ (ਗੋਪਾ) ਨਾਲ ਸ਼ਾਦੀ ਹੋਈ। ਜਿਸ ਥੀਂ 'ਰਾਹੁਲ' ਪੁਤਰ ਜਨਮਿਆ। ਬੁੱਧ ਨੇ ਰਾਜ ਕਾਜ ਛਡ ਕੇ ਮਹਾਨ ਤਪਸਿਆ ਕੀਤੀ ਅਤੇ ਇਸ ਨੂੰ ਇਕ ਪਿਪਲ ਹੇਠਾਂ ਜਿਸ ਨੂੰ ਕਿ ਬੁਧ ਗਯਾ ਸਥਾਨ ਕਹੀਦਾ ਹੈ। ਉਥੇ ਗਿਆਨ ਪ੍ਰਾਪਤ ਹੋਣ ਪਰ ਬੁਧ ਕਿਹਾ ਗਿਆ। ਇਸ ਨੇ ਵੈਦਿਕ ਧਰਮ ਦੀ ਬਜਾਏ ਆਪਣਾ ਅਡਰਾ ਧਰਮ ਚਲਾਇਆ, ਮੁਖ ਨਿਯਮ ਜੀਵ ਅਹਿੰਸਾ, ਪਰਮੋ ਧਰਮੰ, ਦਸਿਆ। ਮਹਾਤਮਾ ਬੁਧ ਨੇ ਅਠ ਵਿਚਾਰ ਮੁਕਤ ਮਾਰਗ ਹਿਤ ਦਸੇ!

ਸਦ ਵਿਸ਼ਵਾਸ ਵਿਚਾਰ, ਵਾਕਯ, ਕਰਮ ਜੀਵਨ, ਪ੍ਰਬਤਨ ਚਿਤਨ, ਧਿਆਨ ਜਿਨ੍ਹਾਂ ਦਾ ਨਿਰਣਾ ਬੁਧ ਧਰਮ ਦੇ ਗਰੰਥਾਂ ਵਿਚ ਵਿਸਥਾਰ ਨਾਲ ਮਿਲਦਾ ਹੈ ਅੱਸੀ ਸਾਲਾਂ ਦੀ ਉਮਰ ਵਿਚ ਕਾਂਸ਼ੀ ਨਗਰ ਵਿਚ ਆਪ ਨੇ ਚਲਾਣਾ ਕੀਤਾ ਅੰਤ ਸਮੇਂ ਚਾਰ ਉਪਦੇਸ਼ ਦਿਤੇ ਜੈਸਾ ਕਿ ਇੰਦਰੀਆਂ ਨੂੰ ਕਾਬੂ ਰਖਣਾ, ਆਪ ਦੇ ਮਨ ਦੀ ਪ੍ਰੀਖਿਆ ਕਰਣੀ, ਮਨ ਦੇ ਵਿਕਾਰਾਂ ਨੂੰ ਮਨ ਕਰਕੇ ਦੂਰ ਕਰਨਾ। ਜਿਨ੍ਹਾਂ ਦੇ ਸੰਕਲਪ ਅਤੇ ਬਾਣੀ ਤੇ ਕਿਰਿਆ ਪਵਿੱਤਰ ਹੈ। ਉਹਨਾਂ ਦੇ ਨਾਮ ਤੇ ਸ਼ਾਂਤੀ ਅਤੇ ਸੁਖ ਇਕਰ ਰਹਿੰਦੇ ਹਨ

ਜਿਵੇਂ ਸੂਰਜ ਨਾਲ ਛਾਇਆ ਰਹਿੰਦੀ ਹੈ। ਮਹਾਤਮਾ ਬੁੱਧ ਦੇ ਚਲਾਏ ਮਤ ਦੀਆਂ ਦੋ ਸ਼ਾਖਾਂ ਦਸੀਆਂ ਹਨ। ਇਕ ਹੀਨਯਾਨ, ਜਿਸ ਦਾ ਪ੍ਰਚਾਰ ਬ੍ਰਹਮਾ ਸਿੰਗਲਾਦੀਪ, ਸਿਯਾਮ ਆਦਿ ਦੇਸ਼ਾਂ ਵਿਚ ਹੈ। ਦੂਜੀ ਸਾਖ ਦਾ ਨਾਮ 'ਮਹਾਯਾਨ' ਹੈ। ਇਸ ਦਾ ਪ੍ਰਚਾਰ ਚੀਨ, ਤਿੱਬਤ ਅਤੇ ਜਾਪਾਨ ਆਦਿ ਦੇਸ਼ਾਂ 'ਚ ਹੈ। ਹਿੰਦੂ ਗਰੰਥਕਾਰਾਂ ਨੇ ਮਹਾਤਮਾ ਬੁੱਧ ਨੂੰ ਵਿਸ਼ਨੂੰ ਦਾ ਨੌਂਵਾਂ ਅਵਤਾਰ ਲਿਖਕੇ ਨੇੜਤਾ ਦਰਸਾਈ ਹੈ ਪਰ ਬੁੱਧ ਮਤ ਦਾ ਵੇਦਾਂ ਨਾਲ ਅਜੋੜ ਸਿੱਧ ਹੁੰਦਾ ਹੈ।

ਬੁੱਧ ਮਤ ਦਾ ਇਤਨਾ ਪ੍ਰਚਾਰ ਹੋਇਆ ਕਿ ਭਾਰਤ ਤੋਂ ਬਾਹਰ ਚੀਨ, ਬ੍ਰਹਮਾ, ਜਾਪਾਨ ਆਦਿ ਦੇਸਾਂ ਵਿਚ ਬੁੱਧ ਧਰਮ ਫੈਲ ਗਿਆ। ਭਾਰਤ ਵਿਚ ਮੋਰਯਾ ਬੰਸ ਦੇ ਰਾਜਾ ਵਿੰਦਸਾਰ ਦੇ ਪੁਤਰ ਅਸ਼ੋਕ ਨੇ ਬੁੱਧ ਧਰਮ ਨੂੰ ਧਾਰਨ ਕੀਤਾ। ਇਹ ਮਹਾਰਾਜਾ ਚੰਦਰ ਗੁਪਤ ਦਾ ਪੋਤਰਾ ਪ੍ਰਤਾਪੀ ਰਾਜਾ ਸੀ। ਇਸ ਨੂੰ ਅਸ਼ੋਕ ਵਰਧਮਾਨ ਕਹੀਦਾ ਸੀ।

ਅਫ਼ਗਾਨਿਸਤਾਨ ਤੋਂ ਲੈ ਕੇ ਲੰਕਾ ਤੀਕਰ ਕੁਲ ਦੇਸ ਇਸ ਦੇ ਅਧੀਨ ਸਨ, ਇਸ ਨੇ ਤੇ ਇਸ ਦੀ ਪੁਤਰੀ ਚਾਰੁਮਤੀ ਨੇ ਬੁਧ ਧਰਮ ਦਾ ਮਹਾਨ ਪਰਚਾਰ ਕੀਤਾ। ਉਸ ਵੇਲੇ ਬੁੱਧ ਧਰਮ ਵਾਲਿਆਂ ਦੀ ਮਰਦਮ-ਸ਼ੁਮਾਰੀ ਸੱਠ ਸੱਤਰ ਕਰੋੜ ਮੰਨੀ ਗਈ ਸੀ। ਸ਼ਸਤਰਧਾਰੀ ਹੋਣਾ ਛਡ ਕੇ ਕੇਵਲ ਅਹਿੰਸਾ ਨੂੰ ਅਪਣਾ ਲਿਆ ਗਿਆ। ਜਿਸ ਕਰਕੇ ਰਾਜ ਸਾਜ ਖਤਮ ਹੁੰਦਾ ਗਿਆ ਅਤੇ ਆਤਮਕ ਗਿਆਨ ਢਿਲਾ ਪੈ ਗਿਆ। ਮਹਾਤਮਾ ਬੁੱਧ ਦੀ ਸਿਖਿਆ ਭੀ ਬਦਲਦੀ ਗਈ। ਬੁਤ ਪ੍ਰਸਤੀ ਦਾ ਇਤਨਾ ਪ੍ਰਭਾਵ ਪੈ ਗਿਆ ਕਿ ਮਹਾਤਮਾ ਬੁੱਧ ਦੇ ਬੁਤਾਂ ਦੀ ਪੂਜਾ ਹੁੰਦੀ ਰਹੀ ਹੈ। ਅਜ ਤਕ ਮਹਾਤਮਾ ਬੁੱਧ ਦੇ ਲਖਾਂ ਬੁਤ ਬਣ ਚੁਕੇ ਹਨ। ਬੋਧੀ ਮੰਦਰ ਬੁਤਾਂ ਦੇ ਸ਼ਿੰਗਾਰ ਨਾਲ ਭਰਪੂਰ ਹਨ।

ਬਿਕ੍ਰਮਾਜੀਤ ਤੇ ਅਸ਼ੋਕ

(੧) ਇਸ ਵੇਲੇ ਭਾਰਤ ਵਿਚ ਬਿਕ੍ਰਮਾਜੀਤ ਸੰਮਤ ਪ੍ਰਚਲਤ ਹੈ

ਪਰ ਵਧ ਵਰਤੋਂ ਈਸਵੀ ਸੰਨ ਦੀ ਹੁੰਦੀ ਹੈ। ਬਿਕ੍ਰਮਾਜੀਤ ਨੇ ਸ਼ਕਾਂ ਨੂੰ ਹਾਰ ਦਿਤੀ ਸੀ, ਬਿਕ੍ਰਮਾ ਦੇ ਅਰਥ ਹਨ ਬਹਾਦਰ। ਸੰਸਕ੍ਰਿਤ ਦੇ ਗਰੰਥਾਂ ਵਿਚ ਇਸ ਦਾ ਨਾਮ ਸ਼ਾਕਾਰੀ ਲਿਖਿਆ ਹੈ। ਇਸ ਦਾ ਪਿਤਾ ਰਾਜਾ ਗਰਦਭਿਲ ਭੀ ਬਹਾਦਰ ਰਾਜਾ ਸੀ। ਇਸ ਦੀ ਰਾਜਧਾਨੀ ਉਜੈਨ ਸੀ। ਮਹਾਰਾਣੀ ਦਾ ਨਾਮ ਗੋਤਮੀ ਸੀ। ਲਿਖਿਆ ਹੈ ਕਿ ਗੋਤਮੀ ਦੇ ਪੁਤਰ ਨੇ ਸ਼ਕ ਕੌਮ ਨੂੰ ਹਾਰ ਦਿਤੀ। ਉਸ ਦੀ ਜਿਤ ਦਾ ਨਾਮ ਬਿਕ੍ਰਮਾਜੀਤ ਕਿਹਾ ਗਿਆ। ਉਸ ਸਮੇਂ ਤੋਂ ਸੰਮਤ ਆਰੰਭ ਹੋਇਆ। ਅਜ ਇਸ ਨੂੰ ੨੦੨੧ ਸਾਲ ਗੁਜ਼ਰ ਰਹੇ ਹਨ ਇਹ ਸੰਮਤ ਈਸਵੀ ਸੰਨ ਤੋਂ ਸਤਵੰਜਾ ਸਾਲ ਪਹਿਲਾਂ ਆਰੰਭ ਹੋਇਆ। ਭਾਰਤ ਵਿਚ ਬਿਕ੍ਰਮਾਜੀਤ ਦੇ ਰਾਜ ਨੂੰ ਮਹਾਨ ਸ਼ਾਂਤੀ ਔਰ ਇਨਸਾਫ਼ ਵਾਲਾ ਰਾਜ ਮੰਨਿਆ ਹੈ। ਬਿਕ੍ਰਮਾਜੀਤ ਮਹਾਨ ਵਿਦਵਾਨ ਰਾਜਾ ਸੀ। ਇਸ ਦੇ ਦਰਬਾਰੀ ਭੀ ਵਿਦਵਾਨ ਨੌ ਰਤਨ ਕਹੇ ਜਾਂਦੇ ਹਨ।

ਜਿਸ ਸ਼ਕ ਕੌਮ ਨੂੰ ਮਹਾਰਾਜਾ ਬਿਕ੍ਰਮਾਜੀਤ ਨੇ ਭਾਰੀ ਸ਼ਿਕਸਤ ਦਿਤੀ ਸੀ। ਇਹ ਲੋਕ ਡੇਢ ਕੁ ਸੌ ਸਾਲ ਸੰਨ ਈਸਵੀ ਤੋਂ ਪਹਿਲਾਂ ਤੁਰਕਿਸਤਾਨ ਵਿਚ ਵਸਦੇ ਸਨ। ਇਹ ਭਾਰਤ ਵਿਚ ਬਦੋਬਦੀ ਆ ਧਸੇ ਸਨ। ਇਹ ਲੋਕ ਮਥਰਾ, ਟੈਕਸਲਾ, ਕਾਠੀਆਵਾੜ ਵਿਚ ਆ ਵੜੇ ਸਨ। ਮਹਾਰਾਜਾ ਬਿਕ੍ਰਮਾਜੀਤ ਨੇ ਇਨ੍ਹਾਂ ਨੂੰ ਮਾਰਕੇ ਭਜਾ ਦਿਤਾ ਸੀ। ਪਛਮੀ ਹਿੰਦ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਸ਼ਕਾਂ ਦਾ ਸਿਰ ਮੁੰਨਿਆ ਹੁੰਦਾ ਹੈ। ਇਹ ਇਹਨਾਂ ਦੀ ਹਾਰ ਦੇ ਨਿਸ਼ਾਨ ਸਨ। ਬਿਕ੍ਰਮਜੀਤ ਦਾ ਉਸੀ ਬਿਜੈ ਤੋਂ ਸੰਮਤ ਪ੍ਰਚਲਤ ਹੋਇਆ ਸੀ।

(੨) ਮਹਾਰਾਜਾ ਅਸ਼ੋਕ ਚਕ੍ਰਵਰਤੀ ਰਾਜਾ ਹੋਇਆ। ਇਸ ਦਾ ਰਾਜ ਅਫ਼ਗਾਨਿਸਤਾਨ ਤੋਂ ਲੈ ਕੇ ਲੰਕਾ ਤਕ ਚਾਰੇ ਪਾਸੀਂ ਫੈਲਿਆ। ਚੀਨ, ਬ੍ਰਹਮਾ ਆਦਿ ਸਾਰੇ ਉਸ ਦਾ ਸਿੱਕਾ ਮੰਨਦੇ ਸਨ।

ਅਸ਼ੋਕ ਦਾ ਪੂਰਾ ਨਾਮ ਅਸ਼ੋਕ ਵਰਧਮਾਨ ਸੀ ਇਸ ਦੀ ਰਾਜਧਾਨੀ ਪਟਨਾ ਸ਼ਹਿਰ (ਮਧਦੇਸ) ਸੀ। ਉਸ ਸਮੇਂ ਪਟਨੇ ਦਾ ਨਾਮ ਪਾਟਲੀ ਪੁਤਰ

ਸੀ। ਅਸ਼ੋਕ ਮਹਾਰਾਜਾ ਚੰਦਰ ਗੁਪਤ ਦੇ ਪੋਤਰੇ ਸੀ । ਮਹਾਰਾਜਾ ਅਸ਼ੋਕ ਦੇ ਰਾਜ ਦੀ ਹੱਦ ਈਸਵੀ ਸੰਨ ਤੋਂ ਪੌਣੇ ਕੁ ਤਿੰਨ ਸੌ ਸਾਲ ਪਹਿਲਾਂ ਦਸੀ ਗਈ ਹੈ ਹੋਰ ਭੀ ਕਈ ਲੇਖ ਹਨ। ਮਹਾਰਾਜਾ ਅਸ਼ੋਕ ਨੇ ਬੁਧ ਧਰਮ ਨੂੰ ਧਾਰਨ ਕਰ ਲਿਆ ਸੀ। ਉਸ ਦੇ ਦਾਨ ਨਾਲ ਸੱਤਰ ਹਜ਼ਾਰ ਬੋਧੀ ਪੁਜਾਰੀ ਪਲਦੇ ਸਨ। ਮਹਾਰਾਜੇ ਨੇ ਬੁਧ ਧਰਮ ਦੇ ਪ੍ਰਚਾਰ ਵਾਸਤੇ ਚੌਰਾਸੀ ਹਜ਼ਾਰ ਹੁਕਮੀ ਪਟੇ ਉਕਰਵਾਕੇ ਲਗਵਾਏ। ਨੇਮ ਦਸੇ ਗਏ ਜੋ ਪਰਜਾ ਵਾਸਤੇ ਹੁਕਮਨ ਮੰਨਣੇ ਪੈਂਦੇ ਸਨ। ਇਸ ਦੇ ਪ੍ਰਚਾਰ ਨਾਲ ਲਗ ਪਗ ਉਸ ਸਮੇਂ ਪੰਜਾਹ ਕਰੋੜ ਪੁਰਸ਼ ਬੁਧ ਧਰਮ ਵਿਚ ਸ਼ਾਮਲ ਹੋਏ। ਲੰਕਾ, ਚੀਨ, ਜਾਪਾਨ, ਬ੍ਰਹਮਾ ਆਦਿ ਵਿਚ ਬੁਧ ਧਰਮ ਫੈਲਿਆ ਭਾਰਤ ਉਸ ਵੇਲੇ ਏਸ਼ੀਆ ਦਾ ਪਰਧਾਨ ਦੇਸ਼ ਮਨੀਂਦਾ ਸੀ।

ਮਹਾਰਾਜਾ ਅਸ਼ੋਕ ਦੀ ਪੁਤਰੀ 'ਚਾਰਮੁਤੀ' ਨੇ ਸ਼ਾਦੀ ਨਾ ਕਰਵਾਕੇ ਬਧ ਧਰਮ ਦਾ ਬਹਤ ਪ੍ਰਚਾਰ ਕੀਤਾ। ਸਾਰੇ ਹੁਕਮ ਅਤੇ ਗਰੰਥ ਪਾਲੀ ਭਾਸ਼ਾ ਵਿਚ ਲਿਖੇ ਗਏ ਸਨ। ਕਈਆਂ ਨੇ ਅਸ਼ੋਕ ਵਰਧਮਾਨ ਦਾ ਨਾਮ ਪਰਿਯ ਦਰਸ਼ਨ ਭੀ ਲਿਖਿਆ ਹੈ। ਭਾਵ ਸਭ ਵਾਸਤੇ ਪਿਆਰਾ ਰਾਜਾ। ਬੁਧ ਧਰਮ ਦੀ ਸਿਖਿਆ ਅਹਿੰਸਾ ਪਰਮੋ ਧਰਮ ਨਾਲ ਭਾਰਤ ਵਿਚ ਸਿਪਾਹਗੀਰੀ ਖਤਮ ਹੁੰਦੀ ਗਈ ਅਤੇ ਭਾਰਤ ਸ਼ਸਤਰ ਵਿਦਿਆ ਵਲੋਂ ਖਾਲੀ ਹੁੰਦਾ ਗਿਆ ਜਿਸ ਕਰਕੇ ਇਤਨੀ ਵਡੀ ਸਲਤਨਤ ਖ਼ਾਤਮੇ ਨੂੰ ਪਹੁੰਚੀ। ਮੌਜੂਦਾ ਭਾਰਤ ਸਰਕਾਰ ਨੇ ਆਪਣੀ ਸ਼ਾਹੀ ਚਿੰਨ੍ਹ ਅਸ਼ੋਕ ਚਕਰ ਅਪਣਾਇਆ ਹੈ ਅਤੇ ਸ਼ੇਰਾਂ ਵਾਲਾ ਚਿੰਨ੍ਹ ਸਰਕਾਰੀ ਕਾਗਜ਼ਾਂ ਪਰ ਛਾਪਿਆ ਜਾਂਦਾ ਹੈ।

ਰਾਮਾਯਣ

ਰਾਮਾਯਣ-ਔਰ ਮਹਾਂ ਭਾਰਤ ਦੋਵੇਂ ਵਡੇ ਤਾਰੀਖੀ ਗਰੰਥ ਹਨ। ਰਾਮਾਯਣ ਵਿਚ ਸ੍ਰੀ ਰਾਮ ਚੰਦਰ ਜੀ ਦਾ ਜੀਵਨ ਬ੍ਰਿਤਾਂਤ ਔਰ ਲੰਕਾ ਪਤਿ ਰਾਵਨ ਨਾਲ ਜੁਧ ਕਰਨ ਦੇ ਪ੍ਰਸੰਗ ਹਨ। ਇਹ ਗਰੰਥ ਸਭ ਤੋਂ ਪਹਿਲਾਂ ਰਿਸ਼ੀ ਬਾਲਮੀਕ ਨੇ ਲਿਖਿਆ ਸੀ, ਬੋਲੀ ਸੰਸਕ੍ਰਿਤ ਹੈ। ਇਸ ਦੇ ਚੌਬੀਸ

ਹਜ਼ਾਰ ਸਲੋਕ ਹੈਨ। ਛੀ ਸੌ ਸੰਤਾਲੀ ਅਧਿਆਇ ਹਨ ਜੋ ਸਤਾਂ ਕਾਂਡਾਂ ਵਿਚ ਵੰਡੇ ਗਏ ਹਨ। ਕਈਆਂ ਵਿਚ ਵਧ ਘਟ ਭੀ ਵੇਖੀਦੇ ਹਨ। ਅਧਯਾਯ ਇਕਰ ਹਨ। ਪਹਿਲਾ ਬਾਲਕਾਂਡ, ਦੂਜਾ ਅਯੋਧਯਾ ਕਾਂਡ, ਇਸ ਵਿਚ ਰਾਜਾ ਦਸ਼ਰਥ ਦੀ ਰਾਜਧਾਨੀ ਦੇ ਹਾਲ ਔਰ ਰਾਮ ਚੰਦਰ ਦੇ ਬਨਵਾਸ ਹੋਣ ਦੇ ਪ੍ਰਸੰਗ ਹਨ। ਤੀਜੇ ਕਾਂਡ ਵਿਚ ਆਰਵਯ ਅਰਥਾਤ ਰਾਮ ਚੰਦਰ ਦੇ ਬਨਵਾਸ ਦੇ ਪ੍ਰਸੰਗ ਔਰ ਸ੍ਰੀ ਸੀਤਾ ਦੇ ਚੁਰਾਏ ਜਾਣ ਦੇ ਪ੍ਰਸੰਗ ਹਨ। ਚੌਥੇ ਕਾਂਡ ਵਿਚ ਕਿੰਧਾ ਭਾਵ ਰਾਮ ਚੰਦਰ ਜੀ ਦਾ ਸੁਗ੍ਰੀਵ ਦੀ ਰਾਜਧਾਨੀ, ਕਿੰਧਾ ਪਾਸ ਰਹਿਣਾ ਅਤੇ ਸ੍ਰੀ ਸੀਤਾ ਜੀ ਦੀ ਖੋਜ ਭਾਲ ਕਰਨ ਦੇ ਪ੍ਰਸੰਗ ਹਨ।

ਪੰਜਵਾਂ ਹੈ ਸੁੰਦਰ ਕਾਂਡ ਭਾਵ ਹਨੂਮਾਨ ਨੇ ਸੀਤਾ ਦਾ ਪਤਾ ਕਰਨਾ ਔਰ ਰਾਮ ਚੰਦਰ ਜੀ ਦਾ ਫੌਜ ਸਮੇਤ ਸੁੰਦਰ ਰਸਤਿਆਂ ਵਿਚ ਦੀ ਲੰਘਕੇ ਲੰਕਾ ਪਰ ਧਾਵਾ ਕਰਨਾ ਆਦਿ। ਛੀਵਾਂ ਯੁਧ ਕਾਂਡ ਯਾ ਲੰਕਾ ਕਾਂਡ ਰਾਵਣ ਨਾਲ ਜੰਗ ਕਰਨਾ, ਸ੍ਰੀ ਸੀਤਾ ਜੀ ਨੂੰ ਵਾਪਸ ਲੈ ਕੇ ਅਯੋਧਯਾ ਪਹੁੰਚਣਾ ਔਰ ਰਾਜਗਦੀ ਪਰ ਬੈਠਣਾ। ਸਤਵਾਂ ਕਾਂਡ ਅਰਥਾਤ ਅਯੋਧਯਾ ਵਿਚ ਨਿਵਾਸ ਔਰ ਸੀਤਾ ਜੀ ਨੂੰ ਬਨਵਾਸ ਦੇਣਾ, ਲਵ ਔਰ ਕੁਸ਼ ਦਾ ਜਨਮ ਹੋਣਾ ਅਸ਼ਵਮੇਧ ਜਗ ਦਾ ਕਰਨਾ, ਮੁੜ ਸ੍ਰੀ ਸੀਤਾ ਜੀ ਦਾ ਮਿਲਾਪ ਹੋਣਾ, ਉਪਰੰਤ ਰਾਮ ਜੀ ਦਾ ਪਰਿਵਾਰ ਸਮੇਤ ਦੇਵ ਲੋਕ ਨੂੰ ਜਾਣਾ ਆਦਿ। ਪਸਿਚਮੀ ਵਿਦਵਾਨਾਂ ਦਾ ਖਿਆਲ ਹੈ ਕਿ ਰਾਮਾਯਣ ਗਰੰਥ ਸੰਨ ਈਸਵੀ ਤੋਂ ਚਾਰ ਸੌ ਸਾਲ ਅਥਥਵਾ ਦੋ ਸੌ ਸਾਲ ਦੇ ਵਿਚਕਾਰ ਲਿਖਿਆ ਹੈ।

ਰਿਸ਼ੀ ਬਾਲਮੀਕ ਜੀ ਤੋਂ ਪਿਛੋਂ ਪੰਡਿਤ ਬਿਆਸ ਜੀ ਅਧਯਾਤਮ ਰਾਮਾਯਾਣ ਲਿਖੀ ਜੋ ਬ੍ਰਹਮੰਡ ਪੁਰਾਣ ਦਾ ਇਕ ਹਿਸਾ ਹੈ।

ਇਸ ਤੋਂ ਪਿਛੋਂ ਹੋਰ ਵਿਦਵਾਨਾਂ ਨੇ ਭੀ ਰਾਮਾਯਣਾਂ ਲਿਖੀਆਂ ਹਨ। ਜਿਹਾ ਕਿ ਪੰਡਤ ਤੁਲਸੀ ਦਾਸ ਆਦਿਕ ਲਗ ਪਗ ਸੋਲਾਂ ਸਤਾਰਾ ਲਿਖੀਆਂ ਹਨ।

(੨) ਇਸ ਗ੍ਰੰਥ ਦੇ ਅਠਾਰਾਂ ਪਰਵ ਇਸ ਕਰਮ ਅਨੁਸਾਰ ਹਨ : ਆਦਿ, ਸਭਾ ਵਨ, ਵਿਰਾਟ, ਉਦਯੋਗ, ਭੀਸ਼ਮ, ਦੋਵ, ਕਰਣ, ਸ਼ਲਯ, ਸੌਪਤਿਕ, ਸਤ੍ਰੀ, ਸਾਂਤਿ, ਅਨੁਸ਼ਾਸਨ, ਅਸਵਮੇਧ, ਆਸ਼੍ਰਮਵਾਸੀ, ਮੌਸ਼ਲ ਮਹਾ ਪ੍ਰਸਥਾਨ, ਸਵਰਗਾ ਰੋਹਣ ।

ਮਹਾਂ ਭਾਰਤ ਦਾ ਜੰਗ ੯੫੦ ਸਾਲ ਬੀ. ਸੀ. ਤੋਂ ਪਹਿਲਾਂ ਹੋਣਾ ਦਸਿਆ ਗਿਆ ਹੈ । ਇਸ ਜੰਗ ਦੇ ਨੇਤਾ ਸ੍ਰੀ ਕ੍ਰਿਸ਼ਨ ਜੀ ਦੁਆਪਰ ਜੁਗ ਦੇ ਅਵਤਾਰ ਸਨ । ਆਪ ਕੋਰਵਾਂ ਪਾਂਡਵਾਂ ਦੇ ਰਿਸ਼ਤੇਦਾਰ ਹੋਣ ਕਰਕੇ ਆਪਣੀ ਫੌਜ ਉਹਨਾ ਦੀ ਇਛਾ ਅਨੁਸਾਰ ਕੋਰਵਾਂ ਨੂੰ ਦਿਤੀ ਅਤੇ ਆਪ ਸਰੀਰ ਕਰਕੇ ਪਾਂਡਵਾ ਦੇ ਪੱਖੀ ਰਹੇ । ਅਰਜਨ ਦੇ ਰਥਵਾਹੀ ਬਣਕੇ ਜੰਗ ਕਰਵਾਇਆ ! ਜੇਕਰ ਆਪ ਚਾਹੁੰਦੇ ਜੰਗ ਟਲ ਭੀ ਸਕਦਾ ਸੀ । ਆਪ ਨੇ ਅਰਜਨ ਨੂੰ ਗੀਤਾ ਦਾ ਉਪਦੇਸ਼ ਕਰਕੇ ਜੰਗ ਵਲੋਂ ਉਪ੍ਰਾਮ ਹੋ ਰਹੇ ਅਰਜਨ ਨੂੰ ਜੰਗ ਹਿਤ ਉਕਸਾਇਆ । ਗਰੰਥ ਸ੍ਰੀ ਗੀਤਾ ਮਹਾਂ ਭਾਰਤ ਭੀਸ਼ਮ ਪਰਵ ਦਾ ਇਕ ਪਾਠ ਹੈ । ਜਿਸ ਦੇ ਸਤ ਸੌ ਸਲੋਕ ਔਰ ਅਠਾਰਾਂ ਅਧਿਆਇ ਹਨ ।

ਸ੍ਰੀ ਗੀਤਾ ਵਿਚ ਵੇਦਾਂਤ ਦੇ ਮਤਿ ਦਾ ਸਿਧਾਂਤ ਮੁਖ ਰਖਿਆ ਹੈ । ਜਿਥੇ ਗੀਤਾ ਉਚਾਰੀ ਸੀ । ਉਸ ਥਾਂ ਦਾ ਨਾਮ ਜਯੋਤਿਸਰ ਯਾ ਗੀਤਾ ਭਵਨ ਹੈ ।

ਗੀਤਾ ਭਵਨ ਨਾਮ ਦਾ ਮੰਦਰ ਭੀ ਹੈ । ਕਈ ਵਿਦਵਾਨਾਂ ਦਾ ਖਿਆਲ ਹੈ ਕਿ ਸ੍ਰੀ ਗੀਤਾ ਦਾ ਉਚਾਰਨਾ ਤੇ ਲਿਖਣਾ ਪੰਡਤ ਵਯਾਸ ਦਾ ਹੈ ਪ੍ਰਸ਼ਨੋਤ੍ਰੀ ਤੋਂ ਭੀ ਏਹੋ ਬਾਤ ਅਨੁਭਵ ਹੁੰਦੀ ਹੈ ।

ਚੌਰਾਸੀ ਲੱਖ ਜੂਨਾਂ

ਵਿਦਵਾਨ ਕਹਿੰਦੇ ਹਨ ਕਿ ਨੌ ਲੱਖ ਕਿਸਮ ਦੇ ਜੀਵ ਪਾਣੀ ਵਿਚ ਹਨ ਅਤੇ ੧੦ ਲੱਖ ਹਵਾ ਵਿਚ ਉਡਣ ਵਾਲੇ ਭਾਵ ਖੰਭਾਂ ਵਾਲੇ ਅਤੇ ੨੦ ਲੱਖ ਸਥਿਰ ਰਹਿਣ ਵਾਲੇ ਅਰਥਾਤ ਬਨਾਸਪਤੀ ਦਰਖਤ ਆਦਿਕ ਜੋ ਚਲ ਫਿਰ ਨਹੀਂ ਸਕਦੇ । ੧੧ ਲੱਖ ਪੇਟ ਦੇ ਭਾਰ ਚਲਣ ਵਾਲੇ ਸਰਪ

ਕ੍ਰਿਮ ਆਦਿਕ ਅਤੇ ੩੦ ਲੱਖ ਚੌਪਾਏ ਭਾਵ ਚਾਰ ਪੈਰਾਂ ਵਾਲੇ ਪਸ਼ੂ, ਬੈਲ ਘੋੜੇ ਆਦਿਕ ਅਤੇ ੪ ਲੱਖ ਮਨੁਸ਼ ਜਾਤੀ ਦੇ ਜੀਵ ਹਨ ਜਿਹਨਾਂ ਵਿਚ ਬਾਂਦਰ, ਬਨਮਾਹਣੂ (ਜੰਗਲੀ) ਆਦਿਕ ਹਨ।

ਜੈਨ ਮਤ ਦੇ ਵਿਦਵਾਨਾਂ ਨੇ ਇਕਰ ਦਾ ਲੇਖਾ ਦਸਿਆ ਹੈ ਕਿ ੭ ਲੱਖ ਪ੍ਰਿਥਵੀ ਵਿਚ, ੭ ਲੱਖ ਪਾਣੀ ਵਿਚ, ੭ ਲੱਖ ਹਵਾ ਵਿਚ ਅਤੇ ੭ ਲੱਖ ਅਗਨੀ ਵਿਚ, ਚੌਦਾਂ ਲੱਖ ਝਾੜੀਆਂ ਦਰਖਤ ਆਦਿਕ ਵਿਚ, ੨ ਲੱਖ ਇੰਦਰੀਆ ਵਾਲੇ ਅਰਥਾਤ ਜੋ ਤ੍ਰਚਾ ਔਰ ਮੁਖ ਰਖਦੇ ਹਨ। ੨ ਲੱਖ ਤਿੰਨ ਇੰਦਰੀਆਂ ਵਾਲੇ ਭਾਵ ਜਿਹਨਾਂ ਦੇ ਤ੍ਰਚਾ ਨੇਤਰ ਔਰ ਮੂੰਹ ਹਨ, ੨ ਲੱਖ ਚਾਰ ਇੰਦ੍ਰੀਆਂ ਵਾਲੇ ਭਾਵ ਜਿਹਨਾਂ ਦੇ ਚਮੜੀ, ਮੁਖ, ਨੱਕ ਅਤੇ ਅਖਾਂ ਹਨ, ੪ ਲੱਖ ਦੇਵਤੇ ਜੋ ਸੁਰਗਵਾਸੀ ਹਨ, ੪ ਲੱਖ ਨਰਕਗਾਮੀ ਹਨ ਅਤੇ ੧੨ ਲੱਖ ਮਨੁਖ ਜਾਤੀ ਹੈ ਜੋ ਕਿ ਇਕ ਟੰਗੀਏ ਜਾਂ ਦੋ ਟੰਗੀ ਅਖਵਾਉਂਦੇ ਹਨ ਅਤੇ ੪ ਲੱਖ ਚੌਪਾਏ (ਚਾਰ ਪੈਰਾਂ ਵਾਲੇ) ਪਸ਼ੂ ਹਨ।

ਭਗਤ ਨਾਮ ਦੇਵ ਜੀ ਨੇ ਬਿਆਲੀ ਲੱਖ ਜੂਨਾਂ ਪਾਣੀ ਵਿਚ, (ਬਿਆਲੀ ਲਖ ਜੀਆ ਜਲ ਮਹਿ ਹਤੇ) ਔਰ ਬਿਆਲੀ ਲੱਖ ਖੁਸ਼ਕੀ ਪਰ ਦਸੀਆਂ ਹਨ। ਇਹ ਭੀ ਪੁਰਾਣੀ ਖੋਜ ਹੈ। ਚੌਰਾਸੀ ਲੱਖ ਜੂਨਾਂ ਨੂੰ ਆਵਾ ਗਵਨ ਅਰਥਾਤ ਜਨਮ ਮਰਨ ਦਾ ਚਕਰ ਦਸਿਆ ਹੈ। ਇਸਲਾਮ ਮਤਿ ਦੇ ਵਿਦਵਾਨ ਆਵਾਗਵਨ ਦੇ ਲੇਖੇ ਨੂੰ ਨਹੀਂ ਮੰਨਦੇ। ਚੌਰਾਸੀ ਲੱਖ ਦੇ ਚੱਕਰ ਦਾ ਜ਼ਿਕਰ ਗੁਰਬਾਣੀ ਵਿਚ ਰਿਵਾਜਣ ਆਉਂਦਾ ਹੈ। ਪਰ ਗੁਰੂ ਸਾਹਿਬ ਪ੍ਰਭੂ ਦੀ ਰਚਨਾ ਨੂੰ ਹਿਸਾਬ ਜਾਂ ਗਿਣਤੀ ਰਹਿਤ ਮੰਨ ਕੇ ਬੇਅੰਤ ਮੰਨਦੇ ਹਨ।

ਪੁਰਾਣਿਕ ਪ੍ਰਸਿੱਧ ਹਸਤੀਆਂ

ਭਸਮਾਂਰਾਦ ਸ਼ਿਵ ਜੀ ਦਾ ਪਰਮ ਭਗਤ ਸੀ। ਉਸ ਨੂੰ ਵਰ ਸੀ ਕਿ ਜਿਸ ਦੇ ਸੀਸ ਪਰ ਤੂੰ ਹਥ ਰਖੇਂਗਾ ਭਸਮ ਹੋ ਜਾਊਗਾ। ਇਸ ਨੇ ਸ਼ਿਵ ਜੀ ਨੂੰ ਹੀ ਖਤਮ ਕਰਕੇ ਪਾਰਵਤੀ ਨੂੰ ਹੀ ਵਰਨਾ ਚਾਹਿਆ। ਪਰ ਪਾਰਵਤੀ ਦੀ ਨੀਤੀ ਨਾਲ ਇਹ ਆਪਣੇ ਹੀ ਸੀਸ ਪਰ ਹਥ ਫੇਰ ਕੇ ਆਪ

ਹੀ ਭਸਮ ਹੋ ਗਿਆ। ਇਹ ਪ੍ਰਸੰਗ ਦਸਮ ਗਰੰਥ ਵਿਚ ਚਰਿਤਰ ਨੰਬਰ ੧੪੧ ਵਿਚ ਵਿਸਥਾਰ ਨਾਲ ਲਿਖਿਆ ਗਿਆ ਹੈ। ਇਕ ਹੋਰ ਕਥਾ ਹੈ ਕਿ ਉਰਵਸੀ ਅਪਛਰਾਂ ਨੂੰ ਵੇਖ ਕੇ ਮਿਤ੍ਰ ਵਰਣ ਦੇਵਤੇ ਦਾ ਵੀਰਜ ਪਾਤ ਹੋ ਗਿਆ ਸੀ। ਜਿਸ ਥੀਂ ਪੰਡਤ ਵਾਸਿਸ਼ਠ ਦੀ ਉਤਪਤੀ ਦਸੀ ਹੈ। ਵਿਸ਼ਿਸ਼ਠ ਸ੍ਰੀ ਰਾਮ ਚੰਦਰ ਜੀ ਦਾ ਗੁਰੂ ਔਰ ਨਿੰਮ ਰਾਜੇ ਦਾ ਪ੍ਰੋਹਤ ਦਸਿਆ ਹੈ।

ਰਿਸ਼ੀ ਰਿਚੀਕ ਦਾ ਪੁਤਰ ਜਮਦਗਨ ਬਰਾਹਮਣ ਸੀ। ਇਸ ਦਾ ਪੁਤਰ ਪਰਸਰਾਮ ਸੀ। ਇਹ ਭ੍ਰਿਗੁਵੰਸੀ ਸੀ। ਇਸੀ ਵੰਸ ਵਿਚੋਂ ਗਾਧ ਦਾ ਪੁਤਰ ਵਿਸ਼ਵਾ ਮਿਤਰ ਸੀ। ਜੋ ਸਰਾਪ ਦੇਣ ਵਿਚ ਮਾਹਰ ਸੀ। ਜਮਦਗਨ ਦੀ ਇਸਤਰੀ ਰੇਣਕਾਂ ਸੂਰਜ ਵੰਸੀ ਪ੍ਰਸ਼ੇਨਜਿਤ ਦੀ ਪੁਤਰੀ ਸੀ ਉਸ ਸਮੇਂ ਚਾਰੇ ਵਰਨਾਂ ਦਾ ਕੋਈ ਖਾਸ ਪ੍ਰਚਾਰ ਨਹੀਂ ਸੀ। ਪ੍ਰਸਰਾਮ ਦਾ ਆਸ਼ਰਮ ਜ਼ਿਲਾ ਗਾਜੀਪੁਰ ਵਿਚ ਜ਼ਮਾਨੀਆਂ ਨਾਮ ਨਾਲ ਪ੍ਰਸਿਧ ਹੈ ਕਈ ਥਾਵੀਂ ਦੁਰਵਾਸ਼ੇ ਰਿਸ਼ੀ ਨੂੰ ਅਤ੍ਰਿ ਰਿਸ਼ੀ ਦਾ ਪੁਤਰ ਅਨਸੂਆ ਦੇ ਉਦਰ ਥੀਂ ਦਸਿਆ ਹੈ। ਕ੍ਰਿਸ਼ਨ ਜੀ ਦੀ ਕੁਲ ਯਾਦਵਾ ਦਾ ਨਾਸ਼ ਹੋਣਾ, ਦੁਰਵਾਸ਼ਾ ਰਿਸ਼ੀ ਦਾ ਸਰਾਪ ਹੋਣਾ ਦਸਿਆ ਹੈ। ਇਸ ਨੇ ਰਾਜਾ ਇੰਦ੍ਰ ਦੇ ਰਾਜ ਨੂੰ ਭੀ ਸਰਾਪ ਨਾਲ ਨਾਸ਼ ਕੀਤਾ ਸੀ, ਉਪਰੰਤ ਚੌਦਾਂ ਰਤਨ ਸਮੁੰਦਰ ਵਿਚੋਂ ਨਿਕਾਲ ਕੇ ਰਾਜ ਕਾਇਮ ਕੀਤਾ ਸੀ।

ਰਿਸ਼ੀ ਉਦਾਲਕ ਦਾ ਪੁਤਰ ਰਿਸ਼ੀ ਸ਼ਵੇਤਕੇਤ ਸੀ, ਜਿਸ ਨੇ ਕਿ ਸੰਸਾਰ ਵਿਚ ਮਾਤਾ, ਇਸਤ੍ਰੀ, ਭੈਣ ਆਦਿ ਰਿਸ਼ਤੇ ਕਾਇਮ ਕਰਕੇ ਅਗੇ ਨੂੰ ਸਭਯਤਾ ਦਾ ਪ੍ਰਚਾਰ ਕੀਤਾ। ਇਸ ਤੋਂ ਪਹਿਲਾਂ ਲੜਕੀ ਭੈਣ ਨਾਲ ਬਿਭਚਾਰ ਕਰਨ ਨੂੰ ਅਧਰਮ ਨਹੀਂ ਮੰਨਿਆ ਜਾਂਦਾ ਸੀ। ਗਰਗ ਰਿਸ਼ੀ ਜੋ ਕਿ ਵਿਤਥਿ ਰਿਸ਼ੀ ਦਾ ਬੇਟਾ ਸੀ, ਇਸਨੂੰ ਜੋਤਿਸ਼ ਵਿਦਿਆ ਦਾ ਮੋਢੀ ਮੰਨਿਆ ਹੈ। ਇਹ ਸ਼ੇਸ਼ਨਾਗ ਦਾ ਚੇਲਾ ਸੀ। ਗਰਗ ਸੂਰਜ ਵੰਸ਼ੀਆਂ ਦਾ ਰਾਜ ਗੁਰੂ ਸੀ। ਇਕ ਗੰਧਰਵ ਦੇਵਲ ਰਿਸ਼ੀ ਦੇ ਸਰਾਪ ਨਾਲ ਹਾਥੀ ਬਣ ਗਿਆ ਸੀ। ਉਸ ਨੂੰ ਵਰਣ ਨਾਮੀਂ ਤਲਾਬ ਵਿਚ ਹਿੰਦੂਆਂ ਨੇ ਫੜ ਲਿਆ ਸੀ। ਦਸਿਆ ਗਿਆ ਹੈ ਕਿ ਇਸ ਦੇ ਬੰਧਨ ਵਿਸ਼ਨੂੰ ਜੀ ਨੇ ਕਟੇ ਸਨ।

ਕਸ਼ਬਪ ਰਿਸ਼ੀ ਨੂੰ ਬ੍ਰਹਮਾ ਦੇ ਪੁਤਰ ਮਰੀਚ ਦਾ ਪੁਤਰ ਲਿਖਿਆ ਹੈ। ਅਗੇ ਇਸ ਦਾ ਪੁਤਰ ਵਾਮਨ (ਬੌਣਾ) ਅਵਤਾਰ ਮੰਨਿਆ ਗਿਆ ਹੈ। ਦਖਯ ਪ੍ਰਜਪਤ ਦੀਆਂ ਤੇਰਾਂ ਲੜਕੀਆਂ ਕਸ਼ਯਬ ਨੇ ਵਰੀਆ ਸਨ। ਵਧ ਦੇਵਤੇ ਇਹਨਾਂ ਤੋਂ ਹੀ ਜਨਮੇ ਮੰਨੇ ਗਏ ਹਨ। ਕਿਧਰੇ ਧਨੰਤਰ ਵੈਦ ਜੋ ਚੌਦਾਂ ਰਤਨਾਂ ਵਿਚੋਂ ਸੀ, ਇਸ ਨੂੰ ਕਾਂਸ਼ੀ ਦੇ ਰਾਜਾ ਧਵਨ ਦਾ ਪੁਤਰ ਦਸਿਆ ਹੈ। ਇਸਨੇ ਭਰਦਵਾਜ ਤੋਂ ਹਿਕਮਤ ਸਿਖੀ ਸੀ। ਕਿਧਰੇ ਧਨੰਤਰ ਨੂੰ ਇੰਦ੍ਰ ਨੇ ਸਵਰਗਾਂ ਤੋਂ ਭੇਜਿਆ ਦਸਿਆ ਹੈ।

ਸੂਰਜ ਦਾ ਰਥਵਾਹੀ ਵਿਨਤਾ ਦਾ ਪੁਤਰ ਅਰਣ ਪਿੰਗਲਾ ਮੰਨਿਆ ਹੈ। ਇਸ ਦਾ ਵਡਾ ਭਾਈ ਗਰੜ ਵਿਸ਼ਨੂੰ ਦੀ ਸਵਾਰੀਆਂ ਦਿੰਦਾ ਹੈ। ਅਰਣ ਦਾ ਹੇਠਲਾ ਹਿਸਾ ਨਹੀਂ ਹੈ। ਸੂਰਜ ਦੀ ਲਾਲੀ ਇਸੇ ਦੀ ਲਿਖੀ ਹੈ। ਗਰੜ ਦਾ ਹੇਠਲਾ ਹਿਸਾ ਪੰਖੀ ਦਾ, ਉਪਰਲਾ ਮਨੁਖ ਦਾ ਹੈ। ਅਤ੍ਰਿ ਰਿਸ਼ੀ ਦਾ ਪੁਤਰ ਸੋਮ, ਅਨਸੂਆ ਤੋਂ ਜਨਮਿਆ। ਚੰਦ੍ਰਮਾ ਦੀ ਮਹਾਰਾਣੀ ਦਾ ਨਾਮ ਰੋਹਿਣੀ ਹੈ। ਸੋਮਾ ਨੇ ਆਪਣੇ ਦੇਵ ਗੁਰੂ ਵਿਰਸਪਤਿ ਦੀ ਇਸਤਰੀ ਚੁਰਾਈ ਸੀ, ਜਿਸ ਦਾ ਨਾਮ 'ਤਾਰਾ ਸੀ, ਇਸ ਤੋਂ ਚੰਦ੍ਰਮਾਂ ਦਾ ਪੁਤਰ ਬੁਧ ਹੈ। ਇਸ ਤੋਂ ਚੰਦ੍ਰ-ਵੰਸ਼ੀ ਕੁਲ ਚਲਦੀ ਦਸੀ ਹੈ। ਬੁਧ ਇਕ ਗ੍ਰਹਿ ਭੀ ਹੈ। ਰਿਸ਼ੀ ਦਧੀਚ ਸਾਂਤਿ ਦੇ ਪੇਟੋਂ ਅਥਰਬ ਦਾ ਪੁਤਰ ਸੀ। ਕਥਾ ਹੈ ਕਿ ਦਧੀਚ ਦੀਆਂ ਹਡੀਆਂ ਦੇ ਸ਼ਸ਼ਤ੍ਰ ਨਾਲ ਇੰਦ੍ਰ ਨੇ ਦੈਂਤਾ ਨੂੰ ਮਾਰਿਆ ਸੀ।

ਭਾਗਵਤ ਦੀ ਕਥਾ ਮੂਜਬ, ਸ੍ਰੀ ਕ੍ਰਿਸ਼ਨ ਜੀ ਦਾ ਗੁਰੂ ਸਨਿਆਸੀ ਸੰਦੀਪਨ ਸੀ। ਕਵੇਰ ਦੇਵਤੇ ਦਾ ਪੁਤਰ ਨਾਲ ਕੁਵਰ, ਇਸ ਦਾ ਪੁਤਰ ਮਣਗ੍ਰੀਵ ਜਿਸ ਨੂੰ ਕਿ ਨਾਰਦਾਂ ਨੇ ਬ੍ਰਿਛ ਹੋਣ ਦਾ ਸਰਾਪ ਦਿਤਾ। ਮਹਾਂ ਭਾਰਤ ਅਨੁਸਾਰ ਕ੍ਰਿਸ਼ਨ ਜੀ ਨੇ ਬ੍ਰਿਛਾਂ ਦੇ ਜੋੜੇ ਨੂੰ ਉਖਲੀ ਨਾਲ ਪੁਟਕੇ ਮੁਕਤ ਕੀਤਾ ਸੀ। ਪੁਰਾਣਾਂ ਦੀ ਕਥਾ ਮੂਜਬ, ਜਟਾਯੂ, ਸੂਰਜ ਦੇ ਰਥਵਾਹੀ ਅਰਣ ਦਾ ਪੁਤਰ ਸੀ, ਇਸ ਨੂੰ ਗਿਰਜਾਂ ਦਾ ਰਾਜਾ ਕਿਹਾ ਹੈ। ਸੀਤਾ ਦੇ ਚੁਰਾਏ ਜਾਣ ਦੇ ਹਾਲਤ ਜਟਾਯੂ ਨੇ ਹੀ ਸ੍ਰੀ ਰਾਮ ਚੰਦਰ ਜੀ ਨੂੰ ਦਸੇ ਸਨ।

ਇਹ ਰਾਜਾ ਦਸਰਥ ਦਾ ਮਿਤਰ ਸੀ।

ਅਸਟਾਵਕਰ ਉਦਾਲਕ ਰਿਸ਼ੀ ਦਾ ਪੁਤਰ ਸੀ। ਮਹਾਂ ਭਾਰਤ ਵਿਚ ਇਸ ਦੀ ਕਥਾ ਹੈ ਕਿ ਇਸ ਨੂੰ ਉਦਾਲਕ ਨੇ ਸਰਾਪ ਦਿਤਾ ਸੀ, ਜਿਸ ਕਾਰਨ ਇਸ ਦੇ ਸਰੀਰ ਵਿਚ ਅਠ ਵਲ ਪੈਂਦੇ ਸਨ। ਦੂਜੀ ਕਥਾ ਹੈ ਕਿ ਅਸਤਿ ਰਿਸ਼ੀ ਦਾ ਪੁਤਰ ਦੇਵਲਾ, ਜੋ ਗੰਧਮਾਧਨ ਪਹਾੜ ਪਰ ਤਪ ਕਰਦਾ ਸੀ, ਉਸ ਨੂੰ ਅਪਛਰਾਂ ਨੇ ਸ਼ਾਦੀ ਲਈ ਕਿਹਾ। ਇਹ ਨਹੀਂ ਮੰਨਿਆ, ਉਨ੍ਹਾਂ ਨੇ ਸਰਾਪ ਦੇ ਦਿਤਾ ਕਿ ਤੇਰਾ ਸੁੰਦਰ ਸਰੀਰ ਕੋਝਾ ਹੋਵੇ। ਸੋ ਇਸ ਕਥਾ ਮੁਜਬ ਦੇਵਲ ਅਸਟਾਵਕਰ ਹੋ ਕੇ ਜੰਮਿਆ। ਕਈ ਥਾਵੀਂ ਅਸਟਾਵਕਰ ਨੂੰ ਜਨਕ ਰਾਜੇ ਦਾ ਗੁਰੂ ਮੰਨਿਆ ਹੈ।

ਰਾਮਾਯਣ ਦਾ ਲਿਖਾਰੀ ਪੰਡਿਤ ਤੁਲਸੀ ਦਾਸ ਬ੍ਰਾਹਮਣ ਰਾਜਾਪੁਰ ਜ਼ਿਲਾ ਬਾਂਦਾ ਦਾ ਸੀ। ਪਿਤਾ ਆਤਮਾ ਰਾਮ ਮਾਤਾ ਦਾ ਨਾਮ 'ਤੁਲਸੀ' ਇਸੀ ਦੇ ਨਾਮ ਪਰ ਰਾਮਾਯਣ ਹੈ। ਇਸ ਦਾ ਜਨਮ ਸੰਨ ੧੫੯੯ ਦਾ ਸੀ। ਰਮਾਯਣ ਸੰਮਤ ੧੬੩੧ ਨੂੰ ਅਰੰਭੀ। ਇਸ ਦਾ ਚਲਾਣਾ ਸੰਮਤ ੧੬੮੦ ਵਿਚ ਗੰਗਾ ਦੇ ਕਿਨਾਰੇ ਪਰ ਹੋਇਆ।

ਉਤਰ ਰਿਸ਼ੀ ਅੰਗਰਾ ਰਿਸ਼ੀ ਦੀ ਪੁਤਰੀ ਸ਼ਰਧਾ ਦੇ ਉਦਰ ਤੋਂ ਸੀ। ਇਸ ਨਾਲ ਸੋਮ ਦੀ ਪੁਤਰੀ ਭੱਦਰਾ ਦਾ ਵਿਵਾਹ ਹੋਇਆ। ਪਰ ਵਰਣ ਦੇਵਤਾ ਉਸ ਨੂੰ ਚੁਰਾ ਕੇ ਲੈ ਗਿਆ ਸੀ, ਉਤਰ ਨੇ ਕ੍ਰੋਧ ਵਿਚ ਆ ਕੇ ਸਾਰਾ ਸਮੁੰਦਰ ਪੀ ਲਿਆ। ਵਰਣ ਦਾ ਤਾਲਾਬ ਭੀ ਸੁਕ ਗਿਆ। ਅੰਤ ਤੰਗ ਆ ਕੇ ਉਸ ਨੇ ਮੁਆਫੀ ਮੰਗੀ ਅਤੇ ਉਤਥ ਦੀ ਇਸਤਰੀ ਮੋੜੀ। ਮਹਾਂ ਭਾਰਤ ਵਿਚ ਇਸਦਾ ਨਾਮ ਮਮਤਾ ਦਸਿਆ ਹੈ। ਉਤਥ ਦਾ ਛੋਟਾ ਭਾਈ ਬ੍ਰਿਹਸਪਤਿ ਦਸਿਆ ਹੈ ਜੋ ਕਿ ਦੇਵਤਿਆਂ ਦਾ ਗੁਰੂ ਮੰਨਿਆ ਹੈ।

ਅਸਵਥਾਮਾ ਕਿਰਪੀ ਦੇ ਉਦਰ ਤੋਂ ਦਰੋਣਾਚਾਰਜ ਮਹਾਂ ਰਿਸ਼ੀ ਦਾ ਪੁਤਰ ਸੀ। ਦੁਰਜੋਧਨ ਦੀ ਫੌਜ ਵਿਚ ਇਹ ਜਰਨੈਲ ਸੀ। ਕੈਰਵਾਂ ਦੀ ਸਾਰੀ ਫੌਜ ਦੇ ਮਰਨ ਪਿਛੋਂ ਇਹ ਜ਼ਿੰਦਾ ਸੀ। ਕਿਰਪ ਔਰ ਕ੍ਰਿਤ ਵਰਮਾ ਇਸ ਦੇ ਸਾਥੀ ਸਨ। ਚੂੰਕਿ ਕ੍ਰਿਸ਼ਨ ਦਾ ਪੁਤਰ ਸ੍ਰਿਸਟਦੁਮਨ ਨੂੰ ਸੁਤੇ ਨੂੰ

ਅਤੇ ਦਰੋਪਦੀ ਦੇ ਪੁਤਰ ਸਿਖੰਡੀ ਨੂੰ ਮਾਰਿਆ ਇਨ੍ਹਾਂ ਦੇ ਪੰਜੇ ਪੁਤਰ ਖਤਮ ਕੀਤੇ। ਪ੍ਰੀਖਤ ਨੂੰ ਗਰਭ ਵਿਚ ਬ੍ਰਹਮ ਅਸਤਰ ਨਾਲ ਮਾਰਿਆ। ਸੁਤਿਆਂ ਨੂੰ ਮਾਰਨਾ ਅਤਿ ਕਾਇਰਤਾ ਸੀ। ਸ੍ਰੀ ਕ੍ਰਿਸ਼ਨ ਜੀ ਨੇ ਅਸਵਧਾਮੇ ਨੂੰ ਸਰਾਪ ਦਿਤਾ ਔਰ ਪ੍ਰੀਖਤ ਨੂੰ ਬਚਾ ਲਿਆ, ਜੋ ਪਾਂਡਵਾਂ ਤੋਂ ਪਿਛੋਂ ਰਾਜਾ ਬਣਿਆ। ਬਾਕੀ ਤੰਬੂ ਵਿਚ ਸੁਤੇ ਪਏ ਮਾਰਨ ਕਰਕੇ ਦਰੋਪਤੀ ਨੇ ਬਦਲੇ ਵਾਸਤੇ ਕਿਹਾ ਚੂੰਕਿ ਅਸਵਧਾਮਾ ਬਰਾਹਮਣ ਹਤਿਆ ਤੋਂ ਡਰਕੇ ਪਾਂਡਵਾਂ ਨੇ ਨਹੀਂ ਮਾਰਿਆ। ਉਸ ਦੇ ਮਸਤਕ ਦੀ ਕੀਮਤੀ ਮਣੀ ਖੋਹ ਲਿਤੀ ਜੋ ਕਿ ਯੁਧਿਸ਼ਟਰ ਨੇ ਆਪਣੇ ਮੁਕਟ ਵਿਚ ਲਗਾਈ।

ਸਦਾਮਾ ਬ੍ਰਾਹਮਣ ਸ੍ਰੀ ਕ੍ਰਿਸ਼ਨ ਜੀ ਦਾ ਹਮ-ਜਮਾਤੀ ਔਰ ਮਿਤਰ ਸੀ। ਮਾਇਆ ਵਲੋਂ ਗਰੀਬ ਸੀ ਚੂੰਕਿ ਕ੍ਰਿਸ਼ਨ ਜੀ ਆਪਣੇ ਨਾਨੇ ਉਗ੍ਰਸੈਨ ਦਾ ਰਾਜ ਲੈ ਕੇ ਮਥਰਾ ਵਿਚ ਰਾਜ ਕਰਦਾ ਸੀ।

ਇਹ ਕ੍ਰਿਸ਼ਨ ਜੀ ਪਾਸ ਗਿਆ। ਅਗੋਂ ਆਉ ਭਗਤ ਕਰਕੇ ਕ੍ਰਿਸ਼ਨ ਜੀ ਨੇ ਪੁਰਾਣੀ ਮਿਤ੍ਰਤਾ ਕਰਕੇ ਬਹੁਤ ਸਾਰਾ ਧਨ ਦੇ ਕੇ ਇਸ ਦੀ ਗਰੀਬੀ ਦੂਰ ਕਰ ਦਿਤੀ। ਉਦਊ ਕ੍ਰਿਸ਼ਨ ਜੀ ਦਾ ਮਾਮਾ ਅਕੂਰ ਸ੍ਰੀ ਕ੍ਰਿਸ਼ਨ ਜੀ ਦਾ ਚਾਚਾ ਸੀ। ਬਿਦਰ ਭੀ ਕ੍ਰਿਸ਼ਨ ਜੀ ਦਾ ਭਗਤ ਸੀ ਇਹ ਕੌਰਵਾਂ ਪਾਂਡਵਾਂ ਦਾ ਭਾਈ ਸੀ। ਸਦੇਸਨਾਂ ਨਾਮੀ ਗੋਲੀ ਤੋਂ ਜਨਮ ਹੋਣ ਕਰਕੇ ਇਸ ਨੂੰ ਦਾਸੀਸੁਤ ਕਿਹਾ ਗਿਆ। ਜੰਗ ਸਮੇਂ ਇਹ ਦੁਰਯੋਧਨ ਦੇ ਹਕ ਵਿਚ ਸੀ। ਮਹਾਂਭਾਰਤ ਅਨੁਸਾਰ ਪਿਛਲੇ ਜਨਮ ਵਿਚ ਧਰਮ ਰਾਜਾ ਸੀ। ਮਾਂਦਵਾਘ ਰਿਸ਼ੀ ਦਾ ਸਰਾਪ ਹੋਣ ਕਰਕੇ ਦਾਸਸੁਤ ਹੋ ਕੇ ਜਨਮਿਆ। ਵੈਸੇ ਪੁਤਰ ਵਯਾਸ ਦਾ ਸੀ। ਇਸ ਦੀ ਰਚਨਾ ਬਿਦਰਨੀਤੀ ਹੈ।

ਸ਼ਿਵਲਿੰਗ ਪੁਰਾਣ ਦੀ ਕਥਾ ਹੈ ਕਿ ਰਾਜਾ ਅੰਬਰੀਕ ਦੀ ਸੁੰਦਰ ਪੁਤਰੀ ਨੂੰ ਵੇਖਕੇ ਰਿਖੀ ਪਰਬਤ ਔਰ ਨਾਰਦ ਨੇ ਕਿਹਾ ਕਿ ਸਾਡੇ ਨਾਲ ਸ਼ਾਦੀ ਕਰ ਦੇ। ਰਾਜੇ ਨੇ ਕਿਹਾ ਕਿ ਜਿਸਨੂੰ ਉਹ ਪਸੰਦ ਕਰੇਗੀ। ਉਕਤ ਦੋਨਾਂ ਰਿਖੀਆਂ ਨੇ ਵਿਸ਼ਨੂੰ ਜੀ ਪਾਸੋਂ ਵਰ ਜਾ ਮੰਗਿਆ ਕਿ ਦੂਜੇ ਦਾ ਮੁਖ ਬਾਂਦਰ ਜੈਸਾ ਹੋ ਜਾਵੇ। ਸੋ ਦੋਵੇਂ ਬਾਂਦਰ ਮੂੰਹੇਂ ਬਣ ਗਏ। ਸ਼ਾਹਜ਼ਾਦੀ ਨੇ

ਦੋਵੇਂ ਪਸੰਦ ਨਾ ਕੀਤੇ । ਦੋਹਾਂ ਨੇ ਰਾਜੇ ਨੂੰ ਸਰਾਪ ਦੇ ਦਿਤਾ ਕਿ ਤੂੰ ਅੰਧੇਰੇ ਵਿਚ ਰਹੇਂ । ਅੰਬਰੀਕ ਦੀ ਮਦਦ ਲਈ ਵਿਸ਼ਨੂੰ ਨੇ ਸੁਦਰਸ਼ਨ ਚਕ੍ਰ ਘਲਿਆ । ਉਸ ਨੇ ਅੰਧੇਰਾ ਦੂਰ ਕਰ ਦਿਤਾ । ਸੁਦਰਸ਼ਨ ਚਕ੍ਰ ਨੇ ਦੋਹਾਂ ਰਿਖੀਆਂ ਨੂੰ ਇੰਨਾ ਤੰਗ ਕੀਤਾ ਕਿ ਉਹ ਕਿਧਰੇ ਟਿਕਣੇ ਨਾ ਪਾਏ । ਅੰਤ ਦੋਵਾਂ ਨੇ ਅੰਬਰੀਕ ਪਾਸੋਂ ਮੁਆਫ਼ੀ ਮੰਗੀ । ਰਾਜਪੁਤਾਨੇ ਵਿਚ ਅੰਬਰੀਕ ਨਾਮ ਪਰ ਅੰਬੇਰ ਨਗਰ ਮੌਜੂਦ ਹੈ । ਸ਼ੇਸ਼ਨਾਗ ਜੋ ਕਿ ਵਿਸ਼ਨੂੰ ਜੀ ਦੇ ਸੇਜਾਂ ਔਰ ਛਤਰ ਦੀ ਸੇਵਾ ਦਿੰਦਾ ਹੈ, ਇਸ ਦੀ ਇਸਤਰੀ ਦਾ ਨਾਮ ਅਨੰਤਸੀਖਾ ਔਰ ਪਿਤਾ ਕਸ਼ਯਪ ਅਤੇ ਮਾਤਾ ਕਦਰੂ ਸੀ । ਇਸ ਦੀ ਕੁੰਜ ਦਾ ਨਾਮ ਮਣਿਦੀਪ ਅਤੇ ਘਰ ਦਾ ਨਾਮ ਮਣਿਭਿਤ ਹੈ, (ਮਣਿਮੰਡਤ) । ਪੁਰਾਣਕ ਕਥਾ ਅਨੁਸਾਰ ਇਹ ਜਦੋਂ ਅਬਾਸੀ ਲੈਂਦਾ ਹੈ ਤਾਂ ਭੁਚਾਲ ਆਉਂਦਾ ਹੈ । ਇਹ ਇਕ ਕਲਪ ਅਥਵਾ ਚਾਰ ਅਰਬ, ਬਤੀ ਕਰੋੜ ਸਾਲਾਂ ਪਿਛੋਂ ਇਹ ਮੁਖ ਤੋਂ ਅਗਨ ਉਗਲਦਾ ਹੈ ਤਾਂ ਧਰਤੀ ਨਸ਼ਟ ਹੋ ਜਾਂਦੀ ਹੈ । ਸ਼ੇਸ਼ ਦਾ ਰੰਗ ਉਦਾ, ਗਲੇ ਵਿਚ ਸਫੈਦ ਮਾਲਾ, ਇਕ ਹਥ ਵਿਚ ਚਟੂ ਅਤੇ ਦੂਜੇ ਵਿਚ ਹਲ ਵਿਖਾਇਆ ਜਾਂਦਾ ਹੈ । ਵਾਸ਼ਕ ਨਾਗ ਭੀ ਇਸੇ ਨੂੰ ਕਹਿੰਦੇ ਹਨ। ਚੌਦਾਂ ਰਤਨ ਨਿਕਾਲਨੇ ਸਮੇਂ ਇਸ ਦਾ ਨੇਤਰਾ ਬਨਾਉਣਾ ਲਿਖਿਆ ਹੈ । ਇਹ ਪ੍ਰਭੂ ਦਾ ਹਰ ਰੋਜ਼ ਹਜ਼ਾਰ ਨਿਆ ਨਾਮ ਕਹਿਕੇ ਜਪਦਾ ਦਸਿਆ ਹੈ । ਇਸ ਨੇ ਧਰਤੀ ਉਠਾਈ ਦਸੀ ਹੈ, ਇਹੀ ਪਤਾਲ ਦਾ ਰਾਜਾ ਦਸੀਦਾ ਹੈ ।

ਮਹਾਨ ਪੰਡਤ ਭ੍ਰਿਗੂ ਇਸ ਦੀ ਕਥਾ ਮਹਾਂ ਭਾਰਤ ਵਿਚ ਹੈ । ਬ੍ਰਹਮਾ ਦਾ ਵੀਰਜ ਪਾਤ ਹੋ ਗਿਆ ਸੀ । ਸੂਰਜ ਨੇ ਉਸ ਨੂੰ ਇਕੱਠਾ ਕਰ ਕੇ ਅਗਨੀ ਵਿਚ ਹਵਨ ਕਰ ਦਿਤਾ ਜਿਸ ਤੋਂ ਤਿੰਨ ਬਾਲਕ ਜਨਮੇ । ਉਨ੍ਹਾਂ ਦੀ ਵੰਡ ਇਉਂ ਪਈ, ਸ਼ਿਵ ਜੀ ਨੂੰ ਭ੍ਰਿਗੂ, ਬ੍ਰਹਮਾ ਨੂੰ ਭਵਿ (ਸਵਕ) ਅਗਨੀ ਨੂੰ ਅੰਗਿਰਾ । ਭ੍ਰਿਗੂ ਦਾ ਜ਼ਿਕਰ ਰਿਗ ਵੇਦ ਵਿਚ ਹੈ । ਦਸਿਆ ਹੈ ਕਿ ਪੰਡਤ ਭ੍ਰਿਗੂ ਨੇ ਮਨੂੰ ਸਿਮ੍ਰਤੀ ਲਿਖੀ ਸੀ ਪੰਡਤ ਗਰਘਵੰਸੀ ਭ੍ਰਿਗੂਵੰਸੀ ਮਨੀਦੇ ਹਨ । ਭਾਰਗ ਗੋਤਰ ਉਚਾ ਮਨੀਦਾ ਹੈ ।

ਪੰਡਤ ਪਰਸ ਰਾਮ ਭੀ ਏਸੇ ਵੰਸ ਦਾ ਰੁਕਨ ਸੀ । ਦਖਯ ਪ੍ਰਜਾ

ਪਤਿ ਦਾ ਜਗ ਭ੍ਰਿਗੂ ਨੇ ਕਰਵਾਇਆ ਸੀ ਪਰ ਉਸ ਵਿਚ ਸ਼ਿਵ ਜੀ ਦੀ ਅਹੂਤੀ ਨਹੀਂ ਨਿਕਾਲੀ ਸੀ । ਸ਼ਿਵ ਜੀ ਨੇ ਕ੍ਰੋਧ ਵਸ ਹੋ ਕੇ ਆਪਣੇ ਗਣ ਪਾਸੋਂ ਜਗ ਭ੍ਰਿਸ਼ਟ ਕਰਵਾ ਦਿਤਾ ਸੀ । ਉਸ ਲੜਾਈ ਵਿਚ ਭ੍ਰਿਗੂ ਦੀ ਭੀ ਦਾਹੜੀ ਪੁਟੀ ਗਈ ਸੀ । ਪਦਮ ਪੁਰਾਣ ਦਾ ਪਰਸੰਗ ਹੈ ਕਿ ਇਕ ਵਾਰੀ ਦੇਵਤਿਆਂ ਵਿਚ ਇਹ ਝਗੜਾ ਚਲ ਪਿਆ ਕਿ ਸ਼ਿਵ ਜੀ ਵਿਸ਼ਨੂੰ ਔਰ ਬ੍ਰਹਮਾ ਵਿਚੋਂ ਕੌਣ ਵਡਾ ਹੈ ? ਜਿਸ ਪਰ ਭ੍ਰਿਗੂ ਨੂੰ ਮਧਯਸਤ ਥਾਪਿਆ ਗਿਆ । ਪੰਡਤ ਭ੍ਰਿਗੂ ਨੇ ਕਿਹਾ ਪ੍ਰੀਖਿਆ ਕਰਕੇ ਦਸਾਂਗਾ ।

ਪਹਿਲਾਂ ਭ੍ਰਿਗੂ ਸ਼ਿਵ ਜੀ ਪਾਸ ਗਿਆ ਅਗੋਂ ਉਹ ਪਾਰਬਤੀ ਨਾਲ ਵਿਲਾਸ ਕਰ ਰਿਹਾ ਸੀ । ਇਸ ਪਰ ਭ੍ਰਿਗੂ ਨੇ ਸਰਾਪ ਦੇ ਦਿਤਾ ਕਿ ਤੂੰ ਲਿੰਗ ਰੂਪ ਬਣ ਜਾ । ਇਸ ਕਰਕੇ ਸ਼ਿਵਲਿੰਗ ਦੀ ਪੂਜਾ ਚਲੀ ਹੈ । ਭ੍ਰਿਗੂ ਫੇਰ ਬ੍ਰਹਮਾਂ ਪਾਸ ਗਿਆ, ਉਥੇ ਭ੍ਰਿਗੂ ਦਾ ਆਦਰ ਸਤਿਕਾਰ ਨਾ ਹੋਇਆ । ਭ੍ਰਿਗੂ ਨੇ ਸਰਾਪ ਦਿਤਾ ਕਿ ਬ੍ਰਹਮਾਂ ਨੂੰ ਕੋਈ ਨਹੀਂ ਪੂਜੇਗਾ ਅਤੇ ਨਾ ਹੀ ਇਸ ਦਾ ਕੋਈ ਮੰਦਰ ਬਣੇਗਾ । ਫਿਰ ਭ੍ਰਿਗੂ ਵਿਸ਼ਨੂੰ ਪਾਸ ਗਿਆ ਅਗੋਂ ਵਿਸ਼ਨੂੰ ਸੁਤਾ ਪਿਆ ਸੀ, ਭ੍ਰਿਗੂ ਨੇ ਵਿਸ਼ਨੂੰ ਦੀ ਛਾਤੀ ਵਿਚ ਲੱਤ ਮਾਰਕੇ ਜਗਾਇਆ ਤਾਂ ਵਿਸ਼ਨੂੰ ਨੇ ਕ੍ਰੋਧ ਕਰਨ ਦੀ ਬਜਾਏ ਭ੍ਰਿਗੂ ਦਾ ਪੈਰ ਆਪਣੇ ਹਥਾਂ ਨਾਲ ਮਲਿਆ ਤੇ ਆਖਿਆ ਕਿ ਆਪ ਦੇ ਨਰਮ ਚਰਨ ਮੇਰੇ ਕਠੋਰ ਸਰੀਰ ਪਰ ਲਗਣ ਕਰਕੇ ਦੁਖ ਹੋਇਆ ਹੋਵੇਗਾ । ਇਕਰ ਫੇਰੇ ਲਾ ਕੇ ਭ੍ਰਿਗੂ ਨੇ ਦੇਵਤਿਆਂ ਦੀ ਸਭਾ ਵਿਚ ਆ ਕੇ ਆਪਣਾ ਫੈਸਲਾ ਸੁਣਾਇਆ ਕਿ ਵਿਸ਼ਨੂੰ ਦੇਵ ਸ਼ਾਂਤ ਸਰੂਪ ਹੈ । ਸੋ ਵਧ ਪੂਜਾ ਵਿਸ਼ਨੂੰ ਦੀ ਹੁੰਦੀ ਹੈ ਵੈਸ਼ਨਵ ਮਤਿ ਵਿਸ਼ਨੂੰ ਦਾ ਹੈ । ਭ੍ਰਿਗੂ ਪੰਡਤ ਦੀ ਕੁਲ ਵਿਚ ਰਿਸ਼ੀ ਜਮ ਦਗਨ ਦਾ ਪੁਤਰ ਪਰਸ ਰਾਮ ਛਤਰੀਆਂ ਦਾ ਵੈਰੀ ਸੀ । ਇਸ ਦਾ ਪ੍ਰਸਿਧ ਸ਼ਸਤਰ ਕੁਹਾੜਾ ਸੀ । ਭ੍ਰਿਗੂ ਦੀ ਲਤ ਮਾਰਨ ਦਾ ਨਿਸ਼ਾਨ ਵਿਸ਼ਨੂੰ ਦੀ ਛਾਤੀ ਪਰ ਵਿਖਾਇਆ ਜਾਂਦਾ ਹੈ ਜਿਸ ਨੂੰ ਭ੍ਰਿਗਲਤਾ' ਜਾਂ ਭ੍ਰਿਗਰੇਖਾ ਆਖਦੇ ਹਨ ।

ਗ੍ਰੰਥ ਮਹਾਂ ਭਾਰਤ ਵਿਚ ਮਹਾਰਾਜ ਸਹੰਸਰ ਬਾਹੂ ਦਾ ਜ਼ਿਕਰ

ਆਉਂਦਾ ਹੈ ਇਸ ਨੂੰ ਸ੍ਰਿਸ਼ਟੀ ਦਾ ਰਾਜਾ ਲਿਖਿਆ ਹੈ। ਆਪਣੇ ਸਮੇਂ ਦਾ ਇਹ ਸ਼ਹਿਨਸ਼ਾਹ ਸੀ। ਇਹ ਰਾਜਾ ਚੰਦਰ ਵੰਸੀ ਰਾਜਾ ਕ੍ਰਿਤਵੀਰਯ ਦਾ ਪੁਤਰ ਸੀ। ਇਸ ਦੀ ਰਾਜਧਾਨੀ ਦਾ ਨਾਮ ਮਹਿਮਤੀ ਨਗਰ (ਮੰਡਲ ਨਗਰੀ ਮਹਿਖ) ਸੀ। ਅਜ ਕਲ ਇਹ ਸ਼ਹਿਰ ਨਹੀਂ ਰਿਹਾ। ਇਲਾਕਾ ਸੀ. ਪੀ. ਵਿਚ ਸੀ। ਇਸ ਦੇ ਨਿਸ਼ਾਨ ਮਿਲਦੇ ਹਨ 'ਇਹ ਰਾਜਾ ਮਹਾਤਮਾ ਦੱਤਾਤੇ ਦਾ ਸ਼ਿਸ਼ (ਸਿੱਖ) ਸੀ। ਇਸ ਦੇ ਰਾਜ ਦੇ ਸਮੇਂ ਨੂੰ ਪਚਾਸੀ ਹਜ਼ਾਰ ਬਰਸ ਦਸਿਆ ਹੈ। ਸਹੰਸ੍ਰ ਬਾਹੂ ਨਾਮ ਹੋਣ ਕਰਕੇ ਕਈਆਂ ਨੇ ਇਸ ਨੂੰ ਹਜ਼ਾਰ ਬਾਹਾਂ ਵਾਲਾ ਲਿਖਿਆ ਹੈ ਪਰ ਅਸਲ ਗੱਲ ਇਹ ਹੈ ਕਿ ਇਹ ਹਜ਼ਾਰਾਂ ਅਸਤਰਾਂ ਸ਼ਸ਼ਤਰਾਂ ਨੂੰ ਚਲਾ ਸਕਦਾ ਸੀ, ਭਾਵ ਸ਼ਸ਼ਤਰ ਵਿਦਿਆ ਦਾ ਮਹਾਨ ਧਨੀ ਸੀ। ਇਸ ਮਹਾਂਰਾਜੇ ਦਾ ਜ਼ਿਕਰ ਗੁਰਬਾਣੀ ਵਿਚ ਭੀ ਆਉਂਦਾ ਹੈ।

"ਬ੍ਰਹਮ ਵੈਵਤ ਪੁਰਾਣ ਦਾ ਇਕ ਲੇਖ ਹੈ। ਇਕ ਦਫਾ ਇਹ ਰਾਜਾ ਸ੍ਰੀ ਪਰਸ ਰਾਮ ਦੇ ਪਿਤਾ ਰਿਸ਼ੀ ਜਮ-ਦਗਨ ਦੇ ਆਸ਼ਰਮ ਪਰ ਗਿਆ, ਉਸ ਪਾਸ ਕਾਮਧੇਨ ਗਊ ਸੀ। ਰਿਸ਼ੀ ਨੇ ਉਸ ਦੀ ਫੌਜ ਨੂੰ ਖਾਣਾ ਦਿਤਾ, ਆਪਣ ਆਸ਼ਰਮ ਵਿਚੋਂ ਜਮਦਗਨ ਨੇ ਲੱਖਾਂ ਗਿਣਤੀ ਦੀ ਫੌਜ ਨੂੰ ਅਨੇਕਾਂ ਪ੍ਰਕਾਰ ਦੇ ਭੋਜਨ ਛਕਾਕੇ ਤ੍ਰਿਪਤ ਕਰ ਦਿਤਾ। ਜਿਸ ਪਰ ਰਾਜਾ ਦੰਗ ਰਹਿ ਗਿਆ ਕਿ ਰਿਸ਼ੀ ਹੀ ਉਸ ਨਾਲੋਂ ਵੱਡਾ ਸਿੱਧ ਹੋ ਗਿਆ ਹੈ, ਉਸ ਨੇ ਜਮਦਗਨ ਪਾਸੋਂ ਉਹ ਕਰਮਾਤੀ ਗਊ ਮੰਗੀ ਪਰ ਰਿਸ਼ੀ ਨੇ ਦੇਣੋਂ ਇਨਕਾਰ ਕਰ ਦਿਤਾ। ਸਹਿਸ੍ਰਬਾਹੂ ਨੇ ਆਪਣੀ ਫੌਜੀ ਤਾਕਤ ਨਾਲ ਹਾਸਲ ਕਰਨੀ ਚਾਹੀ, ਪਰ ਰਿਸ਼ੀ ਦੀ ਸ਼ਕਤੀ ਔਰ ਕਾਮਧੇਨ ਦੀ ਤਾਕਤ ਅਗੇ ਰਾਜਾ ਹਾਰ ਗਿਆ ਔਰ ਅਤਿ ਸ਼ਰਮਿੰਦਾ ਹੋ ਕੇ ਚਲਾ ਗਿਆ। ਜਮਦਗਨ ਦੀ ਤਾਕਤ ਦਾ ਜ਼ਿਕਰ ਭੱਟਾਂ ਦੀ ਰਚਨਾ ਵਿਚ ਭੀ ਆਉਂਦਾ ਹੈ ਇਹ ਸ਼ਸ਼ਕ ਵਿਦਿਆ ਦਾ ਮਹਾਂ ਗਿਆਤਾ ਸੀ, ਜਾਤੀ ਕਰਕੇ ਬ੍ਰਾਹਮਣ ਸੀ। ਪਰ ਕਰਮਾਂ ਕਰਕੇ ਮਹਾਂ ਛੱਤਰੀ ਸੀ। ਇਸ ਦਾ ਪੁਤਰ ਪਰਸ ਰਾਮ ਜੋ ਕਿ ਸ਼ਿਵ ਜੀ ਦਾ ਉਪਾਸ਼ਕ ਸੀ, ਮਹਾਂ ਬਲੀ ਸੀ। ਇਸਦਾ ਜ਼ਿਕਰ ਭੱਟਾਂ ਦੀ ਬਾਣੀ ਵਿਚ ਹੈ

ਔਰ ਗੁਰਬਾਣੀ ਵਿਚ ਭੀ ਹੈ, ਹਿੰਦੂ ਗਰੰਥਾਂ ਵਿਚ ਇਸ ਨੂੰ ਵਿਸ਼ਨੂੰ ਅਵਤਾਰ ਮੰਨਿਆ ਗਿਆ ਹੈ। ਪਰਸ ਰਾਮ ਨੇ ਧਨੁਸ਼ ਵਿਦਿਆ ਸ਼ਿਵ ਜੀ ਪਾਸੋਂ ਸਿਖੀ ਸੀ, ਸ਼ਿਵ ਜੀ ਨੇ ਖੁਸ਼ ਹੋ ਕੇ ਇਸ ਨੂੰ ਐਸਾ ਕੁਹਾੜਾ ਦਿਤਾ ਸੀ, ਜਿਸ ਦਾ ਵਾਰ ਕਦੀ ਖਾਲੀ ਨਹੀਂ ਜਾਂਦਾ ਸੀ। ਪਰਸ ਰਾਮ ਦੇ ਅਰਥ ਭੀ ਕੁਹਾੜੇ ਵਾਲਾ ਰਾਮ ਪੈ ਗਿਆ ਸੀ। ਸਮਾਂ ਪਾ ਕੇ ਰਾਜਾ ਸਹਿੰਸ੍ਰਬਾਹੂ ਨੇ ਐਸਾ ਜ਼ਬਰਦਸਤ ਹਮਲਾ ਕੀਤਾ, ਜਿਸ ਵਿਚ ਜਮਦਗਨ ਰਿਸ਼ੀ ਮਾਰਿਆ ਗਿਆ, ਫਿਰ ਭੀ ਉਹ ਗਊ ਹਾਸਲ ਨਾ ਕਰ ਸਕਿਆ, ਗਊ ਸੁਰਗਾਂ ਨੂੰ ਗਈ ਕਿਉਂਕਿ ਬਿਨਾ ਭਗਤੀ ਦੇ ਉਹ ਕਿਸੇ ਪਾਸ ਨਹੀਂ ਰਹਿ ਸਕਦੀ ਸੀ। ਜਮਦਗਨ ਦੇ ਮਾਰੇ ਜਾਣ ਸਮੇਂ ਪਰਸ ਰਾਮ ਘਰ ਨਹੀਂ ਸੀ। ਜਦੋਂ ਉਹ ਘਰ ਆਇਆ, ਪਿਤਾ ਦੀ ਮੌਤ ਸੁਣਕੇ ਅਤਿ ਦੁਖੀ ਹੋ ਕੇ ਧਾਹਾਂ ਮਾਰ ਕੇ ਰੋਇਆ।

ਪਰਸ ਰਾਮ ਦੀ ਮਾਤਾ ਰੇਣਕਾ ਆਪਣੇ ਪੁਤਰ ਅਗੇ ਪਤੀ ਵਿਯੋਗ ਕਰਕੇ ਬਹੁਤ ਰੋਈ ਪਿਟੀ ਜਿਸ ਪਰ ਪਰਸ ਰਾਮ ਨੇ ਪ੍ਰਤਿਗਿਆ ਕੀਤੀ ਕਿ ਉਹ ਧਰਤੀ ਤੋਂ ਖਤਰੀਆਂ ਦਾ ਖਾਤਮਾ ਕਰਕੇ ਦਮ ਲਵੇਗਾ, ਉਸ ਨੇ ਰਾਜੇ ਸਹੰਸ੍ਰਬਾਹੂ ਨਾਲ ਟਾਕਰਾ ਕਰਕੇ ਉਸ ਨੂੰ ਮਾਰ ਘਤਿਆ ਅਤੇ ਲਖਾਂ ਹੀ ਛਤਰੀ ਮਾਰੇ ਲਹੂ ਦੇ ਇੱਕੀ ਤਲਾਬ ਉਸ ਨੇ ਛਤਰੀਆਂ ਦੇ ਲਹੂ ਨਾਲ ਭਰਕੇ ਉਹਨਾਂ ਵਿਚ ਇਸ਼ਨਾਨ ਕਰਕੇ ਸ਼ਾਂਤੀ ਪਾਈ। ਲੱਖਾਂ ਛਤਰਾਣੀਆਂ ਵਿਧਵਾ ਕੀਤੀਆਂ। ਜਿਨ੍ਹਾਂ ਨੇ ਵਰਨ ਆਸ਼ਰਮ ਤੋੜਕੇ ਸ਼ਾਦੀਆਂ ਕਰਵਾਈਆਂ। ਉਸ ਸਮੇਂ ਬ੍ਰਾਹਮਣੀ ਰਾਜ ਹੀ ਬਣ ਗਿਆ ਸੀ, ਛਤਰੀ ਰਾਜੇ ਖਤਮ ਹੀ ਕਰ ਸੁਟੇ। ਅਖੀਰ ਪਰਸ ਰਾਮ ਦਾ ਟਾਕਰਾ ਸ੍ਰੀ ਰਾਮ ਚੰਦਰ ਜੀ ਨਾਲ ਹੋਇਆ, ਜਦ ਕਿ ਸ੍ਰੀ ਰਾਮ ਚੰਦਰ ਜੀ ਸ਼ਿਵ ਜੀ ਦੇ ਧਨੁਸ਼ ਦਾ ਚਿੱਲਾ (ਤੰਦ) ਚਾੜ੍ਹਕੇ ਸੀਤਾ ਜੀ ਨੂੰ ਜਿਤ ਕੇ ਲਿਆਏ ਸਨ। ਪਰਸ ਰਾਮ ਨੇ ਆਪਣੇ ਗੁਰੂ ਸ਼ਿਵ ਜੀ ਦੀ ਹੱਤਕ ਸਮਝਕੇ ਰਾਮ ਚੰਦਰ ਨੂੰ ਜਾ ਘੇਰਿਆ ਸੀ, ਪਰ ਉਸ ਦਾ ਬਲ ਹੀਣਾ ਪੈ ਗਿਆ ਅਤੇ ਹਾਰ ਗਿਆ। ਸ੍ਰੀ ਰਾਮ ਚੰਦਰ ਜੀ ਨੇ ਬ੍ਰਾਹਮਣ ਹਤਿਆ ਤੋਂ ਡਰਕੇ ਪਰਸ ਰਾਮ ਨੂੰ ਮਾਰਨ

ਦੀ ਬਜਾਏ ਉਸ ਦੇ ਕੇਸਾਂ ਦਾ ਜੂੜਾ ਕਟਕੇ ਛਡ ਦਿਤਾ, ਉਸ ਸਮੇਂ ਸਿਰ ਕਟਣ ਨਾਲੋਂ ਕੇਸਾਂ ਦਾ ਕਟਣ ਦੇ ਸਜ਼ਾ ਵਧ ਮੰਨੀ ਜਾਂਦੀ ਸੀ। ਗਰੰਥ ਹਨੂਮਾਨ ਨਾਟਕ ਵਿਚ ਇਹ ਵਾਰਤਾ ਖੋਲ੍ਹਕੇ ਲਿਖੀ ਹੋਈ ਹੈ।

ਭਾਰਤ ਦੀ ਗੁਲਾਮੀ

ਭਾਰਤ ਦੁਨੀਆਂ ਦਾ ਸਿਰਤਾਜ ਦੇਸ਼ ਹੈ ਪਰ ਸ਼ੌਕ! ਇਸ ਵਿਚ ਪਰਸਪਰ ਈਰਖਾ ਫੁਟ ਨੇ ਘਰ ਕਰ ਲਿਆ। ਰਾਮਾਯਣ ਦੇ ਜੰਗ ਦਾ ਮੁਢ ਸ੍ਰੀ ਸੀਤਾ ਜੀ ਦੇ ਰਾਵਨ ਵਲੋਂ ਚੁਰਾਏ ਜਾਣ ਪਰ ਬਝਿਆ। ਘਰ ਪਾਟਿਆਂ ਦਹਿਸਿਰ ਮਾਰਿਆ ਮਿਸਾਲ ਕਾਇਮ ਹੋਈ। ਮਹਾਂ ਭਾਰਤ ਦੇ ਜੰਗ ਦਾ ਆਰੰਭ ਜੂਆ ਮਹਾਰਾਣੀ ਦਰੋਪਦੀ ਦਾ ਰਾਜਾ ਦੁਰਜੋਧਨ ਵਲੋਂ ਬੇਇਜ਼ਤੀ ਕਰਨਾ ਸੀ। ਇਸ ਘਰੋਗੀ ਜੰਗ ਨੇ ਭਾਰਤ ਨੂੰ ਕਦੀ ਪੂਰਾ ਨਾ ਹੋਣ ਵਾਲਾ ਘਾਟਾ ਪਹੰਚਾਇਆ। ਬਾਦ ਵਿਚ ਅਸ਼ੋਕ ਬਿਕ੍ਰਮਾਜੀਤ ਜੈਸੇ ਪ੍ਰਤਾਪੀ ਚਕ੍ਰਵਰਤੀ ਰਾਜੇ ਹੋਏ।

ਜਦੋਂ ਭਾਰਤ ਵਾਸੀ ਆਪਸ ਵਿਚ ਹੀ ਲੜ ਭਿੜਕੇ ਕਮਜ਼ੋਰ ਹੋਏ ਔਰ ਮਜ਼ਬੀ ਈਰਖਾ ਪ੍ਰਜੁਲਤ ਹੋਈ ਤਾਂ ਅਰਬ ਵਿਚ ਮਹੰਮਦ ਸਾਹਿਬ ਦਾ ਜਨਮ ਸਨ ੬੩੨ ਈ: ਵਿਚ ਹੋਇਆ। ਗੈਰ ਮੁਸਲਮਾਨਾਂ ਨੂੰ ਲੁਟਣਾ ਮਾਰਨਾ ਪੁਨ (ਸਬਾਬ) ਧਰਮ ਬਣ ਗਿਆ। ਮਹੰਮਦ ਸਾਹਿਬ ਦੇ ਪਿਛੋਂ ਖਲੀਫ਼ਿਆਂ ਨੇ ਇਸਲਾਮ ਸ਼ਰਾ ਔਰ ਤਲਵਾਰ ਦੇ ਜ਼ੋਰ ਨਾਲ ਮਿਸਰ ਔਰ ਉਤਰੀ ਅਫ਼ਰੀਕਾ, ਸਪੇਨ, ਸੀਰੀਆ, ਫ਼ਾਰਸ, ਕਾਬਲ ਅਤੇ ਅਫ਼ਗਾਨਿਸਤਾਨ ਆਦਿ ਦੇਸ਼ਾਂ ਵਿਚ ਇਸਲਾਮ ਮਤਿ ਫੈਲਾ ਦਿਤਾ। ਉਪਰੰਤ ਭਾਰਤ ਦੀ ਵਾਰੀ ਆਈ ਅਠਵੀਂ ਸਦੀ ਈਸਵੀ ਦੇ ਆਰੰਭ ਵਿਚ ਭਾਰਤ ਪਰ ਹਮਲੇ ਸ਼ੁਰੂ ਹੋਏ।

ਮਹੰਮਦ ਬਿਨ ਕਾਸਿਮ, ਖਲੀਫ਼ੇ ਦੇ ਸਮੇਂ ਬਸਰੇ ਦੇ ਹਾਕਿਮ ਹਜਾਜ਼ ਦੇ ਸੈਨਾਪਤੀ ਨੇ ੨੧ ਜੂਨ ਸੰਨ ੭੧੨ ਨੂੰ ਮਕਰਾਨ ਔਰ ਬਲੋਚਿਸਤਾਨ ਵਿਚ ਦੀ ਭਾਰਤ ਤੇ ਹਲਾ ਕੀਤਾ। ਜਿਸਨੇ ਚਾਚੇ ਦੇ ਪੁਤਰ ਰਾਜਾ ਦਾਹਰਿ

ਨੂੰ ਮ: ਮਾਰਕੇ ਆਪਣੀ ਰਾਜਧਾਨੀ ਦੇਵਲ ਥਾਪੀ ਔਰ ਸਿੰਧ ਪਰ ਕਬਜ਼ਾ ਕਰ ਲਿਆਲਿਆ। ਕੁਝ ਸਮੇਂ ਪਿਛੋਂ ਸਮੇਰ ਰਾਜਪੂਤਾਂ ਨੇ ਜਾ ਕਬਜ਼ਾ ਕੀਤਾ ਉਪਰੰਤ ੯੮੦:੯੯੬ ਤੋਂ ਲੈ ਕੇ ਮਾਮੂਰਸ਼ੀਦ, ਸੁਬਕਤਗੀਨ ਮਹਿਮੂਦ ਗਜ਼ਨਵੀ ਆਦਿ ਨੇ ਦੇਸ਼ ਸ਼ ਨੂੰ ਖੂਬ ਲੁਟਿਆ ਪੁਟਿਆ। ਮਹਿਮੂਦ ਦਾ ਪਹਿਲਾ ਹਲਾ ਲਾਹੌਰ ਬਠਿੰਡੇ ਆਗਿਦਿ ਸ਼ਹਿਰਾਂ ਪਰ ਸੰਨ ੧੦੦੧ ਵਿਚ ਹੋਇਆ। ਸੰਨ ੧੦੨੪ ਵਿਚ ਇਸ ਨੇ ਸੋਮਸੋਮ ਨਾਥ ਮੰਦਰ ਨੂੰ ਢਾਹ ਕੇ ਲੁਟਿਆ ਇਸ ਨੇ ਭਾਰਤ ਵਿਚ ਸਤਾਰਾਂ ਅਠਾਰਾਂ ਹਮਲੇ ਕਰਕੇ ਲੁਟਾਂ ਖਸੁਟਾਂ ਕੀਤੀਆਂ।

ਇਥੇ ਤਕ ਦੁਰਦਸ਼ਾ ਹੋਈ ਕਿ ਦੋ ਦੋ ਰੁਪਏ ਨੂੰ ਭਾਰਤੀ ਗਜ਼ਨੀ ਲਿਜਾਕੇ ਬੇਚੇ ਗਏ। ਭਾਰਤ ਵਿਚ ਰਾਜਪੂਤ, ਮਰਹੱਟੇ ਆਦਿ ਅਨੇਕਾਂ ਬਹਾਦਰ ਕੌਮਾਂ ਸਨ ਪਰ ਇਤਫ਼ਾਕ ਨਹੀਂ ਕਰ ਸਕੇ। ਜੋ ਮਿਲਕੇ ਬਾਹਰੋਂ ਆਏ ਗਨੀਮਾਂ ਦਾ ਟਾਕਰਾ ਕਰਨਾ ਮੰਦੇ ਕਰਮਾਂ ਨੂੰ ਰਾਜਾ ਪ੍ਰਿਥਵੀ ਚੰਦ ਚੋਹਾਨ ਔਰ ਰਾਜਾ ਜੈ ਚੰਦ ਕਨੌਜ ਦੀ ਲੜਕੀ ਵਟਾਂਦਰੇ ਪਿਛੋਂ ਦੁਸ਼ਮਨੀ ਪਕ ਗਈ। ਚੋਹਾਨ ਅਜਮੇਰ ਦਿਲੀ ਆਦਿ ਦਾ ਰਾਜਾ ਸੀ, ਜੈ ਚੰਦ ਕਨੌਜ ਦਾ। ਇਸ ਨੇ ਸ਼ਹਾਬੁਦੀਨ ਮਹੰਮਦ ਗੌਰੀ ਨੂੰ ਪ੍ਰਿਥਵੀ ਰਾਜ ਪਰ ਹਮਲਾ ਕਰਨ ਦੀ ਸ਼ਹਿ ਦਿਤੀ ਔਰ ਕੁਝ ਦੇਸ਼ ਘਾਤੀ ਪਾਂਡੇ ਲਾਲਚ ਲੈ ਕੇ ਗੌਰੀ ਨੂੰ ਫੌਜ ਅਗੇ ਗਾਈਆਂ ਖੜੀਆਂ ਕਰਕੇ ਜੰਗ ਦੀ ਵਿਉਂਤ ਦਸਦੇ ਰਹੇ ਤਾਕਿ ਹਿੰਦੂ ਲੋਕ ਗਾਈਆਂ ਉਪਰ ਵਾਰ ਨਾ ਕਰਨ। ਪ੍ਰਿਥਵੀ ਰਾਜ ਨੂੰ ਗੌਰੀ ਨੇ ਕਰਨਾਲ ਔਰ ਪਾਨੀਪਤ ਦੇ ਮੈਦਾਨ ਵਿਚ ਸੰਮਤ ੧੨੫੦ (੧੧੯੨) ਨੂੰ ਭਾਰੀ ਹਾਰ ਦਿਤੀ, ਬਾਕੀ ਰਾਜੇ ਚੁਪ ਰਹੇ। ਦੇਸ਼ ਦੇ ਗਦਾਰ ਜੈ ਚੰਦ ਨੂੰ ਪਿਛੋਂ ਪਛਾੜਿਆ। ਇਹ ਸੰਮਤ ੧੨੫੨ (੧੧੯੪) ਨੂੰ ਇਕ ਨਦੀ ਵਿਚ ਡੁਬਕੇ ਮਰ ਗਿਆ। ਜੈ ਚੰਦ ਰਾਠੌਰ ਰਾਜਪੂਤ ਸੀ, ਉਸ ਦਾ ਪਿਛਾ ਕਿਸੇ ਨੇ ਨਾ ਕੀਤਾ। ਦਿਲੀ ਮੁਸਲਮਾਨਾਂ ਦੀ ਰਾਜਧਾਨੀ ਬਣ ਗਈ। ਭਾਰਤੀ ਯਾ ਹਿੰਦੂਆਂ ਦਾ ਰਾਜ ਖਤਮ ਹੋ ਗਿਆ। ਗੌਰੀ ਨੇ ਆਪਣੇ ਗੁਲਾਮ ਸੁਬਕਤਗੀਨ ਐਬਕ ਨੂੰ ਆਪਣਾ ਨਾਇਬ ਥਾਪ ਕੇ ਭਾਰਤ ਪਰ ਕਬਜ਼ਾ ਜਮਾ ਲਿਆ। ਕੋਈ ਚਾਰ ਕੁ ਰਾਜ ਸਾਲ ਕਰਨ ਪਿਛੋਂ ਉਸ ਦਾ ਗੁਲਾਮ ਕੁਤਬਦੀਨ ਐਬਕ ਸੰਨ

੧੨੦੬ ਤੋਂ ੧੨੧੦ ਤਕ ਰਾਜ ਕਰਦਾ ਰਿਹਾ। ਇਹ ਗੁਲਾਮਾਂ ਦਾ ਖਾਨ-ਦਾਨ ਕਹਾਇਆ। ਇਸ ਖਾਨਦਾਨ ਦੇ ਮਗਰ ਪਿਛੇ ਦਸ ਬਾਦਸ਼ਾਹ ਬਣੇ ਜਿਹਾ ਕਿ ਆਰਾਮ ਸ਼ਾਹ, ਸਮਸ਼ਦੀਨ ਅਲਤਮਸ਼, ਰੁਕਨਦੀਨ ਫੀਰੋਜ਼ ਸ਼ਾਹ, ਸੁਲਤਾਨਹ ਰਜ਼ੀਆ, ਬਹਿਰਾਮ ਸ਼ਾਹ ਮੁਇਜ਼ੁਦੀਨ, ਅਲਾਉਦੀਨ ਮਸਊਦ, ਨਾਸਿਰੁਦੀਨ ਮਹਿਮੂਦ, ਗਯਾਸੁਦੀਨ ਬਲਬਨ, ਮੁਇਜ਼ੁਦੀਨ ਕੈਕੂਬਾਦ ਇਹ ਗੁਲਾਮਾਂ ਦੀ ਸਲਤਨਤ ਦਾ ਅੰਤਮ ਬਾਦਸ਼ਾਹ ਸੀ ਜੋ ਸੰਨ ੧੨੯੦ ਤਕ ਰਹੇ।

(੧) ਅਗੇ ਖਿਲਜ ਵਾਸੀ (ਅਫਗਾਨਿਸਤਾਨ) ਖਿਲਜੀ ਖਾਨਦਾਨ ਚਲਿਆ ਇਨ੍ਹਾਂ ਦੇ ਤਿੰਨ ਬਾਦਸ਼ਾਹ ਹੋਏ ਜਿਹਾ ਕਿ ਜਲਾਲੁਦੀਨ ਫੀਰੋਜ਼ ਖਿਲਜੀ, ਅਲਾਉਦੀਨ, ਕੁਤਬਦੀਨ ਮੁਬਾਰਕ ਸ਼ਾਹ ਖਿਲਜੀ, ਇਨ੍ਹਾਂ ਦਾ ਰਾਜ ਸੰਨ ੧੩੨੦ ਵਿਚ ਖਤਮ ਹੋ ਗਿਆ।

(੩) ਅਗੇ ਚਲੇ ਤੁਗਲਕ ਵੰਸੀ ਇਨ੍ਹਾਂ ਦੇ ਅੱਠ ਬਾਦਸ਼ਾਹ ਹੋਏ ਜੈਸਾ ਕਿ ਗਯਾਸੁਦੀਨ, ਮਹੰਮਦ ਸ਼ਾਹ, ਫੀਰੋਜ਼ ਸ਼ਾਹ, ਗਯਾਸੁਦੀਨ, ਨਾਸਿਰੁਦੀਨ ਮਹੰਮਦ ਸ਼ਾਹ, ਹਮਾਯੂੰ, ਮਹੰਮਦ ਸ਼ਾਹ ਇਹ ਖਾਨਦਾਨ ਸੰਨ ੧੪੧੨ ਤਕ ਰਿਹਾ।

(੪) ਅਗੇ ਆਇਆ ਦੌਲਤ ਖਾਂ ਲੋਧੀ ਪਠਾਣ ਇਸ ਨੇ ਸੰਨ ੧੪੧੨ ਤੋਂ ਚੌਦਾਂ ਤਕ ਦੋ ਸਾਲ ਰਾਜ ਕੀਤਾ। ਅਗਲੇ ਬਾਦਸ਼ਾਹ ਸਯਦ ਕਹਾਏ, ਇਹ ਚਾਰ ਬਾਦਸ਼ਾਹ ਹੋਏ ਜੈਸਾ ਕਿ- ਖਿਜ਼ਰਖਾਨ ਸਯਦ, ਮੁਬਾਰਿਕ ਸ਼ਾਹ, ਮਹੰਮਦ ਸ਼ਾਹ, ਅਲਾਉਦੀਨ ਇਹ ਸੰਨ ੧੪੫੦ ਤਕ ਬਾਦਸ਼ਾਹ ਰਹੇ।

(੫) ਫੇਰ ਲੋਧੀ ਪਠਾਣਾਂ ਦਾ ਰਾਜ ਹੋ ਗਿਆ। ਇਹ ਤਿੰਨ ਬਾਦਸ਼ਾਹ ਹੋਏ। ੧੪੫੦ ਤੋਂ ਸੰਨ ੧੫੨੬ ਤਕ ਰਹੇ ਜਿਹਾ ਕਿ ਬਹਿਲੋਲ ਖਾਂ ਲੋਧੀ, ਸਿਕੰਦਰ ਸ਼ਾਹ, ਇਬਰਾਹੀਮ ਹੁਸੈਨ ਲੋਧੀ, ਇਸ ਨੂੰ ੧੫੨੬ ਵਿਚ ਬਾਬਰ ਸ਼ਾਹ ਮੁਗਲ ਨੇ ਹਾਰ ਦਿਤੀ। ਇਸ ਥੀਂ ਅਗੇ ਮੁਗਲ ਸ਼ਾਹੀ ਚਲੀ। ਬਾਬਰ ਨੇ ਸੰਨ ੧੫੨੬ ਤੋਂ ਤੀਸ ਤਕ ਚਾਰ ਸਾਲ ਰਾਜ ਕੀਤਾ।

ਬਾਬਰ ਦੇ ਪੁਤਰ ਹਮਾਯੂੰ ੧੫੩੦ ਤੋਂ ੧੫੫੬ ਤਕ ਦਾ ਬਾਦਸ਼ਾਹ

ਮੰਨਿਆ ਹੈ ਪਰ ਇਸ ਨੂੰ ੧੫੪੦ ਸ਼ੇਰਸ਼ਾਹ ਸੂਰੀ ਪਠਾਣ ਨੇ ਹਾਰ ਦਿਤੀ ਔਰ ਮੁੜ ੧੫੫੦ ਵਿਚ ਹਮਾਯੂੰ ਗਦੀ ਪਰ ਆਇਆ ਸੀ।

ਸ਼ੇਰਸ਼ਾਹ ੧੫੪੦ ਤੋਂ ਪੰਤਾਲੀ ਤਕ ਰਿਹਾ ਇਸ ਦੇ ਪਿਛੋਂ ਸਲੀਮ ਸ਼ਾਹ ਸੂਰੀ, ਮਹੰਮਦ ਸ਼ਾਹ ਆਦਿਲ ਸੰਨ ੧੫੫੬ ਤਕ ਸੂਰੀ ਖਾਨਦਾਨ ਰਹੇ। ਅਗੇ ਮੁਗਲਾਂ ਦਾ ਰਾਜ ਆ ਗਿਆ। ਇਹ ਲਗਾਤਾਰ ਤੇਰਾਂ ਚੌਦਾਂ ਬਾਦਸ਼ਾਹ ਰਹੇ ਜਿਹਾ ਕਿ ਜਲਾਲੁਦੀਨ ਮਹੰਮਦ ਅਕਬਰ, ਨੂਰਦੀਨ ਮਹੰਮਦ ਜਹਾਂਗੀਰ ਸ਼ਾਹਬੁਦੀਨ ਮਹੰਮਦ ਸ਼ਾਹ ਜਹਾਂ, ਮੁਹੀਯੁਦਦੀਨ ਮਹੰਮਦ ਔਰੰਗਜ਼ੇਬ ਆਲਮਗੀਰ, ਮੁਅੱਜਮ ਬਹਾਦਰ ਸ਼ਾਹ, ਜਹਾਂਦਾਰ ਸ਼ਾਹ, ਫਰਰੁਖਸਿਯਰ, ਮਹੰਮਦ ਸ਼ਾਹ, ਅਹਮਦ ਸ਼ਾਹ, ਆਲਮਗੀਰ, ਸ਼ਾਹ ਆਲਮ ਇਸ ਦੇ ਪਰਸਪਰ ਸਮੇਂ ਕਾਫੀ ਖੋਹਾ ਖਿੰਜੀ ਹੋਈ।

ਕਈ ਕੁ ਦਿਲੀ ਦਾ ਤਖਤ ਭੀ ਮਲਦੇ ਰਹੇ, ਪਰ ਪੂਰਾ ਬਾਦਸ਼ਾਹ ਕੋਈ ਨਾ ਬਣਿਆ। ਪਾਟੋ ਧਾੜ ਕਰਕੇ ਅੰਗਰੇਜ਼ਾਂ ਦਾ ਦਾਉ ਲਗ ਗਿਆ। ਬਹਾਦਰ ਸ਼ਾਹ ਇਹ ਮੁਗਲਾਂ ਦਾ ਅੰਤਮ ਬਾਦਸ਼ਾਹ ਸੀ ਔਰ ਨਾਮ ਮਾਤਰ ਹੀ ਸੀ। ਇਸ ਨੂੰ ਅੰਗਰੇਜ਼ਾਂ ਨੇ ਸੰਨ ੧੮੫੭ (੧੯੧੪) ਦੇ ਗਦਰ ਦਾ ਦੋਸ਼ੀ ਠਹਿਰਾਕੇ ਦੇਸ਼ ਨਿਕਾਲਾ ਦੇ ਕੇ ਰੰਗੂਨ (ਬਰਮਾ) ਜਾ ਕੈਦ ਕੀਤਾ ਜਿਥੇ ਕਿ ਇਹ ਸੰਨ ੧੮੬੨ ਵਿਖੇ ਮਰ ਗਿਆ। ਮੁਗਲ ਸ਼ਾਹੀ ਨਾਲ ਮੁਸਲਮਾਨਾਂ ਦਾ ਰਾਜ ਭਾਰਤ ਵਿਚੋਂ ਖਤਮ ਹੋ ਗਿਆ "ਇਸ ਤਰ੍ਹਾਂ ੭੧੨ ਤੋਂ ਲੈ ਕੇ ਸੰਨ ੧੮੫੭ ਤਕ ਭਾਰਤੀ ਗੁਲਾਮੀ ਕਟਦੇ ਰਹੇ ਉਪਰੰਤ ਅੰਗ੍ਰੇਜ਼ਾਂ ਦੀ ਗੁਲਾਮੀ ਦੀ ਛੱਟ ਟਿਕ ਗਈ ਜੋ ੧੯੪੭ ਤਕ ਟਿਕੀ ਰਹੀ।"

ਸਿੱਖ ਅਤੇ ਮੁਗਲ-ਸ਼ਾਹੀ

ਮੁਗਲ ਬਾਦਸ਼ਾਹ ਬਾਬਰ ਨੇ ਕਾਬਲ ਆਦਿ ਫਤਹ ਕਰਕੇ ਸੰਮਤ ੧੫੭੮ ਨੂੰ ਸੈਦਪੁਰ [ਏਮਨਾਬਾਦ] ਭਾਰਤ ਪਰ ਹਮਲਾ ਕੀਤਾ। ਬਾਬਰ ਦੇ ਹਮਲੇ ਬਾਰੇ ਗੁਰਬਾਣੀ ਵਿਚ ਜ਼ਿਕਰ ਹੈ ਜਿਹਾ ਕਿ ਆਸਾ ਔਰ ਤਿਲੰਗ ਰਾਗੁ ਵਿਚ ਮਹਲੇ ਪਹਿਲੇ ਦੇ ਸ਼ਬਦ ਹਨ— "ਪਾਪ ਕੀ ਜੰਞ ਲੈ ਕਾਬਲਹੁ

ਧਾਇਆ।" ਇਹ ਭਵਿਖਤ ਵਾਕ ਭਾਈ ਲਾਲੋ ਨੂੰ ਸੰਬੋਧਨ ਕੀਤੇ ਸਨ ਹਮਲੇ ਦੇ ਮੌਕੇ ਪਰ ਗੁਰੂ ਜੀ ਪਹਿਲਾਂ ਪਹੁੰਚੇ ਸਨ। ਅਖੀਂ ਵੇਖੇ ਹਾਲ ਭੀ ਦਸੇ ਹਨ। ਜਿਹਾ ਕਿ "ਖੁਰਾਸਾਨ ਖਸੁਮਾਨਾ ਕੀਆ" ਆਦਿ ਸ਼ਬਦ ਹਨ। ਗੁਰੂ ਜੀ ਬਾਬਰ ਦੀ ਕੈਦ ਵਿਚ ਭੀ ਰਹੇ ਔਰ ਮੁਲਾਕਾਤ ਭੀ ਹੋਈ। ਗੁਰੂ ਜੀ ਨੇ ਬਾਬਰ ਨੂੰ ਧਰਮ ਉਪਦੇਸ਼ ਦਿਤਾ ਔਰ ਰਾਜ ਕਰਮ ਸਮਝਾਏ। ਸਤਿਗੁਰੂ ਜੀ ਇਬਰਾਹੀਮ ਲੋਧੀ ਦੀ ਹਕੂਮਤ ਸਮੇਂ ਪ੍ਰਗਟੇ ਸਨ। ਉਸ ਸਮੇਂ ਲੋਧੀ ਪਠਾਣ ਅਤਿ ਦਾ ਜ਼ੁਲਮ ਕਰਦੇ ਸਨ। ਸ਼ਾਹ ਬਾਬਰ ਨੇ ਸੰਮਤ ੧੫੮੪ ਵਿਚ ਇਬਰਾਹੀਮ ਲੋਧੀ ਨੂੰ ਜੰਗ ਵਿਚ ਮਾਰਕੇ ਮੁਗਲ ਸ਼ਾਹੀ ਦੀ ਨੀਂਹ ਰਖੀ। ਇਧਰ ਸਤਿਗੁਰੂ ਨਾਨਕ ਦੇਵ ਜੀ ਨੇ ਸਿਖ ਧਰਮ ਅਥਵਾ ਸਿਖ ਸ਼ਾਹੀ ਦੀ ਬੁਨਿਆਦ ਧਰੀ। ਇਸੀ ਭਾਵਨਾ ਨਾਲ ਲਿਖਿਆ ਮਿਲਦਾ ਹੈ 'ਬਾਤੇ ਕੇ ਬਾਬਰ ਕੇ ਦੋਊ" ਇਹ ਹਵਾਲ ਬੱਚਿਤਰ ਨਾਟਕ ਵਿਚ ਆਉਂਦੇ ਹਨ। ਪਾਠਕਾਂ ਦੀ ਗਿਆਤ ਵਾਸਤੇ ਮੁਗਲ ਬਾਦਸ਼ਾਹਾਂ ਦਾ ਸੰਖੇਪ ਹਾਲ ਅਗੇ ਦਿਤਾ ਜਾਂਦਾ ਹੈ। ਜਿਨ੍ਹਾਂ ਨਾਲ ਸਿਖਾਂ ਦਾ ਵਾਸਤਾ ਵਧ ਪਿਆ।

ਬਾਬਰ ਦਾ ਅਸਲ ਨਾਮ ਜ਼ਹੀਰੁਦੀਨ ਮਹੰਮਦ ਬਾਬਰ ਸੀ। ਇਹ ਸ਼ਾਹ ਤੈਮੂਰ ਦੀ ਛੀਵੀਂ ਪੀੜੀ ਵਿਚ ਮਿਰਜ਼ਾ ਉਮਰ ਸ਼ੇਖ ਦਾ ਪੁਤਰ ਸੀ। ਇਸ ਦੀ ਮਾਤਾ ਚੁਗਤਾਈ ਖਾਂ (ਚੰਗੇਜ਼ ਖਾ ਦੇ ਪੁਤਰ) ਦੇ ਖਾਨਦਾਨ ਵਿਚੋਂ ਮਹਿਮੂਦ ਖਾਂ ਮੁਗਲ ਦੀ ਭੈਣ ਸੀ, ਜਿਸ ਕਰਕੇ ਇਨ੍ਹਾਂ ਦੀ ਉਪਾਧੀ ਮੁਗਲ ਯਾ ਚੁਗਤੇ ਹੋਈ। ਬਾਬਰ ਚਾਰ ਕੁ ਸਾਲ ਰਾਜ ਕਰਕੇ ੨੬ ਦਸੰਬਰ ਸੰਨ ੧੫੩੦ (੧੫੮੮ ਸੰਮਤ) ਨੂੰ ਆਗਰ ਵਿਖੇ ਕਾਲ ਵਸ ਹੋ ਗਿਆ ਸੀ। ਬਾਬਰ ਦਾ ਪ੍ਰਣ ਔਰ ਵਸੀਹਤ ਸੀ ਕਿ ਉਹ ਔਰ ਉਸ ਦੀ ਵੰਸ਼ ਗੁਰੂ ਘਰ ਨਾਲ ਮਿਲ ਵਰਤੋਂ ਰਖੇਗੀ। ਬਾਦਸ਼ਾਹ ਅਕਬਰ ਤੀਕ ਇਸ ਅਨੁਸਾਰ ਲਗ ਪਗ ਵਰਤੋਂ ਭੀ ਹੋਈ। ਸਿਖਾਂ ਨੂੰ ਐਸਾ ਕੋਈ ਦੁਖ ਨਹੀਂ ਦਿਤਾ। ਬਲਕਿ ਅਕਬਰ ਗੁਰੂ ਘਰ ਨਾਲ ਪ੍ਰੇਮ ਭੀ ਰਖਦਾ ਸੀ।

ਹਮਾਯੂੰ ਇਹ ਬਾਬਰ ਦਾ ਵਡਾ ਪੁਤਰ ਸੀ ਇਹ ਸੰਨ ੧੫੩੦ ਵਿਚ

ਆਗਰੇ ਤਖਤ ਪਰ ਬੈਠਿਆ। ਇਸ ਨੂੰ ੧੫੪੦ ਵਿਚ ਸ਼ੇਰ ਖਾਨ ਪਠਾਣ ਨੇ ਸਿਕਸ਼ਤ ਦਿਤੀ। ਇਹ ਦੂਜੇ ਗੁਰੂ ਜੀ ਦੀ ਸ਼ਰਨ ਵਿਚ ਖੰਡੂਰ ਗਿਆ ਅਤਿ ਆਜਿਜ਼ ਹੋਣ ਕਰ ਗੁਰੂ ਜੀ ਨੇ ਇਸ ਨੂੰ ਅਸ਼ੀਰਵਾਦ ਦਿਤੀ ਉਪਰੰਤ ਫ਼ਾਰਸ ਜਾ ਰਿਹਾ। ਈਰਾਨੀ ਫੌਜਾਂ ਦੀ ਮੱਦਦ ਨਾਲ ਮੁੜ ਸੰਨ ੧੫੫੫ ਵਿਚ ਤਖਤ ਪਰ ਬੈਠਿਆ। ਛੀ ਕੁ ਮਹੀਨੇ ਰਾਜ ਕਰਕੇ ਪੌੜੀਆਂ ਤੋਂ ਡਿਗਕੇ ਸੰਨ ੧੫੫੬ ਵਿਚ ਕਾਲ ਵਸ ਹੋ ਗਿਆ, ਦਿਲੀ ਵਿਚ ਇਸ ਦਾ ਮਕਬਰਾ ਹੈ।

ਨੋਟ— ਸ਼ੇਰ ਸ਼ਾਹ ਸਹਿਰਾਮ ਦੇ ਜਾਗੀਰਦਾਰ ਹਸਨ ਖਾਂ ਪਠਾਣ ਦਾ ਪੁਤਰ ਔਰ ਇਬਰਾਹੀਮ ਖਾਂ ਦਾ ਪੋਤਰਾ ਸੀ। ਇਸ ਨੇ ਕਨੌਜ ਦੀ ਜੰਗ ਵਿਚ ਸੰਨ ੧੫੪੦ ਵਿਚ ਹਮਾਯੂੰ ਨੂੰ ਭਜਾਕੇ ਰਾਜ ਸੰਭਾਲ ਲਿਆ। ੧੫੪੨ ਵਿਖੇ ਤਖਤ ਪਰ ਬੈਠਕੇ ਸੰਨ ੧੫੪੫ ਵਿਚ ਚਲਾਣੇ ਕਰ ਗਿਆ ਸੀ।

ਹਮਾਯੂੰ ਦੇ ਮਰਨੇ ਪਿਛੋਂ ਅਕਬਰ ਪੌਣੇ ਕੁ ਚੌਦਾ ਸਾਲਾਂ ਦੀ ਉਮਰ ਵਿਚ ਰਾਜ ਗਦੀ ਪਰ ਬੈਠਿਆ, ਪਰ ਪੂਰੀ ਹਕੂਮਤ ਸੰਨ ੧੬੧੭ ਵਿਚ ਸੰਭਾਲੀ। ਇਸ ਨੇ ਰਾਜਪੂਤਾਂ ਨਾਲ ਰਿਸ਼ਤੇ ਗੰਢੇ। ਸੰਨ ੧੬੨੪ ਵਿਚ ਇਸ ਨੇ ਚਿਤੌੜ ਗੜ੍ਹ ਪਰ ਹੱਲਾ ਕੀਤਾ। ਮੇਵਾੜ ਦੇ ਰਾਜਪੂਤ ਰਈਸ ਡਟਕੇ ਲੜੇ। ਦਸਿਆ ਹੈ ਜੰਗ ਵਿਚ ਮਰਿਆਂ ਦੇ ਜਨੇਉ ੭੪॥ ਸਾਢੇ ਚੁਰੱਤਰ ਮਣ ਜੋਖੇ ਗਏ ਸਨ। ਅਜ ਤਕ ਬਹੀਆਂ ਦੇ ਇਹ ਅੰਗ ਲੇਖੇ ਸਮੇਂ ਮਹਾਜਨ ਪਾਉਂਦੇ ਹਨ। ਜੈਮਲ ਫੱਤੇ ਦੀ ਸੂਰਮਤਾ ਦੀਆਂ ਵਾਰਾਂ ਰਾਜਪੂਤ ਲਾਉਂਦੇ ਹਨ। ਅਕਬਰ ਨੇ ਹਿਦੂਆਂ ਤੇ ਜਜ਼ੀਆ ਔਰ ਤੀਰਥ ਟੈਕਸ ਲੈਣਾ ਬੰਦ ਕਰ ਦਿਤਾ ਸੀ। ਸਤੀ ਰਸਮ ਔਰ ਪੁਰਾਣੀ ਰਸਮਾਂ ਜੋ ਨੁਕਸਾਨ ਦੇਹ ਸਨ ਰੋਕ ਕੇ ਕਾਫ਼ੀ ਸੁਧਾਰ ਭੀ ਕੀਤਾ ਸੀ।

ਅਕਬਰ ਆਪ ਨੂੰ ਧਾਰਮਿਕ ਖਲੀਫ਼ਾ ਮੰਨਦਾ ਸੀ। ਇਸ ਨੇ "ਦੀਨੇ ਇਲਾਹੀ" ਨਿਆਂ ਫ਼ਿਰਕਾ ਕਾਇਮ ਕਰਕੇ ਹਿੰਦੂਆਂ ਨਾਲ ਏਕਤਾ ਕੀਤੀ "ਅਲਾ ਹੂ ਅਕਬਰ" ਸਾਰੇ ਕਹਿੰਦੇ ਹਨ। ਇਹੋ ਮਿਲਣੀ ਦਾ ਬੋਲਾ ਸੀ। ਆਗਰੇ ਦਾ ਨਾਮ ਇਸਨੇ ਅਕਬਰਾਬਾਦ ਰਖਿਆ ਸੀ। ਇਸਨੇ ਦੇਸ਼ ਦੇ

ਅਠਾਰਾਂ ਸੂਬੇ ਬਣਾਏ। ਕਾਇਦੇ ਮੂਜਬ ਇਹ ਭਾਰਤ ਦਾ ਸ਼ਹਿਨਸ਼ਾਹ ਸੀ। ਰਾਮਾਯਣ ਦਾ ਤੁਲਸੀ ਦਾਸ ਇਸੇ ਦੇ ਸਮੇਂ ਹੋਇਆ ਔਰ ਪ੍ਰਸਿਧ ਗਵਈਆ ਤਾਨਸੇਨ ਦਰਬਾਰੀ ਸੀ। ੧੬ ਅਕਤੂਬਰ ਸੰਨ ੧੬੦੫ (ਸੰਮਤ ੧੬੬੩) ਨੂੰ ਇਸ ਨੇ ਚਲਾਣਾ ਕੀਤਾ।

ਜਹਾਂਗੀਰ ਅਕਬਰ ਦਾ ਪੁਤਰ ਜੋ ਹਿੰਦਣੀ ਦੇ ਪੇਟੋਂ ਸਲੀਮ ਨਾਮ ਸੇ ਹੋਇਆ ਸੀ। ਮੁਲਾਣਿਆ ਨਾਲ ਇਹ ਇਕਰਾਰ ਕਰਕੇ ਸੰਨ ੧੬੦੫ ਵਿਚ ਤਖਤ ਪਰ ਬੈਠਿਆ ਕਿ ਅਕਬਰ ਦੀ ਹਿੰਦੂਆਂ ਨੂੰ ਦਿਤੀ ਰਿਆਇਤਾਂ ਬੰਦ ਕਰਕੇ ਇਸਲਾਮੀ ਸ਼ਰਾ ਦਾ ਪ੍ਰਚਾਰ ਕਰੇਗਾ। ਮੁਲਾਣਿਆਂ ਨੇ ਇਸ ਨੂੰ ਗਾਜ਼ੀ ਹੋਣ ਦਾ ਖਿਤਾਬ ਦਿਤਾ। ਪੰਚਮ ਗੁਰੂ ਅਰਜਨ ਦੇਵ ਜੀ ਨੂੰ ਇਸਨੇ ਮਜ਼ਬੀ ਈਰਖਾ ਨਾਲ ਕਤਲ ਕਰਵਾਇਆ ਇਸ ਨੇ ਅੰਗ੍ਰੇਜ਼ਾਂ ਨੂੰ ਭਾਰਤ ਵਿਚ ਰਹਿਣ ਹਿਤ ਬਹੁਤ ਰਿਆਇਤਾਂ ਦਿਤੀਆਂ। ਇਸ ਨੇ ਆਪਣੇ ਪੁਤਰ ਖੁਸਰੋ ਨੂੰ ਬੁਰੀ ਤਰ੍ਹਾਂ ਮਰਵਾਇਆ ਇਸ ਨੇ ਸ਼ੇਰ ਅਫ਼ਗਾਨ ਖਾਂ ਨੂੰ ਮਰਵਾਕੇ ਉਸ ਦੀ ਇਸਤਰੀ ਨੂਰਜਹਾਂ ਨਾਲ ਨਿਕਾਹ ਕੀਤਾ। ਇਹ ਸੰਮਤ ੧੬੮੪ ਨੂੰ ਕਸ਼ਮੀਰ ਤੋਂ ਵਾਪਿਸ ਆਉਂਦਾ ਮਰ ਗਿਆ ਸੀ। ਲਾਹੌਰ ਵਿਖੇ ਮਕਬਰਾ ਹੈ।

ਨੋਟ— ਇਥੇ ਇਹ ਸਮਝਣਾ ਜ਼ਰੂਰੀ ਹੈ ਕਿ ਪੰਚਮ ਗੁਰੂ ਜੀ ਦੇ ਕਤਲ ਕਰਵਾਉਣ ਕਰਕੇ ਮੁਗਲ ਸ਼ਾਹੀ ਦੇ ਜ਼ੁਲਮਾ ਦਾ ਟਾਕਰਾ ਕਰਨ ਵਾਸਤੇ ਸਿਖਾਂ ਨੇ ਪ੍ਰਣ ਕਰ ਲਿਆ। ਮੁਗਲ ਹਾਕਮ ਸਿਖਾਂ ਪਰ ਅਤਿ ਦਾ ਜ਼ੁਲਮ ਕਰਦੇ ਰਹੇ। ਸਿਖਾਂ ਨੇ ਕੁਰਬਾਨੀਆਂ ਦੇਣਾ ਆਪਣਾ ਧਰਮ ਬਣਾ ਲਿਆ। ਡਟਕੇ ਜ਼ੁਲਮ ਔਰ ਧਰਮ ਦਾ ਟਾਕਰਾ ਹੁੰਦਾ ਰਿਹਾ। ਲੱਖਾਂ ਸਿੰਘ ਸ਼ਹੀਦੀਆਂ ਪਾਉਂਦੇ ਰਹੇ।

ਸ਼ਾਹ ਜਹਾਨ ਜਹਾਂਗੀਰ ਦੇ ਮਰਨ ਪਿਛੋਂ ਸੰਨ ੧੬੨੮ ਪਰ ਤਖਤ ਪਰ ਬੈਠਿਆ। ਇਸ ਨੇ ੧੬੩੧ ਨੂੰ ਦਿਲੀ ਵਿਚ ਇਲਾਕਾ ਸ਼ਾਹਜਹਾਨ ਪੁਰਾ ਆਬਾਦ ਕੀਤਾ। ਇਮਾਰਤਾਂ ਪਰ ਕਰੋੜਾਂ ਰੁਪਿਆ ਖਰਚ ਕੀਤਾ। ਇਸ ਦਾ ਸੱਤ ਕਰੋੜ ਦਸ ਲਖ ਰੁਪਏ ਨਾਲ 'ਤਖਤ ਤਾਊਸ' ਬਣਿਆ ਸੀ। ਕੋਹਨੂਰ

ਹੀਰਾ ਇਸ ਨੂੰ ਮੀਰਾ ਜੀਮਾਲ ਨੇ ਦਿਤਾ ਸੀ। ਇਸ ਨੇ ਛੀਵੇਂ ਗੁਰੂ ਜੀ ਨਾਲ ਕਈ ਜੰਗ ਲੜੇ ਅੰਤ ਹਾਰ ਗਿਆ ਸੀ। ਇਸ ਦੇ ਬੇਟੇ ਔਰੰਗਜ਼ੇਬ ਨੇ ਇਸ ਨੂੰ ਸਤ ਸਾਲ ਕੈਦ ਰੱਖਕੇ ਮਰਵਾਇਆ। ਇਹ ਸਮਾਂ ੧੬੫੮ ਦਾ ਸੀ। ਸ਼ਾਹ ਜਹਾਨ ੧੬੬੬ ਈ: (ਸੰਮਤ ੧੭੨੩) ਨੂੰ ਸਤ ਸਾਲ ਕੈਦ ਵਿਚ ਦੁਖੀ ਹੋ ਕੇ ਪ੍ਰਾਣ ਛਡ ਗਿਆ।

ਔਰੰਗਜ਼ੇਬ ਸੰਨ ੧੬੫੮ ਵਿਚ ਆਪਣੇ ਪਿਤਾ ਸ਼ਾਹਜਹਾਨ ਨੂੰ ਕੈਦ ਕਰਕੇ ਤਖਤ ਪਰ ਬੈਠਿਆ। ਇਹ ਬੜਾ ਜ਼ਾਲਮ ਔਰ ਮਤੱਸਬੀ ਬਾਦਸ਼ਾਹ ਸੀ। ਇਸ ਨੇ ਮੁਸਲਮਾਨਾਂ ਪਾਸੋਂ "ਮਹੀਉਦੀਨ" ਪਦਵੀ ਪ੍ਰਾਪਤ ਕੀਤੀ। ਹਿੰਦੂਆਂ ਦੇ ਮੰਦਰ ਢਹਾ ਕੇ ਮਸੀਤਾਂ ਬਣਾਈਆਂ। ਇਸ ਨ ਅਕਬਰ ਦਾ ਹਟਾਇਆ ਜਜ਼ੀਆ ਹਿੰਦੂਆਂ ਪਰ ਫਿਰ ਲਗਾ ਦਿਤਾ। ਇਸ ਦਾ ਪੂਰਾ ਖਿਤਾਬ ਅਬੂਜ਼ਫਰ ਮਹੀਉਦੀਨ ਮਹੰਮਦ ਔਰੰਗਜ਼ੇਬ ਸੀ। ਰਾਗ ਵਿਦਿਯਾ ਦਾ ਪੱਕਾ ਵੈਰੀ ਸੀ। ਨੌਮੇਂ ਗੁਰੂ ਤੇਗਬਹਾਦਰ ਜੀ ਨੂੰ ਇਸ ਨ ਮਜ਼ਬੀ ਈਰਖਾ ਨਾਲ ਕਤਲ ਕਰਵਾਇਆ। ਇਸ ਨੇ ਆਪ ਨੂੰ ਆਲਮਗੀਰ ਬਾਦਸ਼ਾਹ ਕਹਾਇਆ। ਇਹ ਸੁੰਨੀ ਫਿਰਕੇ ਦਾ ਕਟਰ ਸ਼ਰਈ ਮੁਲਾਣਾ ਸੀ।

ਸੰਨ ੧੭੦੭ (ਸੰਮਤ ੧੭੬੩) ਵਿਚ ਇਹ ਅਹਮਦਾਬਾਦ ਦਖਣ ਵਿਚ ਮਰਿਆ।

ਬਹਾਦਰ ਸ਼ਾਹ ਔਰੰਗਜ਼ੇਬ ਦਾ ਵੱਡਾ ਪੁਤ੍ਰ ਸੀ ਇਸ ਦਾ ਮੁਢਲਾ ਨਾਮ ਮੁਅੱਜ਼ਮ ਯਾ ਸ਼ਾਹ ਆਲਮ ਸੀ। ਇਹ ੧੭੦੭ ਵਿਚ ਦਿੱਲੀ ਦੇ ਤਖਤ ਪਰ ਬੈਠਿਆ। ਨਾਮ ਬਹਾਦਰ ਸ਼ਾਹ ਰਖਵਾ ਲਿਆ। ਇਹ ਸੰਨ ੧੭੧੨ ਵਿਚ ਮਰ ਗਿਆ। ਬੰਦਾ ਬਹਾਦਰ ਨੇ ਇਸ ਦੇ ਸਮੇਂ ਕਈ ਜੰਗ ਕੀਤੇ ਸਨ ਪਰ ਰਾਜ ਦਾ ਚੰਗਾ ਇੰਤਜ਼ਾਮ ਨਹੀਂ ਕਰ ਸਕਿਆ।

ਬਹਾਦਰ ਸ਼ਾਹ ਦੇ ਪੁਤ੍ਰ ਜਹਾਂਦਾਰ ਖਾਂ ਨੇ ਭਰਾਵਾਂ ਨੂੰ ਮਾਰਕੇ ਸੰਨ ੧੭੧੨ ਵਿਚ ਲਾਹੌਰ ਵਿਚ ਰਾਜ ਗੱਦੀ ਮੱਲੀ ਇਹ ਅਤਿ ਦਾ ਜ਼ਾਲਮ ਸੀ। ਇਸ ਨੂੰ ਫਰਰੁਖ ਸਿਯਰ ਨੇ ਮਾਰ ਕੇ ਸੰਨ ੧੭੧੩ (੧੭੭੧ ਸੰਮਤ) ਨੂੰ ਰਾਜ ਸੰਭਾਲ ਲਿਆ।

ਇਹ ਔਰੰਗਜ਼ੇਬ ਦਾ ਪੋਤ੍ਰਾ ਸੀ। ਇਸ ਨੇ ਸਿਖਾਂ ਪਰ ਬੇਅੰਤ ਜ਼ੁਲਮ ਢਾਹੇ, ਬੰਦਾ ਬਹਾਦਰ ਔਰ ਉਸ ਦੇ ਸਾਥੀ ਅਤਿ ਬੇਰਹਿਮੀ ਨਾਲ ਕਤਲ ਕੀਤੇ ਸਨ। ੧੭੧੯ (੧੭੧੬) ਨੂੰ ਅਬਦੁੱਲਾ ਖਾਂ ਦੇ ਭਾਈ ਹੁਸੈਨ ਅਲੀ ਨੇ ਮਰਹਟਿਆਂ ਦੀ ਮਦਦ ਨਾਲ ਕਤਲ ਕੀਤਾ।

ਸ਼ਾਹ ਆਲਮ ਔਰੰਗਜ਼ੇਬ ਦਾ ਪੁਤਰ ਜਿਸ ਦਾ ਨਾਮ ਅਲੀ ਮੌਹਰ ਸੀ। ਇਹ ਸੰਨ ੧੭੬੦ ਵਿਚ ਦਿਲੀ ਦੇ ਤਖਤ ਪਰ ਬੈਠਿਆ ਇਸ ਨੇ ਸੰਨ ੧੭੬੫ ਵਿਚ ਅੰਗ੍ਰੇਜ਼ੀ ਈਸਟ ਇੰਡੀਆ ਕੰਪਨੀ ਨੂੰ ਬੰਗਾਲ, ਬਿਹਾਰ ਔਰ ਉੜੀਸੇ ਦੇ ਦੀਵਾਨੀ ਅਖਤਿਆਰ ਦੇ ਕੇ ਮਜ਼ਬੂਤ ਕਰ ਦਿਤਾ। ਅੰਗ੍ਰੇਜ਼ਾਂ ਦਾ ਵਜ਼ੀਫ਼ਾ ਖ਼੍ਵਾਰ ਹੋ ਗਿਆ। ਇਸ ਨੇ ਭਾਰਤ ਦੀ ਸ਼ਾਹੀ ਅੰਗ੍ਰੇਜ਼ਾ ਨੂੰ ਦਿਤੀ। ਉਪ੍ਰੰਤ ਮਰਹਟਿਆਂ ਨਾਲ ਮਿਲ ਗਿਆ, ਗੁਲਾਮ ਕਾਦਰ ਰੁਹੇਲੇ ਨੇ ਇਸ ਦੀਆਂ ਅਖਾਂ ਨਿਕਲਵਾ ਦਿਤੀਆਂ। ਇਹ ਨਾਮ ਮਾਤ੍ਰ ਦਿਲੀ ਦਾ ਬਾਦਸ਼ਾਹ ਰਿਹਾ ਔਰ ਸੰਨ ੧੮੦੬ ਵਿਚ ਮਰ ਗਿਆ।

ਬਹਾਦਰ ਸ਼ਾਹ ਦੂਸਰਾ ਭਾਵ ਦਿਲੀ ਦਾ ਅੰਤਮ ਮੁਗਲ ਬਾਦਸ਼ਾਹ ਇਹ ਅਕਬਰ ਸ਼ਾਹ ਦਾ ਬੇਟਾ ਸੀ। ਐਸ਼ੀ ਬੰਦਾ ਸੀ ਇਸ ਨੂੰ ਲੋਕੀ ਰੰਗੀਲਾ ਬਾਦਸ਼ਾਹ ਕਹਿੰਦੇ ਸਨ। ੧੮੫੭ ਦੇ ਗ਼ਦਰ ਵਿਚ ਇਸ ਨੂੰ ਸਾਜ਼ਸ਼ੀ ਠਹਿਰਾਕੇ ਅੰਗ੍ਰੇਜ਼ਾਂ ਨੇ ਇਕ ਲਖ ਰੁਪਿਆ ਮਾਹਵਾਰੀ ਪਿਨਸ਼ਨ ਦੇ ਕੇ ਸੰਨ ੧੮੫੮ ਵਿਚ ਦਿਲੀ ਤੋਂ ਰੰਗੂਨ (ਬਰਮਾ) ਵਿਚ ਦੇਸ਼ ਤੋਂ ਬਾਹਰ ਕਰ ਦਿਤਾ ਇਥੇ ਉਹ ਸਤ ਨਵੰਬਰ ਸੰਨ ੧੮੬੨ ਨੂੰ ਕਾਲਵਸ ਹੋ ਗਿਆ।

ਇੰਗਲੈਂਡ ਅਤੇ ਭਾਰਤ ਸੰਬੰਧ

ਇੰਗਲੈਂਡ ਨਾਮ ਦਾ ਦੇਸ਼ ਯੂਰਪ ਦੇ ਉਤਰ ਪੱਛਮ ਵਿਚ ਹੈ। ਤ੍ਰਿਕੋਣ ਦੀ ਸ਼ਕਲ ਦਾ ਹੈ ਇਸ ਦਾ ਰਕਬਾ ਪੰਜਾਹ ਹਜ਼ਾਰ ਅਠ ਸੌ ਚੁਹੱਤਰ ਮਰੱਬਾ ਮੀਲ ਹੈ। ਸਕਾਟ ਲੈਂਡ, ਵੇਲਜ਼ ਔਰ ਆਇਰ ਲੈਂਡ ਨੂੰ ਰਲਾਕੇ ਸਮੁਚਾ ਦੇਸ਼ ਹੁੰਦਾ ਹੈ ਜਿਸ ਦਾ ਰਕਬਾ ਇਕ ਲਖ ਇਕੀ ਹਜ਼ਾਰ ਸਤਾਈ ਵਰਗ ਮੀਲ ਹੈ। ਪੰਜ ਕੁ ਕਰੋੜ ਦੇ ਗਿਰਦੇ ਮਨੁਖਾਂ ਦੀ ਵਸੋਂ ਰਹਿੰਦੀ ਹੈ।

ਇਨ੍ਹਾਂ ਦਾ ਧਰਮ ਈਸਾਈ ਹੈ। ਦੋ ਵਡੇ ਫਿਰਕੇ ਹਨ ਰੋਮਨ ਕੈਥਲਕ ਔਰ ਪ੍ਰੋਟੈਸਟੰਟ। ਇਹ ਦੇਸ਼ ਪੰਜਾਹ ਕੁ ਪਰਗਨਿਆਂ ਵਿਚ ਵੰਡਿਆ ਹੈ। ਰਾਜਧਾਨੀ ਲੰਡਨ ਹੈ ਜਿਥੇ ਕਿ ਸੱਤਰ ਅੱਸੀ ਲਖ ਦੀ ਵਸੋਂ ਹੈ।

ਇੰਗਲੈਂਡ ਵਾਲਿਆਂ ਨੇ ਤਰੱਕੀ ਕਰਕੇ ਇਕ ਵਾਰ ਧਰਤੀ ਦਾ ਚੌਥਾ ਹਿਸਾ ਮੱਲ ਲਿਆ ਸੀ ਭਾਵ ਇਨ੍ਹਾਂ ਨੇ ਆਪ ਨਾਲੋਂ ਦੋ ਸੌ ਤਿਹੱਤਰਵਾਂ ਹਿਸਾ ਵਧ ਰਾਜ ਵਧਾਇਆ। ਲੋਕੀਂ ਕਹਿੰਦੇ ਸਨ ਕਿ ਇਨ੍ਹਾਂ ਦੇ ਰਾਜ ਵਿਚ ਸੂਰਜ ਨਹੀਂ ਛਿਪਦਾ। ਹੈਰਾਨੀ ਸੀ ਇਹ ਗਿਣਤੀ ਪੰਜ ਕਰੋੜ ਹੁੰਦੀ ਅਰਬਾਂ ਪਰ ਛਾ ਗਈ ਸੀ। ਤਿੰਨਾਂ ਭਾਗਾਂ ਨੂੰ ਮਿਲਾਕੇ ਬ੍ਰਿਟਿਸ਼ ਸਰਕਾਰ ਕਿਹਾ ਜਾਂਦਾ ਹੈ। ਅੰਗ੍ਰੇਜ਼ਾਂ ਜਿਤਨਾ ਰਾਜ ਕਿਸੇ ਦਾ ਨਹੀਂ ਵਧਿਆ ਸੀ ਪਰ ਜਿਤਨੀ ਛੇਤੀ ਵਧਿਆ, ਉਤਨੀ ਜਲਦੀ ਪਿਛੇ ਭੀ ਮੁੜ ਗਿਆ।

ਪੰਦਰਵੀਂ ਸਦੀ ਦੇ ਮਧ ਵਿਚ ਅੰਗ੍ਰੇਜ਼ ਵਪਾਰ ਦੇ ਖਿਆਲ ਨਾਲ ਭਾਰਤ ਵਿਚ ਆਉਣ ਲਗੇ ਸਨ। ਫਰਾਂਸੀਸੀਆਂ ਨੇ ਸੰਨ ੧੬੦੪ ਵਿਚ ਇੰਗਲਿਸ਼ ਈਸਟ ਇੰਡੀਆ ਕੰਪਨੀ ਬਣਾਈ। ਸੋਲਾਂ ਸੌ ਦਸ ਗਿਆਰਾਂ ਵਿਚ ਕਪਤਾਨ ਹਿੱਪਨ ਨੇ ਕੋਠੀ ਖੋਲ੍ਹੀ ਇਨ੍ਹਾਂ ਨੇ ਬਾਦਸ਼ਾਹ ਜਹਾਂਗੀਰ ਪਾਸੋਂ ਆਗਿਆ ਲੈ ਕੇ ਸੰਨ ਬਾਰਾਂ ਤੇਰ੍ਹਾਂ ਵਿਚ ਵਪਾਰ ਲਈ ਇਕ ਫ਼ੈਕਟਰੀ ਬਣਾਈ। ਅੰਗ੍ਰੇਜ਼ ਸਮੇਂ ਦੇ ਹਾਕਮਾਂ ਬਾਦਸ਼ਾਹਾਂ ਨੂੰ ਡਾਲੀਆਂ ਖੁਸ਼ਾਮਦਾਂ ਨਾਲ ਰਿਆਇਤਾਂ ਲੈਂਦੇ ਰਹੇ। ਇਨ੍ਹਾਂ ਨੇ ਸੰਨ ਚੌਤੀ ਵਿਚ ਬੰਗਾਲ ਵਿਚ ਕਈ ਕਾਰਖਾਨੇ ਲਗਾਏ। ਸੋਲਾਂ ਸੌ ਅਠਾਹਠ ਵਿਚ ਇੰਗਲੈਂਡ ਦੇ ਬਾਦਸ਼ਾਹ ਚਾਰਲਸ ਨੇ ਪੁਰਤਗਾਲੀਆਂ ਪਾਸੋਂ ਦਹੇਜ਼ ਵਿਚ ਬੰਬਈ ਹਾਸਲ ਕਰ ਲਿਤੀ। ਬਾਦਸ਼ਾਹ ਜੈਮਸ ਦੂਜੇ ਨੇ ਸੰਨ ੧੬੬੦ ਵਿਚ ਜਹਾਜ਼ਾਂ ਦੇ ਬੇੜੇ ਨਿਕਲਸਨ ਦੀ ਜ਼ਿਮੇਵਾਰੀ ਵਿਚ ਘਲੇ ਸਨ, ਫੌਜਾਂ ਆਉਣ ਲਗੀਆਂ। ਸੰਨ ੧੬੬੯ ਵਿਚ ਕਲਕਤਾ ਆਦਿ ਕਈ ਨਗਰ ਮੁਲ ਖ੍ਰੀਦ ਲਿਤੇ। "ਫੋਰਟ ਵਿਲੀਅਮ" ਦੀ ਰਚਨਾ ਪਿਛੋਂ ਜਰਨੈਲ ਕਲਾਈਵ ਨੇ ੧੭੫੭ ਵਿਚ ਬੰਗਾਲ ਦੇ ਸੂਬੇਦਾਰ ਸਿਰਾਜੁਦੌਲਾ ਨੂੰ ਹਰਾਕੇ ਉਥੇ ਆਪਣਾ ਸਿਕ

ਸੂਬਾ ਬਣਾ ਲਿਆ। ਸੰਨ ੧੭੭੨ ਵਿਚ ਵਲੈਤ ਦੀ ਪਾਰਲੀਮੈਂਟ ਨੇ ਆਪਣੇ ਅਧਿਕਾਰ ਜਮਾ ਲਿਤੇ।

ਸੰਨ ੧੮੭੭ ਵਿਚ ਇੰਗਲੈਂਡ ਦੀ ਰਾਣੀ ਭਾਰਤ ਦੀ ਮਹਾਰਾਣੀ ਬਣੀ। ਦਿੱਲੀ ੧੮੦੩ ਵਿਚ ਅੰਗਰੇਜ਼ਾਂ ਦੇ ਕਬਜ਼ੇ ਵਿਚ ਆਈ। ਮੁਗਲ ਸ਼ਾਹੀ ਸਤਵੰਜੇ ਦੇ ਗ਼ਦਰ ਸਮੇਂ ਖਤਮ ਹੋਈ। ੧੨ ਦਸੰਬਰ ਸੰਨ ੧੯੧੧ ਨੂੰ ਬਾਦਸ਼ਾਹ ਜਾਰਜ ਪੰਜਮ ਨੇ ਤਾਜਪੋਸ਼ੀ ਪਿਛੋਂ ਦਿਲੀ ਨੂੰ ਰਾਜਧਾਨੀ ਹੋਣ ਦਾ ਐਲਾਨ ਕੀਤਾ। ਇਕਰ ਅੰਗਰੇਜ਼ ਸੰਨ ੧੯੪੭ ਤਕ ਪੌਣੇ ਕੁ ਦੋ ਸੌ ਸਾਲ ਭਾਰਤ ਪਰ ਕਾਬਜ਼ ਰਹੇ। ਇਨ੍ਹਾਂ ਨੇ ਅਖੀਰ ਤਕ ਵਪਾਰ ਕਰਨੇ ਦੀ ਪਾਲਿਸੀ ਅਪਣਾਈ, ਆਪਣੀ ਪੱਕੀ ਜਾਇਦਾਦ ਔਰ ਰਿਹਾਇਸ਼ ਨਹੀਂ ਬਣਾਈ। ਨਾ ਹੀ ਭਾਰਤੀਆਂ ਨਾਲ ਰਿਸ਼ਤਾ ਨਾਤਾ ਗੰਢਿਆ ਵਪਾਰੀ ਸ਼ਕਲ ਵਿਚੇ ਵਾਪਸ ਪਰਤ ਗਏ।

ਸੰਮਤ ੧੯੧੪ (ਸੰਨ ੧੮੫੭) ਵਿਚ ਅੰਗਰੇਜ਼ਾਂ ਤੋਂ ਵਿਰੁਧ ਨਫ਼ਰਤ ਯਾ ਗਦਰ ਲਹਿਰ ਚਲੀ ਸੀ। ਇਸ ਨੂੰ ਚੌਦਾਂ ਯਾ ਸਤਵੰਜੇ ਦਾ ਗ਼ਦਰ ਕਿਹਾ ਜਾਂਦਾ ਹੈ। ਫੌਜਾਂ ਵਿਚੋਂ ਰਾਜ ਰੌਲਾ ਚਲਿਆ। ਇਹ ਮਜ਼੍ਹਬੀ ਖਿਆਲਾਂ ਤੋਂ ਪੈਦਾ ਹੋਇਆ ਸੀ। ਪਹਿਲੇ ਬੰਗਾਲ ਔਰ ਬੰਬਈ ਦੀਆਂ ਫੌਜਾਂ ਵਿਚ ਗੜਬੜ ਹੋਈ। ਦਸ ਮਈ ਨੂੰ ਛਾਵਨੀ ਮੇਰਠ ਵਿਚ ਹਿਲ ਜੁਲ ਹੋਈ। ਰਸਾਲਾ ਆਕੀ ਹੋ ਬੈਠਾ। ਚੌਤੀ ਨੰਬਰ ਦੇ ਸਿਪਾਹੀਆਂ ਨੇ ਗੋਰੇ ਅਫ਼ਸਰਾਂ ਨੂੰ ਮਾਰ ਘੱਤਿਆ। ਇਹ ਬਗ਼ਾਵਤ ਫੂਸ ਪਰ ਅਗ ਪੌਣ ਵਤ ਵਧੀ ਕਿਤਨੇ ਹੀ ਅੰਗਰੇਜ਼ਾਂ ਦੀਆਂ ਇਸਤ੍ਰੀਆਂ ਬੱਚੇ ਭੀ ਮਾਰੇ ਗਏ ਸਨ। ਦਿੱਲੀ ਦੇ ਬਹਾਦਰ ਸ਼ਾਹ ਬਾਦਸ਼ਾਹ ਨੂੰ ਗਦਰ ਵਿਚ ਸ਼ਾਮਲ ਕਰਕੇ ਆਪਣਾ ਬਾਦਸ਼ਾਹ ਕਿਹਾ ਅੰਗਰੇਜ਼ਾਂ ਨੇ ਬਹਾਦਰ ਸ਼ਾਹ ਨੂੰ ਕੈਦ ਕਰਕੇ ਜਲਾਵਤਨ ਕਰ ਦਿਤਾ।

ਇਹ ਗ਼ਦਰ ਨਵੰਬਰ ਸੰਨ ੧੮੫੮ ਵਿਚ ਸਮਾਪਤ ਹੋ ਗਿਆ। ਉਸ ਵੇਲੇ ਲਾਰਡ ਕੈਨਿੰਗ ਵਾਇਸ-ਰਾਇ ਸੀ। ਅਕਸਰ ਰਾਜਿਆਂ ਨੇ ਸਰਕਾਰ ਬਰਤਾਨੀਆਂ ਦਾ ਪੱਖ ਲਿਤਾ ਇਨ੍ਹਾਂ ਨੂੰ ਪੂਰਬੀਆ ਪਰ ਭ੍ਰੋਸਾ ਨਹੀਂ ਸੀ। ਇਨ੍ਹਾਂ ਨੇ ਅੰਗਰੇਜ਼ਾਂ ਨਾਲ ਮਿਲਕੇ ਪੰਜਾਬ ਦੇ ਸਿੱਖ ਰਾਜ ਪਰ

ਹਮਲਾ ਕਰਕੇ ਖਤਮ ਕਰਵਾਇਆ ਸੀ।

ਲੁਟੇਰੇ ਬਾਦਸ਼ਾਹਾਂ ਦੇ ਹਮਲੇ

ਦੇਸ਼ ਅਫ਼ਗਾਨਿਸਤਾਨ ਦਾ ਬਾਦਸ਼ਾਹ ਮਹਿਮੂਦ ਜਿਸ ਦੀ ਰਾਜਧਾਨੀ ਗਜ਼ਨੀ ਨਗਰ ਸੀ। ਇਹ ਸ਼ਹਿਰ ਕਾਬਲ ਤੋਂ ਸੌ ਕੁ ਮੀਲਾਂ ਪਰ ਹੈ। ਮਹਿਮੂਦ ਸੁਬਕਤਗੀਨ ਗਜ਼ਨੀ ਦਾ ਬੇਟਾ ਸੀ। ਸੁਬਕਤਗੀਨ ਅਲਪਤਗੀਨ ਤੁਰਕੀ ਦਾ ਗੁਲਾਮ ਸੀ। ਇਹ ਉਸ ਦਾ ਜਰਨੈਲ ਬਣਕੇ ਜਾਨਸ਼ੀਨ ਹੋਇਆ। ਇਸ ਨੇ ਰਾਜਾ ਜੈ ਪਾਲ ਦੇ ਵਿਰੁਧ ਪੰਜਾਬ ਪਰ ਹਮਲਾ ਕੀਤਾ ਹਿੰਦੂ ਰਾਜਿਆਂ ਨੇ ਏਕਾ ਕਰਕੇ ਇਸ ਨੂੰ ਹਾਰ ਦਿਤੀ। ਇਹ ੯੯੭ ਈਸਵੀ ਵਿਚ ਮਰਿਆ। ਇਸ ਦਾ ਦੂਜਾ ਨਾਮ ਨਾਸੀਰੁਦੀਨ ਸੀ। ਪਿਛੋਂ ਇਸ ਦਾ ਪੁਤਰ ਮਹਿਮੂਦ ਗਦੀ ਪਰ ਬੈਠਿਆ ਇਸ ਨੇ ਭਾਰਤ ਪਰ ਪੰਦਰਾਂ ਬੀਸ ਹਮਲੇ ਲੁਟੇਰਿਆਂ ਵਾਂਗਰ ਕੀਤੇ।

ਇਸ ਦੀ ਸੰਨ ੧੦੨੪ ਦੀ ਸੋਮ ਨਾਥ ਦੀ ਲੁਟ ਪ੍ਰਸਿਧ ਹੈ। ਇਹ ੧੦੩੦ ਵਿਚ ਗਜ਼ਨੀ ਵਿਚ ਮਰ ਗਿਆ ਸੀ। ਮਹਿਮੂਦ ਦਾ ਦਰਬਾਰੀ ਫਿਰਦੌਸੀ ਪ੍ਰਸਿਧ ਕਵੀ ਸੀ, ਜਿਸ ਨੇ "ਸ਼ਾਹਨਾਮਾ" ਨਾਮ ਦੀ ਕਿਤਾਬ ਦੇ ਸੱਠ ਹਜ਼ਾਰ ਛੰਦ ਰਚੇ ਸਨ। ਇਸ ਦਾ ਅਸਲ ਨਾਮ ਅਬੁਲ ਕਾਸਮ ਹਸਨ ਸੀ। ਮਹਿਮੂਦ ਸੱਠ ਹਜ਼ਾਰ ਮੋਹਰ ਮੇਹਤਾਨਾ ਕਰਕੇ ਦੇਣੋ ਮੁਕਰ ਗਿਆ ਸੀ। ਇਸ ਨੇ ਉਸ ਦਾ ਕਮੀਨਾ ਪਣੁ ਦਸਿਆ। ਪਿਛੋਂ ਮਹਿਮੂਦ ਨੇ ਪਛੋਤਾ ਕੇ ਇਵਜ਼ਾਨਾ ਘਲਿਆ, ਪਰ ਫਿਰਦੌਸੀ ਤੂਸ (ਮਰਹਦ) ਜਾ ਕੇ ਇਨਾਮ ਲੈਣ ਦੇ ਐਨ ਮੌਕੇ ਪਰ ੧੦੨੫ ਨੂੰ ਚਲਾਣੇ ਕਰ ਗਿਆ ਸੀ।

ਤੈਮੂਰ ਮੁਗਲ ਵੰਸੀ ਸਮਰਕੰਦ ਦਾ ਬਾਦਸ਼ਾਹ ਸੀ। ਇਸ ਨੂੰ ਤਿਮਰ ਲੰਗ ਭੀ ਕਹਿੰਦੇ ਸਨ। ਇਸ ਨੇ ੧੩੯੮ ਵਿਚ ਦਿੱਲੀ ਫ਼ਤਹਿ ਕੀਤੀ। ਉਸ ਵੇਲੇ ਨਾਸਿਰੁੱਦੀਨ ਮਹਿਮੂਦ ਦਿੱਲੀ ਦਾ ਬਾਦਸ਼ਾਹੇ ਸੀ। ਤੈਮੂਰ ਨੇ ਦਿਲੀ ਵਿਚ ਕਤਲੇ ਆਮ ਕੀਤੀ। ਬੇਅੰਤ ਧੰਨ ਲੁਟਿਆ, ਲੱਖਾਂ ਆਦਮੀ ਮਾਰੇ ਅਤੇ ਹਜ਼ਾਰਾਂ ਹਿੰਦੂ ਬਚੇ ਬਚੀਆਂ ਨੂੰ ਕੈਦ ਕਰਕੇ ਲੈ ਗਿਆ ਸੀ। ਸਮਰਕੰਦ ਜਾ ਕੇ ੧੪੦੫ ਈ: ਵਿਚ ਮਰ ਗਿਆ ਸੀ।

ਇਕ ਤੈਮੂਰ ਨਾਮ ਦਾ ਅਹਿਮਦਸ਼ਾਹ ਦੁਰਾਨੀ ਦਾ ਪੁਤ੍ਰ ਭੀ ਸੀ। ਇਸ ਨਾਲ ੧੭੫੬ ਵਿਚ ਸਿੱਖਾਂ ਦਾ ਘੋਰ ਜੁੱਧ ਹੋਇਆ ਇਹ ਲਾਹੌਰ ਛਡ ਕੇ ਨਠ ਗਿਆ ਸੀ ਅਤੇ ਸਿਖ ਪੰਜਾਬ ਪਰ ਛਾ ਗਏ। ਤੈਮੂਰ ਸ਼ਾਹ ੧੭੭੨ ਵਿਚ ਕਾਬਲ ਦਾ ਬਾਦਸ਼ਾਹ ਹੋਇਆ ਸੀ ਔਰ ੧੭੯੩ ਵਿਚ ਉਥੇ ਹੀ ਮਰ ਗਿਆ ਸੀ।

ਨਾਦਿਰ ਸ਼ਾਹ ਇਹ ਇਮਾਮ ਕੁਲੀ ਦਾ ਬੇਟਾ ਸੀ। ਜੋ ਇਕ ਗਰੀਬ ਅਯਾਲੀ ਸੀ। ਇਸ ਨੇ ਸੰਨ ੧੭੩੬ ਵਿਚ ਸਫਵੀ ਖਾਨਦਾਨ ਨੂੰ ਹਰਾਕੇ ਫਾਰਸ ਦਾ ਤਖਤ ਮੱਲਿਆ। ਕਾਬਲ ਕੰਧਾਰ ਨੂੰ ਜਿੱਤ ਕੇ ਸੰਨ ੧੭੩੯ ਵਿਚ ਭਾਰਤ ਪਰ ਹਮਲਾ ਕੀਤਾ। ਭਾਰਤ ਵਾਸੀਆਂ ਨੂੰ ਲੁਟਦਾ ਮਾਰਦਾ ਦਿੱਲੀ ਜਾ ਪਹੁੰਚਿਆ। ਉਸ ਵੇਲੇ ਮੁਹੰਮਦ ਸ਼ਾਹ ਦਿਲੀ ਪਤਿ ਸੀ। ਉਥੇ ਕਤਲੇ ਆਮ ਕਰਕੇ ਲੱਖਾਂ ਆਦਮੀ ਮਾਰ ਘੱਤੇ।

ਇਸ ਨੇ ਤਖਤ ਤਾਊਸ ਕੋਹਨੂਰ ਹੀ ਆਦਿਕ ਪੇਸ਼ ਕੀਮਤੀ ਮਾਲ ਧਨ ਲੁਟਿਆ। ਵਾਪਸੀ ਵੇਲੇ ਰਸਤੇ ਵਿਚ ਸਿਖਾਂ ਨੇ ਛਾਪੇ ਮਾਰ ਕੇ ਇਸ ਨੂੰ ਲੁਟਿਆ ਔਰ ਇਹ ਲੁਟਾਂ ਮਾਰਾਂ ਲੈ ਕੇ ਈਰਾਨ ਜਾ ਰਿਹਾ ਉਥੇ ਇਹ ਸੰਨ ੧੭੪੭ ਵਿਚ ਆਪਣੇ ਰਿਸ਼ਤੇਦਾਰਾਂ ਦੇ ਹਥੋਂ ਸੁਤਾ ਪਿਆ ਹੀ ਕਤਲ ਹੋ ਗਿਆ ਸੀ।

ਅਹਿਮਦ ਸ਼ਾਹ ਅਬਦਾਲੀ ਇਹ ਅਬਦਾਲੀ ਯਾ ਦੁਰਾਨੀ ਨਾਮ ਸੇ ਪ੍ਰਸਿਧ ਸੀ ਇਹ ਜ਼ਮਾਨ ਖਾਨ ਕਾਬਲ ਦਾ ਪੁਤਰ ਸੀ। ਜਨਮ ਇਕ ਗਰੀਬ ਘਰ ਦਾ ਸੀ। ਨਾਦਿਰਸ਼ਾਹ ਦਾ ਸੈਨ ਪਤੀ ਬਣ ਗਿਆ ਸੀ। ਸੰਨ ੧੭੪੭ ਵਿਚ ਨਾਦਿਰ ਦੇ ਮਰਨ ਪਿਛੋਂ ਕੰਧਾਰ ਪਰ ਕਬਜ਼ਾ ਕਰਕੇ ਬਲਖ ਸਿੰਧ, ਪੰਜਾਬ, ਕਸ਼ਮੀਰ ਪਰ ਕਾਬਜ਼ ਹੋਇਆ। ਇਸ ਨੇ ੧੭੭੬ ਤਕ ਪੰਜਾਬ ਪਰ ਅਠ ਹਮਲੇ ਕੀਤੇ ਔਰ ਸੰਨ ੧੮੧੮ ਆਪਣੇ ਜਰਨੈਲ ਕਲੰਦਰ ਖਾਨ ਦੀ ਮਾਰਫਤ ਬਰੂਦ ਦੀ ਸੁਰੰਗਾਂ ਨਾਲ ਸ੍ਰੀ ਹਰਿਮੰਦਰ ਅੰਮ੍ਰਿਤਸਰ ਨੂੰ ਮਸਮਾਰ ਕੀਤਾ। ਪਿਛੋਂ ਸਿਖਾਂ ਨੇ ਦੋਬਾਰੇ ਬਣਾਇਆ। ਅਹਿਮਦ ਸ਼ਾਹ ਮੁਰਗਾਬ ਜਾ ਕੇ ੧੮੩੦ ਈਸਵੀ ਵਿਚ ਮਰ ਗਿਆ ਸੀ।

ਸੰਨ ੧੭੬੨ ਈ: ਵਿਚ ਅਹਿਮਦ ਸ਼ਾਹ ਦੁਰਾਨੀ ਔਰ ਸਿਖਾਂ ਪਰ ਰਾਇਪੁਰ, ਗੁਜਰਵਾਲ (ਲੁਦਿਹਾਨਾ) ਕੁਪ ਰਹੀੜੇ ਦੇ ਪਿੰਡਾਂ ਵਿਚਕਾਰ ਅਤਿ ਭਿਆਨਕ ਟਾਕਰਾ ਹੋਇਆ, ਜੋ ਵਡਾ ਘਲੂਘਾਰਾ ਨਾਮ ਨਾਲ ਪ੍ਰਸਿਧ ਹੈ। ਇਸ ਮੂਠ ਭੇੜ ਵਿਚ ਬੀਸ ਪਚੀਸ ਹਜ਼ਾਰ ਸਿੰਘ ਸ਼ਹੀਦ ਹੋਏ ਇਤਨੇ ਹੀ ਦੁਰਾਨੀ ਮਾਰੇ ਗਏ ਸਨ। ਛੋਟਾ ਘਲੂਘਾਰਾ ੧੮੦੩ ਸੰਮਤ ਬਿ: ਵਿਚ ਲਖਪਤਿ ਨਾਲ ਕਾਨੂਵਾਣ ਦੇ ਛੰਭ ਪਾਸ ਹੋਇਆ ਉਸ ਵਿਚ ਭੀ ਹਜ਼ਾਰਾਂ ਸਿੰਘ ਸ਼ਹੀਦ ਹੋਏ ਸੀ। ਅਹਿਮਦ ਸ਼ਾਹ ਦੀਆਂ ਲੁਟਾਂ ਬਾਰੇ ਇਹ ਕਹਾਵਤ ਬਣੀ ਸੀ "ਖਾਣਾ ਪੀਣਾ ਲਾਹੇ ਦਾ ਰਹਿੰਦਾ ਅਹਿਮਦ ਸ਼ਾਹੇ ਦਾ" ਮਿਟੀ ਤਵੇ ਚੜ੍ਹ ਗਏ ਸੀ।

ਜਮਾਨ ਸ਼ਾਹ ਜੋ ਕਿ ਗਜ਼ਨੀ ਔਰ ਕਾਬਲ ਦਾ ਬਾਦਸ਼ਾਹ ਸੀ ਇਹ ਤੈਮੂਰ ਸ਼ਾਹ ਦਾ ਬੇਟਾ ਸੀ। ਇਹ ਅਹਮਦ ਸ਼ਾਹ ਅਬਦਾਲੀ ਦਾ ਪੋਤਰਾ ਸੀ। ੧੭੬੩ ਵਿਚ ਤਖਤ ਪਰ ਬੈਠਿਆ ਇਸ ਨੇ ੧੭੬੭ ਵਿਚ ਪੰਜਾਬ ਪਰ ਭਾਰੀ ਹਮਲਾ ਕੀਤਾ। ਇਹ ਆਪਣੇ ਪੁਤ੍ਰ ਕਿਰਾਨ ਸ਼ਾਹ ਨੂੰ ਪੰਜਾਬ ਵਿਚ ਛਡ ਕੇ ਵਾਪਸ ਗਜ਼ਨੀ ਗਿਆ। ਕਿਰਾਨ ਸ਼ਾਹ ਆਪਣੇ ਛੋਟੇ ਭਾਈ ਦੇ ਹਥੋਂ ਸੰਨ ੧੮੦੦ ਵਿਚ ਮਾਰਿਆ ਗਿਆ।

ਸ਼ਾਹਚੀ ਖਾਨ ਯਾ ਸ਼ਾਹ ਜ਼ਮਾਨ ਇਹ ਅਮੀਰ ਕਾਬਲ ਦਾ ਜਰਨੈਲ ਸੀ। ਅਸਲੀ ਨਾਮ ਅਹਮਦ ਖਾਨ ਸੀ। ਇਸ ਨੇ ਹਜ਼ਾਰਾ ਹਿੰਦੂ ਇਸਤ੍ਰੀਆਂ ਕਾਬਲ ਨੂੰ ਲੈ ਜਾਣ ਹਿਤ ਫੜੀਆਂ ਸਨ। ਇਸ ਨੂੰ ਸੰਨ ੧੮੦੦ ਵਿਚ ਸਾਹਿਬ ਸਿੰਘ ਗੁਜਰਾਤੀਏ ਨੇ ਮੈਦਾਨ ਜੰਗ ਵਿਚ ਮਾਰਿਆ ਸੀ।

ਮੁਸਲਮਾਨਾ ਵਿਚ ਜਹਾਦ ਕਰਨਾ ਧਰਮ ਮੰਨਿਆ ਜਾਂਦਾ ਹੈ, ਉਸ ਵਿਚ ਲੁਟਾਂ ਮਾਰਾਂ ਸਭ ਮੁਆਫ਼ ਹੁੰਦੀਆ ਹਨ। ਸੰਨ ੧੮੨੭ ਵਿਚ ਅਹਮਦ ਸਾਧਕ ਮੁਲਾਣੇ ਨੇ ਜਹਾਦ ਦੇ ਨਾਮ ਪਰ ਪੰਜਾਬ ਵਿਚ ਅਤਿ ਲੁਟ ਮਚਾਈ ਪਰ ੧੮੩੧ ਵਿਚ ਸਿਖ ਫੌਜਾਂ ਦੇ ਹਥੋਂ ਮਾਰਿਆ ਗਿਆ ਸੀ। ਸ: ਬੁਧ ਸਿੰਘ ਸੰਧਾ ਵਾਲੀਆ ਔਰ ਕਸ਼ਮੀਰ ਦੇ ਗਵਰਨਰ ਸ਼ੇਰ ਸਿੰਘ ਨਾਲ ਭਾਰੀ ਟਾਕਰਾ ਹੋਇਆ ਸੀ। ਲੁਟੇਰੇ ਜੋ ਕਿ ਦਖਣ ਪਛਮ ਵਲੋਂ

ਔਂਦੇ ਰਹੇ ਸਿਖ ਉਨ੍ਹਾਂ ਨਾਲ ਭਾਰਤ ਦੀ ਰਾਖੀ ਹਿਤ ਡਟਕੇ ਟਾਕਰਾ ਕਰਦੇ ਰਹੇ ਸਨ। ਜਿਸ ਕਰਕੇ ਦੇਸ਼ ਦਾ ਬਚਾਉ ਹੋਇਆ ਜੇ ਸਿੱਖ ਟਾਕਰਾ ਨਾ ਕਰਦੇ ਭਾਰਤ ਵਿਚੋਂ ਹਿੰਦੂਆਂ ਦਾ ਨਾਮ ਨਿਸ਼ਾਨ ਮਿਟ ਜਾਂਦਾ।

ਉਕਤ ਲੁਟੇਰੇ ਬਾਦਸ਼ਾਹਾਂ ਦਾ ਦਬਦਬਾ ਸਿਖਾਂ ਨੇ ਖਤਮ ਕੀਤਾ। ਨਾਲ ਲਗਦੇ ਰਾਜ ਕਰਨ ਦੇ ਖਿਆਲ ਪ੍ਰਬਲ ਹੋ ਗਏ। ਆਪਾ ਧਾਪੀ ਦੇ ਦੇ ਤਰੀਕੇ ਨਾਲ ਬਾਰਾਂ ਮਿਸਲਾਂ (ਜਥਿਆਂ) ਵਿਚ ਸਿਖ ਵੰਡੇ ਗਏ। ਆਪੋ ਆਪਣਾ ਰਾਜ ਵਧਾਉਣ ਦੇ ਖਿਆਲ ਨਾਲ ਪਰਸਪਰ ਲੜਦੇ ਭਿੜਦੇ ਰਹਿੰਦੇ ਪਰ ਬਾਹਰੋਂ ਆਏ ਗਨੀਮਾਂ ਦਾ ਟਾਕਰਾ ਇਕੱਠੇ ਹੋ ਕੇ ਕਰਦੇ ਸੀ। ਸੁਕਰ ਚਕੀਆ ਦੀ ਮਿਸਲ ਦੇ ਜਥੇਦਾਰ ਰਣਜੀਤ ਸਿੰਘ ਨੇ ਸੰਨ ੧੭੯੯ (ਸੰਮਤ ੧੮੫੬) ਵਿਖੇ ਲਾਹੌਰ ਪਰ ਕਬਜ਼ਾ ਕਰ ਲਿਆ। ਸੰਨ ਅਠਵੰਜਾ ਵਿਚ ਪੰਜਾਬੀਆਂ ਨੇ ਆਪ ਨੂੰ ਮਹਾਰਾਜਾ ਥਾਪ ਲਿਆ ਮਹਾਰਾਜਾ ਨੇ ਸੰਨ ੧੮੦੯ (੧੮੬੬) ਵਿਚ ਸਰਕਾਰ ਅੰਗ੍ਰੇਜ਼ੀ ਨਾਲ ਸਤਲੁਜ ਦੀ ਸਰਹਦ ਦਾ ਅਹਿਦਨਾਮਾ ਕਰ ਲਿਆ ਜੋ ਕਿ ਅੰਗ੍ਰੇਜ਼ਾਂ ਦੇ ਹੱਕ ਵਿਚ ਸਿਧ ਹੋਇਆ। ਬਾਹਰਲੇ ਗਨੀਮਾਂ ਨੂੰ ਮਹਾਰਾਜਾ ਰੋਕਦਾ ਅੰਗ੍ਰੇਜ਼ ਪੈਰ ਜਮਾਕੇ ਆਪਣਾ ਰਾਜ ਮਜ਼ਬੂਤ ਕਰਦੇ ਰਹੇ। ਰਣਜੀਤ ਸਿੰਘ ਨੂੰ ਪਹਾੜੀ ਡੋਗਰੇ ਸਿਖ ਰੂਪ ਧਾਰਕੇ ਆ ਚਿੰਮੜੇ ਇਹ ਹਮੇਸ਼ਾ ਸੁੰਦਰ ਪਹਾੜਨਾਂ ਪੇਸ਼ ਕਰਕੇ ਕਾਮ ਵਸ ਕਰਦੇ ਰਹਿੰਦੇ। ਧਿਆਨ ਸਿੰਘ ਵਜ਼ੀਰ ਦਾ ਮਨਸਾ ਆਪ ਰਾਜ ਕਰਨ ਦਾ ਸੀ। ਮਹਾਰਾਜਾ ਨੂੰ ਸਿਖਾਂ ਨਾਲ ਏਕਤਾ ਨਾ ਕਰਨ ਦਿਤੀ। ਰਣਜੀਤ ਸਿੰਘ ਦੀ ਇਹ ਭੁਲ ਸੀ ਕਿ ਉਸ ਨੇ ਪੁਤਰਾਂ ਨੂੰ ਰਾਜ ਕਰਨ ਹਿਤ ਧਿਆਨ ਸਿੰਘ ਦੇ ਰਹਿਮ ਪਰ ਛਡ ਦਿਤਾ ਉਸ ਨੇ ਰਾਜ ਘਰਾਣੇ ਨੂੰ ਆਪਣੀ ਕੁਟਲ ਨੀਤੀ ਨਾਲ ਪ੍ਰਸਪਰ ਲੜਾਕੇ ਖਤਮ ਕਰਵਾ ਦਿਤਾ ਸੰਨ ੧੮੩੯ ਵਿਚ ਮਹਾਰਾਜਾ ਸੁਰਗਵਾਸ ਹੋ ਗਿਆ। ਪੰਜਾਬ ਦੀ ਕਿਸਮਤ ਦਾ ਸੂਰਜ ਨਾਲ ਹੀ ਡੁਬ ਗਿਆ। ਮਹਾਰਾਜਾ ਦੇ ਪੁਤਰ ਖੜਗ ਸਿੰਘ, ਨੌ ਨਿਹਾਲ ਸਿੰਘ, ਸ਼ੇਰ ਸਿੰਘ, ਮਹਾਰਾਜੇ ਹੋ ਕੇ ਮਾਰੇ ਗਏ। ਨਾਬਾਲਗ ਦਲੀਪ ਸਿੰਘ ਸਨ ੧੮੪੩ ਵਿਚ ਰਾਜ ਗਦੀ ਪਰ ਬੈਠਿਆ। ਸੰਨ ੧੮੪੬ ਵਿਚ ਅੰਗ੍ਰੇਜ਼ਾਂ ਨਾਲ ਸੰਧੀ ਪਤਰ ਕੀਤਾ। ਜੰਗ ਦਾ ਤਾਵਾਨ

ਦੁਸਕ ਸਤਲੁਜ ਔਰ ਬਿਆਸ ਦੇ ਮਧਯ ਦਾ ਇਲਾਕਾ ਲੈ ਲਿਤਾ ਡੂਡ ਕਰੋੜ ਰੁਪਿਆ ਜੰਗ ਦਾ ਖਰਚ ਮੜ੍ਹ ਦਿਤਾ। ਇਕਰ ਦੀ ਸ਼ਰਤਾਂ ਲਿਖਕੇ ਮਹਾਰਾਜਾ ਦਲੀਪ ਸਿੰਘ ਨੂੰ ਜਕੜ ਲਿਆ। ਦਲੀਪ ਸਿੰਘ ਨਾਬਾਲਗ ਨੂੰ ਈਸਾਈ ਬਣਾਕੇ ਧਰਮੋਂ ਪਤਿਤ ਕਰ ਦਿਤਾ। ਸੰਨ ੧੮੫੪ ਵਿਚ ਮਹਾਰਾਜਾ ਦਲੀਪ ਸਿੰਘ ਨੂੰ ਵਲਾਇਤ ਲੈ ਜਾਇਆ ਗਿਆ। ਇਸ ਤਰ੍ਹਾਂ ਖੁਆਰ ਹੋ ਕੇ ਮਹਾਰਾਜਾ ਪੈਰਸ ਦੇ ਇਕ ਹੋਟਲ ਵਿਚ ੨੨ ਅਕਤੂਬਰ ਸੰਨ ੧੮੯੩ ਨੂੰ ਚਲਾਣੇ ਕਰ ਗਿਆ। ਇਸ ਤਰ੍ਹਾਂ ਅੰਗ੍ਰੇਜ਼ਾਂ ਨੇ ਆਪਣੇ ਮਿਤਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਔਰ ਸ਼ਾਹੀ ਖਾਨਦਾਨ ਖਤਮ ਕਰ ਦਿਤਾ। ਅੰਗ੍ਰੇਜ਼ ਸਾਰੇ ਭਾਰਤ ਦੇ ਰਾਜੇ ਬਣ ਗਏ। ਵਿਸਥਾਰ ਵਾਸਤੇ ਦਾਸ ਰਚਿਤ ਸਿਖ ਰਾਜ ਦੀ ਤਵਾਰੀਖ ਤਿੰਨਾਂ ਭਾਗਾਂ ਵਿਚ ਪੜ੍ਹੋ ਲਾਲ ਸਿੰਘ ਗਿਆਨੀ ਸੰਗਰੂਰ।

ਭਾਰਤ ਦੀ ਆਜ਼ਾਦੀ

ਦੇਸ਼ ਭਾਰਤ ਦੀ ਲੰਬਾਈ ਉਨੀ ਸੌ ਮੀਲ ਔਰ ਚੌੜਾਈ ਪੰਦਰਾਂ ਕੁ ਸੌ ਮੀਲ ਦਸੀ ਗਈ ਹੈ। ਰਕਬਾ ਅਠਾਰਾਂ ਲੱਖ ਪੰਜ ਹਜ਼ਾਰ ਤਿੰਨ ਸੌ ਬਤੀਸ ਮਰੱਬਾ ਮੀਲ। ਜਿਸ ਵਿਚ ਛੀ ਸੌ ਛਿਆਸੱਠ ਦੇਸੀ ਰਿਆਸਤਾਂ ਸਨ। ਜਿਨ੍ਹਾਂ ਦਾ ਰਕਬਾ ਅੱਠ ਨੌ ਲੱਖ ਮਰਬਾ ਮੀਲ ਮੰਨਿਆ ਜਾਂਦਾ ਸੀ। ਭਾਰਤ ਦੀ ਨੌ ਹਿਸੇ ਵਸੋਂ ਪਿੰਡਾਂ ਵਿਚ ਹੈ ਦਸਵਾਂ ਕੁ ਹਿਸਾ ਸ਼ਹਿਰੀ ਹੈ। ਢਾਈ ਕੁ ਹਜ਼ਾਰ ਸ਼ਹਿਰ ਔਰ ਸੱਤ ਕੁ ਲੱਖ ਦੇ ਗਿਰਦੇ ਪਿੰਡ ਦਸੇ ਹਨ।

ਭਾਰਤ ਬਰਤਾਨੀਆਂ ਨਾਲੋਂ ਪੰਦਰਾਂ ਕੁ ਗੁਣਾ ਵਧ ਹੈ। ਅਜ ਕਲ ਭਾਰਤ ਦੀ ਮਰਦਮ ਸ਼ਮਾਰੀ ਪੰਤਾਲੀ ਕਰੋੜ ਦੇ ਗਿਰਦੇ ਦਸੀ ਗਈ ਹੈ। ਪਾਕਿਸਤਾਨ ਨਾਲ ਹਿਸਾਬ ਕਿਤਾਬ ਨਿਆਰੇ ਬਣ ਰਹੇ ਹਨ। ਮਰਦਾਂ ਨਾਲੋਂ ਇਸਤ੍ਰੀਆਂ ਦੀ ਗਿਣਤੀ ਘਟ ਰਹਿੰਦੀ ਹੈ। ਇਸ ਦੇਸ਼ ਵਿਚ ਇਕ ਹਜ਼ਾਰ ਔਰਤ ਪਿਛੇ ਪੌਣੇ ਕੁ ਦੋ ਸੌ ਇਸਤ੍ਰੀਆਂ ਵਿਧਵਾ ਦਸੀਆਂ

ਹਨ। ਭਾਰਤ ਵਿਚ ਦੋ ਸੌ ਬਾਈ ਬੋਲੀਆਂ ਹਨ ਪ੍ਰਸਿੱਧ ਕਨਾਰੀ ਗੁਜਰਾਤੀ, ਤਾਮਿਲ ਤਿਲਗੂ ਪੰਜਾਬੀ ਬੰਗਾਲੀ, ਬ੍ਰਹਮੀ, ਮਰਹਟੀ, ਰਾਜਸਥਾਨੀ ਹਿੰਦੀ ਆਦਿ ਹਨ। ਹੁਣ ਹਿੰਦੀ ਨੂੰ ਸਰਕਾਰੀ ਭਾਸ਼ਾ ਹੋਣ ਦਾ ਦਰਜਾ ਮਿਲ ਗਿਆ ਹੈ।

ਅੰਗਰੇਜ਼ੀ ਰਾਜ ਵਿਚ ਅੰਗਰੇਜ਼ੀ ਪਰਧਾਨ ਸੀ। ਬੜੀ ਜਦੋ ਜਹਿਦ ਔਰ ਬੇਅੰਤ ਕੁਰਬਾਨੀਆਂ ਹੋਣ ਪਿਛੋਂ ਗਿਆਰਾਂ ਬਾਰਾਂ ਸੌ ਸਾਲਾਂ ਪਿਛੋਂ ਭਾਰਤ ਸੰਨ ੧੯੪੭ ਵਿਚ ਪੂਰਨ ਆਜ਼ਾਦ ਹੋਇਆ ਹੈ। ਪਰ ਸ਼ੋਕ! ਅੰਗਰੇਜ਼ਾਂ ਦੀ ਹਿਕਮਤ ਅਮਲੀ ਨਾਲ ਅਖੰਡਤਾਈ ਨਹੀਂ ਰਹੀ, ਪਾਕਿਸਤਾਨ ਅਡਰਾ ਦੇਸ਼ ਬਣ ਗਿਆ। ਜੋ ਇਹ ਵੰਡ ਸਦਾ ਲਈ ਦੁਖਦਾਈ ਰਹੇਗੀ। ਇਸ ਵੰਡ ਨੂੰ ਮਨ ਕੇ ਸਮੇਂ ਦੇ ਭਾਰਤੀ ਲੀਡਰਾਂ ਦੀ ਮਹਾਨ ਗਲਤੀ ਸੀ। ਬੇਸ਼ਕ ਕੁਰਬਾਨੀਆਂ ਸਾਰੇ ਭਾਰਤੀਆਂ ਨੇ ਦਿਤੀਆਂ ਪਰ ਆਜ਼ਾਦੀ ਦਾ ਸੇਹਰਾ ਮਹਾਤਮਾਂ ਗਾਂਧੀ ਜੀ ਨੂੰ ਮਿਲਿਆ। ਮਹਾਤਮਾਂ ਜੀ ਨੇ ਮਰਨ ਵਰਤ ਰਖ ਕੇ ਦਸ ਗਿਆਰਾਂ ਕਰੋੜ ਅਛੂਤਾਂ ਨੂੰ 'ਹਰੀਜਨ' ਨਾਮ ਹੇਠਾਂ ਬਦਲ ਕੇ ਹਿੰਦੂਆਂ ਦੀ ਮਰਦਮ ਸ਼ੁਮਾਰੀ ਨਾਲ ਸ਼ਾਮਲ ਰਖ ਕੇ ਹਿੰਦੂਆਂ ਪਰ ਭਾਰੀ ਉਪਕਾਰ ਕੀਤਾ। ਪਰ ਸ਼ੋਕ! ਜਿਨ੍ਹਾਂ ਨੇ ਆਪ ਦੀ ਹਤਿਆ ਕੀਤੀ, ਉਨ੍ਹਾਂ ਨੇ ਭਾਰਤ ਲਈ ਅਕ੍ਰਿਤਘਣਤਾ ਦਾ ਕਲੰਕ ਖਟਿਆ ਜੇ ਮਹਾਤਮਾ ਕੁਝ ਸਮਾਂ ਹੋਰ ਜ਼ਿੰਦਾ ਰਹਿੰਦੇ ਭਾਰਤ ਨੂੰ ਬਹੁਤ ਲਾਭ ਪਹੁੰਦਾ।

ਇੰਜੀਲ ਤੇ ਈਸਾਈ ਮਤਿ

ਇੰਜੀਲ ਦੇ ਸ਼ਬਦੀ ਅਰਥ ਹਨ 'ਖੁਸ਼ੀ ਦੇ ਸਮਾਚਾਰ ਅਥਵਾ ਖੁਸ਼ਖਬਰੀ' ਇਹ ਪੋਥੀ ਇਸਾਈਆਂ ਦੀ ਧਰਮ ਪੁਸਤਕ ਹੈ। ਇੱਜ਼ਤ ਵਾਸਤੇ ਨਾਲ ਮਕੱਦਸ (ਪਵਿੱਤਰ) ਲਾਉਂਦੇ ਹਨ। ਜਿਵੇਂ ਕੁਰਾਨ ਨਾਲ ਸ਼ਰੀਫ ਜਾਂ ਮਜੀਦ। ਇੰਜੀਲ ਦਾ ਮੁਖੀ ਕਰਤਾ ਹਜ਼ਰਤ ਈਸਾ ਜੀ ਨੂੰ ਮੰਨਿਆ ਹੈ। ਇਹ ਫਿਲਸਤੀਨ ਦੇ ਬਾਸ਼ਿੰਦੇ ਯੂਸਫ ਤਰਖਾਣ ਦਾ ਬੇਟਾ ਸੀ। ਫਿਲਸਤੀਨ ਪੈਲਸ ਫਾਈਨ ਵਿਖੇ ਜਰੂਸਲਮ ਤੋਂ ਪੰਜ ਕੁ ਮੀਲ ਹੈ। ਸ੍ਰੀ

ਈਸਾ ਜੀ ਨੂੰ 'ਯਸੂ ਮਸੀਹ' ਕਹਿੰਦੇ ਹਨ। ਇੰਜੀਲ ਦੇ ਲੇਖ ਅਨੁਸਾਰ ਹਜ਼ਰਤ ਦੀ ਪੈਦਾਇਸ਼ ਕੁਆਰੀ ਕਨਯਾ ਮੇਰੀ ਜੀ ਤੋਂ ਮੰਨੀ ਹੈ। ਉਸ ਨੂੰ ਜਬਰਾਈਲ ਫਰਿਸ਼ਤੇ ਨੇ ਆ ਕੇ ਕਿਹਾ ਕਿ ਤੂੰ ਗਰਭਵਤੀ ਹੋਵੇਂਗੀ, ਅਤੇ ਬੈਤਲਹਮ ਵਿਚ ਇਕ ਧਰਮ ਪ੍ਰਚਾਰਕ ਪੁਤ੍ਰ ਜਣੇਂਗੀ, ਸੋ ਇਸ ਲਿਖਤ ਮੂਜਬ ਈਸਾ ਜੀ ਦਾ ਜਨਮ ਸਤਵੰਜਾ ਬਿਕ੍ਰਮੀ ਸੰਮਤ ਵਿਚ ਹੋਇਆ। ਇਸ ਨੂੰ ਈਸਾਈ ਖ਼ੁਦਾ ਦਾ ਬੇਟਾ ਮੰਨਦੇ ਹਨ।

ਕੁਰਾਨ ਸ਼ਰੀਫ ਦੀ ਸੂਰਤ ਮਰਿਯਮ ਆਯਤ ੨੭ ਤੋਂ ਲਾ ਕੇ ੩੧ ਤਕ ਇਸ ਬਾਤ ਦੀ ਗਵਾਹੀ ਭਰੀ ਹੈ। ਆਪ ਦੀ ਯਹੂਦੀਆਂ ਦੀਆ ਮਰਯਾਦਾ ਮੂਜਬ ਸੁੰਨਤ ਹੋਈ ਔਰ ਆਪ ਨੇ ਜੌਨ ਨਾਮੀ ਮਹਾਤਮਾ ਤੋਂ ਬਪਤਿਸਮਾ ਲਿਆ ਸੀ, ਅਤੇ ਆਪ ਨੇ ਤੀਹ ਕੁ ਸਾਲਾਂ ਦੀ ਉਮਰ ਵਿਚ ਆਪਣੇ ਮਤਿ ਸਿਧਾਂਤ ਦਾ ਪ੍ਰਚਾਰ ਆਰੰਭਿਆ। ਆਪ ਦੇ ਬਾਰਾਂ ਪ੍ਰਧਾਨ ਚੇਲੇ ਬਣੇ। ਪਿਛਲੇ ਰਸਮੋਂ ਰਿਵਾਜਾਂ ਤੋਂ ਉਲਟ ਪ੍ਰਚਾਰ ਕਰਨ ਕਰਕੇ, ਯੂਰਸ਼ਲਮ ਦਾ ਮੁਖੀ ਮਹੰਤ ਆਪਣੀ ਪ੍ਰਭੁਤਾ ਘਟਣ ਦੇ ਕਾਰਨ ਨਾਰਾਜ਼ ਹੋ ਗਿਆ, ਤੇ ਆਪ ਦੇ ਧਰਮ ਪ੍ਰਚਾਰ ਵਿਚ ਵਿਘਨ ਪੌਣ ਲਗ ਗਿਆ। ਉਸ ਨੂੰ ਸਮੇਂ ਦੇ ਹਾਕਮ ਪਾਈਲੇਟ ਦੇ ਪੇਸ਼ ਕੀਤਾ ਗਿਆ, ਵਿਰੋਧੀਆਂ ਦਾ ਜ਼ੋਰ ਪੈ ਗਿਆ। ਹਜ਼ਰਤ ਈਸਾ ਜੀ ਨਿਰਪ੍ਰਾਧੀ ਸੀ, ਪਰ ਬਾਦਸ਼ਾਹ ਹੀਰੋਡ ਨੇ ਜਾਣ ਬੁਝ ਕੇ ਉਸ ਨੂੰ ਫਾਂਸੀ ਦੇਣ ਦਾ ਫਤਵਾ ਲਗਾ ਦਿਤਾ। ਗਿਰਜਿਆਂ ਪਰ ਸੂਲੀ ਦਾ ਚਿੰਨ੍ਹ ਹੁੰਦਾ ਹੈ। ਆਪ ਦੀ ਉਮਰ ਉਸ ਵੇਲੇ ੩੩ ਸਾਲਾਂ ਦੀ ਸੀ, ਪ੍ਰਚਾਰ ਮਸਾਂ ਤਿੰਨ ਚਾਰ ਸਾਲ ਹੀ ਕੀਤਾ ਸੀ। ਸਲੀਬ ਦਾ ਚਿੰਨ੍ਹ ਈਸਾਈ ਪਾਦਰੀ ਗਲੇ ਵਿਚ ਪਾ ਕੇ ਭੀ ਰਖਦੇ ਹਨ। ਈਸਾਈਆਂ ਦਾ ਵਿਸ਼ਵਾਸ ਹੈ ਕਿ ਹਜ਼ਰਤ ਈਸਾ ਜੀ ਨੇ ਆਪਣੇ ਪ੍ਰਾਣ ਦੇ ਕੇ, ਆਪਣੇ ਸੇਵਕਾਂ (ਸਿਖਾਂ) ਦੇ ਸਾਰੇ ਪਾਪ ਨਾਸ਼ ਕਰ ਦਿਤੇ ਹਨ। ਈਸਾ ਜੀ ਦੀ ਸ਼ਰਣ ਔਣ ਵਾਲੇ ਪਾਪਾਂ ਥੀਂ ਬਖਸ਼ੇ ਜਾਣਗੇ। ਸੋ ਈਸਾ ਮਸੀਹ ਦੇ ਪਰਉਪਕਾਰਾਂ ਨੂੰ ਈਸਾਈ ਕਿਹਾ ਜਾਂਦਾ ਹੈ।

ਹਜ਼ਰਤ ਈਸਾ ਜੀ ਦਾ ਸੰਨ ਬਿਕ੍ਰਮੀ ਸੰਮਤ ਤੋਂ ਸਤਵੰਜਾ ਸਾਲ

ਪਿਛੋਂ ਆਰੰਭ ਹੁੰਦਾ ਹੈ। ਈਸਵੀ ਸੰਨ ਨਾਲ ਏ. ਡੀ. ਲਿਖਕੇ ਜ਼ਾਹਰ ਕੀਤਾ ਜਾਂਦਾ ਹੈ ਕਿ ਸਾਡੇ ਸਵਾਮੀ ਦਾ ਸਾਲ ਜੋ ਬਾਤ ਈਸਵੀ ਸੰਨ ਤੋਂ ਪਹਿਲਾਂ ਦੀ ਦਸਣੀ ਹੋਵੇ ਉਸ ਨਾਲ ਅੰਗਰੇਜ਼ੀ ਵਾਲੇ ਬੀ. ਸੀ. ਲਿਖਦੇ ਹਨ। ਭਾਵ ਈਸਾ ਤੋਂ ਪਹਿਲਾਂ ਅਮਕੀ ਬਾਤ ਹੋਈ।

ਦਸਿਆ ਹੈ ਕਿ ਈਸਵੀ ਸੰਨ ਜਾਰੀ ਕਰਨ ਸਮੇਂ ਚਾਰ ਸਾਲ ਛੇ ਦਿਨਾਂ ਦੀ ਭੁਲ ਹੋ ਗਈ ਸੀ, ਭਾਵ ਚਾਰ ਬੀ. ਸੀ. ਤੋਂ ਸੰਨ ਚਲਣਾ ਸੀ ਪਰ ਗੜਬੜ ਦੇ ਡਰ ਤੋਂ ਭੁਲ ਨਹੀਂ ਸੋਧੀ ਗਈ ਜਿਸ ਕਰਕੇ ਸੰਨ ਦੀ ਵਰਤੋਂ ਠੀਕ ਪੰਜ ਸੌ ਬੱਤੀ ਏ. ਡੀ. ਤੋਂ ਆਰੰਭ ਹੋਈ ਹੈ।

ਈਸਾਈ ਧਰਮ ਵਿਚ ਸੁੰਨਤ ਦਾ ਕੋਈ ਬੰਧਨ ਨਹੀਂ ਹੈ, ਨਾ ਹੀ ਹਿੰਦੂਆਂ ਮੁਸਲਮਾਨਾਂ ਭਾਂਤ ਗਊ ਅਤੇ ਸੂਰ ਦੇ ਮਾਸ ਦਾ ਝਗੜਾ ਹੈ। ਈਸਾਈ ਧਰਮ ਦੁਨੀਆਂ ਵਿਚ ਸਭ ਨਾਲੋਂ ਵਧ ਫੈਲਿਆ ਹੈ। ਹਕੂਮਤ ਅਤੇ ਪ੍ਰਚਾਰ ਦਾ ਪ੍ਰਭਾਵ ਕਾਫ਼ੀ ਪਿਆ। ਜਿਸ ਤਰ੍ਹਾਂ ਮੁਸਲਮਾਨਾਂ ਦੇ ਬਹੱਤਰ ਫ਼ਿਰਕੇ ਪ੍ਰਸਿਧ ਹਨ, ਈਸਾਈਆਂ ਵਿਚ ਭੀ ਕਿਤਨੇ ਹੀ ਹਨ, ਪਰ ਮੰਨਦੇ ਸਾਰੇ ਇੰਜੀਲ ਨੂੰ ਹੀ ਹਨ। ਈਸਾ ਜੀ ਦੇ ਕਈ ਪ੍ਰਸਿਧ ਨਾਮ ਹਨ, ਜਿਹਾ ਕਿ ਜੀਸਸ ਕ੍ਰਾਇਸਟ ਈਸਾ ਮਸੀਹ ਆਦਿ। ਆਪ ਦੀ ਪੈਦਾਇਸ਼ ੧੫ ਦਸੰਬਰ ਦੀ ਦਸੀ ਗਈ ਹੈ। ਹਜ਼ਰਤ ਈਸਾ ਜੀ ਜੋਰਡਨ ਨਾਮ ਦੀ ਨਦੀ ਵਿਚ ਇਸ਼ਨਾਨ ਕਰਵਾ ਕੇ, ਅੰਨ੍ਹੇ, ਲੂਲ੍ਹੇ, ਪਿੰਗਲਿਆਂ ਨੂੰ ਰਾਜ਼ੀ ਕਰਦਾ ਸੀ, ਬੁਤ ਪੂਜਾ ਤੋਂ ਉਲਟ ਸੀ, ਜਿਸ ਕਾਰਨ ਉਹ ਬਹੁਤ ਛੇਤੀ ਪ੍ਰਸਿਧ ਹੋਇਆ। ਈਸਾ ਜੀ ਦੇ ਪਿਛੋਂ ਰੋਮ ਦਾ ਪੋਪ ਆਪ ਨੂੰ ਈਸਾ ਜੀ ਦਾ ਜਾਨਸ਼ੀਨ ਦਸ ਕੇ, ਈਸਾ ਜੀ ਦੀ ਮੂਰਤੀ ਪੂਜਾ ਦਾ ਪ੍ਰਚਾਰ ਕਰਦਾ ਰਿਹਾ। ਤਿੰਨ ਕੁ ਸਾਲਾਂ ਪਿਛੋਂ ਇਹ ਰਾਜ ਧਰਮ ਬਣ ਗਿਆ, ਪਰ ਮੂਰਤੀ ਬਾਰੇ ਬੁਤ ਪ੍ਰਸਤੀ ਦਾ ਖੰਡਣ ਹੋਣ ਲਗ ਪਿਆ। ਪੋਪ ਦਾ ਧੜਾ ਮਜ਼ਬੂਤ ਰਹਿੰਦਾ। ਅਖੀਰ ਸੰਨ ੧੫੧੭ ਈ: ਵਿਚ ਮਾਰਟਨ ਲੂਥਰ ਜਰਮਨ ਨੇ ਪੋਪ ਦੇ ਵਿਰੁਧ ਜ਼ੋਰਦਾਰ ਪ੍ਰਚਾਰ ਆਰੰਭਿਆ। ਇਸ ਦੇ ਪੱਖੀਆਂ ਨੂੰ 'ਪ੍ਰੋਟੈਸਟੈਂਟ' ਕਹਿਣ ਲਗੇ, ਇਹ ਫਿਰਕੇਬੰਦੀ ਦਾ ਆਰੰਭ ਪੋਪ

ਨੂੰ ਮੰਨਣ ਵਾਲੇ ਰੋਮਨ ਕੈਥੋਲਿਕ ਕਹਾਉਂਦੇ ਹਨ। ਅਜ ਕਲ ਪ੍ਰੋਟੈਂਸਟੈਂਸ ਵਧ ਹਨ। ਫਿਰਕੇ ਭਾਵੇਂ ਦੋ ਹੀ ਵਡੇ ਹਨ, ਤੀਜੇ ਫਿਰਕੇ ਦਾ ਨਾਮ ਗ੍ਰੀਕ ਹੈ, ਵੈਸੇ ਮਤਿ ਭੇਦਾਂ ਕਰਕੇ, ਕਰੀਬ ਢਾਈ ਸੌ ਫਿਰਕਾ ਹੈ। ਪ੍ਰੋਸਟੈਸਟੈਂਸ ਫਿਰਕੇ ਦੀ ਨੀਂਹ ਸੰਨ ੧੫੩੫ ਵਿਚ ਰਖੀ ਸੀ। ਜਿਸ ਕਰਕੇ ਦੋ ਇੰਜੀਲਾਂ, ਨਵਾਂ ਅਤੇ ਪੁਰਾਣਾ ਅਹਿਦਨਾਮਾ, ਨਾਮ ਦਿਤਾ ਗਿਆ। ਈਸਾਈਆਂ ਵਿਚ ਵੇਦਾਂਤ ਮਤਿ ਦੇ ਪ੍ਰਚਾਰਕ ਭਗਵੇਂ ਬਸਤਰ ਰਖਦੇ ਹਨ, ਇੱਕਰ ਵਿਚ ਮੁਕਤੀ ਫੌਜ ਵਾਲੇ ਭੀ ਹਨ, ਗਿਰਜੇ ਭੀ ਵਖੋ ਵਖ ਹਨ।

ਨੋਟ:- ਜਿਸ ਭਾਂਤ ਜਰਮਨੀ ਦੇ ਪਾਦਰੀ ਮਾਰਟਨ ਲੂਥਰ ਨੇ ਸਨਾਤਮ ਧਰਮੀ ਅਥਵੀ ਪੋਪਾਂ ਦੇ ਪ੍ਰਚਾਰ ਵਿਚ ਇੰਕਲਾਬ ਲਿਆਕੇ ਪ੍ਰੋਟੈਸਟੈਂਟ ਸੰਪਰਦਾਇਕ ਦੀ ਨੀਂਹ ਰਖੀ ਅਤੇ ਜਿਸ ਦੀ ਸੋਧਨਾ ਨੂੰ ਨਿਉ-ਟੈਸਟੇਮੈਂਟ ਕਿਹਾ ਗਿਆ। ਅਤੇ ਪੁਰਾਣਾ ਅਹਿਦਨਾਮਾ ਮੁਕਾਬਲੇ ਪਰ-ਓਲਡ ਟੈਸਟੇਮੈਂਟ ਰਹਿ ਗਿਆ। ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਮੇ ਗੁਰੂ ਤਕ ਦੀ ਸਿਖੀ ਵਿਚ ਇਕ ਨਵਾਂ ਇਨਕਲਾਬ ਲਿਆਂਦਾ ਜਿਸ ਦੀ ਨੀਂਹ ਵਿਸਾਖੀ ੧੭੫੬ ਨੂੰ ਖੰਡੇ ਦੇ ਅੰਮ੍ਰਿਤ ਦੁਆਰਾ ਰਖੀ। ਅਤੇ ਉਸ ਅੰਦੋਲਨ ਦਾ ਨਾਮ "ਖਾਲਸਾ ਪੰਥ". ਦੀ ਸਾਜਨਾ ਕੀਤੀ ਗਈ। ਜੋ ਕਿ ਸਿਖ ਅਤੇ ਸਿੰਘ ਦੇ ਸ਼ਬਦਾਂ ਹੇਠਾਂ ਪ੍ਰਚੂਰ ਹੋਇਆ। ਅਥਵਾ ਪਹਿਲੇ ਨੌਂ ਗੁਰੂਆਂ ਤਕ "ਨਾਨਕ ਪੰਥੀ" ਅਤੇ ਦਸਮ ਗੁਰੂ ਜੀ ਤਕ "ਖਾਲਸਾ ਪੰਥੀ" ਨਾਮਾਂ ਹੇਠਾਂ ਦੋ ਸ਼ਾਖਾਂ ਵਿਚ ਪ੍ਰਚਾਰ ਚਲਿਆ ਅਥਵਾ ਇਉਂ ਕਹੋ ਕਿ ਨੌਮੇ ਗੁਰੂਆਂ ਤਕ ਦੀ ਰਚਨਾ ਪੰਥੀਆਂ ਦੀ ਪ੍ਰਸਿਧ ਹੋਈ ਅਤੇ ਦਸਮ ਗੁਰੂ ਜੀ ਦੀ ਅਕਾਲੀ ਬਾਣੀ ਖਾਲਸਾ ਪੰਥੀਆਂ ਅਥਵਾ ਅੰਮ੍ਰਿਤਧਾਰੀ ਸਿੰਘਾਂ ਲਈ ਰਚੀ ਗਈ। ਅਤੇ ਸੰਮਤ ਵੀ ਦੋ ਪ੍ਰਚਲਤ ਹੋਏ ਜਿਹਾ ਕਿ "ਗੁਰੂ ਨਾਨਕ ਸ਼ਾਹੀ ਸੰਮਤ" ਅਤੇ "ਖਾਲਸਾ ਪੰਥ ਸੰਮਤ"। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਅੰਮ੍ਰਿਤ ਛਕਕੇ ਆਪਣੀ ਰਚਨਾ ਵਿਚ ਪਿਛੇ ਦੀ ਤਰ੍ਹਾਂ ਨਾਨਕ ਸ਼ਬਦ ਨਹੀਂ ਵਰਤਿਆ ਅਤੇ ਨਾ ਹੀ ਕਿਧਰੇ ਮਹਲਾ ਲਿਖਿਆ ਹੈ। ਭਾਵੇਂ ਆਪ ਦਸਮ ਗੁਰੂ ਨਾਨਕ ਸਨ। ਪਰ ਆਪ

ਨੇ ਖਾਲਸਾ ਪੰਥ ਦੀ ਨੀਂਹ ਵਖਰੀ ਰਖਕੇ ਹਰ ਇਕ ਅਮਰਤ ਧਾਰੀ ਮਨੁਖ ਨੂੰ ਸਿੰਘ ਅਤੇ ਇਸਤਰੀਆਂ ਨੂੰ ਕੌਰ ਖਿਤਾਬ ਬਖਸ਼ਿਆ। ਜੋ ਲਾਜ਼ਮੀ ਕਰਾਰ ਦਿਤਾ ਗਿਆ। ਇਸ ਤੋਂ ਪਹਿਲਾਂ ਸਿੰਘ ਨਹੀਂ ਸਨ ਪਰ ਸਿਖ ਜ਼ਰੂਰ ਸਨ। ਦਸਮ ਗੁਰੂ ਜੀ ਦੀ ਅਕਾਲੀ ਬਾਣੀ ਵਿਚ ਨੌ ਗੁਰੂਆਂ ਦੀ ਬਾਣੀ ਨਾਲੋਂ ਕਈ ਕੁ ਫਰਕ ਹਨ। ਜੋ ਹੋਣੇ ਭੀ ਜ਼ਰੂਰੀ ਸਨ। ਕਿਉਂਕਿ ਸਿਖ ਔਰ ਸਿੰਘ ਦੀ ਰਹਿਤ ਬਹਿਤ ਵਿਚ ਵੀ ਫਰਕ ਹੈ। ਭਾਵੇਂ "ਬਾਣੀ ਗੁਰੂ ਗੁਰੂ ਹੈ ਬਾਣੀ" ਅਨੁਸਾਰ ਦਸਾਂ ਗੁਰਾਂ ਦੀ ਬਾਣੀ ਆਦਿ ਤੋਂ ਹੀ "ਗੁਰੂ ਪਦ" ਪ੍ਰਾਪਤ ਹੈ। ਜਿਸ ਕਰਕੇ ਏਕਤਾ ਵਿਚ ਫਰਕ ਕੋਈ ਨਹੀਂ ਹੈ। ਦਸਮ ਗੁਰੂ ਦੇ ਸਿੰਘ ਦਸਮ ਪਾਤਸ਼ਾਹ ਦੀ ਬਾਣੀ ਨਾਲ ਵਧ ਪ੍ਰੇਮ ਰਖਦੇ ਹਨ। ਅਤੇ ਜਾਪ ਆਦਿ ਬਾਣੀ ਪੜ੍ਹਕੇ ਅੰਮ੍ਰਿਤ ਤਿਆਰ ਕਰਦੇ ਹਨ। ਨੌਵੇਂ ਗੁਰੂ ਜੀ ਤਕ ਗੁਰ ਪੱਦ ਕੇਵਲ ਇਕੋ ਵਿਯਕਤੀ ਲਈ ਵਰਤਿਆ ਜਾਂਦਾ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਪੰਚਾਇਤ (ਪਾਰਲੀਮੈਂਟ) ਦੇ ਰੂਪ ਵਿਚ ਸਥਾਪਨ ਕਰ ਦਿਤਾ। ਜੋ ਹੁਣ ਜੁਗੋ ਜੁਗ ਅੱਟਲ ਰਹੇਗਾ। ਅਤੇ ਦਸਾਂ ਗੁਰਾਂ ਦੀ ਬਾਣੀ ਵਰਤੋਂ ਵਿਚ ਆਉਂਦੀ ਰਹੇਗੀ। ਜੋ ਗੁਰੂ ਪੱਦਵੀ ਨਾਲ ਸ਼ਸ਼ੋਭਤ ਹੈ।

ਪ੍ਰਸਿੱਧ ਤੀਰਥ ਮੇਲੇ

ਕਪਾਲ ਮੋਚਨ ਨਾਮ ਦਾ ਕਾਂਸੀ (ਬਨਾਰਸ) ਵਿਖੇ ਤਾਲਾਬ ਹੈ ਜਿਥੇ ਕਿ ਬਜੱਰ ਪਾਪ ਉਤਾਰੇ ਜਾਂਦੇ ਹਨ। ਪਦਮ ਪੁਰਾਣ ਦੀ ਕਥਾ ਮੂਜਬ, ਮਹਾ ਭੈਰਵ ਅਰਥਾਤ ਸ਼ਿਵ ਜੀ ਨੇ ਖੱਬੇ ਹੱਥ ਦੀ ਉਂਗਲ ਦੇ ਨਾਖੂਨ ਨਾਲ 'ਬ੍ਰਹਮਾ ਦਾ ਸੀਸ ਇਸ ਲਈ ਕਟ ਲਿਆ ਸੀ' ਕਿ ਉਸ ਨੇ ਆਪਣੀ ਪੁਤਰੀ ਵਲ ਮੰਦ ਨਿਗਾਹ ਕੀਤੀ ਸੀ। ਸਿਰ ਕਟਿਆ, ਸ਼ਿਵ ਜੀ ਦੇ ਹਥ ਨਾਲ ਚਿਮਟ ਗਿਆ ਸੀ, ਵਡੇ ਯਤਨਾਂ ਨਾਲ ਨਾ ਉਤਰਿਆ, ਬਹੁਤ ਸਾਰੇ ਤੀਰਥਾਂ ਪਰ ਗਿਆ ਪਰ 'ਕਪਾਲ ਮੋਚਨ ਤਾਲਾਬ ਵਿਚ ਇਸ਼ਨਾਨ ਕਰਨੇ ਸੇ ਉਤਰ ਗਿਆ ਸੀ। ਜਿਸ ਕਰਕੇ ਲੋਕੀ ਕਪਾਲ ਮੋਚਨ ਦੇ ਮੇਲੇ ਪਰ ਜਾ ਕੇ

ਇਸ਼ਨਾਨ ਕਰਦੇ ਹਨ। ਮਹਾਂ ਭਾਰਤ ਦੀ ਕਥਾ ਮੂਜਬ ਸਰਸਵਤੀ ਨਦੀ ਦੇ ਕਿਨਾਰੇ ਔਸ਼ਨੋਸ਼ਜ਼ ਤੀਰਥ ਦਾ ਨਾਮ ਵੀ ਕਪਾਲ ਮੋਚਨ ਹੈ। ਇਥੇ ਦੀ ਕਥਾ ਹੈ ਕਿ ਸ੍ਰੀ ਰਾਮ ਚੰਦਰ ਜੀ ਨੇ ਕਟਿਆ, ਦੈਂਤ ਦਾ ਸਿਰ ਮਹੋਦਰ ਰਿਖੀ ਦੀ ਲਤ ਨਾਲ ਚਿਮਟ ਗਿਆ ਸੀ, ਇਥੇ ਇਸ਼ਨਾਨ ਕਰਨੇ ਸੇ ਲੱਤ ਨਾਲੋਂ ਲਥਿਆ ਸੀ, ਇਹ ਤੀਰਥ ਜਗਾਧਰੀ ਤੋਂ ਪੰਜ ਕੋਸਾਂ ਪਰ ਹੈ। ਇਹ ਪਿੰਡ ਮਿਲਖ ਦੀ ਜ਼ਮੀਨ ਵਿਚ ਹੈ।

ਭਾਰਤ ਵਿਚ ਸਭ ਨਾਲੋਂ ਵਡਾ ਇਕੱਠ, ਕੁੰਭ ਦਾ ਮੇਲਾ ਜੋ ਕਿ ਬਾਰਾਂ ਸਾਲਾ ਪਿਛੋਂ ਹੁੰਦਾ ਹੈ। ਛੀਆਂ ਸਾਲਾਂ ਪਿਛੋਂ ਕੁੰਭੀ ਨਾਮ ਹੇਠਾਂ ਇਕੱਠ ਹੁੰਦਾ ਹੈ। ਕੁੰਭ ਨਾਮ ਘੜੇ ਦਾ ਹੈ ਸਕੰਦ ਪੁਰਾਣ ਦੀ ਕਥਾ ਅਨੁਸਾਰ ਦੇਵਾ ਦਾਨਵਾਂ ਦੇ ਸਮੁੰਦਰ ਰਿੜਕਣ ਸਮੇਂ ਚੋਦਾ ਰਤਨਾਂ ਵਿਚੋਂ ਸਮੁੰਦਰ ਵਿਚ ਇਕ ਅੰਮ੍ਰਿਤ ਦਾ ਘੜਾ ਨਿਕਲਿਆ ਸੀ। ਧਨੰਤਰ ਨੇ ਅੰਮ੍ਰਿਤ ਦਾ ਘੜਾ ਇੰਦਰ ਨੂੰ ਦਿਤਾ ਸੀ, ਇੰਦਰ ਨੇ ਆਪਣੇ ਪੁਤਰ ਜਯੰਤ ਨੂੰ ਕਿਹਾ ਕਿ ਇਸ ਨੂੰ ਸੁਰਗਾਂ ਵਿਚ ਲੈ ਜਾ। ਦੈਂਤਾਂ ਦੇ ਗੁਰੂ ਸ਼ੁੱਕ੍ਰ ਨੇ ਦਾਨਵਾਂ ਨੂੰ ਹੁਕਮ ਦਿਤਾ ਕਿ ਘੜਾ ਦੇਹਾਂ ਪਾਸੋਂ ਖੋਹ ਲਿਆ ਜਾਵੇ ਜਿਸ ਪਰ ਦੇਵਾਂ ਅਤੇ ਦਾਨਵਾਂ ਦਾ ਬਾਰਾਂ ਦਿਨ ਜੰਗ ਹੁੰਦਾ ਰਿਹਾ। ਅੰਮ੍ਰਿਤ ਦੇ ਘੜੇ ਦੀ ਖੋਹਾ ਖਿੰਜੀ ਵਿਚ ਜਿਥੇ ਜਿਥੇ ਅੰਮ੍ਰਿਤ ਡੁਲ੍ਹਿਆ, ਉਥੇ ਕੁੰਭ ਦਾ ਮੇਲਾ ਭਰਦਾ ਹੈ। ਸੋ ਇਹ ਚਾਰ ਜਗ੍ਹਾ ਮੰਨੀਆਂ ਹਨ। 'ਪ੍ਰਯਾਗ, ਉਜੈਨ, ਨਾਸਿਕ ਅਤੇ ਹਰਿਦਵਾਰ' ਸੋ ਚਾਰੇ ਥਾਵੀਂ ਵਾਰੋ ਵਾਰੀ ਮੇਲਾ ਭਰਦਾ ਹੈ। ਇਸ ਦਾ ਨਾਮ ਕੁੰਭ ਪਰਵ ਹੈ' ਪਾਂਡਿਆਂ ਨੇ ਇਕ 'ਕੁੰਭੀ ਮੇਲਾ ਛੀਆਂ ਸਾਲਾਂ ਪਿਛੋਂ (ਅਧਕੁੰਭੀ) ਆਰੰਭ ਦਿਤਾ ਹੈ।

ਨੋਟ— ਯਾਦ ਰਹੇ ਦੇਵਤਿਆਂ ਦਾ ਇਕ ਦਿਨ ਮਨੁਖਾਂ ਦੇ ਬਾਰਾਂ ਸਾਲ ਬਰਾਬਰ ਮੰਨਿਆ ਹੈ, ਇਸੇ ਕਰਕੇ ਬਾਰਾਂ ਸਾਲੋਂ ਪਿਛੋਂ ਕੁੰਭ ਹੁੰਦਾ ਹੈ। ਜੇਕਰ ਵ੍ਰਿਹਸਪਤਿ ਕੁੰਭ ਰਾਸ਼ਿ ਵਿਚ ਹੋਵੇ ਔਰ ਸੂਰਜ ਮੇਖ ਰਾਸ਼ਿ ਵਿਚ ਤਾਂ ਮੇਲਾ ਹਰਿਦ੍ਵਾਰ ਗੰਗਾ ਪਰ ਹੁੰਦਾ ਹੈ। ਜੇਕਰ ਅਮਾਵਸ ਨੂੰ ਵ੍ਰਿਹਸਪਤਿ ਮੇਖ ਰਾਸ਼ਿ ਵਿਚ ਔਰ ਚੰਦ੍ਰਮਾ ਮਕਰ ਰਾਸ਼ਿ ਵਿਚ ਤਾਂ ਪ੍ਰਯਾਗ

ਜੇਕਰ ਵ੍ਰਿਹਸਪਤਿ ਚੰਦ੍ਰਮਾ ਤੇ ਸੂਰਜ ਅਮਾਵਸ ਨੂੰ ਕਰਕ ਰਾਸ਼ਿ ਵਿਚ ਹੋਣ ਤਾਂ ਮੇਲਾ ਨਾਸਿਕ (ਗੁਦਾਵਰੀ)। ਜੇਕਰ ਵ੍ਰਿਹਸਪਤਿ ਚੰਦ੍ਰਮਾ ਸੂਰਜ ਅਮਾਵਸ ਨੂੰ ਕੁੰਭ ਰਾਸ ਵਿਚ ਹੋਣ ਤਾਂ ਮੇਲਾ ਉਜੈਨ (ਧਾਰਾ ਨਗਰੀ) ਵਿਚ ਲਗਦਾ ਹੈ।

ਕਈਆਂ ਨੇ ਸਤਾਂ ਪੁਰੀਆਂ ਵਿਚ ਭੀ ਅੰਮ੍ਰਿਤ ਮੰਨਿਆ ਹੈ। ਜਿਹਾ ਕਿ, ਮਥਰਾ, ਅਯੋਧਯਾ, ਹਰਿਦ੍ਵਾਰ ਅਵੰਤਿਕਾ, ਦ੍ਵਾਰਾਵਤੀ, ਕਾਂਸ਼ੀ ਔਰ ਕਾਂਚੀ। ਇਨ੍ਹਾਂ ਨੂੰ ਸਤ ਪੁਰੀਆਂ ਕਹਿੰਦੇ ਹਨ।

(੨) ਭਾਰਤ ਵਿਚ ਗਯਾ ਨਾਮ ਦਾ ਇਕ ਤੀਰਥ ਮਹਾਨ ਪ੍ਰਸਿਧ ਹੈ। ਲਖਾਂ ਹਿੰਦੂ ਹਰ ਸਾਲ ਉਥੇ ਜਾ ਆਪਣੇ ਪਿਤ੍ਰਾਂ ਅਤੇ ਦੇਵਤਿਆਂ ਦੇ ਨਮਿਤ ਪਿੰਡ ਭਰਾਂਦੇ ਹਨ। ਇਹ ਸਥਾਨ ਇਲਾਕਾ ਬਿਹਾਰ ਵਿਚ ਪਟਨੇ ਸ਼ਹਿਰ ਦੇ ਨੇੜੇ ਫਲਗੂ ਨਦੀ ਕਿਨਾਰੇ ਪਰ ਹੈ। ਲੋਕਾਂ ਨੂੰ ਇਹ ਵਿਸ਼ਵਾਸ਼ ਦਿਵਾਇਆ ਜਾਂਦਾ ਹੈ ਕਿ ਇਥੇ ਪਿੰਡ ਦਾਨ ਕਰਨੇ ਨਾਲ ਪਿਤ੍ਰਾਂ ਦੀ ਗਤੀ ਹੁੰਦੀ ਰਹਿੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਬਿਹਾਰ ਗਏ। ਉਨ੍ਹਾਂ ਦਾ ਕਾਫ਼ੀ ਜ਼ਿਕਰ ਆਉਂਦਾ ਹੈ। ਹਿੰਦੂਆਂ ਦੇ ਵਾਯੂ ਪ੍ਰਾਣ ਵਿਚ ਇਕ ਲੰਮੀ ਕਥਾ ਹੈ ਜਿਸ ਦਾ ਸੰਖੇਪ ਇਸ ਤਰ੍ਹਾਂ ਹੈ ਕਿ ਇਕ ਅਸੁਰ (ਰਾਖਸ) ਨੇ ਜਿਸਦਾ ਨਾਮ ਗੇਯਾਸੁਰ ਸੀ। ਇਥੇ ਉਗਰ ਤਪ ਕੀਤਾ। ਜਿਸ ਪਰ ਬ੍ਰਹਮਾ ਅਤੇ ਬਿਸ਼ਨੂੰ ਨੇ ਪ੍ਰਸੰਨ ਹੋ ਕੇ ਵਰ ਦਿਤਾ ਕਿ ਜੋ ਮੰਗਣਾ ਹੈ ਮੰਗ। ਗਯਾਸੁਰ ਨੇ ਕਿਹਾ ਕਿ ਜੋ ਮੇਰਾ ਦਰਸ਼ਨ ਕਰੇ ਉਹ ਬੈਕੁੰਠ ਵਿਚ ਜਾਵੇ। ਬਿਸ਼ਨੂੰ ਜੀ ਨੇ ਆਖ ਦਿਤਾ ਤਥਾ ਅਸਤੂ ਭਾਵ ਐਸਾ ਹੀ ਹੋਵੇਗਾ, ਸੋ ਇਸੇ ਖਿਆਲ ਨਾਲ ਲੋਕੀ ਉਥੇ ਜਾਂਦੇ ਹਨ। ਬਰਮਾ ਪਾਸੋਂ ਉਸ ਨੇ ਵਰ ਮੰਗਿਆ ਕਿ ਮੇਰੀ ਦੇਹੀ ਪਹਾੜਾਂ ਨਾਲੋਂ ਉਚੀ ਹੋ ਜਾਵੇ। ਸੋ ਉਸ ਦੀ ਦੇਹੀ ਸਤ ਯੋਜਨ ਚੌੜੀ (ਮੋਟੀ) ਹੈ ਅਤੇ ਇਕ ਸੌ ਬੀਸ ਯੋਜਨ ਲੰਮੀ ਹੋ ਗਈ ਜਿਸ ਕਰਕੇ ਉਹ ਲੋਕਾਂ ਨੂੰ ਬਹੁਤ ਦੂਰ ਤੋਂ ਦਿਸ ਪੈਂਦਾ ਸੀ। ਇਸ ਤਰ੍ਹਾਂ ਜਦ ਸਾਰੇ ਲੋਕ ਦਰਸ਼ਨ ਕਰਕੇ ਬੈਕੁੰਠ ਨੂੰ ਚਲੇ ਜਾਣ ਤਾਂ ਧਰਮ ਰਾਜ ਦੇ ਦਫਤਰ ਬੰਦ ਹੋਣ ਲਗੇ, ਉਸਨੇ ਬਿਸ਼ਨੂੰ ਜੀ ਪਾਸ ਸ਼ਕਾਇਤ ਕੀਤੀ ਕਿ ਆਪ ਨੇ

ਇਹ ਵਰ ਦੇ ਕੇ ਅਛਾ ਨਹੀਂ ਕੀਤਾ। ਹੁਣ ਕਰਮਾਂ ਦਾ ਫਲ ਕੌਣ ਭੁਗਤੇਗਾ ਸੋ ਗਯਾਸੁਰ ਪਾਸੋਂ ਵਰ ਮੰਗਿਆ ਉਸ ਨੇ ਕਿਹਾ ਮੰਗੋ ਜੋ ਮੰਗਣਾ ਹੈ ਸੋ ਦੇਵਤਿਆਂ ਨੇ ਉਸ ਦਾ ਸਰੀਰ ਲੈ ਕੇ ਇਕ ਅਤੀ ਭਾਰੀ ਪੱਥਰ ਦੀ ਸਿਲਾ ਹੇਠਾਂ ਦਬਾ ਦਿਤਾ। ਪਰ ਗਯਾਸੁਰ ਦੀ ਮੰਨਸਾ ਅਨੁਸਾਰ ਵਰ ਦਿਤਾ ਕਿ ਜਿਥੇ ਇਸ ਦੀ ਦੇਹੀ ਦਬਾਈ ਗਈ ਹੈ ਜੋ ਕੋਈ ਆ ਕੇ ਪਿੰਡ ਭਰੇਗਾ, ਉਸ ਦੇ ਪਿਤ੍ਰ ਬੈਕੁੰਠ ਵਿਚ ਜਾ ਬਿਰਾਜਣਗੇ।

ਗੰਗਾ ਇਕ ਲੰਮੀ ਨਦੀ ਹੈ, ਜਿਸ ਦਾ ਪਾਣੀ ਹਿੰਦੂ ਲੋਕ ਪਵਿਤਰ ਕਹਿ ਕੇ ਕਲਿਆਨਕਾਰ ਮੰਨਦੇ ਹਨ। ਮੁਰਦਿਆਂ ਦੇ ਫੂਲ (ਹਡ) ਇਸ ਵਿਚ ਮੁਕਤੀ ਵਾਸਤੇ ਪਾਉਂਦੇ ਹਨ। ਇਸ ਦਾ ਪਾਣੀ ਨਿਰਮਲ (ਸਾਫ਼) ਹੈ। ਗੋਮੁਖ ਚਸ਼ਮੇ ਤੋਂ ਨਿਕਲਨੇ ਕਰ ਕੇ ਇਸ ਦਾ ਨਾਮ ਗੰਗਾ ਪੈ ਗਿਆ ਹੈ, ਗੋਮੁਖ ਚਸ਼ਮਾ ਹਰਦਵਾਰ ਤੋਂ ਪੌਣੇ ਕੁ ਦੋ ਸੌ ਮੀਲਾਂ ਪਰ ਉਪਰ (ਪਹਾੜ) ਵਲ ਹੈ। ਇਹ ਚਸ਼ਮਾ ਚੌਦਾਂ ਕੁ ਸੌ ਫੁਟ ਉਚੀ ਪਹਾੜੀ ਪਰ ਹੈ। ਸਾਢੇ ਕੁ ਪੰਦਰਾਂ ਸੌ ਮੀਲ ਇਸ ਦਰਿਆ ਦੀ ਲੰਬਾਈ ਹੈ। ਇਹ ਨਦੀ ਗੰਗਾ ਸਾਗਰ ਦੇ ਸੰਗਮ ਪਰ ਜਾ ਕੇ ਸਮੁੰਦਰ ਵਿਚ ਜਾ ਡਿਗਦੀ ਹੈ। ਹਿੰਦੂਆਂ ਦੇ ਗ੍ਰੰਥਾਂ ਵਿਚ ਇਸ ਬਾਰੇ ਕਈ ਸਾਖੀਆਂ ਹਨ, ਜਿਹਾ ਕਿ ਦਸਿਆ ਹੈ ਕਿ ਇਕ ਦਫ਼ਾ ਵਾਮਨ ਭਗਵਾਨ ਦਾ ਪੈਰ ਬ੍ਰਹਮ ਲੋਕ ਵਿਚ ਜਾ ਟਿਕਿਆ। ਵਾਮਨ ਨੂੰ ਹਿੰਦੂ ਅਵਤਾਰ ਕਹਿੰਦੇ ਹਨ। ਬ੍ਰਹਮ ਲੋਕ ਵਿਚ ਬ੍ਰਹਮਾਂ ਨੇ ਚਰਨ ਧੋ ਕੇ, ਆਪਣੇ ਕਮੰਡਲ ਵਿਚ ਉਹ ਪਾਣੀ ਪਾ ਲਿਆ ਸੋ ਇਸ ਤਰ੍ਹਾਂ ਗੰਗਾ ਵਾਮਨ ਅਵਤਾਰ ਦੇ ਚਰਨਾਂ ਦਾ ਧੋਤਾ ਪਾਣੀ ਮੰਨਿਆ ਗਿਆ। ਬ੍ਰਹਮ ਲੋਕ ਤੋਂ ਭਗਤ ਭਾਗੀਰਥ ਦੀ ਪ੍ਰਾਥਨਾ ਪਰ ਗੰਗਾ ਬ੍ਰਹਮ ਲੋਕ ਤੋਂ ਪ੍ਰਿਥਵੀ ਉਪਰ ਸ਼ਿਵ ਜੀ ਦੀਆਂ ਜਟਾਂ ਵਿਚ ਬਹਿ ਕੇ ਆਈ। ਇਸ ਤੋਂ ਇਸ ਨੂੰ ਭਾਗੀਰਥੀ ਬ੍ਰਹਮੀ ਯਾ ਸ਼ਿਵ ਗੰਗਾ ਆਦਿ ਨਾਮਾਂ ਨਾਲ ਪੁਕਾਰਦੇ ਹਨ।

ਕਥਾ ਹੈ ਕਿ ਸੂਰਜ ਵੰਸੀ ਰਾਜਾ ਬਾਹੂ (ਅਸਤਿ) ਦਾ ਪੁਤਰ ਰਾਜਾ

ਸਗਰ ਸੀ। ਜਿਸ ਦੇ ਸੱਠ ਹਜ਼ਾਰ ਪੁਤਰਾਂ ਨੂੰ ਰਿਸ਼ੀ "ਕਪਿਲ" ਨੇ ਸਰਾਪ ਨਾਲ ਭਸਮ ਕਰ ਦਿਤਾ ਸੀ। ਇਸੀ ਕੁਲ ਵਿਚ ਅੰਸਮਾਨ ਦੇ ਪੁਤਰ ਰਾਜਾ ਦਲੀਪ ਦੇ ਘਰ ਭਾਗੀਰਥ ਤਪਾਜਨ ਖਿਆ। ਜਿਸ ਨੇ ਤਪ ਦੇ ਬਲ ਨਾਲ ਬ੍ਰਹਮ ਲੋਕ ਤੋਂ ਗੰਗਾ ਲਿਆਂਦੀ ਸੀ। ਸਠ ਹਜ਼ਾਰ ਭਸਮ ਹੋਈਆਂ ਦੀ ਗਤੀ ਕਰਵਾਈ। ਇਕਰ ਗਤੀ ਹੋਣ ਦੇ ਖਿਆਲ ਨਾਲ ਲੋਕੀ ਗੰਗਾ ਸ਼ਨਾਨ ਨਾਲ ਗਤੀ ਹੋਣੀ ਮੰਨਦੇ ਹਨ। ਦਸਿਆ ਕਿ ਰਾਜਾ ਸਗਰ ਦੇ ਰਥ ਪਹੀਆਂ ਦੀ ਲੀਹਾਂ ਪਰ ਸਮੁੰਦਰ ਬਣੇ ਤਦੇ ਨਾਮ ਸਾਗਰ ਪਿਆ ਹੈ। ਵਿਸ਼ਨ ਪੁਰਾਣ ਦੀ ਕਥਾ ਅਨੁਸਾਰ ਰਿਸ਼ੀ ਜਿਨਹੂ ਨੇ ਗੰਗਾ ਪੀ ਕੇ ਰਿਸ਼ੀਆਂ ਦੀ ਪ੍ਰਾਥਨਾ ਪਰ ਕੰਠਾ ਦੁਆਰੇ ਬਾਹਰ ਨਿਕਾਲੀ ਸੀ ਤਦੇ ਨਾਮ 'ਜਨਹੂਸਤਾ' ਪਿਆ।

ਭਗਤਾਂ ਬਾਰੇ

ਭਾਈ ਗੁਰਦਾਸ ਜੀ ਦੀ ਦਸਵੀਂ ਵਾਰ ਵਿਚ ਰਲਵੇਂ ਮਿਲਵੇਂ ਕੁਝ ਕੁ ਭਗਤਾਂ ਦੇ ਹਾਲਾਤ ਦਿਤੇ ਹਨ। ਇਹ ਵਾਰ ਹਿੰਦੂ ਗਰੰਥਾਂ ਅਤੇ ਭਗਤ ਮਾਲ ਆਦਿ ਵਿਚੋਂ ਨਕਲ ਕੀਤੀ ਗਈ ਹੈ। ਭਾਈ ਸਾਹਿਬ ਜੀ ਦਾ ਆਪਣਾ ਆਸ਼ਾ ਅੜਰਾ ਹੈ। ਇਸ ਵਾਰ ਵਿਚ ਭਗਤ ਧ੍ਰੂ, ਪ੍ਰਹਿਲਾਦ ਰਾਜਾ ਬਲਿ, ਜਨਕ, ਰਾਣੀ ਤਾਰਾ, ਬਿਦਰ, ਦਰੋਪਦੀ, ਸੁਦਾਮਾ, ਜੈਦੇਵ, ਨਾਮਦੇਵ, ਤ੍ਰਿਲੋਚਨ, ਧੰਨਾ, ਬੇਣੀ, ਕਬੀਰ, ਰਾਮਨੰਦ, ਸੈਣ, ਰਵਿਦਾਸ, ਗੋਤਮ ਰਿਖੀ ਅਤੇ ਅਹਲਿਆ, ਬਾਲਮੀਕ ਬਟਵਾੜਾ, ਅਜਾਮਲ, ਗਣਕਾ, ਪੂਤਨਾ, ਸ੍ਰੀ ਕ੍ਰਿਸ਼ਨ ਜੀ ਦੀ ਕਥਾ ਆਦਿ ਦੇ ਪਰਸੰਗ ਹਨ। ਪੁਰਾਣਕ ਕਥਾਵਾਂ ਅਨੁਸਾਰ ਵਧ ਇਨ੍ਹਾਂ ਵਿਚ ਵਿਸ਼ਨ ਕ੍ਰਿਸ਼ਨ ਭਗਤ ਹਨ ਪੀਪਾ, ਪਰਮਾ ਨੰਦ, ਸੂਰਦਾਸ, ਸਧਨਾ, ਸ਼ੇਖ ਫ਼ਰੀਦ, ਭੀਖਨ, ਤ੍ਰਿਲੋਚਨ ਆਦਿ ਨਾਮ ਨਹੀਂ ਦਿਤੇ।

ਭੱਟਾਂ ਦੇ ਸਬੰਧ ਵਿੱਚ ਸਿਖ ਇਤਿਹਾਸ ਵਿਖੇ ਕਈ ਪ੍ਰਕਾਰ ਦੀਆਂ ਕਥਾਵਾਂ ਲਿਖੀਆਂ ਹਨ, ਜਿਨ੍ਹਾਂ ਦਾ ਸੰਖੇਪ ਅਗੇ ਦਰਜ ਹੈ।

'ਇਕ ਇਕ ਵੇਦ ਚਤੁਰ ਬਪ ਧਾਰੇ ਪ੍ਰਗਟ ਤਿੰਨ ਕਹੌਂ ਅਸੰਸ ॥
ਪੂਰਵ ਸ਼ਾਮ ਵੇਦ ਇਹ ਭੈ, ਮਥਰਾ ਜਾਲਪ ਬਲ ਹਰਿਬੰਸ ॥
ਪੁਨ ਰਿਗਵੇਦ ਕਲਜ ਜਲ੍ਹ ਨਲ ਤ੍ਰੈ, ਕਲ ਸਹਾਰ ਚੌਥੋ ਗਿਨਿ ਅੰਸ ॥
ਭਏ ਯਜੁਰ ਕੇ ਟਲਯ ਸਲਯ ਪੁਨਿ, ਜਲਜ ਭਲਜ ਉਪਜੇ ਦਿਸ ਬੰਸ ।
ਬਹੁਰ ਅਥਰਵਣ ਦਾਸਰ ਕੀਰਤਿ, ਗਨਿ ਗਯੰਦ ਸਦਰੰਗ ਸੁਚਾਰ ॥
ਕਮਲਾਸਨ ਕੋ ਭਿਖਾ ਨਾਮ ਸੋਂ, ਇਹ ਸਭ ਤੇ ਭਾ ਅਧਿਕ ਉਦਾਰ ।
(ਸੂਰਜ ਪ੍ਰਕਾਸ਼ ਰਾਸ ੩ ਅਧਿਆਇ ੪੯)

ਟੀਕਾ ਫਰੀਦਕੋਟ ਨੇ ਭੀ ਇਸੇ ਦੀ ਪ੍ਰੋੜਤਾ ਕੀਤੀ ਹੈ ਕਿ ਵੇਦਾਂ ਨੂੰ ਹੰਕਾਰ ਹੋ ਗਿਆ ਸੀ ਜਿਸ ਕਾਰਨ ਵਿਸ਼ਨੂੰ ਭਗਵਾਨ ਨੇ ਸਮੇਤ ਬ੍ਰਹਮਾ ਦੇ ਇਨ੍ਹਾਂ ਨੂੰ ਸਰਾਪ ਦਿਤਾ ਸੀ ।

ਸਰਾਪ ਨਵਿਰਤੀ ਹਿਤ ਇਨ੍ਹਾਂ ਦੇ ਅਰਜ਼ਾਂ ਕਰਨੇ ਪਰ ਸ੍ਰੀ ਵਿਸ਼ਨੂੰ ਜੀ ਨੇ ਕਿਹਾ ਕਿ ਜਿਸ ਵੇਲੇ ਮੈਂ ਕਲਿਜੁਗ ਵਿਚ ਪੰਜਵਾਂ ਅਵਤਾਰ ਲਵਾਂਗਾ । (ਗੁਰੂ ਅਰਜਨ ਦੇਵ ਜੀ) ਉਥੇ ਆਕੇ ਮੇਰੇ ਹਜ਼ੂਰ ਮਾਫੀਆਂ ਮੰਗੋ ਤਦੋਂ ਬਖਸ਼ਾਂਗਾ ।' '੧੯ ਭੱਟ' ਚਾਰ ਚਾਰ ਕਰਕੇ 'ਸੂਰਜ ਪ੍ਰਕਾਸ਼' ਵਿਚ ਇਕ ਇਕ ਵੇਦ ਦੇ ਅਵਤਾਰ ਮੰਨੇ ਹਨ ਬ੍ਰਹਮਾਂ ਸਤਾਰਵਾਂ 'ਭਿਖਾ' ਨਾਮੀ ਮੰਨਿਆਂ ਹੈ ।

ਪੰਡਿਤ ਤਾਰਾ ਸਿੰਘ ਜੀ ਨਰੋਤਮ ਨੇ ਇਸ ਤਰ੍ਹਾਂ ਲਿਖਿਆ ਹੈ :—

ਬੇਣੀ, ਧੀਪਾ, ਸੈਨਸਹ, ਭੀਖਨ, ਧੰਨਾ ਮੇਲ ।
ਸਧਨਾ ਔਰ ਦਾਸ, ਪੁਨ ਰਾਮਾ ਨੰਦੇ ਠੇਲ ।
ਮੀਰ ਸੂਰ ਤ੍ਰਿਲੋਚਨੰ ਪਰਮਾਂ ਨੰਦ ਜੈਦੇਵ ।
ਕਬੀਰ ਫਰੀਦੈ ਮਮ ਲਖ ਨਾਮਦੇਵ ਚਿਤ ਭੇਵ ।

ਉਕਤ ਸੋਲਾਂ ਭਗਤ ਲਿਖੇ ਹਨ । ਮੀਰਾਂ ਬਾਈ ਦੀ ਬਾਣੀ ਕਈ ਖ਼ਾਰੀ ਬੀੜਾਂ ਵਿਚ ਦਰਜ ਹੈ । ਅਗੇ ਭਟ ਲਿਖੇ ਹਨ:—

'ਮਥਰਾ ਜਾਲਪ, ਬਲ ਪੁਨ, ਹਰਬੰਸੇ ਲਖ ਸ਼ਾਮ ।
ਟਲਯ ਸਲਯ ਪੁਨ ਜਲਯ ਸਹ ਭਲਯ, ਜੁਜੁਰ ਬਪੁ ਕਾਮ ।

ਕਲ ਸਹਾਰ, ਕਲ ਜਲ ਧੁਨ ਨਲ੍ਹ ਸਾਰਿਗਂ ਸਰੂਪ।
ਕੀਰਤਿ ਦਾਸ ਗਯੰਦ ਸਦਰੰਗ ਅਥਰਬ ਅਨੂਪ।
ਭਿਖਾ ਬ੍ਰਹਮਾ ਸਤ੍ਰਵਾਂ ਭੱਟ ਭਗਤ ਗੁਰ ਕੇ॥ ਇਹ ਭੀ ਸੂਰਜ ਪ੍ਰਕਾਸ਼ ਦੀ ਨਕਲ ਹੀ ਹੈ। ਅਗੇ ਹੋਰ ਲਿਖੇ ਹਨ:—

'ਸੱਤਾ ਬਲਵੰਤ ਡੂਮ ਦੇ, ਤਯੋਂ ਮਰਦਾਨਾ ਹੇਰ।
ਮੂਸਨ ਦੂਸਰ ਸੰਮਨੋ ਪ੍ਰੇਮੀ ਦਾਸ ਬਿਸੇਖ।
ਸ੍ਰੀ ਗੁਰ ਅਰਜਨ ਦੇਵ ਕੇ ਜਿਨ ਮਮ ਔਰ ਨ ਦੇਖ।
ਸੁੰਦਰ ਪੜੋਤਾ ਏਕ ਹੀ ਤੀਸਰ ਗੁਰ ਸਦਕਾਰ।

ਅਗੇ ਗੁਰੂ ਸਾਹਿਬਾਂ ਨਾਮ ਦੇ ਦਿਤੇ ਹਨ—

ਗੁਰੂ ਨਾਨਕ ਗੁਰੂ ਅੰਗਦ ਅਮਰਦਾਸ ਗੁਰੂ ਭਾਰ॥
ਰਾਮਦਾਸ ਗੁਰ ਅਰਜਨੰ ਤੇਗ ਬਹਾਦਰ ਤੈਸ।
ਧੁਨ ਪਾਈ ਗੁਰ ਖਸ਼ਟਮੇ, ਦੋਹਾ ਇਕ ਦਸਮੇਸ਼।
ਸਭ ਅਠਤਾਲੀ ਜਿਨ ਬਚੰ ਅੰਦਰ ਬੀੜ ਮ੍ਰ ਲੇਖ।
ਬਲ ਛੁਟਕਿਓ ਬਲ ਹੂਆ ਉਤਰ ਦੋਹਾ ਪੇਖ।

ਇਸ ਤਰ੍ਹਾਂ ਅਠਤਾਲੀ ਵਿਯਕਤੀਆਂ ਦੀ ਬਾਣੀ ਦਸੀ ਹੈ।

ਭਗਤਾਂ ਦੀ ਰਚਨਾ ਬੀੜ ਵਿਚ ਹੇਠਾਂ ਲਿਖੇ ਵੇਰਵੇ ਨਾਲ ਹੈ ਭਗਤ ਕਬੀਰ ਪੰਜ ਸੌ ਚੌਤੀਸ, ਰਵਿਦਾਸ ਚਾਲੀ ਸ਼ਬਦ, ਨਾਮਦੇਵ ਬਾਸਠ, ਸ਼ੇਖ ਫਰੀਦ ਇਕ ਸੌ ਤੇਈਸ, ਧੰਨਾ ਚਾਰ, ਜੈ ਦੇਵ ਦੋ, ਪਰਮਾ ਨੰਦ ਇਕ, ਬੇਣੀ ਤਿੰਨ, ਭੀਖਨ ਦੋ, ਸੂਰਦਾਸ ਦੋ, ਸੂਰ ਦਾਸ ਦੋ, ਰਾਮਾ ਨੰਦ ਇਕ, ਤ੍ਰਿਲੋਚਨ ਪੰਜ, ਪੀਪਾ ਇਕ, ਸਧਨਾ ਇਕ, ਸੈਣ ਇਕ, ਸਤ ਬਲਵੰਡ ਅਠ, ਸੁੰਦਰ ਛੀ, ਭਟ ਇਕ ਸੌ ਤੇਈਸ ਛੰਤ, ਇਸ ਤਰ੍ਹਾਂ ਚੌਥੇ ਕੁ ਹਿਸੇ ਦੀ ਰਚਨਾ ਭਗਤਾਂ, ਭਟਾਂ ਆਦਿ ਦੀ ਬੀੜ ਵਿਚ ਵੇਖੀ ਜਾਂਦੀ ਹੈ।

ਗੁਰ ਬਾਣੀ ਦਾ ਇਕ ਵੇਰਵਾ ਇਕਰ ਹੈ। ਮਹਲੇ ਪਹਿਲੇ ਦੇ ਨੌ ਸੌ ਸੰਤਾਲੀ ਸ਼ਬਦ, ਦੂਜੇ ਦੇ ਤ੍ਰੇਸਠ ਸਲੋਕ, ਤੀਜੇ ਦੀ ਅਠ ਸੌ ਉਨੱਤ੍ਰ,

ਚੌਥੇ ਦੇ ਛੀ ਸੌ ਅਠੱਤੀਸ, ਪੁਜਵੇਂ ਦੇ ਦੋ ਹਜ਼ਾਰ ਤਿੰਨ ਸੌ ਬਾਰਾਂ, ਨੌਂਵੇਂ ਦੀ ਇਕ ਸੌ ਸੱਲਾਂ। ਵੇਰਵੇ ਹੋਰ ਭੀ ਮਿਲਦੇ ਹਨ। ਇਕ ਬਸੰਤ ਦੀ ਵਾਰ ਹਸਤ ਲਿਖਤ ਵੇਖੀ ਗਈ ਹੈ, ਜਿਸ ਵਿਚ ਛੀਵੇਂ, ਸਤਵੇਂ ਔਰ ਅਠਵੇਂ ਗੁਰੂ ਜੀ ਦੇ ਸਲੋਕ ਲਿਖੇ ਹਨ। ਦਸਮ ਗੁਰੂ ਜੀ ਦੀ ਬਾਣੀ, ਦਸਮ ਗ੍ਰੰਥ ਸਾਹਿਬ ਵਿਚ ਮਿਲਦੀ ਹੈ ਜੋ 'ਖਾਲਸਾ' ਜੀ ਵਾਸਤੇ ਉਚਾਰੀ ਗਈ ਹੈ। ਦਸਮ ਗੁਰੂ ਜੀ ਨੇ ਜਾਪ ਦੇ ਆਰੰਭ ਪਰ ਵਖਰਾ ਮੂਲ ਮੰਤ੍ਰ ਲਿਖਿਆ ਹੈ ਮਹਲੇ ਔਰ ਨਾਨਕ ਕਵਿ ਛਾਪ ਨਹੀਂ ਵਰਤਿਆ, ਮਹੱਲੇ ਦੀ ਥਾਂ ਪਾਤਸ਼ਾਹੀ ੧੦ ਹੈ।

ਸੰਸਾਰ ਰਚਨਾ ਬਾਰੇ

ਤਿਰੀਯ ਬ੍ਰਾਹਮਣ ਦੇ ਲੇਖ ਮੂਜਬ ਪ੍ਰਜਾਪਤਿ ਨੇ, ਆਪ ਨੂੰ ਪਰਗਟ ਕਰਨ ਦੀ ਇੱਛਾ ਹਿਤ ਤਪ ਕੀਤਾ। ਉਸ ਵਿਚ ਸ੍ਵਾਸ ਦੀ ਤਾਕਤ ਆ ਗਈ। ਉਸ ਨੇ ਆਪਣੇ ਅਸੁ ਅਰਥਾਤ ਸ੍ਵਾਸਾਂ ਨਾਲ ਅਸੁਰ ਕਿਆ ਦੈਂਤ ਪੈਦਾ ਕੀਤੇ। ਉਪਰੰਤ ਪਿੱਤਰ ਰਚੇ, ਫਿਰ ਸੋਚਕੇ ਆਦਮੀ ਪੈਦਾ ਕੀਤੇ। ਦਿਨ ਚੜ੍ਹਨ ਸਾਰ ਦੇਵਤੇ ਰਚੇ ਦੂਜੀ ਕਥਾ ਹੈ ਕਿ ਪਹਿਲਾਂ ਕੱਲਾ ਪ੍ਰਜਾਪਤਿ ਸੀ, ਉਸ ਨੇ ਅਨਾਜ ਪੈਦਾ ਕਰਕੇ ਉਸ ਵਿਚ ਆਪ ਪੈਦਾ ਹੋਣ ਦਾ ਯਤਨ ਕੀਤਾ। ਉਸ ਨੇ ਆਪਣੇ ਪ੍ਰਾਣਾ ਥੀਂ ਪਸੂ। ਆਤਮਾ ਦੇ ਲੋਕ, ਹੱਥਾਂ ਦੇ ਘੋੜੇ, ਸ੍ਵਾਸਾਂ ਦੇ ਬੈਲ, ਕੰਨਾਂ ਦੀਆਂ ਭੈਂਸਾਂ ਔਰ ਆਵਾਜ਼ ਤੋਂ ਬਕਰੀਆਂ ਪੈਦਾ ਕੀਤੀਆਂ ਇਕ ਹੋਰ ਕਥਾ ਹੈ ਕਿ ਪੁਰਸ਼ ਅਰਥਾਤ ਪਰਮਾਤਮਾ ਜੋ ਪਹਿਲਾਂ ਕੱਲਾ ਹੀ ਸੀ ਉਸਨੇ ਦੂਸਰੇ ਦੀ ਇੱਛਾ ਕੀਤੀ ਤਾਂ ਆਪਣੇ ਆਪਦੇ ਦੋ ਭਾਗ ਕਰ ਦਿਤੇ ਜਿਨ੍ਹਾਂ ਵਿਚ ਇਕ ਮਨੁਖ ਔਰ ਇਸਤ੍ਰੀ ਬਣੀ ਭਾਵ ਪਤਨੀ ਗਊ ਬਣ ਗਈ ਅਤੇ ਮਨੁਖ ਸਾਨ ਹੋ ਗਿਆ। ਇਕਰ ਹਰ ਪ੍ਰਕਾਰ ਦੇ ਜੋੜੇ ਦੀ ਉਤਪਤੀ ਹੁੰਦੀ ਗਈ।

ਪ੍ਰਜਾਪਤਿ ਨੇ ਉਪਰਲੇ ਸ੍ਵਾਸਾਂ ਤੋਂ ਦੇਵਤੇ ਔਰ ਹੇਠਲੇ ਸ੍ਵਾਸਾਂ ਵਿਚੋਂ ਮਰਨ ਜਮਨ ਵਾਲੇ ਮਨੁਖ ਰਚੇ। ਸੋ ਇਕਰ ਦੀ ਪੁਰਾਣਕ ਕਈ ਕਥਾਵਾਂ

ਚੁਨ ।

ਮਨੂ ਦੀ ਲਿਖਤ ਮੂਜਬ ਪ੍ਰਜਾਪਤਿ ਨੇ ਪਹਿਲੇ ਪਾਣੀ ਰਚਿਆ, ਉਸ ਵਿਚ ਬੀਜ ਸੁਟ ਦਿਤਾ ਜੋ ਕਿ ਸੂਰਜ ਵਾਂਗ ਚਮਕਦਾ ਸੀ ਉਹ ਸੋਨੇ ਦਾ ਅੰਡਾ ਹੋ ਗਿਆ, ਉਸ ਵਿਚੋਂ ਆਪ ਹੀ ਪ੍ਰਜਾਪਤਿ ਅਥਵਾ ਬ੍ਰਹਮਾ ਹੋ ਕੇ ਉਤਪਨ ਹੋਇਆ। ਬ੍ਰਹਮਾ ਸਾਲ ਭਰ ਅੰਡੇ ਵਿਚ ਰਹਿਕੇ ਆਪ ਹੀ ਭਾਗਾਂ ਵਿਚ ਹੋਇਆ ਜਿਸ ਤੋ ਰਚਨਾ ਹੋਈ ਤੇ ਅੱਧੇ ਸਰੀਰ ਤੋਂ ਇਸਤ੍ਰੀ ਰਚੀ। ਇਸ ਪ੍ਰਕਾਰ ਅਨੇਕਾਂ ਕਥਾਂ ਹਨ ਜਿਨ੍ਹਾਂ ਦਾ ਸਿਰ ਪੈਰ ਕੋਈ ਨਹੀਂ ਹੈ।

ਬਾਈਬਲ (ਅੰਜੀਲ) ਵਾਲੇ ਮੰਨਦੇ ਹਨ ਕਿ ਸ਼ੁਰੂ ਵਿਚ ਈਸ਼ਵਰ ਦਾ ਆਤਮਾ ਪਾਣੀ ਉਪਰ ਡੋਲਦਾ ਸੀ, ਉਸਨੇ ਕਿਹਾ ਚਾਨਣ ਹੋਵੇ, ਪ੍ਰਕਾਸ਼ ਹੋਣ ਪਿਛੋਂ ਚਾਨਣ ਤੋਂ ਅੰਧੇਰੇ ਨੂੰ ਅਡ ਕਰਕੇ ਦਿਨ ਰਾਤ ਰਚ ਦਿਤੀ। ਦੂਜੇ ਦਿਨ ਅਕਾਸ਼ ਬਣਾਇਆ, ਤੀਜੇ ਦਿਨ ਘਾਸ ਬੂਟੀ (ਬਨਾਸਪਤੀ) ਚੌਥੇ ਦਿਨ ਚੰਦਰਮਾਂ ਸੂਰਜ ਤਾਰੇ ਰਚੇ, ਪੰਜਵੇਂ ਦਿਨ ਜਲ ਦੇ ਜੀਵ ਔਰ ਪੰਛੀ, ਛੇਵੇਂ ਦਿਨ ਪਸ਼ੂ, ਕੀੜੇ ਆਦਿ ਔਰ ਨਰ ਨਾਰੀ ਰਚੀ, ਸਤਵੇਂ ਦਿਨ ਸਾਰਾ ਕੰਮ ਕਰਕੇ ਖੁਦਾ ਨੇ ਅਰਾਮ ਕੀਤਾ। ਸੋ ਐਤਵਾਰ ਆਰਾਮ ਦਾ ਦਿਨ ਮੰਨਿਆ ਹੈ। (ਪੜ੍ਹੋ ਅੰਜੀਲ ਕਾਂਡ ਪਹਿਲਾ ਦੂਜਾ) ਕੁਰਾਨ ਵਿਚ ਇਸੀ ਬਾਤ ਦੀ ਤਾਈਦ ਹੈ ਜਿਹਾ ਕਿ 'ਅਸੀਂ ਅਸਮਾਨ ਔਰ ਪ੍ਰਿਥਵੀ ਸਾਰੀ ਵਸਤੂਆਂ ਸਹਿਤ ਛੀਆਂ ਦਿਨਾਂ ਵਿਚ ਬਣਾ ਦਿਤਾ, ਔਰ ਥਕੇਵਾਂ ਸਾਡੇ ਨੇੜੇ ਨਹੀ ਆਇਆ (ਪੜ੍ਹੋ ਸੂਰਤ ਕਾਂਡ ਆਯਤ ੩੮) ਕਤੇਬੀ ਮਤਾਂ ਵਾਲੇ ਸਤਾਂ ਦਿਨਾਂ ਵਿਚ ਸੰਸਾਰ ਦੀ ਰਚਨਾ ਹੋਣੀ ਮੰਨਦੇ ਹਨ ਔਰ ਇਸ ਪਰ ਨਿਸਚਾ ਕਰਦੇ ਹਨ।

ਰਿਗ ਵੇਦ ਦੀ ਕਥਾ ਅਨੁਸਾਰ ਈਸ਼ਵਰ ਸੰਸਾਰ ਰਚਨਾ ਕਰਦਾ ਹੈ ਇਸ ਦੇ ਹਜ਼ਾਰ ਅੱਖਾਂ ਔਰ ਹਜ਼ਾਰ ਸਿਰ ਔਰ ਹਜ਼ਾਰ ਪੈਰ ਹਨ। ਇਹ ਇਤਨਾ ਵੱਡਾ ਹੈ ਕਿ ਜੇ ਸਾਰੀ ਧਰਤੀ ਦੇ ਗਿਰਦੇ ਲਪੇਟੀਏ ਤਾਂ ਦਸ ਉਂਗਲ ਵਧ ਜਾਂਦਾ ਹੈ। ਦਸਿਆ ਜਾਂਦਾ ਹੈ ਕਿ ਸਾਰੀ ਪ੍ਰਿਥਵੀ ਪਰ ਜੋ ਹੋ

ਚੁਕਾ ਯਾ ਹੁੰਦਾ ਹੈ ਉਹ ਪੁਰਖ ਹੀ ਹੈ। ਸਾਰੀ ਸ੍ਰਿਸ਼ਟੀ ਇਸ ਦਾ ਚੌਥਾ ਭਾਗ ਹੈ। ਤਿੰਨ ਬਟਾ ਚਾਰ ਭਾਗ ਇਸ ਦਾ ਸਾਰੀ ਆਕਾਸ਼ੀ ਚੀਜ਼ਾਂ ਹਨ, ਜਿਵੇਂ ਕਿ ਚੰਦ ਸੂਰਜ ਆਦਿ। ਜਦੋਂ ਇਹ ਪੁਰਖ ਖੜਾ ਹੋਇਆ ਸੀ ਤਾਂ ਇਹ ਅਕਾਸ਼ ਤੋਂ ਭੀ ਉਪਰ ਨਿਕਲ ਗਿਆ। ਜਦੋਂ ਦੇਵਤਿਆਂ ਪੁਰਸ਼ਾਂ ਨੇ ਯੱਗ ਕੀਤਾ ਤਦੋਂ ਬਸੰਤ ਰੁਤ ਦਾ ਘਿਉ ਔਰ ਗ੍ਰੀਖਮ ਦੀ ਮਨ ਲਕੜਾਂ ਹੋਈਆਂ ਔਰ ਸ਼ਿਸ਼ਰ ਰੁਤ ਦਾ ਹਵਨ ਕੀਤਾ, ਇਸ ਵਿਚੋਂ ਵੇਦ ਔਰ ਪਸ਼ੂ ਪੰਛੀ ਉਪਜੇ। ਜਦੋਂ ਦੇਵਤਿਆਂ ਨੇ ਪੁਰਸ਼ਾਂ ਦੀ ਵੰਡ ਕੀਤੀ ਤਾਂ ਇਸ ਦਾ ਮੁਖ ਬ੍ਰਾਹਮਣ, ਭੁਜਾ ਤੇ ਛੱਤਰੀ, ਪੱਟ ਤੇ ਵੈਸ਼ਯ ਔਰ ਪੈਰਾਂ ਥੀਂ ਸ਼ੂਦਰ ਬਣੇ, ਇਸਦੇ ਮਨ ਵਿਚੋਂ ਪ੍ਰਾਤਾਕਾਲ ਦਾ ਸਮਾਂ ਔਰ ਨੇਤ੍ਰਾਂ ਵਿਚੋਂ ਸੂਰਜ, ਮੂੰਹ ਵਿਚੋਂ ਇੰਦਰ ਔਰ ਅਗਨਿ, ਸਵਾਸਾਂ ਵਿਚੋਂ ਹਵਾ, ਸਿਰ ਵਿਚੋਂ ਆਕਾਸ਼, ਪੈਰਾਂ ਵਿਚੋਂ ਧਰਤੀ, ਔਰ ਕੰਨਾਂ ਵਿਚੋਂ ਚਾਰੇ ਪਾਸੇ। (ਪੁਰਖ ਸੂਕਤ।) **ਵਿਸਥਾਰ ਵਾਸਤੇ ਦਾਸ ਰਚਿਤ ਗ੍ਰੰਥ 'ਸ੍ਰਿਸ਼ਟੀ ਰਚਨਾ' ਪੜ੍ਹੋ ਲਾਲ ਸਿੰਘ ਗਿਆਨੀ ਸੰਗਰੂਰ।**

ਹਜ਼ਰਤ ਨੂਹ ਦਾ ਜ਼ਿਕਰ ਬਾਈਬਲ ਔਰ ਕੁਰਾਨ ਵਿਚ ਕਈ ਥਾਵੀਂ ਹੈ। ਇਹ ਆਦਮੀ ਦਸਵੀਂ ਪੀਹੜੀ ਵਿਚ ਦਸਿਆ ਹੈ। ਜਦੋਂ ਇਸ ਦੀ ਉਮਰ ਪੰਜ ਸੌ ਸਾਲਾਂ ਦੀ ਹੋਈ, ਤਦੋਂ ਇਸ ਦੇ ਘਰ ਤਿੰਨ ਪੁਤਰ ਸਾਮ, ਹਾਮ ਔਰ ਯਾਸਫ ਹੋਏ। ਉਸ ਸਮੇਂ ਸੰਸਾਰ ਵਿਚ ਘੋਰ ਪਾਪ ਹੋਣ ਲਗ ਪਏ ਸਨ। ਖੁਦਾ ਨੇ ਸਾਰੀ ਪ੍ਰਿਥਵੀ ਨੂੰ ਤਬਾਹ ਕਰਨਾ ਚਾਹਿਆ, ਪਰ ਹਜ਼ਰਤ ਨੂਹ ਨੂੰ ਕ੍ਰਿਪਾ ਕਰਕੇ ਹੁਕਮ ਦਿਤਾ ਕਿ ਉਹ ਆਪਣੇ ਪਰਿਵਾਰ ਨੂੰ ਔਰ ਪ੍ਰਿਥਵੀ ਦਾ ਹਰ ਇਕ ਜੀਵ ਜੋੜਾ ਇਕ ਵਡੀ ਕਿਸ਼ਤੀ ਵਿਚ ਬਿਠਾ ਲਵੇ, ਇਕਰ ਉਹ ਆ ਰਹੀ ਪ੍ਰਲੋ ਤੋਂ ਬਚ ਜਾਊਗਾ। ਨੂਹ ਨੇ ਖੁਦਾ ਦੇ ਹੁਕਮ ਵਰਤੋਂ ਕੀਤੀ, ਉਹ ਤਿੰਨ ਸੌ ਹਥ ਲੰਮੀ ਔਰ ਪੰਜਾਹ ਹੱਥ ਚੌੜੀ, ਕਿਸ਼ਤੀ ਤਿਆਰ ਕਰਵਾ ਕੇ ਉਸ ਵਿਚ ਲੋੜ ਮੂਜਬ ਸਾਮਾਨ ਰਖ ਕੇ ਤਿਆਰ ਹੋਇਆ, ਇਹ ਕਿਸ਼ਤੀ ਤੀਸ ਹੱਥ ਉਚੀ ਦਸੀ ਹੈ ਸਭਸ ਨੂੰ ਸਵਾਰ ਕਰਵਾਕੇ ਰਾਲ ਨਾਲ ਕਿਸ਼ਤੀ ਦਾ ਮੂੰਹ ਬੰਦ ਕਰਵਾ ਦਿਤਾ, ਤਾਂ

ਕਿ ਪਾਣੀ ਅੰਦਰ ਨਾ ਆ ਸਕੇ। ਉਪ੍ਰੰਤ ਚਾਲੀ ਦਿਨ ਬਰਾਬਰ ਮੂਸਲਾਧਾਰ ਵਰਖਾ ਹੋਈ ਇਕਰ ਸਾਰੀ ਪ੍ਰਿਥਵੀ ਜ਼ਮੀਨ ਵਿਚ ਡੁਬ ਗਈ। ਔਰ ਪਹਾੜੀ ਦੀ ਚੋਟੀ ਥੀਂ ਪੰਦਰਾਂ ਹੱਥ ਪਾਣੀ ਉਚਾ ਚੜ੍ਹ ਗਿਆ, ਭਾਵ ਪਹਾੜ ਵੀ ਪਾਣੀ ਵਿਚ ਲੁਕ ਗਏ। ਮੀਂਹ ਦੇ ਤੂਫਾਨ ਦਾ ਪਾਣੀ ਬਾਰਾਂ ਮਹੀਨਿਆਂ ਪਿਛੋਂ ਖੁਸ਼ਕ ਹੋ ਗਿਆ। ਇਕਰ ਸਾਰੇ ਜੀਵ ਜੰਤੂ ਮਰਨੇ ਹੀ ਸਨ, ਪਰ ਹਜ਼ਰਤ ਨੂਹ ਕਿਸ਼ਤੀ ਵਿਚੋਂ ਸਮੇਤ ਸਾਥੀਆਂ ਦੇ ਸੁਖ ਸਾਂਦ ਨਾਲ ਨਿਕਲ ਪਿਆ। ਇਸ ਥੀਂ ਦੋਬਾਰੇ ਉਤਪਤੀ ਹੋਣੀ ਮੰਨੀ ਹੈ, ਅਥਵਾ ਜੋ ਜੀਵ ਜੰਤੂ (ਜਾਨਵਰ) ਕਿਸ਼ਤੀ ਵਿਚੋਂ ਜੋੜੇ ਰੂਪ ਵਿਚ ਨਿਕਲੇ ਉਨ੍ਹਾਂ ਦੀ ਨਸਲ ਸੰਸਾਰ ਵਿਚ ਵਾਧਾ ਹੋ ਕੇ ਫੈਲਦੀ ਗਈ। ਨੂਹ ਦੀ ਸਾਰੀ ਉਮਰ ਨੌਂ ਸੌ ਸਾਲਾਂ ਦੀ ਦਸੀ ਗਈ ਹੈ। ਇਹ ਲਗ ਪਗ ਮਨੂ ਸਿਮ੍ਰਤੀ ਦੇ ਲੇਖਾਂ ਦਾ ਹੀ ਨਕਸ਼ਾ ਜਾਪਦਾ ਹੈ। ਨੂਹ ਭੀ ਮਾਨੁਖ ਮਾਨੁਸ਼ ਦੀ ਰੂਪਾਂਤਰ ਹੈ। ਹਿੰਦੂ ਭੀ ਪ੍ਰਲੈ ਨੂੰ ਮੰਨਦੇ ਹਨ। ਭੁਸੁੰਡ ਨਾਮ ਦਾ ਇਕ ਬ੍ਰਾਹਮਣ ਜੋ ਲੋਮਸ਼ ਰਿਖੀ ਦੇ ਸਰਾਪ ਨਾਲ ਕਾਉਂ (ਕਾਕ) ਬਣ ਗਿਆ ਸੀ ਇਹ ਚਿਰੰਜੀਵੀ ਹੋਰ ਰਿਸ਼ੀਆਂ ਨੂੰ ਕਥਾ ਸੁਣਾਉਂਦਾ ਕਿਹਾ ਹੈ।

ਭਾਰਤੀ ਪ੍ਰਸਿਧ ਰਾਜੇ ਔਰ ਸੂਰਮੇ

(੧) ਨਰ ਸਿੰਘ ਨੂੰ (ਨਿਰਸਿੰਹ) ਵਿਸ਼ਨੂੰ ਦਾ ਚੌਥਾ ਅਵਤਾਰ ਮੰਨਿਆ ਹੈ। ਦਸਿਆ ਹੈ ਕਿ ਹਰਨਾਕਸ਼ ਨੇ ਉਗਰ ਤਪ ਕਰਕੇ ਬ੍ਰਹਮਾਂ ਪਾਸੋਂ ਇਹ ਵਰ ਲਿਆ ਸੀ ਕਿ ਮੈਂ ਕਿਸੇ ਮਨੁਖ ਪਸ਼ੂਆਂ, ਪੰਖੀਆਂ ਆਦਿ ਤੇ ਅਸਤ੍ਰਾਂ ਸ਼ਸਤ੍ਰਾਂ ਅਰ ਦਿਨ ਤੇ ਰਾਤ ਨੂੰ ਨਾ ਮਰਾਂ, ਨਾ ਹੀ ਕੋਈ ਮੈਨੂੰ ਦੇਵਤਾ ਮਾਰ ਸਕੇ। ਤਦੇ ਇਸ ਨੇ ਦੇਵ ਲੋਕ ਭੀ ਆਪਣੇ ਅਧੀਨ ਕਰ ਲਿਆ ਸੀ। ਸਾਰੇ ਦੇਵਤੇ ਇਸ ਤੋਂ ਡਰਦੇ ਸਨ। ਅਖੀਰ ਨੂੰ ਵਿਸ਼ਨੂੰ ਨੇ ਇਸ ਨੂੰ ਨਰਸਿੰਘ (ਮਾਨੁਖ ਤੇ ਸ਼ੇਰ) ਦਾ ਰੂਪ ਧਾਰਕੇ ਸੰਧਿਆ ਸਮੇਂ ਨੌਹਾਂ ਨਾਲ ਚੀਰਕੇ ਮਾਰਿਆ ਸੀ, ਮੁਲਤਾਨ ਵਿਖੇ ਨਰਸਿੰਘ ਦਾ ਮੰਦਰ ਹੈ, ਥੰਮ ਭੀ ਵੇਖਿਆ ਜਾਂਦਾ ਹੈ।

ਰਾਜਾ ਬਲਿ ਪ੍ਰਹਿਲਾਦ ਦਾ ਪੋਤ੍ਰਾ ਅਤੇ ਵਿਰੋਚਨ ਰਾਜੇ ਦਾ ਪੁਤਰ ਸੀ, ਦਸਿਆ ਹੈ। ਕਿ ਇਸ ਨੇ ਇੰਦਰ ਨੂੰ ਜਿਤ ਕੇ ਤਿੰਨਾਂ ਲੋਕਾਂ ਵਿਚ ਆਪਣਾ ਰਾਜ ਥਾਪਿਆ। ਦੇਵਤਿਆਂ ਦੀ ਸ਼ਕਾਇਤ ਪਰ ਵਿਸ਼ਨੂੰ ਨੇ ਬਾਵਨ (ਬੌਨਾ) ਰੂਪ ਧਾਰ ਕੇ ਇਸ ਨੂੰ ਧੋਖੇ ਨਾਲ ਛਲਿਆ। ਬ੍ਰਾਹਮਣ ਬਣ ਕੇ ਢਾਈ ਕਰਮਾਂ ਪ੍ਰਿਥਵੀ ਦਾ ਦਾਨ ਲੈਣ ਦੇ ਬਹਾਨੇ ਦੋ ਕਦਮਾਂ ਦਾ ਨਕਸ਼ਾ ਬਣਾ ਕੇ ਮਿਣੀ ਅਤੇ ਅਧੀ ਕਰਮ ਬਦਲੇ ਬਲਿ ਨੂੰ ਭੀ ਛਲ ਲਿਆ। ਬਲਿ ਦਾ ਪ੍ਰੋਹਤ ਸ਼ੁਕਰ ਰਾਜੇ ਨੂੰ ਸਮਝਾ ਰਿਹਾ ਸੀ ਕਿ ਇਹ ਛਲਣੇ ਹਿਤ ਵਿਸ਼ਨੂੰ ਨੇ ਬੌਣੇ ਦਾ ਰੂਪ ਧਾਰਿਆ ਹੈ। ਬਲਿ ਨੇ ਕਿਹਾ ਕਿ ਮੈਂ ਮੂੰਹ ਮੰਗਵੇਂ ਦਾਨ ਦਾ ਬਚਨ ਦਿਤਾ ਹੈ, ਬਚਨ ਨਹੀਂ ਹਾਰਨਾ। ਦਸਿਆ ਕਿ ਸ਼ੁਕਰ ਸੰਕਲਪ ਕਰਨ ਵੇਲੇ ਲੋਹੇ ਦੀ ਨਾਲੀ ਵਿਚ ਪਾਣੀ ਰੋਕਣ ਵਾਸਤੇ ਮੱਛਰ ਦਾ ਰੂਪ ਧਾਰ ਕੇ ਗਿਆ ਪਰ ਵਿਸ਼ਨੂੰ ਨੇ ਡੱਕਾ ਮਾਰ ਕੇ ਇਸ ਦੀ ਇਕ ਅੱਖ ਕਾਣੀ ਕਰ ਦਿਤੀ ਸੀ। ਵਿਸ਼ਨੂੰ ਨੇ ਪ੍ਰਸੰਨ ਹੋ ਕੇ ਬਲਿ ਨੂੰ ਪਾਤਾਲ ਦਾ ਰਾਜ ਦੇ ਦਿਤਾ ਪਰ ਬਲਿ ਨੇ ਵਿਸ਼ਨੂੰ ਦਾ ਪੈਰ ਨਾ ਹੀ ਛਡਿਆ, ਜਿਸ ਕਾਰਨ ਇਸ ਨੂੰ ਬਲਿ ਦਾ ਦਰਬਾਨ ਬਣਨਾ ਪਿਆ। ਤਦੇ ਲਿਖਿਆ ਹੈ:—

ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ। (ਮਾਰੂ)

(੨) ਪੰਡਤ ਰਾਵਣ ਮਹਾਨ ਵਿਦਵਾਨ ਲੰਕਾ ਦਾ ਰਾਜਾ ਸੀ। ਇਹ ਨੂੰ ਬ੍ਰਹਮਾਂ ਦਾ ਪੋਤਰਾ ਔਰ ਵੇਦਾਂ ਦਾ ਪਾਠੀ ਪੰਡਿਤ ਮੰਨਿਆ ਗਿਆ ਹੈ। ਲੰਕਾ ਦੇ ਆਸੇ ਪਾਸੇ ਇਸ ਦਾ ਰਾਜ ਸੀ। ਰਾਵਣ ਤੋਂ ਭਾਵ ਵੈਰੀਆਂ ਨੂੰ ਰੁਆ ਦੇਣ ਵਾਲਾ ਹੈ। ਮੁਢਲਾ ਨਾਮ ਇਸ ਦਾ ਰਾਵਣ ਨਹੀਂ ਸੀ। ਇਸ ਦੇ ਪਿਤਾ ਦਾ ਨਾਮ ਵਿਸ਼ਰਵਾ ਔਰ ਮਾਤਾ ਕੈਕਸ਼ੀਆਂ ਕੇਸ਼ਨੀ [ਨਿਕਸ਼ਾਂ] ਸੀ। ਇਸ ਦਾ ਛੋਟਾ ਭਰਾ ਕੁੰਭ ਕਰਨ ਸੀ ਅਤੇ ਇਕ ਭੈਣ ਸਰੂਪ ਨਖਾ ਸੀ। ਇਸ ਤੋਂ ਵਡਾ ਵਿਭੀਸ਼ਣ ਸੀ। ਇਹ ਰਾਮ ਚੰਦਰ ਜੀ ਨਾਲ ਜੰਗ ਸਮੇਂ ਵਿਰੋਧੀਆਂ ਨਾਲ ਮਿਲ ਗਿਆ। ਲੰਕਾ ਦੇ ਸਾਰੇ ਗੁਪਤ ਭੇਦ ਇਸ ਨੇ ਸ੍ਰੀ ਰਾਮ ਚੰਦਰ ਜੀ ਨੂੰ ਆ ਦਸੇ। ਤਦੇ ਮਿਸਾਲ ਬਣੀ ਹੈ। 'ਘਰ ਪਾਟਿਆ

ਦਹਿ ਸਿਰ ਮਾਰਿਆ।' ਇਸ ਸੇਵਾ ਬਦਲੇ ਰਾਵਨ ਦੇ ਮਰਨ ਪਿਛੋਂ ਲੰਕਾ ਦਾ ਰਾਜ ਕੀਤਾ।

ਦਸਿਆ ਹੈ ਕਿ ਰਾਵਣ ਦੇ ਘਰ ਪਾਤਾਲ ਦੀਆਂ ਵਿਵਾਹੀਆਂ ਇਸਤਰੀਆ ਸਨ। (ਅਮਰੀਕਾ, ਯੂਰਪ ਆਦਿ) ਪਰ ਮੰਦੋਦਰੀ ਪਟਰਾਣੀ ਸੀ। ਜਿਸ ਦਾ ਪੁਤਰ ਮਹਾਂਬਲੀ ਇੰਦਰਜੀਤ (ਮੇਘਨਾਦ) ਸੀ।

(੩) ਰਾਜਾ ਭਰਥਰੀ ਦਾ ਹਾਲ ਦਸਮ ਗਰੰਥ ਦੇ ਤ੍ਰੀਆਂ ਚਰਿਤ੍ਰਾਂ ਦੀ ਰਚਨਾ ਵਿਚ ਲਿਖਿਆ ਮਿਲਦਾ ਹੈ। ਸਾਰੇ ਚਰਿਤ੍ਰ ਚਾਰ ਸੌ ਪੰਜ ਹਨ, ਇਸ ਦਾ ਹਾਲ ਚਰਿਤ੍ਰ ਨੰਬਰ ੨੦੯ ਵਿਚ ਆਉਂਦਾ ਹੈ, ਜਿਹਾ ਕਿ—

'ਧਾਰਾ ਨਗਰੀ ਕੇ ਰਹੈ' ਭਰਥਰ ਰਾਜ ਸੁਜਾਨ 'ਇਹ ਰਾਜਾ ਗੰਧਰਵ ਸੇਨ ਦਾ ਪੁਤਰ ਸੀ। ਇਸ ਵਿਦਯਵਾਨ ਰਾਜੇ ਨੇ ਪਹਿਲਾਂ ਸ਼ਿੰਗਾਰ ਸੱਤਕ, ਨੀਤੀ ਸਾਰ ਗ੍ਰੰਥ ਰਾਜਾ ਹੋਣ ਦੀ ਹਾਲਤ ਵਿਚ ਸੰਸਕ੍ਰਿਤ ਵਿਚ ਲਿਖੇ ਸਨ। ਇਸ ਦੀ ਹੋਂਦ ਸੰਮਤ ਬਿਕਰਮੀ ਦੇ ਆਰੰਭ ਦੀ ਦਸੀ ਹੈ। ਕਈਆਂ ਨੇ ਮਹਾਰਾਜਾ ਬਿਕ੍ਰਮਾਜੀਤ ਨੂੰ ਇਸੇ ਦਾ ਛੋਟਾ ਭ੍ਰਾਤਾ ਲਿਖਿਆ ਹੈ। ਜੋ ਬੰਗਾਲ ਦੇਸ਼ ਦੇ ਇਲਾਕਾ ਉਜੈਨ ਦਾ ਰਾਜਾ ਸੀ। ਬਿਕ੍ਰਮੀ ਸੰਮਤ ਈਸਵੀ ਸੰਨ ਤੋਂ ਸਤਵੰਜਾ ਸਾਲ ਪਹਿਲਾਂ ਚਲਦਾ ਹੈ। ਰਾਜਾ ਗੋਪੀ ਚੰਦ ਨੂੰ ਰਾਜਾ ਭਰਥਰੀ ਦੀ ਭੈਣ ਮੈਨਾ ਵਤੀ ਦਾ ਪੁਤਰ ਦਸਿਆ ਹੈ। ਇਹ ਰਾਜਾ ਜੋਗੀ ਜਲੰਧਰ ਨਾਥ ਦਾ ਚੇਲਾ ਹੋ ਕੇ ਰਾਜ ਭਾਗ ਛਡ ਗਿਆ ਸੀ।

ਭਰਥਰੀ ਨਾਮ ਦੇ ਕਈ ਜੋਗੀ ਹੋਏ ਹਨ। ਜਿਸ ਦਾ ਜ਼ਿਕਰ ਚਰਿਤ੍ਰ ਅੰਕ ੨੦੯ ਵਿਚ ਆਇਆ ਹੈ, ਇਹ ਵੈਰਾਗ ਸੱਤਕ ਦਾ ਕਰਤਾ ਸੀ। ਇਹ ਗ੍ਰੰਥ ਉਸ ਨੇ ਰਾਜ ਤਿਆਗ ਤੋਂ ਪਿਛੋਂ ਜੋਗ ਮਤਿ ਧਾਰਣ ਸਮੇਂ ਲਿਖਿਆ ਸੀ। ਜਿਸ ਨੂੰ ਪੰਡਤ ਹਰਦਿਆਲ ਨੇ ਸੰਸਕ੍ਰਿਤ ਤੋਂ ਬ੍ਰਿਜ ਭਾਸ਼ਾ ਵਿਚ ਲਿਖਿਆ ਸੀ।

ਮਿਥਿਲਾ ਰਾਜਧਾਨੀ ਦੇ ਰਾਜਿਆਂ ਦਾ ਖਿਤਾਬ ਜਨਕ ਸੀ। ਕਈ ਅਗੇ ਤੋਂ ਅਗੇ ਜਨਕ ਰਾਜੇ ਗਦੀ ਪਰ ਬੈਠੇ ਸਨ। ਰਾਮਾਇਣ ਦੇ ਬਾਲਮੀਕ ਕਾਂਡ ਪਹਿਲਾ ਅੰ: ੭੧ ਵਿਚ ਦਸਿਆ ਗਿਆ ਹੈ ਕਿ ਰਾਜਾ ਨਿਮਿ ਦਾ

ਪੁਤਰ ਮਿਥਿ ਸੀ, ਜਿਸ ਦੇ ਨਾਮ ਪਰ ਰਾਜਧਾਨੀ ਮਿਥਿਲਾ ਕਹੀ ਗਈ। ਮਿਥਿ ਦਾ ਪੁਤਰ ਜਨਕ ਸੀ, 'ਜੋ ਪ੍ਰਸਿਧ ਹੋਇਆ, ਮਿਥਿਲਾ ਦਾ ਨਾਮ ਜਨਕ ਪੁਰੀ ਪੈ ਗਿਆ ਸੀ।' ਜਨਕ ਦਾ ਪੁਤਰ ਉਦਾਵਸ ਉਸ ਦਾ ਬੇਟਾ ਨੰਦਿਵਰਦਨ ਅਗੇ ਦੇਵ ਰਾਤ ਸੀ, ਜਿਸ ਦੀ ਪੁਤਰੀ ਸ੍ਰੀ ਸੀਤਾ ਸੀ, ਪਿਛਲੇ ਖਿਤਾਬ ਮੂਜਬ ਇਨ੍ਹਾਂ ਨੂੰ ਭੀ ਜਨਕ ਰਾਜਾ ਹੀ ਕਹਿੰਦੇ ਸਨ। ਇਸ ਪਾਸ ਸ਼ਿਵ ਜੀ ਨੇ ਆਪਣਾ ਧਨੁਸ਼ (ਧਨੁਖ) ਬਤੌਰ ਇਮਾਨਤ ਰਖਿਆ ਸੀ। ਸ੍ਰੀ ਰਾਮ ਚੰਦਰ ਜੀ ਨੇ ਮਿਥੀ ਸ਼ਰਤ ਅਨੁਸਾਰ ਉਸ ਨੂੰ ਤੋੜ ਕੇ ਸੀਤਾ ਜੀ ਨਾਲ ਸਵੰਬਰ ਵਿਵਾਹ ਕੀਤਾ ਸੀ। ਸੀਤਾ ਦਾ ਪਿਤਾ ਅਸਲੋਂ ਇਸ ਪੀੜੀ ਵਿਚ ਨੌਮਾਂ ਦਸਵਾਂ ਰਾਜਾ ਸੀ। ਹਰਸਵਰੋਮਾ ਦੇ ਪੁਤਰ ਸਨ ਧੀਰਧ੍ਰਜ ਔਰ ਰਾਮ। ਸ਼ਤ੍ਰੂ ਘਨ ਔਰ ਭਰਤ ਸ੍ਰੀ ਰਾਮ ਚੰਦਰ ਦੇ ਭਾਈ ਭੀ ਇਥੇ ਹੀ ਵਿਵਾਹੇ ਸਨ।

ਰਾਮਾਯਣ ਦੀ ਕਥਾ ਹੈ ਕਿ ਸੁਗ੍ਰੀਵ ਕਿਸਕਿੰਧਾ ਦਾ ਰਾਜਾ ਸੀ। ਇਸ ਦਾ ਛੋਟਾ ਭਾਈ ਬਾਲੀ ਸੀ। ਸੁਗ੍ਰੀਵ ਨੂੰ ਸੂਰਜ ਦਾ ਪੁਤਰ ਦਸਿਆ ਹੈ। ਰਾਮ ਚੰਦਰ ਨੇ ਸੁਗ੍ਰੀਵ ਦੀ ਮਦੱਦ ਨਾਲ ਲੰਕ ਗੜ੍ਹ ਫਤਿਹ ਕੀਤਾ ਔਰ ਬਾਲੀ ਨੂੰ ਧੋਖੇ ਨਾਲ ਮਾਰਿਆ ਸੀ। ਜਿਸ ਵੇਲੇ ਰਾਮ ਚੰਦਰ ਜੀ ਬਨਬਾਸ ਗਏ ਸੀ, ਪੰਪਾਸੁਰ ਤਾਲਾਬ ਪਾਸ ਅਛੂਤ ਜਾਤੀ ਦੀ ਭੀਲਣੀ ਭਗਤਾਣੀ ਰਹਿੰਦੀ ਸੀ। ਇਸਦਾ ਗੁਰੂ ਮਾਤੰਗ ਰਿਸ਼ੀ 'ਮੋਨਧਾਰੀ' ਸੀ ਜੋ ਰਿਸ਼ਬਮੂਕ ਪਹਾੜ ਪਰ ਰਹਿੰਦਾ ਸੀ। ਰਾਮਚੰਦਰ ਨੇ ਉਸ ਭੀਲਣੀ ਦੇ ਜੂਠੇ ਬੇਰ ਪ੍ਰੇਮ ਨਾਲ ਖਾਧੇ। ਜਿਸਦੇ ਚਰਨ ਪੈਣ ਨਾਲ ਗੰਦੇ ਤਲਾਬ ਦਾ ਪਾਣੀ ਨਿਰਮਲ ਬਣਿਆ ਸੀ।

ਪਾਤੰਜਲ ਰਿਸ਼ੀ ਨੂੰ ਪੁਰਾਣਾਂ ਵਿਚ ਸ਼ੇਸ਼ਨਾਗ ਦਾ ਅਵਤਾਰ ਮੰਨਿਆ ਹੈ। ਇਸ ਮਹਾਨ ਵਿਦਵਾਨ ਨੇ ਵਯਾਕਰਣ ਪਾਣਿਨੀਯ ਸੂਤਰਾ ਪਰ ਮਹਾਂ ਭਾਸ਼ਯ ਲਿਖਿਆ ਸੀ। ਇਸ ਦੀ ਹੋਂਦ ਸੰਨ ਈਸਵੀ ਤੋਂ ਡੂਡ ਕੁ ਸੌ ਸਾਲ ਪਹਿਲਾਂ ਦੀ ਦਸੀ ਹੈ। ਪਾਤੰਜਲ ਗੋਣਕਾ ਦੇ ਉਦਰ ਥੀਂ ਗਨੇਦ (ਗੋਂਡਾ) ਵਿਖੇ ਹੋਇਆ ਸੀ। ਇਕ ਕਥਾ ਅਨੁਸਾਰ ਪਾਤੰਜਲ ਪਾਣਿਨੀ ਦੀ ਅੰਜਲੀ

ਵਿਚ ਨਿਕੇ ਸਰਪ ਦੇ ਆਕਾਰ ਵਿਚ ਅਸਮਾਨੋਂ ਗਿਰਿਆ ਦਸਿਆ ਹੈ। ਇਸੇ ਕਰਕੇ ਨਾਮ ਪਾਤੰਜਲ ਪਿਆ ਪਾਤੰਜਲ ਦਾ ਦਰਸ਼ਨ ਅਰਥਾਤ ਛੀਵਾਂ ਸ਼ਾਸ਼ਤ੍ਰ ਇਸ ਦੀ ਕ੍ਰਿਤ ਹੈ।

ਮਹਾਂਭਾਰਤ ਦੇ ਜੰਗੀ ਜੋਧੇ

ਸ੍ਰੀ ਕ੍ਰਿਸ਼ਨ ਨੇ ਆਪਣੇ ਮਾਮੇ ਕੰਸ ਅਤੇ ਉਸ ਦੇ ਭਾਈ ਕੇਸੀ ਨੂੰ ਮਾਰ ਕੇ ਆਪਣੇ ਨਾਨੇ ਉਗਰ ਸੈਨ ਨੂੰ ਰਾਜ ਗੱਦੀ ਪਰ ਬਿਠਾਇਆ। ਪਿਛੋਂ ਆਪ ਹੀ ਮਥਰਾ ਦੇ ਰਾਜੇ ਬਣੇ ਸਨ। ਆਪ ਦੇ ਨਾਲ ਕੰਸ ਦੀ ਇਸਤਰੀ ਦੇ ਪਿਤਾ ਦਾ ਰਾਜਾ ਜਰਾਸਿੰਦ ਨੇ ਬਹੁਤ ਜੰਗ ਕੀਤੇ, ਆਪ ਉਸ ਤੋਂ ਤੰਗ ਆ ਕੇ ਮਥਰਾ ਛਡ ਕੇ ਦਵਾਰਕਾ ਆ ਰਹੇ ਸਨ, ਇਥੇ ਹੀ ਰਾਜ ਕੀਤਾ।

ਉਗਰ ਸੈਨ ਆਹੁਕ ਰਾਜੇ ਦਾ ਪੁਤਰ ਧਰਮੀ ਬੰਦਾ ਸੀ, ਉਸ ਦੇ ਪੁਤਰ ਕੰਸ ਨੂੰ ਅਸੁਰਾਂ ਵਿਚ ਮੰਨਿਆ ਗਿਆ।

ਸ੍ਰੀ ਕ੍ਰਿਸ਼ਨ ਜੀ ਦੀਆਂ ਮੁਖੀ ਅੱਠ ਰਾਣੀਆਂ ਸਨ। ਜਿਹਾ ਕਿ 'ਰੁਕਮਣੀ' ਕਾਲਿੰਦਰੀ, ਮਿੱਤ੍ਰਵਿੰਦਾ, ਸੱਤਯਾ ਨਾਗਿਨ, ਜਿਤੀ ਜਾਬਵਤੀ, ਸੁਸ਼ੀਲਾ, ਸਤਯਭ ਮਾ, ਲਖਸ਼ਮਣਾ, ਇਹਨਾਂ ਤੋਂ ਬਿਨਾਂ ਸੋਲ੍ਹਾਂ ਹਜ਼ਾਰ ਇਕ ਸੌ, ੧੬,੧੦੦ ਹੋਰ ਭੀ ਦਸੀਆਂ ਜਾਂਦੀਆਂ ਹਨ। ਇਹ ਨਰਕਾਂ ਸੁਰ ਦੈਂਤ ਪਾਸੋਂ ਛਡਾਈਆਂ ਸਨ।

ਸ੍ਰੀ ਕ੍ਰਿਸ਼ਨ ਜੀ ਆਪਣੇ ਸਮੇਂ ਦੇ ਇਕ ਰਾਜੇ ਭੀ ਸਨ, ਅਤੇ ਯੌਰਵਾਂ ਦੀ ਵੰਸ ਵਿਚੋਂ ਯਦੂਵੰਸ਼ੀ ਕਹੀਦੇ ਸਨ।

ਦੇਵਕੀ ਦੀਆ ਬਾਕੀ ਪੰਜ ਭੈਣਾਂ ਭੀ ਵਾਸੁਦੇਵ ਨੂੰ ਹੀ ਵਿਹਾਈਆਂ ਸਨ, ਵੈਸੇ ਵਾਸੁਦੇਵ ਦੀਆਂ ਬਾਰਾਂ ਇਸਤ੍ਰੀਆਂ ਲਿਖੀਆਂ ਹਨ। ਵਾਸੁਦੇਵ ਚੰਦਰਵੰਸੀ ਯਾਦਵ ਸੀ, ਜੋ ਦੇਵ ਮੀਰ ਪੁਤਰ ਅਤੇ ਸ੍ਰੀ ਕ੍ਰਿਸ਼ਨ ਜੀ ਦਾ ਪਿਤਾ ਸੀ। ਰੋਹਣੀ ਦੇ ਉਦਰ ਤੋਂ ਬਲਭੱਦ੍ਰ ਸੀ, ਜੋ ਸ੍ਰੀ ਕ੍ਰਿਸ਼ਨ ਜੀ ਦਾ ਛੋਟਾ ਮਤੇਰ ਭਾਈ ਸੀ। ਸ੍ਰੀ ਕ੍ਰਿਸ਼ਨ ਜੀ ਨੂੰ ਯਾਦਵਾਂ ਕੁਲ ਦਾ ਸਰਦਾਰ ਮੰਨਿਆ ਜਾਂਦਾ ਸੀ।

ਕ੍ਰਿਸ਼ਨ ਜੀ ਦਾ ਰਥਵਾਹੀ ਦਰਾਕ, ਚਾਰ ਘੋੜਿਆਂ ਦਾ ਰਥ ਚਲਾਉਂਦਾ ਸੀ। ਸ੍ਰੀ ਕ੍ਰਿਸ਼ਨ ਜੀ ਦੀ ਉਮਰ ੧੨੫ ਸਾਲਾਂ ਦੀ ਦਸੀ ਜਾਂਦੀ ਹੈ। ਆਪ ਦਾ ਚਲਾਣਾ ਸੋਮ ਤੀਰਥ [ਪ੍ਰਭਾਸ਼) ਪਰ ਜ਼ਰ ਫੰਦਕ ਸ਼ਿਕਾਰੀ ਦੇ ਤੀਰ ਨਾਲ ਹੋਇਆ ਸੀ। ਕਈਆਂ ਨੇ ਇਸ ਫੰਦਕ ਨੂੰ ਬਾਲੀ ਦਾ ਅਵਤਾਰ ਲਿਖਿਆ ਹੈ।

ਸ੍ਰੀ ਕ੍ਰਿਸ਼ਨ ਜੀ ਕੌਰਵਾ ਪਾਂਡਵਾਂ ਦੇ ਰਿਸ਼ਤੇਦਾਰ ਸਨ। ਆਪ ਨੇ ਦੁਰਯੋਧਨ ਨੂੰ ਜੰਗ ਵਾਸਤੇ ਆਪਣੀ ਫੌਜ ਦਿਤੀ ਔਰ ਪਾਂਡੂਆਂ ਵਲ ਹੋ ਕੇ ਆਪ ਜੰਗ ਵਿਚ ਅਰਜਨ ਦੇ ਰਥਵਾਹੀ ਬਣੇ। ਜੇ ਕਰ ਆਪ ਨਿਰਪਖ ਰਹਿੰਦੇ ਸ਼ਾਇਦ ਜੰਗ ਟਲ ਜਾਂਦੀ। ਸ੍ਰੀ ਕ੍ਰਿਸ਼ਨ ਜੀ ਮਹਾਨ ਨੀਤੀਵੇਤਾ ਔਰ ਸਮੇਂ ਦੇ ਆਗੂ ਸਨ। ਸ੍ਰੀ ਅਰਜਨ ਨੇ ਜੰਗ ਸਮੇਂ ਆਪਣੇ ਤਾਏ ਚਾਚੇ ਬਾਬੇ ਭਾਈ ਆਦਿ ਸਨਬੰਧੀ ਖੜੇ ਵੇਖ ਕੇ, ਤੀਰ ਕਮਾਨ ਜ਼ਮੀਨ ਪਰ ਧਰ ਕੇ ਕਿਹਾ, ਹੇ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਮੇਰਾ ਦਿਲ ਕੰਬ ਉਠਿਆ ਹੈ ਕਿ ਮੈਂ ਆਪਣੇ ਸਨਬੰਧੀਆਂ ਨੂੰ ਮਾਰ ਕੇ ਨਰਕਾਂ ਨੂੰ ਜਾਵਾਂਗਾ। ਮੈਂ ਇਹਨਾਂ ਉਪਰ ਵਾਰ ਨਹੀਂ ਕਰ ਸਕਦਾ। ਪਰ ਸ੍ਰੀ ਕ੍ਰਿਸ਼ਨ ਜੀ ਨੇ ਉਸ ਨੂੰ ਗੀਤਾ ਦੁਆਰਾ ਉਪਦੇਸ਼ ਦੇ ਕੇ ਜੰਗ ਵਾਸਤੇ ਤਿਆਰ ਕਰ ਲਿਆ।

ਬਿਦਰ, ਪੰਡਿਤ ਬਿਆਸ ਦਾ ਪੁਤਰ ਸੀ। ਪਰ ਇਸ ਦਾ ਜਨਮ ਦਾਸੀ ਤੋਂ ਹੋਣ ਕਰ ਕੇ ਨੀਵਾਂ ਮੰਨਿਆ ਗਿਆ। ਪੰਡਿਤ ਬਿਆਸ ਮਤਸ਼ਯੰਦਰੀ ਦਾ ਪਹਿਲਾ ਪੁਤਰ ਸੀ। ਬਿਦਰ ਪਕਾ ਕ੍ਰਿਸ਼ਨ ਭਗਤ ਸੀ, ਦੁਰਯੋਧਨ ਨੂੰ ਰਾਜ ਦਾ ਹੰਕਾਰ ਸੀ। ਰਾਜਾ ਕਰਨ (ਕਰਣ) ਮਹਾਰਾਣੀ ਕੁੰਤੀ ਦਾ ਪੁਤਰ ਸੀ, ਜੋ ਇਸ ਦੇ ਕੁਆਰੀ ਕੰਨਿਆਂ ਹੋਣ ਦੀ ਹਾਲਤ ਵਿਚੋਂ ਸੂਰਜ ਦੇਵਤੇ ਤੋਂ ਹੋਣਾ ਦਸਿਆ ਹੈ। ਕੁੰਤੀ ਅਰਜਨ ਦੀ ਮਾਤਾ ਔਰ ਸ੍ਰੀ ਕ੍ਰਿਸ਼ਨ ਜੀ ਦੀ ਭੂਆ ਸੀ, ਜੋ ਕਿ ਮਥਰਾ ਦੇ ਰਾਜਾ ਸੂਰਸੈਨ ਦੀ ਬੇਟੀ ਸੀ। ਕਰਨ ਨੂੰ ਲੋਕ ਲਜਾ ਦੇ ਡਰ ਤੋਂ ਕੁੰਤੀ ਨੇ ਨਦੀ ਵਿਚ ਤੁਲਾ ਬਣਾ ਕੇ ਬਹਾਉ ਦਿਤਾ ਸੀ, ਜਿਸ ਨੂੰ ਨਦੀ ਤੋਂ ਨਿਕਾਲ ਕੇ ਰਿਸ਼ੀ ਅਧਿਰਥ ਨੇ ਪਾਲਿਆ ਸੀ। ਕਰਨ ਵਡਾ ਬਹਾਦਰ ਔਰ ਦਾਨੀ ਸੀ। ਇਸ ਦਾ ਪਾਂਡੂ ਭਰਾਵਾਂ ਨਾਲ ਵੈਰ ਸੀ, ਜਿਸ ਕਰ ਕੇ ਦੁਰਯੋਧਨ ਦਾ

ਪੱਖੀ ਸੀ। ਇਹ ਅਰਜਨ ਦੇ ਤੀਰਾਂ ਨਾਲ ਜੰਗ ਵਿਚ ਮਾਰਿਆ ਗਿਆ ਸੀ। ਇਸ ਦੀ ਇਸਤ੍ਰੀ ਪਦਮਾ ਵਤੀ ਸੀ। ਰਿਹਾਇਸ਼ ਮਲਿਨੀ ਨਾਮਕ ਨਗਰ ਦਸਿਆ ਹੈ। ਇਸ ਦੇ ਸ਼ਸਤਰ ਵਿਦਿਆ ਦੇ ਗੁਰੂ ਦਰੋਣਾਚਾਰਜ ਔਰ ਪਰਸਰਾਮ ਦਸੇ ਹਨ।

ਦਰੋਣਾਚਾਰਜ ਬਾਰੇ ਦਸਿਆ ਹੈ ਕਿ ਗੰਗਾ ਕਿਨਾਰੇ ਰਹਿੰਦੇ ਰਿਖੀ ਭਾਰਦਵਾਜ ਦਾ ਵੀਰਜ ਘ੍ਰਿਤਾਚੀ ਅਪਛਰਾਂ ਨੂੰ ਵੇਖ ਕੇ ਪਾਤ ਹੋ ਗਿਆ ਸੀ, ਜਿਸ ਨੂੰ ਕਾਠ ਦੇ ਘੜੇ ਵਿਚ ਪਾ ਕੇ ਰਖਿਆ। ਉਸ ਵਿਚੋਂ ਦਰੋਣ ਦੀ ਉਤਪਤੀ ਹੋਈ। ਇਹ ਵਡਾ ਬਹਾਦਰ ਔਰ ਸ਼ਸਤਰ ਵਿਦਿਆ ਦਾ ਉਸਤਾਦ ਹੋਇਆ। ਪਿਛੋਂ ਇਸ ਦਾ ਨਾਮ ਦਰੋਣਚਾਰਜ ਲਿਆ ਜਾਂਦਾ ਰਿਹਾ। ਇਹ ਦੁਰਯੋਧਨ ਦਾ ਪਖੀ ਸੀ। ਇਸ ਨੇ ਭਾਰਦਵਾਜ ਦੇ ਚਲੇ ਆਗਨਿਵੇਸ਼ ਤੋਂ ਸ਼ਸਤਰ ਵਿਦਿਆ ਸਿਖੀ ਸੀ। ਇਸ ਦੀ ਸ਼ਾਦੀ ਸਰਵਾਨ ਦੀ ਪੁਤਰੀ ਕ੍ਰਿਪੀ ਨਾਲ ਹੋਈ। ਪਰਸਰਾਮ ਪਾਸੋਂ ਤੀਰਅੰਦਾਜ਼ੀ ਸਿਖੀ। ਇਹ ਜੰਗ ਵਿਚ ਧ੍ਰਿਸ਼ਟ ਦਯਮਨ ਦੇ ਹਥੋਂ ਮਾਰਿਆ ਗਿਆ।

ਭੀਸ਼ਮ ਪਿਤਾਮਹਿ ਕੌਰਵਾਂ ਪਾਂਡਵਾਂ ਦਾ ਦਾਦਾ ਗੁਰੂ ਸੀ, ਅਤੇ ਇਹ ਦੁਰਯੋਧਨ ਦੀ ਫੌਜ ਦਾ ਸੈਨਾਪਤੀ ਸੀ। ਜੋ ਅਰਜਨ ਦੇ ਹਥੋਂ ਜੰਗ ਵਿਚ ਮਰਿਆ। ਮਹਾਂ ਭਾਰਤ ਵਿਚ ਇਸ ਦੀ ਲੰਮੀ ਕਥਾ ਹੈ। ਇਸ ਜੰਗ ਵਿਚ ਭਾਰਤ ਵਰਸ਼ ਦੇ ਦੋਨੀਂ ਤਰਫ਼ੀ ਕਿਤਨੇ ਰਾਜੇ ਸ਼ਾਮਲ ਸਨ, ਇਹ ਜੰਗ ਭਾਰਤ ਦੀ ਤਬਾਹੀ ਦਾ ਕਾਰਨ ਬਣਿਆ ਔਰ ਫਲ ਗੁਲਾਮੀ ਮਿਲੀ।

ਪ੍ਰਸਿੱਧ ਤਪਸ਼ੀ

(੧) ਅਨਸੂਯਾ ਦੇ ਉਦਰ ਥੀ ਰਿਸ਼ੀ ਅਤ੍ਰਿ ਦਾ ਪੁਤਰ ਦੱਤਾ ਤਰੇਯ ਸੀ। ਅਤ੍ਰਿ ਦੀ ਉਤਪਤੀ ਬ੍ਰਹਮਾਂ ਤੋਂ ਮੰਨੀ ਹੈ 'ਇਹ ਸੱਤਾਂ ਰਿਸ਼ੀਆਂ ਵਿਚ ਗਿਣੀ ਹੈ। ਰਿਸ਼ੀ ਦੁਰਵਾਸਾ ਔਰ ਸੋਮ ਭੀ ਅਤ੍ਰਿ ਦੇ ਪੁਤਰ ਲਿਖੇ ਹਨ 'ਦੱਤਾ ਤਰੇਯ ਨੂੰ ਚੌਬੀਸ ਅਵਤਾਰਾਂ ਵਿਚ ਭੀ ਮੰਨਿਆ

ਹੈ ਦੱਤਾਂ ਤਰੇਯ ਦੇ ਚੌਬੀਸ ਗੁਰੂ ਲਿਖੇ ਹਨ ਜਿਨ੍ਹਾਂ ਤੋਂ ਇਸ ਨੇ ਉੱਤਮ ਗੁਣ ਪ੍ਰਾਪਤ ਕੀਤੇ, ਜਿਹਾ ਕਿ :

'ਪ੍ਰਿਥਵੀ, ਜਲ, ਪਵਨ, ਅਕਾਸ਼, ਚੰਦਰਮਾ, ਸਮੁੰਦਰ, ਅਗਿਨ, ਸੂਰਜ, ਕਬੂਤਰ, ਅਜਗਰ, ਸਰੂਪ, ਪਤੰਗ, ਭੌਰਾ, ਹਾਥੀ, ਸ਼ਹਿਦ ਚੋਣ ਵਾਲੀ ਇਸਤਰੀ, ਮੱਛੀ, ਮਿਰਗ, ਪਿੰਗਲਾ, ਵੇਸ਼ਯਾ, ਗਿਰਝ ਬਾਲਕ, ਸ਼ਿਕਾਰੀ, ਤੀਰਗਰ, ਕਨਯਾ, ਤਿਤਲੀ ਔਰ ਮਕੜੀ ਆਦਿ' ਕਈ ਥਾਂ ਵਧ ਘਟ ਭੀ ਲਿਖੇ ਹਨ। ਮਾਰ ਕੰਡੇਯ ਪੁਰਾਣ ਅਨੁਸਾਰ ਅਨਸੂਆਂ ਦੇ ਉਦਰ ਤੋਂ ਵਰ ਮੰਗਣੇ ਕਰਕੇ 'ਬ੍ਰਹਮਾ' ਸੋਮ ਰੂਪ ਹੋ ਕੇ, ਵਿਸ਼ਨ ਦੱਤ ਬਣਕੇ ਔਰ ਸ਼ਿਵ ਜੀ ਦੁਰਵਾਸਾ ਬਣ ਕੇ ਜਨਮੇ ਸਨ। ਵਿਚਿਤ੍ਰ ਨਾਟਕ ਅਨੁਸਾਰ ਦੱਤਾ ਤਰੇਯ ਅਵਤਾਰ ਸੀ 'ਤਬ ਹਰਿ ਬਹੁਤ ਦੱਤ ਉਪਜਾਯੋ'। ਤਿਨ ਭੀ ਆਪਨਾ ਪੰਥ ਚਲਾਯੋ, ਕਰਮੋਨਖ ਸਿਰ ਜਟਾ ਸਵਾਰੀ ਪ੍ਰਭੁ ਕੀ ਕ੍ਰਿਆ ਨਾ ਕਛੂ ਬਿਚਾਰੀ ॥ ੨੩ ॥

ਦੱਤਾ ਤਰੇਯ ਨੇ ਆਪਨਾ ਪੰਥ ਚਲਾਇਆ ਇਸ ਨੇ ਬਰਾਹਮਣ, ਖਤਰੀ ਵੈਸ਼ਾਂ ਨੂੰ ਬ੍ਰਹਮ ਚਰਜ (ਸਨਯਾਸ) ਧਾਰਨ ਦੀ ਮਰਯਾਦਾ ਦ੍ਰਿੜਾਈ। ਇਹ ਆਤਮੇ ਨੂੰ ਵੀ ਈਸ਼ਵਰ ਰੂਪ ਸਰਵਗਯ ਸਮਝਦੇ ਹਨ। ਮੂਰਤੀ ਮਾਨ ਕੇ ਇਹ ਅਸਟਾਂਗ ਯੋਗ ਦੀ ਕ੍ਰਿਯਾ ਕਰਦੇ ਹਨ। ਦੱਤਾ ਤਰੇਯ ਦੀ ਸਿਖਿਆ ਅਜ ਕਲ ਲੁਪਤ ਸਮਾਨ ਹੈ ਖਾਸ ਗ੍ਰੰਥ ਕੋਈ ਨਹੀਂ ਹੈ। ਇਹ ਬਹੁਤ ਫਿਰਕੇ ਬੰਦੀਆਂ ਵਿਚ ਫਸ ਗਏ ਹਨ। ਗੋਰਖਪੁਰ ਜਨਮਿਆ ਗੋਰਖਨਾਥ (ਨੌ ਨਾਥਾਂ ਵਿਚੋਂ) ਇਹ ਇਸੇ ਸ਼ਾਖ ਦਾ ਜੋਗੀ ਦਸਿਆ ਹੈ ਵੈਸੇ ਇਹ ਮਛੰਦਰ ਨਾਥ ਦਾ ਚੇਲਾ ਮੰਨਿਆ ਹੈ।

ਮਛੰਦਰ ਨਾਥ ਸ਼ਿਵ ਜੀ ਦਾ ਜੇਠਾ ਚੇਲਾ ਸੀ। ਜਿਸ ਦੀ ਪੈਦਾ ਇਕ ਮਛੀ ਤੋਂ ਮੰਨੀ ਹੈ। ਅਸਲ ਨਾਮ ਮ੍ਰਤ ਸ਼ਵਿੰਦਰ ਸੀ। ਇਸ ਦਾ ਮੁਖੀ ਚੇਲਾ ਗੋਰਖ ਨਾਥ ਸੀ। ਇਹ ਮਹਾਨ ਪੰਡਤ ਸੀ। ਇਸੇ ਨੇ ਗੋਰਖ ਸ਼ਤਕ ਆਦਿ ਕਈ ਗਰੰਥ ਇਸ ਸੰਪ੍ਰਦਾਇਕ ਲਿਖੇ ਸਨ। ਕਿਧਰੇ 'ਗੋਰਖ ਸ਼ਿਵ ਜੀ ਨੂੰ ਭੀ ਕਿਹਾ ਹੈ। ਗੋਰਖ ਨਾਥ ਦੇ ਚੇਲਿਆਂ ਦੇ

ਨਾਮ ਪਿਛੋਂ ਨਾਥ ਸ਼ਬਦ ਅਵਸ਼ ਲਗਦਾ ਹੈ। ਅਤੇ ਕੰਨਾਂ ਵਿਚ ਮੁੰਦਰਾਂ ਪਾਉਂਦੇ ਹਨ। ਮਿਲਣ ਸਮੇਂ ਆਦੇਸ਼ ਬੋਲਦੇ ਹਨ। ਜਿਸ ਦੇ ਅਰਥ ਆਗਿਆ ਯਾ ਨਮਸਕਾਰ ਹਨ।

ਮੁੰਦਰਾਂ ਕੱਚ ਯਾ ਗੈਂਡੇ ਦੇ ਸਿੰਗਾਂ ਦੀਆਂ ਹਨ। ਇਹਨਾਂ ਨੂੰ ਸ਼ਿਵ ਮੁੰਦਰਾਂ ਕਹਿੰਦੇ ਹਨ, ਅਤੇ ਦਰਸ਼ਨ ਭੀ ਆਖਦੇ ਹਨ। ਮੁੰਦਰਾਂ ਪਾਉਣ ਵੇਲੇ 'ਨਮੱਸ਼ਯ ਸ਼ਿਵਾਯ, ਗੁਰੂ ਮੰਤਰ ਦਿੰਦੇ ਹਨ। ਰਿਹਾਇਸ਼ ਸਥਾਨ ਨੂੰ ਨਾਥਵਾੜਾ ਮੰਗਣ ਦਾ ਬੋਲਾ ਆਲੱਖ ਅਲੱਖ ਹੈ। ਮੋਨੀ ਤੇ ਜਟਾਂ ਧਾਰੀ ਭੀ ਹਨ, ਸ਼ਰਾਬ ਪੀ ਕੇ ਸਮਾਧੀ ਲਾਉਂਦੇ ਹਨ। ਗਲੇ ਵਿਚ ਸੇਲੀ ਅਰ ਨਾਦ [ਕਿੰਗਰੀ] ਯਾ ਸਿੰਗੀ ਵਜਾਉਂਦੇ ਹਨ। ਜੋਗੀ ਭੰਗ ਅਫ਼ੀਮ ਚਰਸ, ਸ਼ਰਾਬ, ਮਾਸ ਦਾ ਪ੍ਰਹੇਜ਼ ਨਹੀਂ ਰਖਦੇ।

ਮਛੰਦਰ ਨਾਥੀਏ, ਔਘੜ ਕਨੀਪਾ ਅਘੋਰੀ ਸਨਿਆਸੀ ਅਨੇਕਾਂ ਪ੍ਰਕਾਰ ਦੇ ਜੋਗੀ ਹਨ।

(੨) ਸ੍ਰਿੰਗੀ ਰਿਸ਼ੀ (ਸਿੰਰਗੀ) ਦਾ ਨਾਮ ਲਿਆ ਜਾਂਦਾ ਹੈ ਇਸ ਬਾਰੇ ਹਿੰਦੂ ਪੁਰਾਣਾਂ ਵਿਚ ਕਈ ਸਾਖੀਆਂ ਹਨ ਕਿ ਵਿਭਾਂਡਕ ਰਿਸ਼ੀ ਦਾ ਵੀਰਜ ਉਰਵਸ਼ੀ ਨਾਮ ਦੀ ਅਪੱਛਰਾ ਨੂੰ ਵੇਖਕੇ ਪਾਤ ਹੋ ਗਿਆ ਸੀ ਉਸਨੂੰ ਪਾਣੀ ਵਿਚੋਂ ਕਿਸੇ ਮਿਰਗੀ ਨੇ ਪੀ ਲਿਆ ਸੀ। ਜਿਸ ਕਰਕੇ ਉਸਦੇ ਪੇਟ ਤੋਂ ਸਿੰਗਾਂ ਵਾਲਾ ਰਿਸ਼ੀ ਸਿੰਗਰੀ ਜਨਮਿਆ। ਇਸ ਦੇ ਸਿਰ ਉਪਰ ਜਾਮਣੂ ਸਿੰਗ ਸਨ। ਇਸ ਨੇ ਉੱਘਰ ਤਪ ਕੀਤਾ ਅਤੇ ਮਹਾਨ ਪ੍ਰਸਿੱਧ ਹੋ ਗਿਆ। ਦਸਿਆ ਹੈ ਕਿ ਅੰਗ ਦੇਸ਼ ਵਿਖੇ ਬਹੁਤ ਕਾਲੇ ਵਰਖਾ ਨਾ ਪੈਣੇ ਕਰਕੇ ਲੋਕੀ ਭੁਖ ਦੇ ਕਾਰਨ ਮਰਨ ਲਗੇ। ਸ੍ਰਿੰਗੀ ਰਿਖੀ ਸ਼ੁਰੂ ਤੋਂ ਬ੍ਰਹਮਚਾਰੀ (ਜੱਤੀ) ਸੀ ਉਸਨੇ ਇਸਤਰੀ ਵੇਖੀ ਤਕ ਨਹੀਂ ਸੀ। ਜੋਤਸ਼ੀਆਂ ਨੇ ਕਿਹਾ ਕਿ ਸਿੰਗੀ ਰਿਖੀ ਜੇਕਰ ਇਸ ਧਰਤੀ ਪਰ ਚਰਨ ਪਾਵੇ ਤਾਂ ਵਰਖਾ ਪੈ ਸਕਦੀ ਹੈ। ਅੰਗ ਦੇਸ ਦੇ ਰਾਜਾ ਲੋਮਸ਼ਪਾਦ ਨੇ ਉਸ ਨੂੰ ਦੇਸ਼ ਵਿਚ ਲਿਆਵਨ ਵਾਸਤੇ ਮਹਾਨ ਸੁੰਦਰ ਇਸਤਰੀਆਂ ਘਲੀਆਂ ਤਾਂ ਕਿ ਉਹ ਇਨ੍ਹਾਂ ਦੇ ਨਾਲ ਬਿਭਚਾਰ ਕਰਕੇ ਕਾਮ ਵਸ ਹੋਣ ਪਰ ਨਾਲ ਹੀ ਆਵੇ, ਸੋ ਐਸਾ ਹੀ

ਹੋਇਆ ਕਿ ਰਿਸ਼ੀ ਆਪਣੇ ਧਾਰੇ ਮਾਰਗ ਤੋਂ ਗਿਰ ਕੇ ਕਾਮ ਵਸ ਹੋ ਕੇ ਪਤਿਤ ਹੋ ਗਿਆ। ਉਹ ਸੁੰਦਰੀਆਂ ਨਾਲ ਲੈ ਆਈਆਂ। ਵਰਖਾਂ ਤਾਂ ਹੋਈ ਪਰ ਰਿਸ਼ੀ ਪੁਣਾ ਉੱਡ ਗਿਆ, ਜਿਸ ਤੋਂ ਮਿਸਾਲ ਕਾਇਮ ਹੋਈ ਕਿ 'ਸਿੰਗੀ ਰਿਸ਼ੀ ਜੈਸਿਆਂ ਨੂੰ ਕਾਮ ਨੇ ਅਕਾਸ਼ ਤੋਂ ਧਰਤੀ ਪਰ ਪਟਕਾ ਮਾਰਿਆ।' ਸਿੰਗੀ ਰਿਸ਼ੀ ਦਾ ਗੁਰੂ ਲੋਮਸ਼ ਲਿਖਿਆ ਹੈ। ਜਿਸ ਦੇ ਗਲ ਵਿਚ ਰਾਜਾ ਪ੍ਰੀਖਤ ਨੇ ਸਮਾਧੀ ਸਥਿਤ ਸਮੇਂ ਮਰਿਆ ਸਰਪ ਬਤੌਰ ਮਖੌਲ ਦੇ ਪਾ ਦਿਤਾ ਸੀ। ਸਿੰਗੀ ਰਿਸ਼ੀ ਨੇ ਆਪਣੇ ਗੁਰੂ ਦੀ ਹਤੱਕ ਮਨਕੇ ਰਾਜੇ ਨੂੰ ਸਰਾਪ ਦਿਤਾ ਸੀ ਕਿ ਤੂੰ ਤਖਤ ਸਰਪ ਨਾਲ ਲੜਕੇ ਮਰੇਂਗਾ। ਸੋ ਐਸਾ ਹੀ ਹੋਇਆ।

(੩) ਮਾਰਕੰਡਾ ਰਿਸ਼ੀ ਨਾਮ ਪਰ ਮਾਰਕੰਡਾ ਨਾਮ ਦਾ ਪੁਰਾਣ ਪ੍ਰਸਿਧ ਹੈ ਜਿਸ ਦੇ ਨੌ ਹਜ਼ਾਰ ਸਲੋਕ ਹਨ, ਚੰਡੀ ਚਰਿਤਰ ਔਰ ਚੰਡੀ ਦੀ ਵਾਰ ਦੇ ਪਰਸੰਗ ਇਸ ਵਿਚੋਂ ਉਲਥਾ ਕਰਕੇ ਪੰਜਾਬੀ ਵਿਚ ਆਏ ਹਨ। ਇਸ ਰਿਸ਼ੀ ਨੂੰ ਮਹਾਂ ਤਪੱਸਵੀ ਦਸਿਆ ਹੈ, ਇਸ ਦੀ ਉਮਰ ਚੋਰਾਸੀ ਹਜ਼ਾਰ ਬਰਸ ਦੀ ਲਿਖੀ ਹੈ। ਤ੍ਰਿਣ ਭਗਤ ਨਾਮ ਦੇਵ ਜੀ ਨੇ ਲਿਖਿਆ ਹੈ 'ਮਾਰਕੰਡੇ ਕੋ ਅਧਿਕਾਈ, ਜਿਨ ਤ੍ਰਿਣ ਧਰ ਮੂੰਡੇ ਬਲਾਏ, ਮਾਰ ਕੰਡ ਸਤਿਜੁਗ ਦੀ ਹਸਤੀ ਮੰਨੀ ਗਈ ਹੈ ਦੁਰਗਾਸਪਸਤੀ, ਪਰਸੰਗ ਉਸ ਤੋਂ ਬਹੁਤ ਪਹਿਲਾਂ ਦਾ ਹੈ। ਮਾਰਕੰਡੇ ਦੇ ਪਿਤਾ ਦਾ ਨਾਮ ਮਾਰ ਕੁੰਡਾ ਸੀ, ਮਾਤਾ ਮਨ ਸਿਵਨੀ ਔਰ ਪਤਨੀ ਦਾ ਨਾਮ ਧੂਮਾਂ ਔਰ ਪੁਤਰ ਦਾ ਨਾਮ ਵੇਦ ਸਿਰਾ ਲਿਖਿਆ ਹੈ।

ਚੌਣਵੇਂ ਸਮਿੱਲਤ ਨੋਟ

ਹੂਮਲ ਨਾਮ ਦਾ ਇਕ ਪੰਛੀ ਜੋ ਅਸਮਾਨ ਵਿਚੇ ਰਹਿੰਦਾ ਮੰਨਿਆ ਹੈ ਇਹ ਅਸਮਾਨ ਵਿਚੇ ਅੰਡੇ ਦਿੰਦਾ ਹੈ ਉਸ ਦੇ ਬਚੇ ਇਕ ਦਮ ਅੰਡੇ ਵਿਚੋਂ ਨਿਕਲਕੇ ਉਡ ਜਾਂਦੇ ਹਨ। ਇਸ ਦਾ ਜ਼ਿਕਰ ਧਾਰਮਿਕ ਗ੍ਰੰਥਾਂ ਵਿਚ ਭੀ ਆਉਂਦਾ ਹੈ ਵੈਸੇ ਵੇਖਿਆ ਕਦੀ ਨਹੀਂ ਜਾਂਦਾ, ਇਸ ਬਾਰੇ ਅਖੌਤ ਹੈ

ਕਿ ਜਿਸ ਦੇ ਸਿਰ ਪਰ ਇਸ ਦਾ ਛਾਇਆ ਪੈ ਜਾਵੇ ਉਹ ਪੁਰਸ਼ ਧਨੀ ਜਾਂ ਰਾਜਾ ਹੋ ਜਾਂਦਾ ਹੈ। ਹੁਮਾ ਰਾ ਕਸੇ ਸਾਯਹ ਆਯਦ ਬਜ਼ੇਰ (ਜ਼ਫਰ ਨਾਮਾ ਪਾ: ੧੦) ਕਿਹਾ ਜਾਂਦਾ ਹੈ ਕਿ ਹੁਮਾ ਦਾ ਖੰਭ ਤੀਰ ਨਾਲ ਬੰਨ੍ਹ ਕੇ ਚਲਾਇਆ ਜਾਵੇ। ਉਹ ਆਸਮਾਨ ਵਿਚ ਚਲਾ ਜਾਂਦਾ ਹੈ।

ਮਹਾਂ ਭਾਰਤ ਦੀ ਕਥਾ ਅਨੁਸਾਰ, ਇਕ ਅਮੋਲਕ ਮਣੀ ਜਿਸ ਪਾਸ ਇਹ ਹੁੰਦੀ ਸੀ, ਅਠਾਰਾਂ ਭਾਰ ਉਸ ਨੂੰ ਸੋਨਾ ਪ੍ਰਾਪਤ ਹੁੰਦਾ (ਭਾਰ ਢਾਈ ਮਣ ਦਾ ਹੁੰਦਾ ਹੈ) ਚੋਰੀ, ਅਗਨੀ ਆਦਿ ਤੋਂ ਬਚਾਉਂਦੀ ਸੀ। ਸੂਰਜ ਤੋਂ ਸੂਤਾ ਜਿੱਤ ਨੂੰ ਮਿਲੀ ਸੀ। ਉਸ ਨੇ ਕ੍ਰਿਸ਼ਨ ਦੇ ਖੋਹਣ ਦੇ ਡਰ ਤੋਂ ਉਹ ਮਣੀ ਆਪਣੇ ਭਾਈ ਪ੍ਰਸੇਨ ਪਾਸ ਰੱਖ ਦਿਤੀ ਸੀ। ਪ੍ਰਸੇਨ ਨੂੰ ਸ਼ੇਰ ਨੇ ਮਾਰ ਘੱਤਿਆ ਸੀ। ਪਿਛੋਂ ਜਾਂਬਵਾਨ ਨੇ ਸ਼ੇਰ ਨੂੰ ਮਾਰ ਕੇ ਮਣੀ ਸੰਭਾਲ ਲਈ ਸੀ। ਸ੍ਰੀ ਕ੍ਰਿਸ਼ਨ ਜੀ ਨੇ ਉਸ ਪਾਸੋਂ ਖੋਹ ਲਈ। ਮੁੜ ਸੂਤਾ ਜਿੱਤ ਨੂੰ ਦਿਤੀ। ਸੂਤਾ ਜਿੱਤ ਨੂੰ ਸੁਤੇ ਪਏ ਨੂੰ ਮਾਰ ਕੇ ਸਤਸਵਨਾ ਲੈ ਗਿਆ, ਜਿਸ ਪਰ ਕ੍ਰਿਸ਼ਨ ਔਰ ਬਲਰਾਮ ਨੇ ਪਿੱਛਾ ਕੀਤਾ ਪਰ ਉਹ ਕ੍ਰਿਸ਼ਨ ਦੇ ਮਾਮੇ ਅਕਰੂਰ ਨੂੰ ਦੇ ਕੇ ਨੱਸ ਗਿਆ। ਅੰਤ ਇਹ ਮਣੀ ਅਕਰੂਰ ਪਾਸ ਰਹੀ ਜਾਂ ਇਸ ਦੀ ਖੋਹਾ ਖਿੱਚੀ ਵਾਸਤੇ ਕਈ ਜੰਗ ਹੁੰਦੇ ਰਹੇ।

ਪਪੀਹਾ ਜੋ ਸ੍ਵਾਂਤੀ ਬੂੰਦ ਹਿੱਤ ਵਿਰਲਾਪ ਕਰਦਾ ਹੈ, ਉਸ ਦੇ ਸਿਰ ਵਿਚ ਸੁਰਾਖ ਹੁੰਦਾ ਹੈ। ਸ਼ਾਸ਼ਤ੍ਰਾਂ ਅਨੁਸਾਰ ਸ੍ਵਾਂਤ ਨਛਤ੍ਰ (ਸ੍ਵਾਂਤ ਜੋਗ) ਹੁੰਦਾ ਹੈ। ਇਹ ਆਮ ਵਰਖਾ ਸਮੇਂ ਨਹੀਂ ਹੁੰਦਾ। ਇਹ ਮਾਘ ਵਦੀ ਸੱਤਵੀਂ ਜੇਕਰ ਚੰਦ੍ਰਮਾ ਸ੍ਵਾਂਤ ਨਛੱਤ੍ਰ ਪਰ ਆਵੇ ਤਾਂ ਸ੍ਵਾਂਤ ਯੋਗ ਹੁੰਦਾ ਹੈ। ਜਾਂ ਮਹੀਨਾ ਹਾੜ ਦੀ ਕੋਈ ਤਿੱਥ ਹੁੰਦੀ ਹੈ। ਸ੍ਵਾਂਤ ਬੂੰਦ ਸਿੱਪੀ ਵਿਚ ਪਵੇ ਤਾਂ ਮੋਤੀ ਬਣਦਾ ਹੈ। ਕੇਲੇ ਵਿਚ ਕਪੂਰ ਔਰ ਬਾਂਸ ਵਿਚ ਪਏ ਤਾਂ ਬੰਸਲੋਚਨ ਹੁੰਦਾ ਹੈ। ਇਹ ਪੁਰਾਣੀ ਖੋਜਾਂ ਹਨ। ਸ੍ਵਾਂਤੀ ਬੂੰਦ ਸਿਧੀ ਅਸਮਾਨ ਤੋਂ ਡਿਗਦੀ ਮੰਨੀ ਗਈ ਹੈ।

ਹਾਰੂੰ ਹਜ਼ਰਤ ਮੂਸਾ ਜੀ ਦਾ ਵੱਡਾ ਭ੍ਰਾਤਾ ਸੀ, ਇਸ ਨੂੰ ਨਬੀ

ਮੰਨਿਆ ਹੈ, ਇਹ ਮੂਸਾ ਜੀ ਦਾ ਨਾਇਬ ਸੀ। ਮੂਸਾ ਜੀ ਦੀ ਆਗਿਆ ਨਾਲ ਧਰਮ ਉਪਦੇਸ਼ ਲਿਖਦਾ ਸੀ। ਦੂਜਾ ਹਾਰੂੰ ਹਜ਼ਰਤ ਈਸਾ ਜੀ ਦਾ ਮਾਮਾ ਸੀ, ਇਹ ਇਮਰਾਨ ਦਾ ਪੁਤ੍ਰ ਹੰਨਾ ਦੇ ਉਦਰ ਥੀਂ ਹੋਇਆ। ਇਹ ਵੀ ਈਸਾ ਜੀ ਦਾ ਨਾਇਬ ਸੀ। ਤੀਜਾ ਹਾਰੂੰ ਮੁਸਲਮਾਨ ਦਾ ਪੰਜਵਾਂ ਖਲੀਫਾ ਸੀ (ਹਾਰੂੰਰਸੀਦ) ਇਹ ਸਨ ੮੦੯ ਵਿਚ ਸਵਰਗ ਵਾਸ ਹੋਇਆ ਇਸ ਦਾ ਤੂਸ (ਮਸਹਦ) ਮਕਬਰਾ ਵਿਚ ਹੈ। ਇਸ ਨੂੰ ਅਬਾਸਵੰਸੀ ਕਹਿੰਦੇ ਹਨ।

ਪੁਰਾਨੀ ਦੁਨੀਆਂ ਵਿਚ ਸਭ ਨਾਲੋਂ ਵਧ ਸਿਆਣਾ ਹਕੀਮ ਲੁਕਮਾਨ ਨੂੰ ਮੰਨਿਆਂ ਜਾਂਦਾ ਸੀ। ਕੁਰਾਨ ਦੀ ਤੇਰਵੀਂ ਸੂਰਤ ਵਿਚ ਇਸ ਦੀ ਮਹਿਮਾ ਲਿਖੀ ਹੈ। ਬਾਈਬਲ ਵਿਚ ਭੀ ਇਸ ਨੂੰ ਅਤਿ ਸਿਆਣਾ ਮੰਨਿਆ ਹੈ। ਕਿਧਰੇ ਇਸ ਨੂੰ ਹਜ਼ਰਤ ਇਬਰਾਹੀਮ ਦਾ ਭਤੀਜਾ ਦਸਿਆ ਗਿਆ ਹੈ। ਕਈ ਹਜ਼ਰਤ ਦਾਊਦ ਦੇ ਸਮੇਂ ਵਿਚ ਇਸ ਦੀ ਹੋਂਦ ਮੰਨਦੇ ਹਨ। ਲੁਕਮਾਨ ਹਕੀਮ ਦੇ ਨਾਮ ਪਰ ਹਜ਼ਾਰਾਂ ਉਤਮ ਅਖੌਤਾਂ ਲਿਖੀਆਂ ਮਿਲਦੀਆਂ ਹਨ। ਇਹ ਯੂਨਾਨੀ ਫਿਲਾਸਫਰ ਸੀ।

ਕਸ਼ਮੀਰ ਵਿਚ ਅਮਰ ਨਾਥ ਨਾਮ ਦਾ ਇਕ ਸ਼ਿਵ ਮੰਦਰ ਹੈ, ਜੋ ਹਿਮਾਲਾ ਪਹਾੜ ਦੀ ਇਕ ਗੁਫਾ ਵਿਚ ਹੈ। ਉਥੇ ਪਹਾੜ ਦਾ ਪਾਣੀ ਝਰ ਕੇ ਸਿਆਲਾਂ ਵਿਚ ਜੰਮ ਕੇ ਢੇਰ ਬਣ ਜਾਂਦਾ ਹੈ, ਸ਼ਿਵ ਜੀ ਦੇ ਪੁਜਾਰੀ ਉਸ ਬਰਫ ਦੇ ਢੇਰ ਨੂੰ ਸ਼ਿਵ ਲਿੰਗ ਸਮਝ ਕੇ ਪੂਜਦੇ ਹਨ। ਐਸਾ ਹੀ ਇਕ ਮੰਦਰ ਬੰਬਈ ਦੇ ਇਲਾਕਾ 'ਥਾਨਾ' ਵਿਚ ਹੈ, ਸ਼ਿਵਰਾਤ੍ਰੀ ਨੂੰ ਮੇਲੇ ਲਗਦੇ ਹਨ, ਭਾਰਤ ਵਿਚ ਸਭ ਨਾਲੋਂ ਵਧ ਸ਼ਿਵ ਮੰਦਰ ਹਨ ਜਿਹਨਾਂ ਵਿਚ ਸ਼ਿਵ ਲਿੰਗ ਦੀ ਪੂਜਾ ਹੁੰਦੀ ਹੈ।

ਪਾਰਸੀ ਯਾ (ਫਾਰਸੀ) ਲੋਗ ਅਗਨੀ ਦੇ ਪੁਜਾਰੀ ਹਨ, ਮੰਦਰਾਂ ਵਿਚ ਸਦਾ ਅਗਨ ਪ੍ਰਜੁਲਤ ਰਖਦੇ ਹਨ। ਇਨ੍ਹਾਂ ਦਾ ਪੈਗੰਬਰ ਜ਼ਰਦਸਤ ਹੋਇਆ ਹੈ। ਧਰਮ ਪੁਸਤਕ ਦਾ ਨਾਮ 'ਜ਼ੰਦ' ਹੈ ਇਹ ਲੋਕ ਸੰਨ ੭੩੫ ਈ: ਵਿਚ ਖੁਰਾਸਾਨ ਤੋਂ ਆ ਕੇ ਭਾਰਤ ਵਿਚ ਵਸੇ ਸਨ। ਇਨ੍ਹਾਂ ਨੂੰ ਦੇਸ ਫਾਰਸ ਥੀ ਆਉਣੇ ਕਰਕੇ ਹੀ ਪਾਰਸੀ ਕਿਹਾ ਜਾਂਦਾ ਹੈ। ਕਈ ਈਰਾਨੀ ਭੀ

ਆਖਦੇ ਹਨ । ਇਹ ਲੋਕ ਮੁਰਦਿਆਂ ਨੂੰ ਫੂਕਦੇ ਦਬਦੇ ਨਹੀਂ ਹਨ ਆਪਣੇ ਮੁਰਦਿਆਂ ਨੂੰ ਮਾਸ ਖੋਰੇ ਜਾਨਵਰਾਂ ਲਈ ਰਖਦੇ ਹਨ ਇਸੇ ਲਈ ਇਕ ਖੂਹ ਔਰ ਸਥਾਨ ਨੀਯਤ ਕਰਦੇ ਹਨ ।

ਚੰਦੇਰੀ ਦਾ ਰਾਜਾ ਸਿਸੂ ਪਾਲ ਜੋ ਕਿ ਦਮਘੋਖਯਾ ਦਾ ਪੁਤਰ ਸੀ ਇਹ ਸ੍ਰੀ ਕ੍ਰਿਸ਼ਨ ਜੀ ਦੀ ਸੱਕੀ ਭੂਆ ਸ਼੍ਰੁਤ ਦੇਵਾ ਦਾ ਪੁਤਰ ਸੀ ਇਸ ਦੇ ਜਨਮ ਥੀ ਤਿੰਨ ਨੇਤਰ ਦਸੇ ਹਨ । ਇਸ ਦੀ ਸ਼ਾਦੀ ਰੁਕਮਣੀ ਨਾਲ ਹੋ ਰਹੀ ਸੀ ਐਨ ਵਿਵਾਹ ਦੇ ਮੌਕੇ ਪਰ ਸ੍ਰੀ ਕ੍ਰਿਸ਼ਨ ਜੀ ਨੇ ਰੁਕਮਣੀ ਨੂੰ ਚੁਕ ਲਿਆਂਦਾ ਸੀ । ਰੁਕਮਣੀ ਦੇ ਭ੍ਰਾਤਾਂ ਰੁਕਮਣ ਨੇ ਪਿਛਾ ਕੀਤਾ, ਔਰ ਓਹੀ ਜ਼ਖਮੀ ਹੋ ਗਿਆ ਕੇਸ਼ਾ ਦਾ ਜੂੜਾ ਕਟ ਕੇ ਕ੍ਰਿਸ਼ਨ ਜੀ ਨੇ ਰੁਕਮਣੀ ਦੇ ਕਹੇ ਇਸ ਦੀ ਜਾਨ ਬਖਸ਼ੀ ਕਰ ਦਿਤੀ । ਕੇਸ ਕਟਣੇ ਉਸ ਸਮੇਂ ਸੀਸ ਕਟਣੇ ਦੇ ਸਦਰਸ਼ ਸਨ । ਪਿਛੋਂ ਸਿਸੂ ਪਾਲ ਕ੍ਰਿਸ਼ਨ ਜੀ ਦੇ ਹਥੋਂ ਮਾਰਿਆ ਗਿਆ ਸੀ ।

ਚੰਦ੍ਰਾ-ਵੰਸ਼ੀ ਰਾਜਾ ਪਰੀਖਤ ਅਭਮਨਯੁ ਦਾ ਪੁਤਰ ਸੀ, ਜੋ ਉਤਰਾ ਰਾਣੀ ਤੋਂ ਜਨਮਿਆ ਸੀ । ਇਹ ਪਾਂਡੋ ਅਰਜਨ ਦਾ ਪੋਤਰਾ ਸੀ । ਅਸਵ-ਥਾਮਾਂ ਨੇ ਇਸ ਨੂੰ ਗਰਭ ਵਿਚੇ ਮਾਰਿਆ ਸੀ । ਸ੍ਰੀ ਕ੍ਰਿਸ਼ਨ ਜੀ ਨੇ ਮੁੜ ਜ਼ਿੰਦਾ ਕੀਤਾ । ਇਹ ਦਿੱਲੀ ਦੀ ਰਾਜ ਗੱਦੀ ਪਰ ਰਿਹਾ । ਇਸ ਦੀ ਮੌਤ ਸਰਪ ਲੜਨੇ ਸੇ ਹੋਈ ਸੀ । ਇਸ ਦੇ ਪੁਤਰ ਰਾਜਾ ਜਨਮੇਜਾ ਨੇ ਸਰਪਾਂ ਪਾਸੋਂ ਬਦਲਾ ਲੈਣ ਵਾਸਤੇ ਸਰਪ ਯੱਗ ਕਰਕੇ ਹਜ਼ਾਰਾਂ ਸੱਪ ਹਵਨ ਵਿਚ ਫੂਕ ਸੁਟੇ ਸਨ ।

ਰਾਜਾ ਮਾਂਧਾਤਾਂ, ਇਹ ਰਾਜਾ ਯਵਨਸਾਵ ਦਾ ਪੁਤਰ ਸੀ । ਮਾਤਾ ਦਾ ਨਾਮ ਗੋਰੀ । ਇਹ ਭੀ ਕਥਾ ਹੈ ਕਿ ਇਹ ਰਾਜਾ ਦੀ ਵਖੀ ਥੀਂ ਜਨਮਿਆ ਸੀ । ਇੰਦ੍ਰ ਨੇ ਪਾਲਿਆ ਸੀ । ਮਾਂ ਧਾਂਤਾ ਦੇ ਰਥ ਦੇ ਪਹੀਏ ਦੀਆਂ ਲਕੀਰਾਂ ਪਰ ਸਮੁੰਦਰ ਬਣੇ ਦਸੇ ਹਨ । ਜ਼ਿਲਾ ਨੀਮਾੜ ਦੀ ਨਦੀ ਨਰਬਦਾ ਪਰ ਇਕ ਟਾਪੂ ਦਾ ਨਾਮ ਮਾਂਧਾਤਾ ਹੈ ।

ਭਾਈ ਗੁਰਦਾਸ ਜੀ ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁਤਰੀ ਬੀਬੀ ਭਾਨੀ ਜੀ ਦੇ ਨਜ਼ਦੀਕੋਂ ਭਾਈ ਲਗਦੇ ਸਨ । ਲਿਖਿਆ ਹੈ ਕਿ ਇਹ ਚੌਥੇ

ਗੁਰੂ ਜੀ ਦੇ ਸਿਖ ੧੬੩੬ ਵਿਚ ਬਣੇ ਸਨ। ਆਪ ਨੇ ਪੰਚਮ ਗੁਰੂ ਜੀ ਦੀ ਆਗਿਆ ਨਾਲ ਗੁਰਬਾਣੀ ਪੂਰਤ ਬੀੜ ਲਿਖੀ ਸੀ। ਆਪ ਦੀ ਰਚਨਾ ਚਾਲੀ ਵਾਰਾਂ ਔਰ ਪੰਜ ਸੌ ਛਪੰਜਾ ਕਬਿਤ ਸਵੈਯੇ ਹਨ। ਭਾਈ ਸਾਹਿਬ ਜੀ ਛੀਵੇਂ ਗੁਰੂ ਨੇ ਸਮੇਂ ਭਾਦੋ ਸਦੀ ਅਠ ਸੰਮਤ ੧੬੯੪ ਵਿਚ ਗੋਇੰਦਵਾਲ ਵਿਖੇ ਚਲਾਣੇ ਕੀਤੇ ਸਨ।

ਸ੍ਰੀ ਕ੍ਰਿਸ਼ਨ ਜੀ ਦਾ ਖਿਤਾਬ ਗੋਵਰਧਨ ਪਹਾੜੀ ਦੇ ਚੁਕਣ ਕਰ ਉਗਿਰਧਰ ਪਿਆ ਹੈ ਕ੍ਰਿਸ਼ਨ ਜੀ ਦੇ ਪ੍ਰੇਮੀ ਗੋਪ ਇੰਦਰ ਦੀ ਪੂਜਾ ਛਡ ਗਏ ਤਾਂ ਇੰਦ੍ਰ ਨੇ ਮੁਸਲਾਧਾਰ ਵਰਖਾ ਪਵਾ ਕੇ ਗੋਪਾਂ ਦੇ ਪਿੰਡ ਪਸ਼ੂ ਰੋੜਨੇ ਸ਼ੁਰੂ ਕਰ ਦਿਤੇ ਤਾਂ ਕ੍ਰਿਸ਼ਨ ਜੀ ਨੇ ਆਪਣੀ ਉਂਗਲ ਪਰ ਗੋਵਰਧਨ ਪਹਾੜੀ ਉਠਾਕੇ ਛਤਰੀ ਬਣਾਈ ਜਿਸ ਹੇਠਾਂ ਆ ਕੇ ਗੋਪਾਂ ਦਾ ਬਚਾਉ ਹੋਇਆ ਸੀ। ਇਹ ਲੇਖ ਭਾਗਵਤ ਵਿਚ ਹੈ। ਕਵਿ ਰਾਜ ਗਿਰਿਧਰ ਉਨੀਸਵੀਂ ਸਦੀ ਵਿਚ ਹਰਿਦਾਸ ਨਾਮੀਂ ਹੋਇਆ ਹੈ ਇਹ ਉਦਾਸੀ ਵਿਦਯਵਾਨ ਸਾਧੂ ਸੀ। ਲਿਖਦਾ ਹੈ "ਸਾਂਈ ਗਿਰਿਧਰ ਗਿਰਿ ਧਰਯੋ" ਗਿਰਿਧਰ ਕਹਿ ਸਭ ਕੋਇ। ਹਨੂਮਾਨ ਗਿਰਿਵਰ ਧਰਯੋ। ਗਿਰਿਧਰ ਕਹੈ ਨ ਕੋਇ।

ਅੱਸੂ ਦੇ ਨੌਰਾਤਿਆਂ ਵਿਚ ਕੁਆਰੀ ਕੁੜੀਆਂ ਇਕ ਅਹੋਈ ਨਾਮ ਦੀ ਦੇਵੀ ਮਿਟੀ ਦੀ ਬਣਾ ਕੇ ਪੂਜਦੀਆਂ ਹਨ। ਜੋ ਕੰਧ ਪਰ ਉੱਕਰੀ ਜਾਂਦੀ ਹੈ। ਅਸ਼ਟਮੀ ਦਾ ਬ੍ਰਤ ਰਖਕੇ ਧੂਪ ਦੀਪ ਨਾਲ ਮੂਰਤੀ ਨੂੰ ਪੂਜਦੀਆਂ ਹਨ, ਉਪ੍ਰੰਤ ਕਾਤਕ ਦੀ ਏਕਮ ਚਾਨਣੀ ਨੂੰ ਅਹੋਈ ਨੂੰ ਜਲ ਪਰਵਾਹ ਕਰਦੀਆਂ ਹਨ। ਤੀਰਥ ਰਾਧ ਕੁੰਡ ਪਰ (ਮਥਰਾ ਜ਼ਿਲਾ) ਅਹੋਈ ਦਾ ਕਾਤਕ ਵਦੀ ਅਠਵੀਂ ਨੂੰ ਭਾਰੀ ਮੇਲਾ ਭਰਦਾ ਹੈ। ਅਹੋਈ ਦੀ ਪੂਜਾ ਭਾਰਤ ਵਿਚ ਕਾਫੀ ਹੁੰਦੀ ਹੈ।

ਬੀਰ ਨਾਮ ਬਹਾਦਰ ਯਾਂ ਬਲੀ ਦਾ ਹੈ। ਸਕੰਦ ਪੁਰਾਣੇ ਦੇ ਕੇਂਦਰ ਖੰਡ ਵਿਚ ਬਵੰਜਾ ਬੀਰਾਂ ਦੇ ਨਾਮ ਲਿਖੇ ਹਨ। ਨੰਦੀ, ਭਿੰਗੀ, ਰਿਦੀ, ਤੁੰਡੀ, ਪ੍ਰਤਾਸਥ, ਵੱਜਰ, ਕਵਲਾਸਵ, ਅਸਟ ਕਰਣ, ਨਿਰ ਮੁੰਡ, ਮਸਤ

ਕਾਰਣ, ਪੁਸਪਦੰਤ, ਵ੍ਰਿਹਦਭਾਨ, ਅਮਿਤਾਸਯ, ਅਸਵਵਾ ਹਨ, ਤੁੰਡਿਕ, ਢੁੰਡਿਕ, ਕਾਲਨਾਮ, ਅਸੁਰਾਂਤ, ਜਨਾਲਾਹਦਾ, ਅਲਾਹਦਕ, ਯਾਮਿਕ, ਛੰਡਿਕ, ਚੰਦ੍ਰਰਾਜ, ਅੰਤਕਰ, ਨਿਸਚਰ, ਵੀਰ ਭੱਦ੍ਰ, ਮਣਿਮਾਨ, ਚੰਡੀਸ, ਨੰਦੀਸ੍ਵਰ, ਵੀਰਵੇਤਾਲ, ਵਿਕਫ, ਵਿਨੋਦੀ, ਸਮੰਤ੍ਰ ਵਿਨੰਦੀ, ਸੁਰਮੰਤ੍ਰ ਵਿਨੋਦੀ, ਕਾਲਯ, ਤ੍ਰਿਟ, ਕਮੰਣ, ਨਾਰਸਿੰਘ, ਹਨੂਮਾਨ, ਭੈਰਵ, ਨਿਸਲਯ, ਕਾਲਸਮ; ਨਗਦ, ਨਾਂਸੀਰ, ਕੇਸ਼ਰੀ, ਇਜਯ, ਵਿਜਯ, ਵਿਸ਼ੋਧਰੀ, ਕਾਕਮ, ਕਾਮਖਯ, ਨਿਰਾਲੰਬ, ਪੁਨਯਮਯ, ਆਦਿ ਦਸਿਆ ਹੈ ਕਿ ਮੰਤ੍ਰਾਂ ਦੇ ਤਰੀਕੇ ਨਾਲ ਕਿਸੇ ਬੀਰ ਨੂੰ ਵਸ ਕਰਕੇ ਕੰਮ ਲਿਆ ਜਾਂਦਾ ਹੈ। ਜਿਹਾ ਕਿ ਮਾਧੋਦਾਸ, (ਬੰਦਾ ਬਹਾਦਰ) ਦੇ ਵਸ ਵਿਚ ਚਾਰ ਬੀਰ ਸਨ। ਵਿਸ਼ਨੂੰ ਦੇ ਗਲ ਵਿਚ ਬਨਮਾਲਾ ਦਿਖਾਈ ਜਾਂਦੀ ਹੈ। ਜਿਹਾ ਕਿ ਬਨਮਾਲਾ ਬਿਭੂਖਨ ਕਮਲ ਨੈਨ ਮਾਰੂ ਸੋਲਹੇ ਮ: ੫॥ ਜੰਗਲੀ ਫੂਲਾਂ ਦੀ ਬਣੀ ਹੋਈ ਪੈਰਾਂ ਤਕ ਲੰਮੀ ਵਿਖਾਈ ਜਾਂਦੀ ਹੈ। ਮੇਰੂ ਦੀ ਥਾਵੇਂ ਕਦੰਬ ਦਾ ਫੂਲ ਹੁੰਦਾ ਹੈ। ਕਿਧਰੇ ਕੁੰਦ ਮੰਦਾਰ ਕਮਲ ਔਰ ਹਾਰ ਸਿੰਗਾਰ ਔਰ ਤੁਲਸੀ ਇਨ੍ਹਾਂ ਪੰਜਾ ਫੂਲਾਂ ਦੀ ਹੁੰਦੀ ਹੈ। ਗੁਰਬਾਣੀ ਵਿਚ ਕਰਤਾਰ ਨੂੰ ਬਨਮਾਲੀ ਕਿਹਾ ਹੈ।

ਯੋਗ ਤੰਤ੍ਰ-ਗ੍ਰੰਥ ਵਿਚ ਲਿਖਿਆ ਹੈ ਕਿ ਪਚੀਸ ਮਣਕਿਆਂ ਦੀ ਮਾਲਾ ਮੁਕਤ ਕਰਦੀ ਹੈ। ਸਤਾਈਆਂ ਦੀ ਬਲ ਬਖਸ਼ਦੀ ਹੈ। ਤੀਸ ਮਣਕਿਆਂ ਦੀ ਮਾਲਾ ਧੰਨ ਦਿੰਦੀ ਹੈ, ਪਚਾਸ ਦੀ ਮੰਤ੍ਰ ਸਿਧੀ ਕਰਦੀ ਹੈ। ਮਾਲਾ ਪ੍ਰਗਟ ਅਤੇ ਗੁਥੀ ਵਿਚ ਭੀ ਫੇਰਦੇ ਹਨ। ਅਤੇ ਇਕ ਸੌ ਅਠਾਂ ਮਣਕਿਆਂ ਦੀ ਸਰਵ-ਸਿਧੀ ਦਿੰਦੀ ਦਸੀ ਹੈ, ਇਸੇ ਕਰ ਕੇ ਇਕ ਸੌ ਅਠਾਂ ਦੀ ਗਿਣਤੀ ਦਾ ਵਧ ਪ੍ਰਚਾਰ ਹੈ। ਮੁਸਲਾਮਾਨਾਂ ਦੀ ਇਕ ਸੌ ਮਣਕੇ ਦੀ ਹੁੰਦੀ ਹੈ। ਈਸਾਈਆਂ ਦੀ ਇਕ ਸੌ ਅਤੇ ਡੇਢ ਸੌ ਮਣਕੇ ਦੀ ਹੁੰਦੀ ਹੈ। ਕਈਆਂ ਪਾਸ ਪਚਵੰਜਾ ਮਣਕੇ ਦੀ ਦੇਖੀ ਗਈ ਹੈ। ਇਹ ਰੋਮਨ ਕੈਥਲਿਕ ਈਸਾਈਆਂ ਪਾਸ ਹੁੰਦੀ ਹੈ। ਔਰ ਮਾਲਾ ਵਖੋ ਵਖ ਧਾਤਾਂ, ਕੱਚ ਕਾਠ, ਪੱਥਰ ਆਦਿ ਦੀਆਂ ਹੁੰਦੀਆਂ ਹਨ।

ਹਿੰਦੂ ਸ਼ਾਸਤਰਾਂ ਵਿਚ ਮਰੁਤ ਰਿਸ਼ੀ ਯਾ ਪਵਨ ਦੇਵਤੇ ਉਨਵੰਜਾ ਮੰਨੇ ਹਨ। ਇਹ ਆਦਿਤੀ ਇਸਤ੍ਰੀ ਤੋਂ ਜਨਮੇ ਲਿਖੇ ਹਨ। ਕਸ਼ਪ ਰਿਸ਼ੀ ਦੇ ਉਪਦੇਸ਼ ਨਾਲ ਇਨ੍ਹਾਂ ਨੇ ਉੱਗਰ ਤਪ ਕੀਤਾ, ਇਨ੍ਹਾਂ ਦੀ ਭੀ ਪੂਜਨ ਹੁੰਦੀ ਹੈ। ਇਹ ਹਵਾ ਵਿਚ ਰਹਿੰਦੇ ਦਸੇ ਹਨ। ਇਸੇ ਤਰ੍ਹਾਂ ਬਾਲ ਖਿਲ ਦੇਵਤੇ ਹਨ ਜਿਨ੍ਹਾਂ ਦਾ ਕੱਦ ਅੰਗੂਠੇ ਜਿਤਨਾ ਦਸਿਆ ਹੈ। ਇਹ ਬਾਲ ਖਿਲ ਰਿਸ਼ੀ ਕ੍ਰਿਤ ਦੇ ਵੀਰਜ ਤੋਂ ਕ੍ਰਿਆ ਦੇ ਪੇਟੋਂ ਹੋਏ। ਇਨ੍ਹਾਂ ਦੀ ਚਾਲ ਪੰਛੀਆਂ ਨਾਲੋਂ ਤੇਜ਼ ਹੈ, ਇਹ ਸੂਰਜ ਦੇ ਰਥ ਦੀ ਰਾਖੀ ਕਰਦੇ ਮੰਨੇ ਹਨ। ਇਨ੍ਹਾਂ ਦੀ ਪੂਜਾਂ ਭੀ ਹੁੰਦੀ ਹੈ। ਇਕਰ ਤੇਤੀਸ ਕਰੋੜ ਦੇਵਤੇ ਬਣਦੇ ਹਨ।

ਦੇਵਤਿਆਂ ਦੇ ਗਣ ਗੰਧਰਬ, ਸਿਧ ਔਰ ਸਾਧਿਕ ਅਨੇਕਾਂ ਹਨ, ਜਿਹਾ ਕਿ ਸ਼ਿਵ ਗਣ ਯਮ ਗਣ, ਅਨੇਕਾਂ ਹਨ। ਬਾਰਾਂ ਸੂਰਜ (ਅਵਾਸਰ) ਚੌਸਠ ਸਾਧਯ, ਬਾਰਾਂ, ਤਸ਼ਤਿ, ਛੱਤੀਸ ਅਤੇ ਮਹਾਂਰਾਜਿਕ, ਦੋ ਸੌ ਬੀਸ, ਰੁਦਰ ਗਿਆਰਾਂ, ਵਸ ਅਠ ਵਿਸੇਵ ਦੇਵ ਦਸ ਗਿਣੇ ਹਨ।

ਇੱਕਰ ਤੇਤੀਸ ਕਰੋੜ ਹੋ ਜਾਣੇ ਅਸੰਭਵ ਗੱਲ ਨਹੀਂ ਹੈ। ਪੁਰਾਣਾਂ ਵਿਚ ਦੇਵਤਿਆਂ ਦੇ ਬਾਗ ਭੀ ਲਿਖੇ ਹਨ। ਜਿਨ੍ਹਾਂ ਵਿਚੋਂ ਨੰਦਨ, ਵੈਭ੍ਰਾਜ ਸਰਵਤੋ ਭੱਦ੍ਰ, ਚੈਤਰਥਯ ਆਦਿ ਸਵਰਗਾਂ ਵਿਚ ਇੰਦਰ ਦੇ ਬਾਗ ਦਾ ਨਾਮ ਨੰਦਨ ਹੈ। ਇਸ ਤਰ੍ਹਾਂ ਇੰਦਰ ਦੀ ਸਵਰਗ ਪੁਰੀ ਅਤੇ ਬਾਗਾਂ ਵਿਚ ਅਨੇਕਾ ਹਨ। ਸੋ ਆਪੇ ਤੇਤੀਸ ਕਰੋੜ ਹੋ ਜਾਂਦੇ ਹਨ। ਇਨ੍ਹਾਂ ਵਿਚ ਅੱਠ ਦੇਵਤੇ ਮੁਖੀ ਹਨ—ਜਿਹਾ ਕਿ ਪ੍ਰਿਥਵੀ, ਅਗਨੀ, ਸੂਰਜ, ਚੰਦਰਮਾ, ਪ੍ਰਭਾਸ, ਪ੍ਰਤਯੂਖ, ਪ੍ਰਵ ਔਰ ਪਵਨ, ਇਨ੍ਹਾਂ ਬਾਰੇ ਬਚਿਤ੍ਰ ਨਟਕ ਵਿਚ ਭੀ ਜ਼ਿਕਰ ਹੈ—

ਤਬ ਸਾਖੀ ਪ੍ਰਭੁ ਅਸਟ ਬਨਾਏ।'

ਹਿੰਦੂਆਂ ਨੇ ਚੌਬੀਸ ਅਵਤਾਰ ਮੰਨੇ ਹਨ—ਜਿਹਾ ਕਿ ਮੱਛ, ਕੱਛ, ਵਰਾਹ, ਮੋਹਿਨੀ, ਨਰਸਿੰਘ, ਪਰਸ ਰਾਮ, ਰਾਮ ਚੰਦਰ, ਕ੍ਰਿਸ਼ਨ, ਬਲਰਾਮ, ਵਾਮਨ, ਬੁਧ, ਨਾਰਦ, ਰਿਸ਼ਵ ਦੇਵ ਕਪਿਲ, ਵਯਾਸ, ਹੰਸ, ਨਾਰਦ, ਪ੍ਰਿਥੂ,

ਦੱਤਾਤਰੇਯ, ਨਰ, ਨਾਰਾਯਣ, ਹੈਯਗ੍ਰੀਵ, ਵੈਵਸ੍ਵਤ, ਮਨੂ, ਧਨੰਤਰਿ, ਕਲਕੀ ਅਵਤਾਰ ਜੋ ਹੋਣਾ ਹੈ। ਇਕਰ ਮੁਸਲਮਾਨ ਭੀ ਮਹਿੰਦੀ ਮੀਰ ਹੋਣਾ ਮੰਨਦੇ ਹਨ। ਲਗ ਪਗ ਇਤਨੇ ਹੀ ਕਤੇਬੀ ਮਤਾਂ ਦੇ ਪੈਗੰਬਰ ਮੰਨੇ ਹਨ।

ਕੁਰਾਨ ਵਿਚ ਅਗੇ ਲਿਖੇ ਇਕ ਸੌ ਨਾਮ ਵਰਤੇ ਗਏ ਹਨ ਇਨ੍ਹਾਂ ਤੋਂ ਭਿੰਨ ਹੋਰ ਨਾਮ ਨਹੀਂ ਮੰਨੇ ਅਜ਼ੀਜ਼, ਅਜ਼ੀਮ, ਅਦਲ, ਅੱਫ਼ੂਵ, ਅਲੀ ਅਲੀਮ ਅੱਵਲ, ਆਖਿਰ, ਸ਼ਦੀਦ, ਸ਼ਕੂਰ, ਸਤਾਰ, ਸਬਰ, ਸ਼ਮਦ, ਸਮੀਆ, ਸਲਾਮ, ਹਸੀਬ, ਹੁਕਮ ਹਕ ਅਮੀਦ, ਹਯ, ਹਲੀਮ, ਹਾਫ਼ਿਜ਼, ਕਹਾਰ, ਕਬੀਰ, ਕਰੀਮ, ਕਵੀਯ, ਕਾਦਿਰ, ਕਾਬਿਜ਼, ਕੁਦੂਸ, ਕੈਯੂਮ, ਖਬੀਰ, ਖਾਫ਼ਿਜ਼, ਖਾਲਿਖ, ਗਨੀ, ਗਫ਼ੂਰ, ਗਫਾਰ, ਜ਼ਬਾਰ, ਜ਼ਲੀਲ, ਜ਼ਾਹਿਰ, ਜਾਮਿਅ, ਜ਼ਾਰ, ਜ਼ੁਲ ਜਲਾਲੇ, ਤਵਾਬ, ਨਾਫਿਅ, ਨੂਰ, ਫਤਾਹ, ਬਦੀਆ, ਬਸੀਰ, ਬਰ, ਬਦੀਅ, ਬਾਸਿਤ, ਬਾਇਸ, ਬਾਤਿਨ, ਬਾਕੀ, ਮਜੀਦ, ਮਤੀਨ, ਮਾਜਿਦ, ਮਾਲਿਕ, ਮਾਲਕੁਲ ਮੁਲਕ, ਮਾਨਿਅ, ਮੁਅਖਿਰ ਮਾਈਦ, ਮੁਇਜ਼ ਮੁਅਤੀ, ਮੁਸਵਿਰ, ਮੁਹਈ, ਮੁਹਸੀ, ਮੁਹੈਮਿਨ, ਮੁਕਸਿਤ, ਮੁਕਤਦਿਰ, ਮੁਕੱਦਿਮ ਮੁਕਤੀ, ਮੁਨੀ, ਮੁਜਿਲ, ਮੁਜੀਬ, ਮੁਤਆਲੀ, ਮੁੰਤਕਿਮ, ਮੁਕਤਬਿਰ, ਮੁਨਇਮ, ਮੁਮੀਤ, ਮੋਮਿਨ, ਰਹਮਾਨ, ਰਸ਼ੀਦ, ਰਕੀਬ, ਰਹੀਮ, ਰਾਫਿਅ, ਰਜਾਕ, ਲਤੀਫ, ਵੱਹਾਬ, ਵਾਲੀ, ਵਾਰਿਸ਼ ਵਾਜਿਦ, ਵਾਹਿਦ, ਵਾਸਿਆ, ਵਦੂਦ, ਵਲੀ, ਵਕੀਲ।

ਇਹ ਨਾਮ ਇਕ ਘਟ ਸੌ ਲਿਖੇ ਹਨ, ਅਲਾ ਸ਼ਬਦ ਨਾਲ ਰਲਾ ਕੇ ਪੂਰੇ ਇਕ ਸੌ ਕਰਦੇ ਹਨ। ਉਕਤ ਨਾਮ ਤਸਬੀਆ ਪਰ ਉਕਰੇ ਵੇਖੀਦੇ ਹਨ, ਇਨ੍ਹਾਂ ਤੋਂ ਭਿੰਨ ਹੋਰ ਨਾਮ ਰੱਬ ਦਾ ਲੈਣਾ, ਅਯੋਗ ਮੰਨਦੇ ਹਨ। ਆਮ ਤੌਰ ਅੱਲਾ ਖ਼ੁਦਾ ਵਧ ਨਾਮ ਲੈਂਦੇ ਹਨ ਇਹ ਅਰਬੀ ਵਿਚ ਹਨ ਅਰਥ ਸਭ ਦੇ ਉਤਮ ਹਨ।

ਪੁਰਾਣਾਂ ਦੇ ਵਿਸ਼ੇ ਪੰਜ ਹਨ, ਸੰਸਾਰ ਦੀ ਉਤੱਪਤੀ ਪਰਲਉ, ਦੇਵਤਿਆਂ ਔਰ ਪਿਤਰਾਂ ਦੀ ਬੰਸਾਵਲੀਆਂ ਸੂਰਜ ਔਰ ਚੰਦਰ ਵੰਸ਼ੀਆਂ

ਦੀ ਕਥਾਵਾਂ ਆਦਿ। ਪੁਰਾਣਾਂ ਦੇ ਇਹ ਨਾਮ ਹਨ। ਵਿਸ਼ਨ, ਪਦਮ, ਬ੍ਰਹਮ, ਸ਼ਿਵ, ਨਾਰਦ, ਭਾਗਵਤ, ਅਗਮਿ, ਮਾਰ ਕੰਡੇਯ ਸਕੰਦ, ਵਰਾਹ, ਕੂਰਮ, ਵਾਮਨ, ਸਤਸ਼ਯ, ਗਰੜ, ਭਵਿਸ਼ਤ, ਬ੍ਰਹਮਾਂਡ, ਬ੍ਰਹਮਵੈਵਰਤ, ਔਰ ਲਿੰਗ ਪੁਰਾਣ।

ਇਨ੍ਹਾਂ ਤੋਂ ਬਿਨਾਂ ਅਠਾਰਾਂ ਉਪ ਪੁਰਾਣ ਭੀ ਹਨ। ਜਿਹਾ ਕਿ ਕਪਿਲ, ਵਰ ਵਾਸਾ, ਔਸ਼ਨਸ਼, ਭਾਗਵਤ, ਸਨਤ ਕਮਾਰ, ਨਾਰਦੀਯ, ਨਾਰਸਿੰਹ, ਆਦਿੱਤਯ, ਮਾਹੇਸ਼ਵਰ, ਵਰਣੁ, ਕਾਲਕਾ, ਸ਼ਾਂਬ, ਨੰਦਾ, ਪਰਾਸ਼ਰ, ਸ਼ੌਰ, ਭਾਰਾਂਵਯ, ਵਾਸਿਸਠ, ਦੇਵੀ ਪੁਰਾਣ, ਜਿਸ ਨਾਮ ਦਾ ਪੁਰਾਣ ਹੈ, ਉਸ ਦੀ ਉਸ ਵਿਚ ਮਹਿਮਾਂ ਲਿਖੀ ਹੈ ਅਤੇ ਦੂਜੇ ਦੀ ਹੇਠਾਂ ਵਿਖਾਈ ਹੈ, ਹਰ ਇਕ ਦਾ ਆਸ਼ਾ ਤੇ ਲੇਖਣੀ ਵਖੋ ਵਖ ਹੈ, ਸਿਮ੍ਰਤੀਆਂ ਦਾ ਵੇਰਵਾ ਔਸ਼ਨਸ਼, ਔਸ਼ਨਸ਼ ਸਿਮ੍ਰਤਿ, ਆਂਗਿਰਸ, ਯਮ, ਆਪਸਤੰਬ, ਸੰਵਰਤ, ਕਾਂਤਯਾਯਨ, ਮਿਹਸ ਪਤਿ, ਪਾਸਸ਼ਰ, ਵਿਹਤਪਾਰਾਸ਼ਰੀ ਵਯਾਸ, ਲਘ ਵਯਾਸ, ਸ਼ੰਖ, ਲਿਖਿਤ, ਵੱਖ, ਗੌਤਮ, ਵ੍ਰਿਧ ਗੋਤਮ, ਸ਼ਾਤਾ ਤਪ, ਵਿਸ਼ਸਟ, ਪੁਲਸਤ, ਬੁਧ, ਕਸ਼ਯਪ, ਨਾਰਦ, ਇਨ੍ਹਾਂ ਨਾਮਾਂ ਦੀਆਂ ਸਿਮ੍ਰਤੀਆਂ ਦੀ ਗਿਣਤੀ, ਸਤਾਈ, ਅਠਾਈ, ਔਰ ਅਠਾਰਾਂ ਆਦਿ, ਕਈ ਗਿਣਦੇ ਹਨ। ਸਾਰੀਆਂ ਇਕੱਤੀ ਹਨ। ਇਹ ਸਭੋ ਰਿਖੀਆਂ ਮੁਨੀਆਂ ਨੇ ਆਪੋ ਆਪਣੀ ਬੁਧ, ਮਤਿ ਸਿਧਾਂਤ ਅਨੁਸਾਰ ਲਿਖੀਆਂ ਹਨ, ਜਿਸ ਕਰਕੇ ਵਖੋ ਵਖਰੇ ਵਿਸ਼ੇ ਹਨ, ਹਿੰਦੂਆਂ ਦੇ ਗਰੰਥਾਂ ਨੂੰ ਜੇਕਰ ਕੋਈ ਸਾਰੀ ਉਮਰ ਪੜ੍ਹਦਾ ਰਹੇ, ਕੋਈ ਭੇਦ ਨਹੀਂ ਪਾ ਸਕਦਾ—

ਕੇਸ਼ ਸ਼ਬਦ ਬਹੁਤ ਪੁਰਾਣਾ ਹੈ। ਸੰਸਕ੍ਰਿਤ ਵਿਚ ਸੀਸ ਦੇ ਰੋਮਾਂ ਦਾ ਨਾਪ ਕੇਸ਼ ਹੈ 'ਕੇਸ਼ਪਾਲ' ਕੇਸ਼ਾਂ ਦੇ ਜੂੜੇ ਦਾ ਨਾਮ ਹੈ।

ਕੇਸ਼ਾਂ ਦੇ ਜੂੜੇ ਕਰਨ ਦਾ ਰਿਵਾਜ ਮੁਢ ਤੋਂ ਸੀਸ ਦੇ ਵਿਚਕਾਰ ਸੀ ਜਿਵੇਂ ਕਿ ਮਹਾਤਮਾ ਬੁਧ ਜੀ ਦੇ ਬੁਤਾਂ ਤੋਂ ਪ੍ਰਗਟ ਹੁੰਦਾ ਹੈ। ਬ੍ਰਹਮਾਂ ਵਿਸ਼ਨੂੰ, ਸ਼ਿਵਜੀ, ਸ੍ਰੀ ਰਾਮ ਚੰਦਰ, ਸ੍ਰੀ ਕ੍ਰਿਸ਼ਨ ਜੀ ਮਹਾਰਾਜ ਆਦਿਕ ਸਾਰੇ ਸੀਸ ਦੇ ਵਿਚਾਲੇ ਜੂੜਾ ਰਖਦੇ ਸਨ। ਇਹੋ ਰਿਵਾਜ ਰਿਖੀਆਂ ਵਿਚ

ਸੀ। ਛੱਤਰੀ ਲੋਕ ਅਕਸਰ ਸੀਸ ਦੇ ਵਿਚਾਲੇ ਹੀ ਕੇਸ਼ਾਂ ਦਾ ਜੂੜਾ ਰਖਦੇ ਸਨ।

ਉਸ ਸਮੇਂ ਜੰਗੀ ਨਿਯਮਾਂ ਵਿਚ ਏਹ ਨੇਮ ਸੀ ਕਿ ਕਿਸੇ ਦਾ ਜੂੜਾ ਫੜਨ ਵਾਲਾ ਹਾਰਿਆ ਸਮਝਿਆ ਜਾਂਦਾ ਸੀ। ਕ੍ਰੋਧ ਨਾਲ ਜੂੜਾ ਫੜਨ ਵਾਲੇ ਦੇ ਹਥ ਕਟ ਦਿਤੇ ਜਾਂਦੇ ਸਨ। ਕੇਸ ਕਟਣੇ ਸੀਸ ਉਤਾਰਨ ਦੇ ਤੁਲ ਸਨ।

ਫਿਰ ਜ਼ਵਾਲ ਦਾ ਜ਼ਮਾਨਾਂ ਆਇਆ ਤਾਂ ਲੋਕੀ ਕੇਸ਼ਹੀਨ ਹੋਣ ਲਗ ਗਏ ਤੇ ਦੁਨੀਆਂ ਵਿਚ ਕੁਧਰਮ ਫੈਲ ਗਿਆ। ਬ੍ਰਾਹਮਣ ਛਤਰੀ ਕੇਸ਼ਾਂ ਦਾ ਨੂਰ ਗਵਾ ਕੇ ਨੀਵੇਂ ਬਣੇ। ਦਾਸ ਰਚਿਤ 'ਕਕਾਰ ਔਰ ਕੇਸ਼ ਫਿਲਾਸਫੀ' ਦੋਵੇਂ ਗ੍ਰੰਥ ਪੜ੍ਹੋ– ਲਾਲ ਸਿੰਘ।

ਸੌ ਸਾਖੀ ਵਿਚ ਸਾਫ ਲਿਖਿਆ ਹੈ ਕਿ ਇਹ ਸਾਖੀਆਂ ਸੰਮਤ ੧੭੮੧ ਬਿਕ੍ਰਮੀ ਨੂੰ ਲਿਖੀਆਂ ਹਨ। 'ਸੰਮਤ ਬਿਕ੍ਰਮ ਭੂਪਤੀ ਸਤਰਾ ਸਤ ਨੌਂ ਏਕ।' ਇਹ ਭੀ ਹਵਾਲਾ ਮਿਲਦਾ ਹੈ ਕਿ ਸਤਾਰਾਂ ਸੌ ਇਕਾਸੀ ਮੇਂ ਸਾਖੀਆਂ ਲਿਖੀਆਂ ਸਨ। ਜਿਸ ਤੋਂ ਸਿਧ ਹੁੰਦਾ ਹੈ ਕਿ ਸੰਮਤ ੧੭੮੧ ਨੂੰ ਇਸ ਦੀ ਲਿਖਾਈ ਆਰੰਭ ਹੋਈ। ਸੰਮਤ ਦੇ ਲਿਖੇ ਜਾਣ ਪਰ ਭੀ ਕਹੀ ਜਾਨਾ ਕਿ ਇਹ ਸਾਖੀ ਗੁਰੂ ਜੀ ਦੇ ਸਮੇਂ ਬਣੀ ਹੈ, ਮਹਾਨ ਭੁਲ ਹੈ। ਕਈ ਸੱਜਣ ਇਸ ਨੂੰ ਹਿੰਦੂਆਂ ਦੇ ਗ੍ਰੰਥ ਭਵਿਸ਼ਤ ਪੁਰਾਣ ਦੀ ਮਾਨਿੰਦ ਮੰਨ ਕੇ ਆਉਣ ਵਾਲੇ ਸਮੇਂ ਦਾ ਹਾਲ ਦਸਦੇ ਰਹਿੰਦੇ ਹਨ। ਜੋ ਸਮੇਂ ਆਏ ਤੋਂ ਗਲਤ ਸਿਧ ਹੁੰਦੇ ਰਹੇ ਹਨ।

ਕਵਿਰਾਜ ਭਾਈ ਸੰਤੋਖ ਸਿੰਘ ਜੀ ਨੇ ਸੌ ਸਾਖੀ ਨੂੰ ਦਸਮ ਗੁਰੂ ਜੀ ਦੀ ਰਚਨਾ ਮੰਨ ਕੇ ਕਈ ਸਾਖੀਆਂ ਦੀ ਨਕਲ ਆਪਣੇ ਗ੍ਰੰਥ ਸੂਰਜ ਪ੍ਰਕਾਸ਼ ਵਿਚ ਲਿਖੀ ਹੈ ਜੋ ਅਤਿ ਦੁਖਦਾਈ ਬਾਤ ਸਿਧ ਹੁੰਦੀ ਹੈ। ਲਗ ਪਗ ਸਾਰੀ ਸੌ ਸਾਖੀ ਸੂਰਜ ਪ੍ਰਕਾਸ਼ ਵਿਚ ਕਵਿਤਾ ਵਿਚ ਮਿਲਦੀ ਹੈ। ਇਸੇ ਕਰ ਕੇ ਮਨਮਤ ਦੇ ਪ੍ਰਸੰਗ ਮਿਲਦੇ ਹਨ।

ਵਿਸ਼ਨੂ ਪੁਰਾਣ ਵਿਚ ਇਕ ਸਮੇਂ ਦਾ ਪੈਮਾਨਾ ਦਿਤਾ ਹੈ, ਉਸ ਦੀ

ਨਕਲ ਅਗੇ ਦੇਂਦਾ ਹਾਂ। ਅਖ ਦੇ ਚਮਕਣ ਦੇ ਸਮੇਂ ਦਾ ਨਾਮ ਨਮੇਖ ਹੈ, ਪੰਦਰਾਂ ਨਮੇਖਾਂ ਦੀ ਇਕ ਕਾਸਠਾ, ਤੀਸ ਕਾਸਠਾ ਦੀ ਇਕ ਕਲਾ, ਬੀਜ ਕਲਾ ਦਾ ਇਕ ਮਹੂਰਤ, ਸਠਾਂ ਮਹੂਰਤਾਂ ਦਾ ਇਕ ਦਿਨ ਰਾਤ। ਐਸੇ ਪੰਦਰਾਂ ਦਿਨਾਂ ਦਾ ਇਕ ਪੱਖ, ਦੋ ਪੱਖਾਂ ਦਾ ਮਹੀਨਾ। ਐਸੇ ਛੀਆਂ ਮਹੀਨਿਆਂ ਦਾ ਇਕ ਆਯਨ, ਅਤੇ ਦੋ ਆਯਨਾਂ ਦਾ ਇਕ ਸਾਲ। ਇਹ ਪੁਰਾਣਾ ਹਿਸਾਬ ਸੀ। ਜੋਤਿਸ਼ ਵਿਦਿਆ ਵੇ ਗ੍ਰੰਥਾਂ ਵਿਚ ਅਠਾਰਾਂ ਨਮੇਖ ਦਾ ਕਾਸਠਾ, ਤੀਸ ਕਾਸਠੇ ਦੀ ਕਲਾ ਅਤੇ ਤੀਸ ਕਲਾ ਦਾ ਇਕ ਖਿਣ, ਅਗੇ ਬਾਰਾਂ ਖਿਣਾਂ ਦਾ ਮਹੂਰਤ। ਇਸ ਤਰ੍ਹਾਂ ਦੇ ਤੀਸ ਮਹੂਰਤਾਂ ਦਾ ਦਿਨ ਰਾਤ ਯਾ ਅਹੋਗੜ੍ਹ, ਪੰਦਰਾਂ ਅਹੋਗੜਾਂ ਦਾ ਇਕ ਪੱਖ, ਦੋ ਪਖਾਂ ਦਾ ਇਕ ਮਹੀਨਾ, ਦੋ ਮਹੀਨੇ ਦੀ ਰਿਤੂ ਯਾ ਰੁਤ, ਅਗੇ ਤਿੰਨ ਰੁਤਾਂ ਦਾ ਆਯਨ, ਦੋ ਆਯਨਾਂ ਦਾ ਇਕ ਸਾਲ। ਅਜ ਕਲ੍ਹ ਇਹ ਪੈਮਾਨੇ ਪ੍ਰਚਲਤ ਨਹੀਂ ਰਹੇ। ਇਕਰ ਦਾ ਹੋਰ ਹਿਸਾਬ ਵੀ ਹੈ।

ਜੈਸਾ ਕਿ ਪੰਦਰਾਂ ਨਮੇਖਾਂ ਦਾ ਇਕ ਵਿਸ਼ਾ, ਪੰਦਰਾਂ ਵਿਸ਼ੇ ਦਾ ਚਸਾ, ਤਿੰਨ ਚਸੇ ਦਾ ਇਕ ਪਲ, ਸਠਾਂ ਪਲਾਂ ਦੀ ਇਕ ਘੜੀ। ਅਠਾਂ ਪਹਿਰਾਂ ਅਥਵਾ ਸਠ ਘੜੀਆਂ ਦਾ ਇਕ ਦਿਨ ਰਾਤ।

ਬਹੁ ਪ੍ਰਕਾਰੀ ਮਨੌਤਾਂ

(੧) ਹਿਦੂ ਧਰਮ ਵਿਚ ਗਣੇਸ਼ ਦੇਵਤੇ ਦੀ ਪੂਜਾ ਪਰਧਾਨ ਮੰਨੀ ਹੈ। ਹਰ ਕੰਮ ਵਿਚ ਗਣੇਸ਼ ਜੀ ਨੂੰ ਅਗੇ ਰਖਦੇ ਹਨ। ਦਸਿਆ ਹੈ ਕਿ ਗਣ ਨੂੰ ਮਾਰਨੇ ਕਰਕੇ ਇਸਦਾ ਨਾਮ ਗਣ-ਈਸ ਪਿਆ ਹੈ। ਸੁਕੰਦ ਪੁਰਾਣ ਵਿਚ ਇਕ ਲੇਖ ਹੈ ਕਿ ਗਣੇਸ਼ ਆਭਿਜਿਤ ਬ੍ਰਾਹਮਣ ਦੀ ਇਸਤ੍ਰੀ ਦੇ ਗਰਭ ਤੋਂ ਬ੍ਰਹਮਾ ਦੇ ਵੀਰਜ ਤੋਂ ਪੈਦਾ ਹੋਇਆ ਸੀ। ਜਿਸਨੂੰ ਗਣੇਸ਼ ਨੇ ਮਾਰਿਆ, ਉਸਦਾ ਨਾਮ ਗਣ ਸੀ। ਬ੍ਰਹਮ ਵਰਤ ਪੁਰਾਣ ਦਾ ਲੇਖ ਹੈ। ਇਸ ਤਰ੍ਹਾਂ ਹੈ ਕਿ ਵਿਸ਼ਨੂੰ ਦੇ ਵਰ ਨਾਲ ਪਾਰਬਤੀ ਦਾ ਪੁਤਰ ਗਣੇਸ਼ ਜਨਮਿਆਂ। ਸਾਰੇ ਦੇਵਤੇ ਉਸਨੂੰ ਵੇਖ ਕੇ ਖੁਸ਼ ਹੋਏ, ਉਪਰੰਤ ਪਾਰਬਤੀ

ਨੇ ਸ਼ਨੀ ਨੂੰ ਬਾਲਕ ਵੇਖਣ ਹਿਤ ਆਖਿਆ। ਜਦੋਂ ਸ਼ਨੀ ਦੀ ਨਜ਼ਰ ਪਈ ਤਾਂ ਬਾਲਕ ਦਾ ਸੀਸ ਉਡ ਗਿਆ। ਪਾਰਬਤੀ ਵਿਰਲਾਪ ਕਰਨ ਲਗੀ ਤਾਂ ਵਿਸ਼ਨੂੰ ਨੇ ਇਕ ਹਥਨੀ ਦਾ ਸਿਰ ਕਟ ਕੇ ਗਣੇਸ਼ ਦੀ ਗਰਦਨ ਪਰ ਜੋੜ ਦਿਤਾ। ਉਸ ਦਾ ਨਾਮ ਗਣੇਸ਼ ਥਾਪ ਕੇ ਵਰ ਦਿਤਾ ਕਿ ਸਭ ਕਾਰਜਾਂ ਦੇ ਆਦਿ ਵਿਚ ਇਸਦੀ ਪੂਜਾ ਕੀਤੀ ਜਾਵੇ।

ਦੂਜੀ ਕਥਾ ਇਉਂ ਹੈ ਕਿ ਪਾਰਬਤੀ ਨੇ ਆਪਣੇ ਸਰੀਰ ਦੀ ਮੈਲ ਤੋਂ ਬਾਲਕ ਬਣਾ ਲਿਆ, ਉਸਨੂੰ ਦਰਵਾਜ਼ੇ ਪਰ ਪਹਿਰੇ ਪਰ ਬਿਠਲਾਇਆ। ਮਹਾਂਦੇਵ ਜਦੋਂ ਬਾਹਰੋਂ ਆਇਆ ਤਾਂ ਇਸ ਨੇ ਰੋਕਿਆ, ਮਹਾਂ ਦੇਵ ਨੇ ਓਪਰਾ ਆਦਮੀ ਸਮਝ ਕੇ ਉਸਦਾ ਸਿਰ ਤ੍ਰਿਸੂਲ ਨਾਲ ਕਟ ਦਿਤਾ। ਪਾਰਬਤੀ ਦਾ ਰੋਣਾ ਸੁਣ ਕੇ ਮਹਾਂਦੇਵ ਨੇ ਹਥਨੀ ਦਾ ਸਿਰ ਵੱਢ ਕੇ ਉਸ ਉਪਰ ਜੋੜ ਦਿਤਾ। ਨਾਮ ਗਣੇਸ਼ ਥਾਪਿਆ ਭਾਵ ਇਹ ਗਣਾਂ ਦਾ ਈਸ਼ਰ ਹੈ।

ਇਸੇ ਤਰ੍ਹਾਂ ਦੀ ਇਕ ਹੋਰ ਕਥਾ ਭੀ ਹੈ ਕਿ ਗਜ ਮੁਖ ਦੈਂਤ ਨਾਲ ਗਣੇਸ਼ ਦਾ ਜੰਗ ਹੋਇਆ। ਗਣੇਸ਼ ਜੀ ਨੇ ਉਸ ਗਜ ਮੁਖ ਨੂੰ ਤੀਰ ਨਾਲ ਜ਼ਖਮੀ ਕਰਕੇ ਚੂਹਾ ਬਣਾ ਦਿਤਾ ਅਤੇ ਆਪਣੀ ਸਵਾਰੀ ਲਈ ਰਖਿਆ। ਸੋ ਗਣੇਸ਼ ਦੀ ਸਵਾਰੀ ਤਸਵੀਰਾਂ ਵਿਚ ਚੂਹਾ ਵਿਖਾਇਆ ਜਾਂਦਾ ਹੈ।

ਇਸੇ ਤਰ੍ਹਾਂ ਇਕ ਹੋਰ ਕਥਾ ਹੈ ਕਿ ਪੰਡਿਤ ਪਰਸ ਰਾਮ ਇਕ ਵੇਰੀ ਮਹਾਂ ਦੇਵ ਨੂੰ ਮਿਲਣੇ ਗਿਆ। ਗਣੇਸ਼ ਜੋ ਪਹਿਰੇ ਪਰ ਸੀ, ਰੋਕਿਆ। ਪਰਸ ਰਾਮ ਨੇ ਸ਼ਿਵਜੀ ਦੇ ਦਿਤੇ ਹੋਏ ਕੁਹਾੜੇ ਨਾਲ ਵਾਰ ਕਰ ਦਿਤਾ ਅਗੋਂ ਗਣੇਸ਼ ਜੀ ਦਾ ਇਕ ਦੰਦ ਟੁਟ ਗਿਆ। ਏਸੇ ਕਾਰਨ ਗਣੇਸ਼ ਦੀ ਮਹਿਮਾਂ ਕਰਨੇ ਵਾਲੇ ਉਸ ਨੂੰ ਏਕ ਦੰਤ ਯਾਂ ਇਕ ਰਦਨ ਵਾਲਾ ਪੁਕਾਰਦੇ ਹਨ। ਸੁਕੰਦ ਪੁਰਾਣ ਦੇ ਗਣੇਸ਼ ਖੰਡ ਵਿਚ ਇਕ ਇਉਂ ਕਥਾ ਹੈ ਕਿ ਵਰੇਣਯ ਰਾਜੇ ਦੀ ਰਾਣੀ ਪੁਸ਼ਪਕਾ ਦੇ ਗਰਭ ਥੀਂ ਗਣੇਸ਼ ਜਨਮਿਆ ਸੀ। ਇਸ ਦੀ ਸ਼ਕਲ ਨੂੰ ਵੇਖ ਕੇ ਰਾਜਾ ਡਰ ਗਿਆ। ਇਸ ਨੂੰ ਪਾਰਸ਼ਠ ਮੁਨੀ ਦੇ ਆਸ਼ਰਮ ਪਾਸ ਸੁਟ ਆਇਆ। ਉਸ ਮੁਨੀ ਦੀ ਇਸਤ੍ਰੀ ਦੀਪਵਤਲਾ

ਨੇ ਇਸਨੂੰ ਪਾਲ ਲਿਆ । ਇਸ ਕਰਕੇ ਗਣੇਸ਼ ਦਾ ਨਾਮ ਦਿਵ ਮਾਤਰ ਭੀ ਅਉਂਦਾ ਹੈ ।

ਪੁਰਾਣਾਂ ਅਨੁਸਾਰ ਇਹ ਕਥਾ ਭੀ ਹੈ ਕਿ ਗਣੇਸ਼ ਅਤਿ ਛੇਤੀ ਲਿਖਣੇ ਵਾਲਾ ਲਿਖਾਰੀ ਹੈ ਅਤੇ ਮਹਾਂ ਭਾਰਤ ਦੀ ਪਹਿਲੀ ਪੋਥੀ ਗਣੇਸ਼ ਨੇ ਲਿਖੀ ਸੀ । ਪੰਡਿਤ ਬਿਆਸ ਜੀ ਬੋਲਦੇ ਸਨ–ਗਣੇਸ਼ ਲਿਖਦਾ ਸੀ ਗਣੇਸ਼ ਦਾ ਜਨਮ ਦਿਨ ਮਾਘ ਸੁਦੀ ਚੌਥ ਨੂੰ ਗਣੇਸ਼ ਚਤੁਰਥੀ ਨਾਮ ਲੈ ਕੇ ਮਨਾਉਂਦੇ ਹਨ । ਗਣੇਸ਼ ਦੀਆਂ ਚਾਰ ਬਾਹਾਂ ਹਨ ਜਿਨ੍ਹਾਂ ਵਿਚ ਸੰਖ, ਚੱਕਰ ਔਰ ਪਦਮ ਵਿਖਾਇਆ ਹੈ । ਦਖਣ ਵਲ ਇਸ ਦੀ ਵਧ ਪੂਜਾ ਹੈ । ਵਡਾ ਲਿਖਾਰੀ ਹੋਣ ਕਰਕੇ ਬਾਣੀਏਂ ਲੋਕ ਵਹੀਆਂ ਪਰ ਗਣੇਸ਼ ਦਾ ਚਿੰਨ੍ਹ ਉਕਰਦੇ ਹਨ ।

(੨) ਕੁਝ ਲੋਕ ਸੀਤਲਾ ਨਾਮ ਹੇਠਾਂ ਇਕ ਦੇਵੀ ਦੀ ਪੂਜਾ ਕਰਦੇ ਹਨ । ਇਸੇ ਨੂੰ ਮਹਾਂ ਮਾਈ ਜਾਂ ਮਾਤਾ ਰਾਣੀ ਭੀ ਕਿਹਾ ਜਾਂਦਾ ਹੈ, ਭਾਰਤ ਵਿਚ ਇਸ ਦੇ ਲੱਖਾਂ ਪੂਜ ਸਥਾਨ ਵੇਖੀਦੇ ਹਨ । ਛੋਟੀ ਕਿਸਮ ਦੀ ਮੱਠੀ ਜਾਂ ਮੱਠ ਅਨੇਕਾਂ ਬਣਾਏ ਜਾਂਦੇ ਹਨ । ਆਮ ਪਿੰਡਾਂ ਵਿਚ ਭੀ ਬਹੁਤ ਹਨ । ਬੀਸ ਪਚਾਸ ਇੱਟਾਂ ਨਾਲ ਭੀ ਰਚਨਾ ਹੋ ਜਾਂਦੀ ਹੈ । ਅੰਮ੍ਰਿਤਸਰ ਸੀਤਲਾ ਦਾ ਇਕ ਭਾਰੀ ਮੰਦਰ ਭੀ ਹੈ । ਹੋਰ ਥਾਵੀਂ ਭੀ ਵਡੇ ਵਡੇ ਮੰਦਰ ਹਨ । ਇਸ ਦੀ ਪੂਜਾ ਚੀਚਕ (ਮਾਤਾ) ਨਿਕਲਣ ਸਮੇਂ ਵਧ ਤੋਂ ਵਧ ਹੁੰਦੀ ਹੈ । ਚੀਚਕ ਬਚਿਆਂ ਨੂੰ ਵਧ ਹੁੰਦੀ । ਅਕਸਰ ਹਿੰਦੂ ਇਸਤਰੀਆਂ ਫਗਣ ਜਾਂ ਚੇਤਰ ਦੇ ਹਨੇਰੇ ਪੱਖ ਵਿਚ ਪਹਿਲੇ ਮੰਗਲਵਾਰ ਨੂੰ ਗੁਲਗੁਲੇ, ਕੜਾਹ, ਪਲਾਓ ਆਦਿ ਮਿਠੀਆਂ ਰੋਟੀਆਂ ਸੋਮਵਾਰ ਦੀ ਰਾਤ ਨੂੰ ਪਕਾ ਕੇ ਮੰਗਲ-ਵਾਰ ਨੂੰ ਸੀਤਲਾ (ਮਸਾਣੀ) ਪਰ ਚੜ੍ਹਾਂਦੀਆਂ ਹਨ । ਸੋਮਵਾਰ ਦੀ ਰਾਤ ਵਰਤ ਰਖਦੀਆਂ ਹਨ । ਇਸ ਤਿਓਹਾਰ ਦਾ ਨਾਮ "ਬਾਸੀਅੜਾ" ਹੈ ।

ਚੀਚਕ ਦੇਵੀ ਦੀ ਸ਼ਕਲ ਭੀ ਤਸਵੀਰਾਂ ਖਿਚ ਕੇ ਵਿਖਾਈ ਜਾਂਦੀ ਹੈ । ਇਜ ਦਾ ਰੂਪ ਰੰਗ ਸੁਨਹਿਰੀ ਔਰ ਖੋਤੇ ਦੀ ਸਵਾਰੀ, ਹੱਥ ਵਿਚ ਝਾੜੂ ਔਰ ਮੱਥੇ ਉਪਰ ਛੱਜ (ਦਾਣੇ ਛਟਣੇ ਵਾਲਾ) ਅਤੇ ਸੂਹੇ (ਲਾਲ)

ਰੰਗ ਦੇ ਬਸਤ੍ਰ ਵਿਖਾਏ ਜਾਂਦੇ ਹਨ। ਜਿਸ ਬਾਲਕ ਦੇ ਚੇਚਕ ਨਿਕਲਦੀ ਹੈ, ਉਸ ਨੂੰ ਮਾਤਾ ਰਾਣੀ ਦਾ ਖੇਤੜਾ ਕਹਿੰਦੇ ਹਨ। ਸੀਤਲਾ ਦਾ ਨਾਮ ਮਸਾਣੀ ਭੀ ਹੈ, ਇਸ ਦੀ ਪੂਜਾ ਦਾ ਖਾਸ ਦਿਨ ਚੇਤ੍ਰ ਦੀ ਅਠਵੀਂ ਨੌਰਾਤ ਹੈ, ਜਿਸ ਨੂੰ 'ਸੀਤਲਾ ਅਸ਼ਟਮੀ' ਕਹਿੰਦੇ ਹਨ। ਚੀਚਕ ਗਰਮ ਦੇਸ਼ਾਂ ਵਿਚ ਵਧ ਨਿਕਲਦੀ ਹੈ। ਇਹ ਛੂਤ ਦੀ ਬੀਮਾਰੀ ਭੀ ਹੈ। ਲਾਗ ਨਾਲ ਹੋਰ ਬੱਚਿਆਂ ਨੂੰ ਭੀ ਚਿਮੜ ਜਾਂਦੀ ਹੈ। ਬੱਚਿਆਂ ਨੂੰ ਵਖ ਵਖ ਰਖਣਾ ਜ਼ਰੂਰੀ ਹੁੰਦਾ ਹੈ, ਪਰਮੁਖ ਇਲਾਜ ਟੀਕਾ ਹੀ ਹੈ ਤਾਂ ਤੇ ਬੱਚਿਆਂ ਨੂੰ ਟੀਕਾ ਲਗਵਾਉਣਾ ਲਾਜ਼ਮੀ ਹੈ।

(੩) ਗੁਗਾ ਯਾ ਗੋਗਾ ਨਾਮ ਦਾ ਇਕ ਪੁਰਸ਼ ਪਿੰਡ ਓਡੇਰੋ (ਬੀਕਾਨੇਰ ਵਿਚ ਹੋਇਆ ਹੈ) ਇਹ ਪਹਿਲਾਂ ਚੋਹਾਨ ਰਾਜਪੂਤ ਹਿੰਦੂ ਸੀ। ਪਿਛੋਂ ਇਹ ਮੁਸਲਮਾਨ ਬਣ ਗਿਆ ਸੀ। ਸੱਪ ਲੜੇ ਦਾ ਚੰਗਾ ਇਲਾਜ ਕਰਦਾ ਸੀ। ਲੋਕੀਂ ਇਸ ਨੂੰ ਸ਼ੇਸ਼ਨਾਗ (ਸਰਪ) ਦਾ ਅਵਤਾਰ ਕਹਿਣ ਲਗ ਪਏ। ਇਹ ਤੈਹਰ ਨਾਮੀ ਨਗਰ ਵਿਚ ਸਵਰਗਵਾਸ ਹੋਇਆ, ਲੋਕਾਂ ਉਥੇ ਇਸ ਦੀ ਕਬਰ ਬਣਾਕੇ ਉਸ ਨੂੰ ਗੁਗੇ ਦੀ ਮਾੜੀ ਕਹਿਕੇ ਪੂਜਣ ਲਗ ਪਏ ਅਤੇ ਇਸ ਦਾ ਜਨਮ ਦਿਨ ਭਾਦੋਂ ਵਦੀ ਨੌਮੀ ਨੂੰ ਮਨਾਉਣ ਲਗ ਪਏ। ਮੇਲਾ ਲਗਣਾ ਸ਼ੁਰੂ ਹੋ ਗਿਆ। ਅਕਸਰ ਚੂਹੜੇ (ਹਰੀਜਨ) ਡੌਰੂ ਬਜਾਕੇ ਇਸ ਦਾ ਜਸ ਕਰਦੇ ਹਨ। ਇਸ ਬਾਰੇ ਇਕ ਕਥਾ ਹੈ ਕਿ ਵਾਛਲ ਨਾਮ ਦੀ ਇਕ ਰਾਜਪੂਤ ਲੜਕੀ ਨੂੰ ਗੋਰਖ ਨਾਥ ਜੋਗੀ ਨੇ ਸੰਤਾਨ ਲਈ ਗੁਗਲ ਬਣਾਕੇ ਦਿਤੀ ਸੀ। ਜੋ ਪੁਤਰ ਜਨਮਿਆ ਉਸ ਦਾ ਨਾਮ ਗੁਗਾ ਪ੍ਰਸਿਧ ਹੋ ਗਿਆ। ਗੁਗੇ ਦੀ ਇਸਤਰੀ ਦਾ ਨਾਮ ਸਿਰਿਜਾਲ ਔਰ ਉਸਦੇ ਘੋੜੇ ਦਾ ਨਾਮ ਜਵਾਦਿਆ ਸੀ ਚੂਹੜੇ ਇਨ੍ਹਾਂ ਦਾ ਭੀ ਯਸ ਗਾਉਂਦੇ ਹਨ। ਜੌੜੇ ਭਰਾਵਾਂ ਵਿਚ ਜੰਗ ਦੇ ਭੀ ਪ੍ਰਸੰਗ ਹਨ। ਵੇਖੋ ਵੇਖੀ ਪੰਜਾਬ ਵਿਚ ਸੈਂਕੜੇ ਮੜ੍ਹੀਆਂ ਬਣ ਗਈਆਂ। ਸੇਵੀਆਂ, ਦੁਧ, ਆਟਾ ਆਦਿਕ ਮੜ੍ਹੀ ਪਰ ਚੜ੍ਹਾਉਂਦੇ ਹਨ। ਮੜ੍ਹੀ ਦੇ ਭਗਤ ਹਿੰਦੂ ਜੱਟ ਆਦਿ ਹੁੰਦੇ ਹਨ। ਜੋ ਲੋਹੇ ਦੀ ਜ਼ੰਜੀਰਾਂ ਨਾਲ ਪਿੰਡੇ ਨੂੰ ਛੜੀਆਂ ਮਾਰਕੇ ਖੇਡਦੇ ਹਨ, ਉਨ੍ਹਾਂ ਨੂੰ ਗੁਗੇ ਦਾ ਭਗਤ ਕਹਿੰਦੇ ਹਨ।

(੪) ਪੰਜਾਬ ਵਿਚ ਸੁਲਤਾਨੀਏ ਅਥਵਾ ਸੁਲਤਾਨ ਪੀਰ ਦੇ ਲੱਖਾਂ

ਪੁਜਾਰੀ ਹਨ। ਪੰਜਾਬ ਵਿਚ ਸੈਂਕੜੇ ਪੀਰ ਖਾਨੇ ਅਥਵਾ ਸੁਲਤਾਨ ਦੇ ਮੱਠ ਵੇਖੇ ਜਾਂਦੇ ਹਨ। ਸੁਲਤਾਨ ਦਾ ਅਸਲ ਨਾਮ ਸੱਯਦ ਅਹਿਮਦ ਸੀ। ਇਹ ਪਰਿਵਾਰ ਬਗਦਾਦ ਤੋਂ ਚਲਕੇ ਜ਼ਿਲਾ ਮੁਲਤਾਨ ਦੇ ਇਕ ਪਿੰਡ ਸਿਆਲਕੋਟ ਵਿਚ ਆਬਾਦ ਹੋਇਆ। ਇਹ ਪਿੰਡ ਮੁਲਤਾਨ ਸ਼ਹਿਰ ਤੋਂ ਬਾਰਾਂ ਕੁ ਮੀਲਾਂ ਪਰ ਹੈ। ਇਹ ਸਮਾਂ ਸੰਨ ੧੨੧੦ ਈਸਵੀ ਦਾ ਸੀ। ਇਸ ਨੂੰ ਇਕ ਦਾਨੀ ਨਾਮ ਦੀ ਜੱਟੀ ਨੇ ਪ੍ਰਸਿੱਧ ਕਰ ਦਿਤਾ ਕਿ ਇਸ ਦੇ ਵਰ ਨਾਲ ਮੇਰੇ ਪੁਤ੍ਰ ਹੋਇਆ ਹੈ। ਵੈਸੇ ਸੁਲਤਾਨ ਬਾਦਸ਼ਾਹੀ ਖਿਤਾਬ ਹੈ ਜਿਵੇਂ ਕਿ ਸੁਲਤਾਨ ਮਹਿਮੂਦ ਗਜ਼ਨਵੀ ਸੀ। ਸੱਯਦ ਅਹਿਮਦ ਦੀ ਉਪਾਸ਼ਨਾ ਸ਼ੁਰੂ ਹੋ ਗਈ, ਇਸ ਦੀ ਮਹਿਮਾ ਵਿਚ ਲਾਲਾਂ ਵਾਲਾ, ਸਖੀ ਸਰਵਰ, ਲੱਖ ਦਾਤਾ ਆਦਿ ਨਾਮ ਲੀਤੇ ਜਾਣ ਲੱਗੇ। ਥਾਂ ਥਾਂ ਪੀਰ ਖਾਨੇ ਬਣਦੇ ਗਏ। ਸਵਾ ਮਣ ਮਿੱਠੇ ਆਟੇ ਦਾ ਰੋਟ 'ਜ਼ਮੀਨ ਪਰ ਅਗਨੀ ਨਾਲ ਪਕਾ ਕੇ' 'ਗੁੜ ਦੇ ਸ਼ਰਬਤ ਨਾਲ ਚੋਪੜ ਕੇ' ਸੁੱਖ ਕੇ ਵੰਡ ਖਾਂਦੇ ਹਨ। ਮੁਸਲਮਾਨ ਭਿਰਾਈ ਢੋਲ ਵਜਾਕੇ ਟਾਹਰਾਂ ਦਿੰਦੇ ਹਨ—'ਜਿਸ ਨੂੰ ਦਰੂਦ ਪੜ੍ਹਨਾ ਆਖਦੇ ਹਨ।' ਸੁੱਚ ਜੂਠ ਦਾ ਕੋਈ ਪ੍ਰਹੇਜ਼ ਨਹੀਂ ਰਖਦੇ। ਪੰਜਾਬ ਵਿਚ ਕਈ ਲੱਖ ਸੁਲਤਾਨੀਆਂ ਹੈ, (ਉਪਾਸ਼ਕ ਹਨ) ਮੁਸਲਮਾਨ ਇਸ ਪੀਰ ਨੂੰ ਨਹੀਂ ਮੰਨਦੇ। ਇਸ ਪ੍ਰਥਾਇ ਗੁਰਵਾਕ ਹਨ—

'ਨਾਨਕ ਪੀਠਾ ਪਕਾ ਸਾਜਿਆ, ਧਰਿਆ ਆਣ ਮਉਜੂਦ।
ਬਾਝਹੁ ਸਤਗੁਰੁ ਆਪਣੇ ਬੈਠਾ ਝਾਕ ਦਰੂਦ।
ਨਾਨਕ ਭੁਸਰੀਆ ਪਕਾਈਆਂ ਪਾਈਆਂ ਥਾਲੈ ਮਾਹਿ।
ਜਿਨੀ ਗੁਰੂ ਮਨਾਇਆ ਰਜ ਰਜ ਸੋਈ ਖਾਹਿ।

(ਮਾਰੂ ਮ: ੫)

ਭਿਰਾਈ ਜੋ ਟਾਹਰ ਦਿੰਦਾ ਹੈ ਉਸ ਕਲਾਮ ਦਾ ਨਾਮ 'ਦਰੂਦ' ਹੈ, ਦਰੂਦ ਪੜ੍ਹੇ ਬਿਨਾਂ ਕੋਈ ਨਹੀਂ ਖਾ ਸਕਦਾ। ਭਿਰਾਈ ਮੁਸਲਮਾਨ ਢੋਲ ਬਜਾਕੇ ਟਾਹਰਾ ਦਿੰਦੇ ਤੇ ਯਾਤਰਾ ਕਰਾਉਂਦੇ ਹਨ। ਸੁਲਤਾਨ ਦੀ ਸੱਯਦ ਅਹਿਮਦ) ਲਾਲਾਂ ਵਾਲਾ, ਸਖੀ ਸਰਵਰ, ਲੱਖ ਦਾਤਾ ਆਦਿ ਨਾਵਾਂ

ਨਾਲ ਵਡਿਆਈ ਕਰਦੇ ਹਨ। ਵੀਰਵਾਰ ਨੂੰ ਜਾਗਾ ਕਰਕੇ ਚੌਂਕੀਆਂ ਭਰਦੇ ਹਨ। ਪੀਰ ਖਾਨਿਆਂ ਵਿਚ ਜਾਂਦੇ ਹਨ। ਇਸ ਨੂੰ ਇਹ ਲੋਕ ਨਿਗਾਹੇ ਵਾਲਾ ਪੀਰ ਕਹਿੰਦੇ ਹਨ। ਇਸ ਦੀ ਕਬਰ ਪਿੰਡ ਨਿਗਾਹਾ ਜ਼ਿਲਾ ਗਾਜ਼ੀਪੁਰ ਵਿਚ ਹੈ। ਦਸਿਆ ਹੈ ਕਿ ਇਹ ਤੇਰਵੀਂ ਈਸਵੀ ਵਿਚ ਬਣੀ ਸੀ। ਉਥ ਇਸ ਦੀ ਇਸਤ੍ਰੀ ਬੀਬੀ 'ਬਾਈ' ਦੀ ਭੀ ਕਬਰ ਹੈ। ਦੋਨਾਂ ਦੀ ਪੂਜਾ ਹੁੰਦੀ ਹੈ, ਇਸ ਥਾਂ ਤੋਂ ਉਤਰ ਕੇ ਜ਼ਿਲੇ ਮੁਲਤਾਨ ਦਾ ਪੀਰਖਾਨਾ ਪ੍ਰਸਿੱਧ ਹੈ ਜੋ ਧੌਂਕਲ' ਪਿੰਡ ਵਿਚ ਹੋਣ ਕਰਕੇ 'ਇਸ ਨੂੰ ਧੌਂਕਲੀਆਂ ਪੀਰ ਵੀ ਕਹਿੰਦੇ ਹਨ। ਮਾਲੇਰ-ਕੋਟਲੇ ਦਾ ਪੀਰ ਭੀ ਐਸਾ ਹੀ ਮੰਨੀਦਾ ਹੈ। ਇਥੇ ਬੱਕਰੇ 'ਮੁਰਗੇ' ਕੁਰਬਾਨੀ ਲਈ ਦਿੰਦੇ ਹਨ। ਵਧ ਪੁਜਾਰੀ ਪੰਜਾਬ ਵਿਚ ਹਨ, 'ਪੀਰ ਖਾਨੇ ਸੈਂਕੜੇ ਪਿੰਡਾਂ ਵਿਚ ਪੂਜੇ ਜਾਂਦੇ ਹਨ' ਕਈਆਂ ਦੇ ਨਾਮ ਜ਼ਮੀਨਾਂ ਭੀ ਹਨ।

ਗਰੜ ਪੁਰਾਣ ਦੀ ਕਥਾ ਹਿੰਦੂ ਲੋਕ ਵਡੀ ਸ਼ਰਧਾ ਨਾਲ ਸੁਣਦੇ ਹਨ। ਦਸਿਆ ਹੈ ਕਿ ਵਿਨਤਾਂ ਦੇ ਉਦਰ ਤੋਂ ਕਾਸ਼ਯਪ ਦਾ ਪੁਤਰ ਗਰੜ ਸੀ। ਪਰ ਆਮ ਲੋਕੀਂ ਨੀਲ ਕੰਠ ਨਾਮੀਂ ਪੰਛੀ ਨੂੰ ਗਰੜ ਸਮਝ ਕੇ ਪੂਜਦੇ ਹਨ ਕਿ ਇਹ ਰਾਮ ਜੀ ਦਾ ਘੋੜਾ ਹੈ। ਗਰੜ ਨੂੰ ਵਿਸ਼ਨੂੰ ਜੀ ਦਾ ਵਾਹਨ (ਸਵਾਰੀ) ਔਰ ਪੰਛੀਆਂ ਦਾ ਰਾਜਾ ਦਸਿਆ ਹੈ। ਇਸ ਦਾ ਅੱਧਾ ਸਰੀਰ ਪੰਛੀ ਦਾ ਔਰ ਉਪਰਲਾ ਹਿਸਾ ਮੁਖ ਸਿਰ ਆਦਿਕ ਮਨੁਖੀ ਸ਼ਕਲ ਦਾ ਹੈ। ਇਕ ਕਥਾ ਮਹਾਂ ਭਾਰਤ ਗ੍ਰੰਥ ਵਿਚ ਭੀ ਆਉਂਦੀ ਹੈ ਕਿ ਜਿਸ ਵੇਲੇ ਗਰੜ ਇੰਦਰ ਆਦਿਕ ਦੇਵਤਿਆਂ ਨੂੰ ਫਤਹ ਕਰਕੇ ਸਵਰਗਾਂ ਤੋਂ ਅੰਮ੍ਰਿਤ ਲੈ ਕੇ ਆਇਆ ਸੀ ਤਾਂ ਵਿਸ਼ਨੂੰ ਨੇ ਪ੍ਰਸੰਨ ਹੋ ਕੇ ਕਿਹਾ ਕਿ ਤੂੰ ਮੇਰੇ ਪਾਸੋਂ ਵਰ ਮੰਗ। ਗਰੜ ਨੇ ਕਿਹਾ ਮੈਂ ਸਦਾ ਹੀ ਆਪ ਦੇ ਉਪਰ ਰਹਾਂ। ਵਿਸ਼ਨੂੰ ਨੇ ਇਹੋ ਬਾਤ ਮੰਨ ਲਿਤੀ। ਪਰੰਤੂ ਪਿਛੋਂ ਗਰੜ ਨੇ ਸੋਚਿਆ ਕਿ ਇਹ ਤਾਂ ਵਿਸ਼ਨੂੰ ਜੀ ਦੀ ਬੇਅਦਬੀ ਹੋ ਗਈ ਹੈ, ਜਿਸ ਪਰ ਗਰੜ ਨੇ ਵਿਸ਼ਨੂੰ ਨੂੰ ਕਿਹਾ ਕਿ ਆਪ ਮੇਰੇ ਪਾਸੋਂ ਵਰ ਮੰਗ ਲਵੋ, ਵਿਸ਼ਨੂੰ ਨੇ ਕਿਹਾ ਕਿ ਤੂੰ ਮੇਰੀ ਸਵਾਰੀ ਬਣ ਜਾ ਪਿਛੋਂ ਚਿੰਤਾ ਯਾ ਵਿਪਤਾ ਇਹ ਹੋਈ ਕਿ ਦੋਨਾਂ

ਨੂੰ ਇਕ ਦੂਜੇ ਤੋਂ ਹੇਠਾਂ ਹੋਣਾ ਪਿਆ, ਮੰਗੇ ਹੋਏ ਵਰ ਟਲ ਨਹੀਂ ਸਕਦੇ ਸਨ, ਬਹੁਤ ਔਖ ਹੋ ਗਈ।

ਅਖੀਰੀ ਫੈਸਲਾ ਹੋਇਆ ਕਿ ਗਰੜ ਵਿਸ਼ਨੂੰ ਦੇ ਰੱਥ ਦੀ ਧੁਜਾ (ਝੰਡਾ) ਪਰ ਰਹੇ, ਵਿਸ਼ਨੂੰ ਦੇ ਰੱਥ ਉਪਰ ਇਸ ਦੀ ਤਸਵੀਰ ਵਿਖਾਈ ਜਾਂਦੀ ਹੈ ਅਤੇ ਹੇਠਲਾ ਹਿਸਾ ਸਵਾਰੀ (ਬਾਹਨੀ) ਬਣ ਗਿਆ ਸੋ ਵਿਸ਼ਨੂੰ ਦੀ ਸਵਾਰੀ ਗਰੜ ਬਣ ਗਿਆ।

ਹਜ਼ਰਤ ਮੂਸਾ ਨੇ ਮਾਸ ਬਾਰੇ ਫੁਰਮਾਇਆ ਹੈ: 'ਜੋ ਪਸ਼ੂ ਉਗਾਲੀ (ਜੁਗਾਲੀ) ਨਹੀਂ ਕਰਦੇ ਅਤੇ ਜਿਨ੍ਹਾਂ ਦੇ ਖੁਰ (ਪੈਰ), ਫਟੇ ਹੋਏ ਨਹੀਂ ਹਨ, ਉਨ੍ਹਾਂ ਨੂੰ ਪੈਗੰਬਰ ਮੂਸਾ ਨੇ ਅਪਵਿੱਤਰ ਮੰਨਿਆ ਹੈ, ਸੂਰ ਨੂੰ ਅਪਵਿੱਤਰਾਂ ਵਿਚ ਸ਼ਾਮਲ ਕੀਤਾ ਹੈ। ਯਹੂਦੀ ਲੋਕ ਇਸ ਅਨੁਸਾਰ ਵਰਤੋਂ ਕਰਦੇ ਹਨ। ਹਜ਼ਰਤ ਮੂਸਾ ਨੂੰ ਅੰਜੀਲ ਅਤੇ ਕੁਰਾਨ ਵਿਚ ਪੈਗੰਬਰ ਮੰਨਿਆ ਹੈ। ਕੁਰਾਨ ਵਿਚ ਕੇਵਲ ਸੂਰ ਦੇ ਮਾਸ ਨੂੰ ਅਪਵਿੱਤਰ ਮੰਨਿਆ ਹੈ।

(ਸੂਰਤ ਬਕਰ ਆਯਤ ੭੧)

ਕੁਰਾਨ ਵਿਚ ਲਿਖਿਆ ਹੈ, ਰੱਬ ਦੇ ਨਾਮ ਤੋਂ ਬਿਨਾ ਹੋਰ ਕਿਸੇ ਦਾ ਨਾਮ ਲੈ ਕੇ ਜੋ ਜੀਵ ਜ਼ਿਬਾਹ ਕੀਤਾ ਜਾਵੇ, ਉਹ ਹਰਾਮ ਹੈ। (ਸੂਰਤ ਅਨਆਮ ਆਯਤ ੧੦੯) ਇਸੀ ਭਾਵਨਾਂ ਅਨੁਸਾਰ ਆਪਣਾ ਕਤਲ ਕੀਤਾ ਹਲਾਲ ਅਤੇ ਦੂਜੇ ਦਾ ਕਤਲ ਕੀਤਾ ਹਰਾਮ ਮੰਨਿਆ ਹੈ। ਕੁਰਾਨ ਵਿਚ ਆਉਂਦਾ ਹੈ, 'ਤੁਹਾਡੇ ਵਾਸਤੇ ਹਰਾਮ ਕੀਤਾ ਗਿਆ ਹੈ ਮੁਰਦਾਰ ਲਹੂ ਅਤੇ ਸੂਰ ਦਾ ਮਾਸ,(ਸੂਰਤ ਬਕਰ ਆਯਤ (੧੭੩) ਮੁਸਲਮਾਨ ਲਹੂ ਨੂੰ ਮਾਸ ਥੀਂ ਜੁਦਾ ਕਰ ਦਿੰਦੇ ਹਨ। ਸੂਫ਼ੀ ਮੁਸਲਮਾਨ ਮਾਸ ਤੋਂ ਪ੍ਰਹੇਜ਼ ਰਖਦੇ ਹਨ।

ਧਰਤੀ ਦੀ ਵਾਕਫ਼ੀ

ਇਸ ਸੰਸਾਰ ਵਿਚ ਹਾਲੀਂ ਤੀਕਰ ਕਿਤਨੀ ਹੀ ਧਰਤੀ ਐਸੀ ਹੈ ਜਿਥੇ ਮਨੁਖਾਂ ਦੇ ਪੈਰ ਨਹੀਂ ਪਏ। ਕਈ ਥਾਂ ਐਸੇ ਹਨ ਜਿਥੇ ਕੋਈ

ਭੀ ਜਾਨਵਰ ਨਹੀਂ ਰਹਿੰਦਾ। ਮਨੁਖਾਂ ਨੇ ਹਾਲੀਂ ਤੀਕਰ ਇਕੋ ਬ੍ਰਹਮੰਡ ਦਾ ਭੇਦ ਨਹੀਂ ਪਾਇਆ। ਕਰਤਾਰ ਦੀ ਰਚਨਾ ਵਿਚ ਅਜਿਹੇ ਕਰੋੜਾਂ ਬ੍ਰਹਿਮੰਡ ਹਨ। "ਕੋਟ ਬ੍ਰਹਿਮੰਡ ਕੋ ਠਾਕਰ ਸੁਆਮੀ, ਸਰਬ ਜੀਆਂ ਕਾ ਦਾਤਾ ਰੇ।" ਸੰਸਕ੍ਰਿਤ ਦੇ ਵਿਦਵਾਨਾਂ ਨੇ ਇਸ ਧਰਤੀ ਦਾ ਪ੍ਰਮਾਣ ਪੰਜਾਹ ਕਰੋੜ ਜੋਜਨ ਮੰਨਿਆ ਹੈ।

ਸੰਸਾਰ ਦਾ ਪਾਣੀ ਪੰਜਾਂ ਭਾਗਾਂ ਵਿਚ ਵੰਡਿਆ ਹੈ ਜਿਹਾ ਕਿ 'ਥਿਰ ਮਹਾਂ ਸਾਗਰ ਸੱਤ ਕਰੋੜ ਪੰਜਾਹ ਲੱਖ ਮਰੱਬਾ ਮੀਲ। ਓਕਯਾਨੂਸ, ਤਿੰਨ ਕਰੋੜ ਪੰਜਾਹ ਲੱਖ ਮਰੱਬਾ ਮੀਲ। ਹਿੰਦ ਮਹਾਂ ਸਾਗਰ ਦਾ ਅਕਾਰ ਦੋ ਕਰੋੜ ਪੰਜਾਹ ਲੱਖ ਮਰੱਬਾ ਮੀਲ ਅਤੇ ਦੱਖਣੀ ਹਿੰਮ ਸਾਗਰ ਅੱਸੀ ਲੱਖ ਮਰੱਬਾ ਮੀਲ ਅਤੇ ਉਤਰੀ ਹਿੰਦ ਸਾਗਰ ਪੰਜਾਹ ਲੱਖ ਮਰੱਬਾ ਮੀਲ ਹੈ। ਸੰਸਾਰ ਵਿਚ ਪਹਾੜਾਂ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੱਸਟ ਹੈ ਜੋ ਕਿ ਉਨੱਤੀਸ ਹਜ਼ਾਰ ਦੋ ਫੁਟ ਉੱਚੀ ਹੈ।

ਸਮੁੰਦਰ ਦੇ ਪਾਣੀ ਨੇ ਧਰਤੀ ਦਾ ੩/੫ ਹਿੱਸਾ ਰੋਕਿਆ ਹੈ। ਪਦਾਰਥ ਵਿਦਿਆ ਵਾਲਿਆਂ ਨੇ ਇਸ ਦੇ ਉਨੀਸ ਤੱਤ ਮੰਨੇ ਹਨ, ਪਰ ਲੂਣ ਪ੍ਰਧਾਨ ਹੈ। ਸਮੁੰਦਰ ਦੇ ਪਾਣੀ ਦੀ ਦਾਬ ਹਰ ਤੇਤੀਸ ਫੁਟ ਦੀ ਡੂੰਘਾਈ ਪਰ ਸਾਢੇ ਸੱਤ ਸੇਰ ਫੀ ਮਰੱਬਾ ਇੰਚ ਦੇ ਲੇਖੇ ਨਾਲ ਵਧਦੀ ਜਾਂਦੀ ਹੈ। ਇੱਕਰ ਬਾਰਾਂ ਹਜ਼ਾਰ ਫੁਟ ਦੀ ਗਹਿਰਾਈ ਤੇ ਪਾਣੀ ਦਾ ਦਬਾਉ ਸੱਤਰ ਮਣ ਫੀ ਮਰੱਬਾ ਇੰਚ ਹੈ। ਸੂਰਜ ਦੀਆਂ ਕਿਰਨਾਂ ਦਾ ਪ੍ਰਭਾਵ ਸਮੁੰਦਰ ਵਿਚ ਲਗ ਪਗ ਤਿੰਨ ਸੌ ਤੀਸ ਫੁਟ ਦੀ ਡੂੰਘਾਈ ਤੀਕਰ ਚੰਗਾ ਪੈਂਦਾ ਹੈ। ਉਪਰੰਤ ਘਟੀ ਜਾਂਦਾ ਹੈ ਅਰਥਾਤ ਪੰਜ ਹਜ਼ਾਰ ਪੰਜ ਸੌ ਅੱਸੀ ਫੁਟ ਥੀਂ ਅਗੇ ਹਨੇਰਾ ਘੁਪ ਹੈ। ਚੰਦਰਮਾ ਨੂੰ ਸੂਰਜ ਦਾ ਪੁਤਰ ਮੰਨਿਆ ਹੈ। ਇਸ ਦਾ ਸਮੁੰਦਰ ਪਰ ਭਾਰੀ ਅਸਰ ਹੈ।

ਅਕਾਰ ਵਿਚ ਧਰਤੀ ਸੂਰਜ ਨਾਲੋਂ ਬਹੁਤ ਛੋਟੀ ਹੈ ਤਦੇ ਸੂਰਜ ਨਾਲੋਂ ਇਸ ਦੀ ਅਕ੍ਰਖਣ ਸ਼ਕਤੀ ਘਟ ਹੈ। ਸੂਰਜ ਧਰਤੀ ਤੋਂ ਨੌ ਕਰੋੜ ਤੀਸ ਲੱਖ ਮੀਲਾਂ ਦੀ ਵਿਥ ਪਰ ਮੰਨਿਆ ਹੈ। ਚੰਦਰਮਾ ਬਹੁਤ ਨੇੜੇ ਹੈ।

ਧਰਤੀ ਪੱਛਮ ਵਲੋਂ ਪੂਰਬ ਵਲ ਨੂੰ ਘੁੰਮਦੀ ਹੈ। ਚੌਬੀਸ ਘੰਟਿਆਂ ਦੇ ਇਕ ਚੱਕਰ ਨਾਲ ਦਿਨ ਰਾਤ ਬਣਦੇ ਹਨ। ਚੰਦਰਮਾ ਧਰਤੀ ਦੇ ਗਿਰਦ ਘੁੰਮਦਾ ਹੈ। ਸੂਰਜ ਚਾਹੇ ਚੰਦ ਨਾਲੋਂ ਵਡਾ ਹੈ ਪਰ ਇਸ ਦੀ ਅਕ੍ਰਖਣ ਸ਼ਕਤੀ ਦੋ ਸੌ ਕੁਣਾ ਸੂਰਜ ਤੋਂ ਵਧ ਹੈ। ਸੂਰਜ ਔਰ ਚੰਦਰਮਾ ਦੇ ਬੇਅੰਤ ਪੁਜਾਰੀ ਹਨ। ਦੂਜ ਦੇ ਚੰਦਰਮਾ ਨੂੰ ਈਸਾਈ, ਮੁਸਾਈ, ਮੁਸਲਮਾਨ, ਹਿੰਦੂ ਸਾਰੇ ਮੁਬਾਰਕ ਮੰਨਦੇ ਹਨ। ਈਦ ਦਾ ਚੰਦਰਮਾ ਪ੍ਰਸਿਧ ਹੈ।

ਧਰਤੀ ਪਰ ਉਨੀਸ ਕਰੋੜ ਸੱਤਰ ਲੱਖ ਮਰੱਬਾ ਮੀਲ ਖੁਸ਼ਕੀ ਦਾ ਖੇਤਰਫਲ ਹੈ। ਸਾਗਰ ਔਰ ਖੁਸ਼ਕੀ ਦੀ ਡੂੰਘਾਈ ਕਈ ਥਾਈਂ ਪੰਜ ਮੀਲਾਂ ਤੋਂ ਭੀ ਵੱਧ ਹੈ। ਸੂਰਜ ਦੇ ਗਿਰਦੇ ਨੌ ਗ੍ਰਹਿ ਹਨ। ਜਿਹਾ ਕਿ ਬੁੱਧ, ਜ਼ੋਹਰਾ, ਧਰਤੀ, ਮਰੀਖ, ਮੁਸ਼ਤਰੀ, ਜੋਹਲ, ਯੂਰੇਨਸ, ਨੈਪਚੂਨਾ ਚੰਦ੍ਰਮਾਂ, ਧਰਤੀ ਦੇ ਗਿਰਦੇ ਉੱਨਤੀਸ ਦਿਨਾਂ ਵਿਚ ਦੀ ਚੱਕਰ ਕੱਟਦਾ ਹੈ। ਧਰਤੀ ਦਾ ਘੇਰਾ ਜਾਂ ਬ੍ਰਿਤ ਪੱਚੀਸ ਹਜ਼ਾਰ ਮੀਲ ਔਰ ਧੁਰਾ ਅੱਠ ਹਜ਼ਾਰ ਮੀਲਾਂ ਦਾ ਹੈ। ਧਰਤੀ ਸੂਰਜ ਦੇ ਗਿਰਦੇ ਤਿੰਨ ਸੌ ਪੈਂਸਠ ਦਿਨ ਅਤੇ ਛੀ ਘੰਟੇ ਪੰਤਾਲੀ ਮਿੰਟਾਂ ਵਿਚ ਦੀ ਘੁੰਮਦੀ ਹੈ।

ਦੀਪ ਇੰਗਲੈਂਡ ਵੇਲਜ਼ ਸਕਾਟਲੈਂਡ ਨੂੰ ਮਿਲਾ ਕੇ ਇਸ ਨੂੰ ਮਹਾਂ ਬਰਤਾਨੀਆਂ ਕਹਿੰਦੇ ਹਨ। ਵੈਸੇ ਬਰਤਾਨੀਆ ਛੇ ਕੁ ਸੌ ਮੀਲ ਲੰਮਾ ਅਤੇ ਪੰਜ ਕੁ ਸੌ ਮੀਲ ਚੌੜਾ ਹੈ। ਖੇਤਰਫਲ ਇਕ ਲੱਖ ਇਕੀ ਹਜ਼ਾਰ ਮਰੱਬਾ ਮੀਲ ਦਸਿਆ ਹੈ। ਸੋ ਪੰਜਾਬ ਨਾਲੋਂ ਭੀ ਛੋਟਾ ਹੈ। ਅਥਵਾ ਭਾਰਤ ਦਾ ਪੰਦਰਵਾਂ-ਕੁ ਹਿੱਸਾ ਹੈ। ਪਰ ਹੈਰਾਨੀ ਇਹ ਹੈ ਕਿ ਭਾਰਤ, ਬਰਮਾ, ਮਲਾਇਆ ਆਦਿ ਕਿਤਨੇ ਦੇਸ਼ ਇਨ੍ਹਾਂ ਦੇ ਅਧੀਨ ਰਹੇ ਹਨ। ਜੇਕਰ ਇੰਗਲੈਂਡ ਨੂੰ ਵੱਖ ਰੱਖੀਏ ਤਾਂ ਬਰਤਾਨੀਆਂ ਨਵੇਂ ਹਜ਼ਾਰ ਮੀਲ ਦਾ ਛੋਟਾ ਜਿਹਾ ਟਾਪੂ ਹੈ। ਵਸੋਂ ਪੌਣੇ ਕੁ ਪੰਜ ਕਰੋੜ ਦੇ ਗਿਰਦੇ ਹੈ।

ਮਨੁੱਖੀ ਨਸਲਾਂ ਕਈ ਹਨ ਪਰ ਆਮ ਤੌਰ ਪਰ ਗੋਰੇ ਰੰਗ ਦੇ ਮਨੁਖ, ਜਿਨ੍ਹਾਂ ਦਾ ਰੰਗ ਚਿੱਟਾ ਜਾਂ ਕਣਕ ਵੰਨਾ ਹੈ, ਇਹ ਭਾਰਤੀ, ਅਫਗਾਨਿਸਤਾਨ, ਬਲੋਚਿਸਤਾਨ, ਫ਼ਾਰਸ ਤੁਰਕਿਸਤਾਨ, ਰੂਸ, ਅਰਬ,

ਮਿਸਰ, ਸਿਆਮ ਅਤੇ ਫਰੰਗੀ (ਯੂਰਪੀਅਨ) ਆਦਿ ਹਨ। ਮੰਗੋਲੀਅਨ ਪੀਲੇ ਰੰਗ ਦੀ ਨਸਲ ਦੇ, ਤਾਂਬੇ ਜਿਹਾ ਰੰਗ ਹੁੰਦਾ ਹੈ, ਵਾਲ ਸਿੱਧੇ ਕਾਲੇ ਅੱਖਾਂ ਛੋਟੀਆਂ ਤ੍ਰਿਛੀਆਂ। ਇਹ ਚੀਨੀ, ਜਾਪਾਨੀ, ਬਰਮੀ, ਸਿਆਮੀ, ਤਿੱਬਤ ਅਤੇ ਅਮਰੀਕਾ ਵਿਚ ਭੀ ਹਨ। ਤੀਜੀ ਕਿਸਮ ਦੇ ਹਬਸ਼ੀ ਹਨ, ਇਸ ਨਸਲ ਦੇ ਅਫਰੀਕਾ ਆਸਟਰੇਲੀਆ, ਗਿਨੀ, ਇੰਡੇਮਾਨ, ਮਿਡਗਾਸਗਰ ਵਿਚ ਵੱਧ ਹਨ। ਏਸ਼ੀਆ ਦੀ ਅਬਾਦੀ ਦੁਨੀਆਂ ਦੇ ਅੱਧ ਵਿਚ ਰਹਿੰਦੀ ਹੈ।

ਅਮਰੀਕਾ ਅਰਥਾਤ ਨਵੀਂ ਦੁਨੀਆਂ ਇਟਲੀ ਦੇ ਵਸਨੀਕ ਕੋਲੰਬਸ ਨੇ ੧੪੯੨ ਈ: ਵਿਚ ਭਾਲੀ ਸੀ। ਪਿਛੋਂ ਇਟਲੀ ਦੇ ਸੁਦਾਗਰ ਅਮਰੀਕੋ ਨੇ ਆਪਣੇ ਨਾਂ ਪਰ ਇਸ ਦਾ ਨਾਮ ਅਮਰੀਕਾ ਰਖਿਆ। ਇਹ ਦੇਸ਼ ਦੱਖਣੀ ਔਰ ਉੱਤਰੀ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਸੰਸਾਰ ਦੀ ਜਨ ਸੰਖਿਆ ਇਕ ਅਰਬ ਸੱਠ ਕਰੋੜ ਮੰਨੀ ਹੈ। ਪਰ ਦਿਨ ਬਦਿਨ ਵਧਦੀ ਜਾ ਰਹੀ ਹੈ। ਇਸ ਵਿਚ ਪਚਾਸੀ ਕਰੋੜ ਏਸ਼ੀਆ ਵਾਲੇ, ਅਠੱਤੀ ਕਰੋੜ ਯੂਰਪ ਤੇ ਸੋਲਾਂ ਕਰੋੜ ਅਫਰੀਕਾ, ਪੰਜ ਕਰੋੜ ਦੱਖਣੀ ਅਫਰੀਕਾ, ਗਿਆਰਾਂ ਕਰੋੜ ਅਮਰੀਕਾ, ਪੰਜ ਕਰੋੜ ਉਸੀਨੀਆਂ ਵਿਚ ਵਸਦੇ ਹਨ। ਅਜ ਕਲ ਪਹਿਲਾਂ ਨਾਲੋਂ ਕਾਫੀ ਅਬਾਦੀ ਵਧ ਰਹੀ ਹੈ।

ਧਰਤੀ ਦੀ ਆਕ੍ਰਖਣ ਸ਼ਕਤੀ ਕਰਕੇ ਹਰ ਇਕ ਵਸਤੂ ਨੀਚੇ ਨੂੰ ਖਿਚੀ ਆਉਂਦੀ ਹੈ ਪਰ ਜਿਤਨੀ ਕੋਈ ਵਸਤੂ ਧ੍ਰੂਵਾਂ ਦੇ ਕੇਂਦਰੀ ਨੁਕਤੇ ਦੇ ਨਜ਼ਦੀਕ ਹੋਵੇਗੀ, ਉਤਨੀ ਹੀ ਬੋਝਲ ਅਤੇ ਜਿੰਨੀ ਮਧ ਰੇਖਾ ਦੇ ਪਾਸ ਹੈ, ਉਤਨੀ ਹੌਲੀ ਹੁੰਦੀ ਹੈ।

ਚੰਦਰਮਾ ਧਰਤੀ ਦੇ ਗਿਰਦੇ ਸਾਢੇ ਉਨੱਤੀਸ ਦਿਨਾਂ ਵਿਚ ਦੀ ਚਕਰ ਕਟਦਾ ਹੈ। ਚੰਦਰਮਾ ਸੂਰਜ ਪਾਸੋਂ ਪ੍ਰਕਾਸ਼ ਪ੍ਰਾਪਤ ਕਰਦਾ ਹੈ। ਧਰਤੀ ਦੇ ਛਾਏ ਦੇ ਕਾਰਨ ਚੰਦਰਮਾ ਏਕਮ ਦੂਜ ਨੂੰ ਛੋਟਾ ਅਤੇ ਪੂਰਨਮਾਸ਼ੀ ਨੂੰ ਪੂਰਨ ਦਿਸਦਾ ਹੈ। ਵਾਸਤਵ ਵਿਚ ਚੰਦਰਮਾ ਘਟਦਾ ਵਧਦਾ ਨਹੀਂ ਹੈ। ਚੰਦਰਮਾ ਦਾ ਅਕਾਰ ਹਮੇਸ਼ਾਂ ਇਕੋ ਜੈਸਾ ਰਹਿੰਦਾ ਹੈ। ਬ੍ਰਹਿਮੰਡ

ਚਕਰ ਦੀ ਏਹ ਖੇਡ ਹੈ।

ਸੂਰਜ, ਚੰਦ ਗ੍ਰਹਿਣ ਧਰਤੀ ਦਾ ਛਾਇਆ ਪੈਣ ਨਾਲ ਹੀ ਹੁੰਦੇ ਹਨ। ਛਾਇਆ ਕਰਕੇ ਚੰਦਰਮਾ ਵਧਦਾ ਘਟਦਾ ਦਿਖਾਈ ਦਿੰਦਾ ਹੈ। ਮਸਿਆ ਨੂੰ ਸਾਰਾ ਢਕਿਆ ਜਾਂਦਾ ਹੈ। ਭੂਗੋਲਿਕ ਵਿਦਿਆ ਵਾਲੇ ਤਿੰਨ ਸੌ ਜਵਾਲਾ ਮੁਖੀ ਪਹਾੜ ਦਸਦੇ ਹਨ। ਇਨ੍ਹਾਂ ਵਿਚੋਂ ਦੋ ਕੁ ਸੌ ਮਹਾਂ ਸਾਗਰ ਦੇ ਗਿਰਦੇ ਹਨ। ਇਹ ਧਰਤੀ ਨੂੰ ਗਰਮ ਕਰ ਦਿੰਦੇ ਹਨ। ਮੀਂਹ ਸਮੇਂ ਸਰਦੀ ਦੇ ਕਾਰਨ ਧਰਤੀ ਸੁੰਗੜ ਜਾਂਦੀ ਹੈ। ਕਈ ਵਾਰ ਧਰਤੀ ਦਾ ਪਾਣੀ ਇਨ੍ਹਾਂ ਦੀ ਗਰਮੀ ਕਰਕੇ ਭਾਪ ਦੀ ਸ਼ਕਲ ਵਿਚ ਉੱਠਦਾ ਹੈ। ਕਈ ਵਾਰ ਧਰਤੀ ਦੇ ਵਿਚ ਗੰਧਕ ਔਰ ਸ਼ੋਰਾ ਆਦਿ ਵਸਤਾਂ ਕਰਕੇ ਪਹਾੜ ਫਟ ਜਾਂਦੇ ਹਨ। ਉਹਨਾਂ ਦੇ ਧੱਕਿਆ ਨੂੰ ਭੁਚਾਲ ਕਹਿੰਦੇ ਹਨ।

ਹਿੰਦੂ ਮੁਸਲਮਾਨ ਦਾ ਸਾਹਿਬ ਏਕ

ਸਤਿਗੁਰੂ ਨਾਨਕ ਜੀ ਨੇ ਸਰਬਤ ਨੂੰ ਇਕ ਮਈ ਭਾਵ ਏਕਤਾ ਦਾ ਉਪਦੇਸ਼ ਦਿਤਾ ਹੈ, ਗੁਰੂ ਸਹਿਬਾਨ ਦੀ ਦ੍ਰਿਸ਼ਟੀ ਵਿਚ ਕੋਈ ਹਿੰਦੂ ਮੁਸਲਮਾਨ ਈਸਾਈ ਮੁਸਾਈ ਆਦਿ ਨਹੀਂ ਹੈ। ਗੁਰੂ ਸਹਿਬਾਨ ਦਾ ਨਿਸ਼ਾਨਾ "ਏਕ ਪਿਤਾ ਏਕਸ ਕੇ ਹਮ ਬਾਰਕ", ਗੁਰਵਾਕ ਅਨੁਸਾਰ ਹੈ। ਹਿੰਦੂਆਂ ਮੁਸਲਮਾਨਾਂ ਨੇ ਮਜ਼੍ਹਬੀ ਯਾ ਜ਼ਾਤ ਪਾਤ ਦੇ ਪ੍ਰਚਾਰ ਦੇ ਦੋ ਰਸਤੇ ਬਣਾ ਲਿਤੇ ਹਨ। ਵਾਸਤਵ ਵਿਚ ਰੱਬ ਦਾ ਰਸਤਾ ਇਕੋ ਹੈ।

"ਰਾਹ ਦੋਵੇਂ ਇਕ ਜਾਣੈ ਸੋਈ ਸਿਝਸੀ, ਵਾਰ ਮ: ੧ ॥"

ਭਾਵ ਜੋ ਰੱਬ ਦਾ ਇਕੋ ਰਸਤਾ ਸਮਝਦਾ ਹੈ ਉਹੀ ਕਲਿਆਣ ਹੋ ਸਕਦਾ ਹੈ। ਬੇਸ਼ਕ ਰਾਹ ਤਾਂ ਦੋ ਕਲਪ ਲਿਤੇ ਹਨ ਪਰ ਮਾਲਿਕ ਤਾਂ ਸਭ ਦਾ ਇਕੋ ਹੈ।

"ਰਾਹ ਦੋਵੈ ਖਸਮ ਏਕੋ ਜਾਣ, ਗੁਰ ਕੈ ਸਬਦ ਹੁਕਮ ਪਛਾਣ ॥
ਸਗਲ ਰੂਪ ਵਰਨ ਮਨ ਮਾਹੀ, ਕਹੁ ਨਾਨਕ ਏਕੋ ਸਾਲਾਹੀ ॥"

ਗਉੜੀ ਮ: ੧ ॥

ਤੂੰ ਸਚਾ ਸਿਰਜਣਹਾਰ, ਅਲਖ ਸਿਰੰਦਿਆ ॥
ਏਕ ਸਾਹਿਬ, ਦੁਇ ਰਾਹ ਵਾਦ ਵਧੰਦਿਆ ਜੀਉ,

ਧਨਾਸਰੀ ਮ: ੫ ॥

ਹਿੰਦੂਆਂ ਮੁਸਲਮਾਨਾਂ ਵਿਚ ਝਗੜੇ ਦਾ ਮੁਢ ਦੋ ਰਸਤੇ ਹਨ। ਖੁਦਾ, ਅਲਾ, ਰਾਮ, ਰਹੀਮ ਆਦਿ ਨਾਮ ਤਾਂ ਇਕੋ ਕਰਤਾਰ ਦੇ ਹੀ ਹਨ। ਤਦੇ ਫੁਰਮਾਯਾ ਹੈ।

"ਕਹੁ ਨਾਨਕ ਗੁਰ ਖੋਏ, ਭਰਮ ਏਕੋ ਅੱਲਾ ਪਾਰ ਬ੍ਰਹਮ ਮ: ੫।"

ਜਦ ਰੱਬ ਸਭਸ ਦਾ ਇਕੋ ਹੀ ਹੈ, ਫਿਰ ਉਸ ਦੇ ਨਾਮਾਂ ਕਰਕੇ ਝਗੜਾ ਕਰਨਾ ਮਹਾਨ ਭੁੱਲ ਹੈ। ਇਕ ਦੂਜੇ ਨੂੰ ਕਾਫਰ ਮਲੇਛ ਆਦਿ ਦਸਣਾ ਭਾਰੀ ਅਗਿਆਨਤਾ ਹੈ, ਕੁਫਰਗੋਆ ਕੁਫਰਾਦੇ ਪਾਇਆ ਕਝਸੀ, ਅਸਲੋ ਸਚਾ ਧਰਮੀ ਹੈ। ਝੂਠਾ ਪਾਪੀ ਕਾਫਰ ਮਲੇਛ ਹੈ ਚਾਹੇ ਉਹ ਕਿਸੇ ਭੀ ਜਾਤੀਪਾਤੀ ਦਾ ਹੈ।

"ਕੋਈ ਬੋਲੈ ਰਾਮ, ਕੋਇ ਖੁਦਾਇ, ਕੋਈ ਸੇਵੈ ਗੁਸਈਆਂ,
ਕੋਈ ਅਲਾਹ, ਪਰ ਮੁਕਦੀ ਬਾਤ ਤਾ ਇਥੇ ਜਾ ਕੇ ਹੈ।"
"ਕਹੁ ਨਾਨਕ ਜਿਨ ਹੁਕਮ ਪਛਾਤਾ,
ਪ੍ਰਭੁ ਸਾਹਿਬ ਕਾ ਤਿੰਨ ਭੇਦ ਜਾਤਾ।" ਰਾਮਕਲੀ ਮ: ੫ ॥

ਰੱਬ ਦਾ ਹੁਕਮ ਮੰਨਣ ਵਾਲੇ ਹੀ ਰੱਬ ਨੂੰ ਮਿਲਦੇ ਹਨ, ਗੁਰੂ ਸਹਿਬਾਨ ਨੇ ਦਸਿਆ ਹੈ। ਇਹ ਠੀਕ ਨਹੀਂ ਹੈ ਕਿ ਹਿੰਦੂ ਲੋਕ ਖੁਦਾ ਅਲਾਹ ਆਦਿ ਨਾਮਾਂ ਭੋਂ ਨਫਰਤ ਕਰਨ, ਔਰ ਮੁਸਲਮਾਨ ਰਾਮ ਗੋਪਾਲ ਆਦਿ ਕਹਿਣਾ ਗੁਨਾਹ ਮੰਨਣ, ਕਿਉਂਕਿ ਖੁਦਾ ਇਕੋ ਹੈ ਜਿਹਾ ਕਿ ਗੁਰਵਾਕ ਹੈ।

ਕਰਨ ਕਾਰਨ ਕਰੀਮ, ਸਰਬ ਪ੍ਰਤਿਪਾਲ ਰਹੀਮ ॥ ਅਲਹ ਅਲਖ ਅਪਾਰ ਖੁਦ ਖੁਦਾਇ ਵੱਡ ਬੇਸ਼ਮਾਰ ॥ ਉਨਮੋ ਭਗਵੰਤ ਗੁਸਾਂਈ, ਖ਼ਾਲਕ ਰਵਰਿਆ, ਸਰਬਠਾਈ ॥ ਜਗਨਨਾਥ ਜਗਜੀਵਨ ਮਾਧੋ, ਭਉ ਭੰਜਨ ਰਿਦ ਮਾਹਿ ਅਰਾਧੋ ॥ ਰਿਖੀ ਕੇਸ ਗੋਪਾਲ ਗੋਬਿੰਦ, ਪੂਰਨ ਸਰਬਤ

ਮੁਕੰਦ ।। ਮਿਹਰਬਾਨ ਮੌਲਾ ਤੂਰੀ ਏਕ, ਪੀਰ ਪੈਕਾਂਬਰ ਸ਼ੇਖ ॥ ਦਿਲ ਕਾ ਮਾਲਿਕ ਕਰੇ ਹਾਕ, ਕੁਰਾਨ ਕਤੇਬ ਤੇ ਪਾਕ ॥ ਇਕਰ ਗੁਰਬਾਣੀ ਨੇ ਸਰਬਤ ਨੂੰ ਸਾਂਝਾ ਉਪਦੇਸ਼ ਦਿਤਾ ਹੈ, ਦਸਿਆ ਹੈ ਕਿ ਹਿੰਦੂਆਂ ਮੁਸਲਮਾਨਾਂ ਦਾ ਇਕੋ ਕਰਤਾਰ ਮਾਲਕ ਹੈ ਅਖੀਰ ਫ਼ੁਰਮਾਯਾ ਹੈ : 'ਕਹੁ ਨਾਨਕ ਗੁਰ ਖੋਏ ਭਰਮ, ਏਕੋ ਅਲਹੁ ਪਾਰ ਬ੍ਰਹਮ ਰਾਮ ਕਲੀ ਮ : ੫ ॥''

ਹਿੰਦੂਆਂ ਨੂੰ ਸਮਝਾਇਆ ਹੈ ਕਿ ਜੰਞੂ ਟਿਕੇ ਆਦਿ ਚਿਨ੍ਹਾਂ ਕਰਕੇ ਹਿੰਦੂ ਹੋਣਾ ਮੰਨਣਾ ਠੀਕ ਨਹੀਂ ਹੈ ਜਿਹਾ ਕਿ ''ਹਿੰਦੂ ਕੈ ਘਰ ਹਿੰਦੂ ਆਵੈ, ਸੂਤ ਜਨੇਉ ਪੜ੍ਹ ਗਲ ਪਾਵੈ, ਸੂਤ ਪਾਇ ਕਰੈ ਬੁਰਿਆਈ ਨਾਤਾ ਥਾਇ ਨਾ ਪਾਈ ।'' ਇਹ ਹਿੰਦੂਆਂ ਦੀ ਰਸਮ ਹੈ ਪਰ ਰਬ ਦੇ ਮਿਲਣ ਦਾ ਰਸਤਾ ਨਹੀਂ ਹੈ । ਇਕਰ ਹੀ ਮੁਸਲਮਾਨ ਸ਼ਰਾਹ ਦੇ ਅਤਿ ਪਾਬੰਦ ਹਨ ਜਿਹਾ ਕਿ, ''ਮੁਸਲਮਾਨ ਕਰੇ ਵਡਿਆਈ ਵਿਣ ਗੁਣ ਪੀਰੈ ਕੋ ਥਾਇ ਪਾਈ, ਸ਼ਰਾਹ ਦੇ ਗੀਤ ਵਡਿਆਈਆਂ, ਰਬ ਦਾ ਮਿਲਾਪ ਨਹੀਂ ਹੈ, ਸਵਾਲ ਤਾਂ ਧਰਮ ਦੇ ਰਸਤੇ ਟੁਰਨਾ ਹੈ । ਓਥੇ ਕੋ ਜਾਇ, ਕਰਣੀ ਬਾਝਹੁ ਬਿਸ਼ਤ ਨ ਪਾਇ ॥ ਧਰਮ ਤਾਂ ਨੇਕ ਕੰਮਾਂ ਨੂੰ ਪਰਵਾਨ ਕਰਦਾ ਹੈ। ਮੁਸਲਮਾਨਾਂ ਨੂੰ ਰਬ ਦਾ ਰਸਤਾ ਦਸਿਆ ਹੈ।

''ਸਭੈ ਵਖਤ ਸਭੇ ਕਰ ਵੇਲਾ, ਖਾਲਕਜਾਦ ਦਿਲੈ ਮਹਿ ਮਉਲਾ ॥
ਤਸਬੀ ਯਾਦ ਕਰਹੁ ਦਸ ਮਰਦਨ ਸੁੰਨਤ ਸੀਲ ਬੰਧਾਨ ਬਰਾ ॥

ਅਵਲ ਸਿਫਤ ਦੂਜੀ ਸਾਬੂਰੀ ਤੀਜੇ ਹਲੇਮੀ' ਚਉਥੇ ਖੈਰੀ ਪੰਜਵੇਂ
ਪੰਜੇ ਇਕ ਮੁਕਾਮੈ, ਇਹ ਪੰਜ ਵਖਤ ਤੇਰੇ ਅਪਰ ਪਰਾ।
ਮੁਸਲਮਾਨ ਮੋਮ ਦਿਲ ਹੋਵੇ ਅੰਤਰ ਕੀ ਮਲ ਦਿਲ ਤੇ ਧੋਵੈ ॥''

ਮਾਰੂ ਮ: ੫ ॥ ਸੋ ਹਰ ਇਕ ਨੂੰ ਚਾਹੇ ਕੋਈ ਭੀ ਹੈ ਰਹਿਮ ਦਿਲ ਵਿਚ ਹੋਣਾ ਚਾਹੀਦਾ ਹੈ।

ਗੁਰੂ ਸਾਹਿਬਾਨ ਨੇ ਏਕਤਾ ਦਾ ਫੈਸਲਾ ਨੀਚੇ ਲਿਖੇ ਸ਼ਬਦ ਵਿਚ ਕਰ ਦਿਤਾ ਹੈ।

"ਕੋਈ ਬੋਲੇ ਰਾਮ ਰਾਮ, ਕੋਇ ਬੋਲੇ ਖੁਦਾਇ ॥
ਕੋਈ ਸੇਵੈ ਗੁਸਈਆਂ, ਕੋਈ ਅਲਾਹ ॥
ਕਾਰਣ ਕਰਣ ਕਰੀਮ, ਕਿਰਪਾਧਾਰ ਰਹੀਮ ॥
ਕੋਈ ਨਾਵੈ ਤੀਰਥ, ਕੋਈ ਹਜ ਜਾਇ ॥
ਕੋਈ ਕਰੈ ਪੂਜਾ, ਕੋਈ ਸਿਰ ਨਿਵਾਇ ॥
ਕੋਈ ਪੜੇ ਬੇਦ, ਕੋਈ ਕਤੇਬ,
ਕੋਈ ਓਢੈ ਨੀਲ' ਕੋਈ ਸਪੇਦ ।
ਕੋਈ ਕਹੈ ਤੁਰਕ, ਕੋਈ ਕਹੈ ਹਿੰਦੂ ।
ਕੋਈ ਬਾਛੈ ਬਿਸ਼ਤ, ਕੋਈ ਸੁਰਗਿੰਦੂ ॥
ਕਹੁ ਨਾਨਕ, ਜਿਨ ਹੁਕਮ ਪਛਾਤਾ,
ਪ੍ਰਭੂ ਸਾਹਿਬ ਕਾ ਤਿਨ ਭੇਦ ਨਾ ਜਾਤਾ ॥

ਰਾਮ ਕਲੀ ਮ: ੫ ॥

ਤਾਂਤੇ ਹਿੰਦੂ ਮੁਸਲਮਾਨ ਸਾਹਿਬ ਦਾ ਏਕ ਰਸਤਾ ਹੀ ਹੈ ।

ਅਕਾਲ ਪੁਰਖ ਦਾ ਗਿਆਨ

ਤੂ ਅਕਾਲ ਪੁਰਖ ਨਾਹੀ ਸਿਰਕਾਲਾ ॥
ਤੂ ਪੁਰਖ ਅਲੇਖ ਅਗੰਮ ਨਿਰਾਲਾ ॥

(ਮਾਰੂ ਸੋਲਹੇ ਮ: ੧)

ਅਕਾਲ ਪੁਰਖ ਜਿਸ ਨੂੰ ਕਿ ਗੁਰਬਾਣੀ ਨੇ ਪੂਜ ਜੋਗ ਮੰਨਿਆ ਹੈ ਉਹ ਹਿੰਦੂਆਂ, ਮੁਸਲਮਾਨਾਂ ਦਾ ਕਲਪਿਆ ਜਾਂ ਵਖੋ ਵਖਰਾ ਖੁਦਾ ਨਾਰਾਇਣ ਆਦਿ ਦੇਵਤਾ ਜਾਂ ਦੇਹੀ ਰੂਪ ਨਹੀਂ ਹੈ । ਉਸ ਦੀ ਸੂਰਤ ਸ਼ਕਲ ਆਦਿ ਕਲਪਣੀ ਅਥਵਾ ਚੱਕ੍ਰ ਚਿੰਨ ਆਦਿ ਦਸਣੇ ਮਨਮਤਾਂ ਹਨ । ਹਿੰਦੂ ਜੋ ਸੰਖ ਚਕ੍ਰ ਗਦਾ ਆਦਿ ਚਿੰਨਾਂ ਵਾਲਾ ਰੱਬ ਵਿਸ਼ਨੂੰ ਆਦਿ ਨਾਮ ਨਾਲ ਕਲਪਦੇ ਹਨ । ਉਸਦੀਆਂ ਚਾਰ ਬਾਹਾਂ ਆਦਿ ਦਸ ਕੇ ਚਤ੍ਰਭੁਜ ਕਹਿੰਦੇ ਹਨ, ਉਹ ਕਰਤਾਰ ਨਹੀਂ ਹੈ । ਗੁਰਵਾਕ ਹੈ–

ਨ ਸੰਖੰ ਨ ਚਕ੍ਰੰ ਗਦਾ ਨ ਸਿਆਮੰ ॥
ਅਸਕਰਜ ਰੂਪੰ, ਰਹੰਤ ਜਨਮੰ ॥

ਉਸ ਕਰਤਾਰ ਬਾਰੇ ਫੁਰਮਾਇਆ ਹੈ—

ਦਾਨਾ ਦਾਤਾ ਸੀਲਵੰਤ ਨਿਰਮਲ ਰੂਪ ਅਪਾਰ ॥
ਸਖਾ ਸਹਾਈ ਅਤਿ ਵਡਾ ਊਚਾ ਵਡਾ ਅਪਾਰ ॥
ਬਾਲਕ ਬਿਰਧ ਨ ਜਾਣੀਐ ਨਿਹਚਲ ਤਿਸ ਦਰਬਾਰ ॥

ਭਾਵ ਉਹ ਅਵਸਥਾ ਰਹਿਤ ਹੈ ਅਰ ਸਰਬ ਦਾ ਆਦਿ ਹੈ। ਤੂੰ ਪੇਡ ਸਾਖ ਤੇਰੀ ਫੂਲੀ ॥ ਤੂੰ ਸੂਖਮ ਹੋਆ ਅਸਥੂਲੀ ॥ ਆਦਿ ਮਧ ਅੰਤ ਪ੍ਰਭ ਸੋਈ ॥ ਕਰਤਾਰ ਦਾ ਕੋਈ ਨਾਇਬ ਵਜ਼ੀਰ ਆਦਿ (ਨਬੀ, ਰਸੂਲ, ਅਵਤਾਰ) ਨਹੀਂ ਹੈ। 'ਆਪੇ ਸਾਹਿਬ ਆਪ ਵਜੀਰ ॥' ਉਹ ਸਭ ਪਾਸੀ ਆਪ ਹੀ ਆਪ ਹੈ।

ਨਿਰੰਕਾਰ ਅਕਾਰ ਆਪ ਨਿਰਗੁਨ ਸਰਗੁਨ ਏਕ ॥
ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥

ਜੋ ਲੋਕ ਵਿਸ਼ਨੂੰ ਬ੍ਰਹਮਾਂ ਮਹੇਸ਼ ਦੇ ਪੁਜਾਰੀ ਹਨ, ਕਰਤਾਰ ਦੀ ਰਚਨਾ ਵਿਚ ਇਕਰ ਦੇ ਕਰੋੜਾਂ ਦੇਵਤੇ ਹਨ। 'ਕੋਟ ਬਿਸਨ ਕੀਨੇ ਅਵਤਾਰ ॥ ਕੋਟ ਬ੍ਰਹਮੰਡ ਜਾਂਕੈ ਧਰਮਸਾਲ ॥ ਕੋਟਿ ਮਹੇਸ ਉਪਾਇ ਸਮਾਇ ॥ ਕੋਟ ਬ੍ਰਹਮੇ ਜਗ ਸਾਜਣ ਲਾਏ ॥ ਐਸਾ ਧਣੀ ਗ਼ੋਬਿੰਦ ਹਮਾਰਾ ॥ ਬਰਨ ਨ ਸਾਕਉ ਗੁਣ ਵਿਸਥਾਰਾ ॥ ਕੋਟ ਮਾਇਆ ਜਾਕੈ ਸੇਵਕਾਇ ॥ ਕੋਟਿ ਜੀਅ ਜਾਕੀ ਸਿਹਜਾਇ ॥ ਕੋਟਿ ਉਪਾਰ ਜਨਾ ਤੇਰੇ ਅੰਗ ॥ ਕੋਟਿ ਭਗਤ ਬਸਤ ਹਰਿ ਸੰਗ ॥ ਕੋਟਿ ਛਤ੍ਰਪਤਿ ਕਰਤ ਨਮਸਕਾਰ ॥ ਕੋਟਿ ਇੰਦਰ ਠਾਢੇ ਹੈ ਦੁਆਰ ॥ ਕੋਟਿ ਬੈਕੁੰਠ ਜਾਕੀ ਦ੍ਰਿਸਟੀ ਮਾਹਿ ॥ ਰਾਮ ਨਾਮ ਜਾਂਕੀ ਕੀਮਤਿ ਨਾਹਿ ॥ ਕੋਟਿ ਪੂਰੀਅਤ ਹੈ ਜਾਕੇ ਨਾਦ ॥ ਕੋਟਿ ਅਖਾਰੇ ਚਲਤ ਬਿਸਮਾਦਿ ॥ ਕੋਟਿ ਸ਼ਕਤਿ ਸਿਵ ਆਗਿਆਕਾਰ ॥ ਕੋਟਿ ਜੀਅ ਦੇਵੈ ਆਧਾਰ ॥ ਕੋਟਿ ਤੀਰਥ ਜਾਕੈ ਚਰਨ ਮਝਾਰ ॥ ਕੋਟਿ ਪਵਿਤ੍ਰ ਜਪਤ ਨਾਮ ਅਚਾਰ ॥'

ਸਿਧਾਂਤ ਕੀ ! ਪ੍ਰਭੂ ਦੀ ਲੀਲ੍ਹਾ ਬੇਅੰਤ ਹੈ। ਇਸ ਲਈ 'ਅਪਨੀ ਬਿਰਥਾ ਕਹਹੁ ਹਰਿ ਅਪਨੇ ਸੁਆਮੀ ਪਹਿ, ਜੋ ਤੁਮਰੇ ਦੂਖ ਤਤ ਕਾਲ ਕਟਾਸਾ ॥'

ਸੋ ਕਰਤਾਰ ਬਿਨਾਂ ਕਿਸੇ ਅਗੇ ਅਰਦਾਸ ਕਰਨੀ ਨਿਸਫਲ ਹੈ। ਉਸ ਕਰਤਾਰ ਦਾ ਕੋਈ ਸ਼ਰੀਕ, ਵੈਰੀ ਆਦਿ ਨਹੀਂ ਹੈ। 'ਤਿਸਕਾ ਸਰੀਕ ਕੋ ਨਹੀ ਨਾ ਕੋ ਕੰਟਕ ਬੈਰਾਈ ॥ ਕਰਤਾਰ ਦਾ ਦੁਸ਼ਮਨ ਯਾ ਵੈਰੀ ਸ਼ੈਤਾਨ ਆਦਿ ਨੂੰ ਮੰਨਣਾ ਭੁਲ ਹੈ।

ਅਕਾਲ ਪੁਰਖ ਸਭ ਨੂੰ ਵੇਖਦਾ ਹੈ ਅਤੇ ਹਰ ਇਕ ਹਰ ਇਕ ਗਲ ਨੂੰ ਸੁਣਦਾ ਹੈ।

ਸਭ ਕਿਛ ਸੁਣਦਾ ਵੇਖਦਾ ਕਿਉਂ ਮੁਕਰ ਪਇਆ ਜਾਇ ? ਉਸ ਥੀਂ ਲੁਕਾ ਕੇ ਕੋਈ ਭੇਖ ਨਹੀਂ ਰਖ ਸਕਦਾ। ਲੂਕ ਕਮਾਵੈ ਕਿਸਤੇ ਜਾਂ ਵੇਖੈ ਸਦਾ ਹਦੂਰ ॥ ਕਰਤਾਰ ਨੂੰ ਅਸਮਾਨੀ ਵਸਦਾ ਦਸਣਾ ਅਗਿਆ-ਨਤਾ ਹੈ।

'ਸੋ ਪ੍ਰਭੁ ਨੇਰਹੂ ਤੇ ਨੇਰੈ ॥' ਓਹ ਸ਼ਰਣ ਸੂਰ ਹੈ, 'ਸਰਣ ਸੂਰ ਭਗਵਾਨਹ ॥' ਜੇ ਓਹ ਚਾਹੇ ਤਾਂ ਮਾਸ ਅਹਾਰੀਆਂ ਨੂੰ ਘਾਸ ਅਤੇ ਘਾਸ ਖਾਣ ਵਾਲਿਆਂ ਨੂੰ ਮਾਸ ਖਾਣ ਲਗਾ ਦੇਵੇ। ਭਾਵ ਉਸ ਅਗੇ ਨਾ ਮੁਮਕਿਨ ਬਾਹਾਂ ਸਭ ਮੁਮਕਿਨ ਹਨ।

'ਸੀਹਾ ਬਾਜਾ ਚਰਗਾ ਕੁਹੀਆਂ, ਤਿਨ੍ਹਾਂ ਖਵਾਲੇ ਘਾਹੁ ॥ ਘਾਹੁ ਖਾਨਿ ਤਿਨਾ ਮਾਸ ਖਵਾਲੇ, ਏਹੁ ਚਲਾਏ ਰਾਹੁ ॥ ਨਦੀਆਂ ਵਿਚ ਟਿਬੇ ਦੇਖਾਲੇ, ਥਲੀ ਕਰੇ ਅਸਗਾਹੁ ॥ ਕੀੜਾ ਥਾਪਿ ਦੇਇ ਪਾਤਸ਼ਾਹੀ, ਲਸ਼ਕਰ ਕਰੇ ਸੁਆਹੁ ॥' ਭਾਵ— 'ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰ ਡਾਰੇ ॥ ਰੀਤੇ ਭਰੇ, ਭਰੇ ਸਖਨਾਵੈ, ਯਹਿ ਤਾਕੋ ਬਿਵਹਾਰੋ ॥'

ਕਰਤਾਰ ਸਰਬ ਵਿਆਪੀ ਹੈ। 'ਖੰਡ ਦੀਪ ਸਭ ਰਵ ਰਹਿਆ, ਪੂਰ ਰਹਿਓ ਸਭ ਲੋਉ ॥' ਕਰਤਾਰ ਨੇ ਆਪ ਹੀ ਸਾਰੀ ਸਾਮਗਰੀ ਸ਼ਕਤੀ ਵਿਚ ਧਰੋ ਰਖੀ ਹੈ। 'ਆਪੇ ਸੂਤ ਆਪ ਬਹੁ ਮਣੀਆ ਕਰ ਸ਼ਕਤੀ ਜਗਤ

ਧਰੋਇ ॥' ਉਸ ਥੀਂ ਭਿੰਨ ਹੋਰ ਕੋਈ ਸ਼ਕਤੀ ਨਹੀਂ ਹੈ ।

ਅਕਾਲ ਪੁਰਖ ਹੀ ਕੇਵਲ ਅਬਿਨਾਸੀ ਹੈ, ਉਸ ਥੀਂ ਬਿਨਾਂ ਹੋਰ ਕੋਈ ਹਸਤੀ ਅਮਰ ਨਹੀਂ ਹੈ ।

'ਸਭ ਦੁਨੀ ਆਵਣ ਜਾਵਣੀ, ਮੁਕਾਮ ਏਕ ਰਹੀਮ ॥' ਸੰਸਾਰ ਵਿਚ ਮੰਨੀਆਂ ਗਈਆਂ ਅਮਰ ਹਸਤੀਆਂ ਅਖੀਰ ਨਾਸ਼ ਹੋ ਜਾਣਗੀਆਂ ।

ਇਹ ਦ੍ਰਿਸਟਾਮਾਨ ਵਸਤਾਂ ਸਭੋ ਉਸ ਦੀ ਕੁਦਰਤ ਹੈ । 'ਸਭ ਤੇਰੀ ਕੁਦਰਤ ਤੂੰ ਕਾਦਰ ਕਰਤਾ ਪਾਕੀ ਨਾਈ ਪਾਕ ॥' ਕੇਵਲ ਕਰਤਾਰ ਹੀ ਜਨਮ ਮਰਨ ਰਹਿਤ ਹੈ । 'ਨਾ ਓਹ ਮਰੈ ਨ ਹੋਵੈ ਸੋਗ ॥' ਤੂੰ ਪਾਰਬ੍ਰਹਮ ਪਰਮੇਸਰ ਜੋਨਿ ਨ ਆਵਹੀ ॥' ਅਕਾਲ ਪੁਰਖ ਨੂੰ ਸੰਸਾਰ ਵਿਚ ਜਨਮ ਧਾਰ ਕੇ ਆਇਆ ਮੰਨਣਾ ਮਹਾਂ ਭੁਲ ਹੈ ।

'ਸੋ ਮੁਖ ਜਲਉ ਜਿਤੁ ਕਹਹਿ ਠਾਕੁਰ ਜੋਨੀ ॥'

ਹਰ ਕੋਈ ਕਰਤਾਰ ਦੇ ਹੁਕਮ ਵਿਚ ਹੈ । 'ਹੁਕਮੈ ਅੰਦਰਿ ਸਭ ਕੋ ਬਾਹਰਿ ਹੁਕਮ ਨ ਕੋਇ ॥' ਕਰਤਾਰ ਦਾ ਹੁਕਮ ਨਾ ਮੰਨਣੇ ਵਾਲਾ ਆਕੀ ਦਾ ਨਾਮ ਪਾ ਜਾਂਦਾ ਹੈ । 'ਬ੍ਰਹਮਾ ਬਿਸਨੁ ਰਿਖੀ ਮੁਨੀ ਸ਼ੰਕਰ ਇੰਦ ਤਪੈ ਭੇਖਾਰੀ ॥ ਮਾਨੈ ਹੁਕਮ ਸੋਹੈ ਦਰ ਸਾਚੈ ਆਕੀ ਮਰਹਿ ਅਫਾਰੀ ॥' ਕਰਤਾਰ ਦੀ ਕਿਰਪਾ ਬਿਨਾ ਸੁਖ ਨਹੀਂ ਮਿਲਦਾ । 'ਰਹਿਮ ਤੇਰੀ ਸੁਖ ਪਾਇਆ ਸਦਾ ਨਾਨਕ ਕੀ ਅਰਦਾਸ ॥' ਕਰਤਾਰ ਹੀ ਸਰਬੱਤ ਦਾ ਦਾਤਾ ਹੈ । 'ਸਭਨਾ ਦਾਤਾ ਏਕ ਹੈ, ਦੂਜਾ ਨਾਹੀ ਕੋਇ ॥' ਬਿਨਾ ਅਕਾਲ ਪੁਰਖ ਦੇ ਕੋਈ ਕੁਝ ਨਹੀਂ ਦੇ ਸਕਦਾ, ਸਭ ਉਸੇ ਦੇ ਮੰਗਤੇ ਹਨ । ਉਸ ਦਾ ਦਾਨ ਖੰਡਾਂ ਬ੍ਰਹਮੰਡਾਂ, ਅਕਾਸ਼ਾਂ ਪਤਾਲਾਂ ਵਿਚ ਵਰਤਦਾ ਹੈ । 'ਦਾਨ ਦਾਤਾਂ ਖੰਡ ਵਰਭੰਡੀ ਪਾਤਾਲੀ ਪੁਰਈ ਸਭ ਲੋਈ ॥' ਸਾਰੇ ਦੇਵਤੇ ਦੇਵੀਆਂ ਉਸ ਦੇ ਦਰ ਦੇ ਮੰਗਤੇ ਹਨ । 'ਕੋਟਿ ਤੇਤੀਸ ਜਾਚਹਿ ਪ੍ਰਭੁ ਨਾਇਕ, ਦੇਦੇ ਤੋਟ ਨਹੀਂ ਭੰਡਾਰ ॥' ਅਕਾਲ ਪੁਰਖ ਦੇ ਦਰਬਾਰ ਵਿਚ ਖੋਟੇ ਖਰੇ ਸਭ ਪਰਖੇ ਜਾਂਦੇ ਹਨ । 'ਖੋਟੇ ਖਰੇ ਸਭ ਪਰਖੀਅਨ ਤਿਤ ਸਚੇ ਕੇ ਦਰਬਾਰਾ ਰਾਮ ॥' ਅਕਾਲ ਪੁਰਖ ਆਪ ਹੀ ਨਿਆਉਂ ਕਰਦਾ ਹੈ । 'ਸਚਾ ਸਾਹਿਬ ਸਚ

ਨਿਆਉ ਪਾਪੀ ਨਰ ਹਾਰਦਾ ॥ ਮੇਰਾ ਪ੍ਰਭੁ ਨਿਰਮਲ ਅਗਮ ਅਪਾਰਾ ॥ ਬਿਨ ਤਕੜੀ ਤੋਲੇ ਸੰਸਾਰਾ ॥ ਕਰਤਾਰ ਦਾ ਬਿਰਦ ਇਉਂ ਹੈ। 'ਪਤਿਤ ਪਾਵਨ ਮਾਧਉ ਬਿਰਦ ਤੇਰਾ ॥ ਜੋ ਸਰਣ ਆਵੈ ਤਿਸੁ ਕੰਠ ਲਾਵੈ ਇਹ ਬਿਰਦ ਸੁਆਮੀ ਸੰਦਾ ॥' ਸਾਰੀ ਸਾਮਗਰੀ ਅਕਾਲ ਪੁਰਖ ਦੇ ਭੈ ਵਿਚ ਹੈ, ਕੇਵਲ ਓਹ ਆਪ ਹੀ ਭੈ ਰਹਿਤ ਹੈ। 'ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ ॥' ਜੋ ਕਰਤਾਰ ਦਾ ਭੈ ਨਹੀਂ ਮੰਨਦਾ ਉਹ ਮੁਕਤ ਨਹੀਂ ਹੋ ਸਕਦਾ। 'ਭੈ ਬਿਨੁ ਕੋਇ ਨ ਲੰਘਸਿ ਪਾਰ ॥' ਅਕਾਲ ਪੁਰਖ ਦਾ ਰਾਜ (ਹੁਕਮ) ਹਰ ਥਾਂ ਚਲਦਾ ਹੈ।

'ਨਿਹਚਲ ਰਾਜ ਹੈ ਸਦਾ ਤਿਸ ਕੇਰਾ, ਨ ਆਵੈ ਨ ਜਾਈ ॥' ਹਰ ਇਕ ਦਾ ਰਾਜ ਬਦਲਦਾ ਤੇ ਨਾਸ਼ ਹੁੰਦਾ ਹੈ ਪਰ ਕਰਤਾਰ ਦਾ ਰਾਜ ਸਦਾ ਅਟੱਲ ਹੈ। ਯਾਤੇ 'ਉਪਾਵ ਛੋਡ ਗਹੁ ਤਿਸਕੀ ਓਟ ॥ ਨਿਮਖ ਮਾਹਿ ਹੋਵੈ ਤੇਰੀ ਛੋਟ ॥

ਅਕਾਲ ਪੁਰਖ ਦੀ ਆਪਣੀ ਕੋਈ ਬੋਲੀ ਨਹੀਂ ਹੈ ਪਰ ਓਹ ਹਰ ਇਕ ਦੀ ਬੋਲੀ ਨੂੰ ਸਮਝਦਾ ਹੈ।

'ਤੇਰੀਆ ਖਾਣੀ ਤੇਰੀਆ ਬਾਣੀ' ਖਾਣੀ ਬਾਣੀ ਵਿਚ ਓਹ ਆਪ ਹੀ ਵਰਤਦਾ ਹੈ। ਅਕਾਲ ਪੁਰਖ ਦੀ ਜਿਸ ਪਰ ਰਖਿਆ ਹੈ ਉਸ ਨੂੰ ਕੋਈ ਨਹੀਂ ਮਾਰ ਸਕਦਾ। 'ਜਿਸਨੋ ਤੂ ਰਖਵਾਲਾ ਮਾਰੇ ਤਿਸ ਕਉਣ ॥ ਜਿਸਨੋ ਤੂ ਰਖਵਾਲਾ ਜਿਤਾ ਤਿਨੈ ਭਉਣ ॥ (ਆਵਾਗੌਣ) 'ਤਾਤੀ ਵਾਉ ਨ ਲਾਗਈ ਪਾਰਬ੍ਰਹਮ ਸਰਣਾਈ ॥ ਰਾਖ ਲੀਏ ਤਿਨ ਰਖਨਹਾਰ ਸਭ ਬਿਆਧਿ ਮਿਟਾਈ ॥ ਕਰਤਾਰ ਦੀ ਰਚਨਾ ਦੀ ਨਿੰਦਾ ਕਰਨੀ ਕਰਤਾਰ ਦੀ ਨਿਰਾਦਰੀ ਕਰਨੀ ਹੈ।

'ਨਿੰਦਉ ਨਾਹੀ ਕਾਹੂ ਬਾਤੇ ਇਹ ਖਸਮ ਕਾ ਕੀਆ ॥ ਪੂਰੇ ਕਾ ਕੀਆ ਸਭ ਕਿਛ ਪੂਰਾ, ਘਟ ਵਧ ਕਿਛ ਨਾਹੀ ॥' ਅਕਾਲ ਪੁਰਖ ਦੇ ਕੰਮ ਉਹ ਆਪ ਹੀ ਕਰ ਸਕਦਾ ਹੈ।

'ਤੇਰੇ ਕੀਤੇ ਕੰਮ ਤੁਧੈ ਹੀ ਗੋਚਰੇ ॥' ਭਾਵ ਉਸ ਦੇ ਕੰਮਾਂ ਨੂੰ ਦੂਜਾ ਕੋਈ ਨੇਪਰੇ ਨਹੀਂ ਚਾੜ੍ਹ ਸਕਦਾ। ਅਕਾਲ ਪੁਰਖ ਦੇ ਮਿਲਾਪ ਦਾ ਅਨੰਦ

ਅਕਹਿ ਹੈ।

'ਹਰਿ ਹਰਿ ਰਸ ਸੋਈ ਜਾਣਦੇ, ਜਿਉ ਗੁੰਗੇ ਮਠਿਆਈ ਖਾਈ ॥' ਪ੍ਰਭੂ ਨੂੰ ਮਿਲਣੇ ਦਾ ਰਸਤਾ ਇਉਂ ਹੈ— 'ਪ੍ਰਭੂ ਮਿਲਣੇ ਕੀ ਇਹ ਨੀਸਾਣੀ ॥ ਮਨ ਇਕੋ ਸਚਾ ਹੁਕਮ ਪਛਾਣੀ ॥ ਸਹਿਜ ਸੰਤੋਖ ਸਦਾ ਤ੍ਰਿਪਤਾਸੇ ਅਨੰਦ ਖਸਮ ਕੈ ਭਾਣੈ ਜੀਉ ॥' ਅਕਾਲ ਪੁਰਖ ਨੂੰ ਭੁਲਣਾ ਸਾਰੇ ਦੁਖਾਂ ਦਾ ਕਾਰਨ ਹੈ।

'ਪਰਮੇਸੁਰ ਤੇ ਭੁਲਿਆਂ ਵਿਆਪਨ ਸਭੇ ਰੋਗ ॥

ਕਰਤਾਰ ਸਰਬੱਤ ਦਾ ਸਾਂਝਾ ਮਾਤਾ ਪਿਤਾ ਹੈ। 'ਨਾਨਕ ਪਿਤਾ ਮਾਤਾ ਹੈ ਹਰਿ ਪ੍ਰਭੁ ਹਮ ਬਾਰਿਕ ਹਰਿ ਪ੍ਰਤਿਪਾਰੇ ॥ ਤੂੰ ਸਾਂਝਾ ਸਾਹਿਬ ਬਾਪ ਹਮਾਰਾ ॥' ਅਕਾਲ ਪੁਰਖ ਸਾਡੇ ਗੁਨਾਹਾਂ ਨੂੰ ਬਖਸ਼ਦਾ ਹੈ।

'ਅਸੰਖ ਖਤੇ ਖਿਨ ਬਖਸਨਹਾਰਾ ॥ ਨਾਨਕ ਸਾਹਿਬ ਸਦਾ ਦਇਆਰਾ ॥' ਅਕਾਲ ਪੁਰਖ ਅਭੁਲ ਹੈ। 'ਭੁਲਣ ਵਿਚ ਕੀਆ ਸਭ ਕੋਈ, ਕਰਤਾ ਆਪ ਨ ਭੁਲੈ॥ ਭੁਲਣ ਅੰਦਰ ਸਭ ਕੋ, ਅਭੁਲ ਗੁਰੂ ਕਰਤਾਰ ॥' ਅਕਾਲ ਪੁਰਖ ਹੀ ਕੇਵਲ ਅਨਾਦੀ ਹੈ, ਹੋਰ ਕੋਈ ਹਸਤੀ ਅਨਾਦੀ ਨਹੀਂ ਹੈ।

'ਕਥਤਾ ਬਕਤਾ ਆਪ ਅਗੋਚਰ ਆਪੇ ਅਲਖ ਲਖਾਇਦਾ ॥' ਉਹ ਆਪ ਹੀ ਜਗਤ ਦਾ ਮਾਲੀ ਹੈ। 'ਇਹ ਜਗ ਵਾੜੀ ਮੇਰਾ ਪ੍ਰਭੂ ਮਾਲੀ ॥' ਅਰ ਉਹ ਰੂਪ ਰੰਗ ਰਹਿਤ ਹੈ। 'ਵਰਨਾ ਚਿਹਨਾ ਬਾਹਰਾ ਕੀਮਤ ਕਹਿ ਨ ਸਾਕਉ ॥' ਅਕਾਲ ਪੁਰਖ ਬੇਅੰਤ ਹੈ। ਉਸ ਦਾ ਅੰਤ ਕੋਈ ਨਹੀਂ ਪਾ ਸਕਦਾ।

'ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨ ਜਾਨਹਿ ਭੇਦ ਅਵਤਾਰ ਨ ਜਾਨਹਿ ਅੰਤ ॥ ਪਰਮੇਸੁਰ ਪਾਰਬ੍ਰਹਮ ਬੇਅੰਤ ॥ ਸੰਕਰਾ ਨਹਿ ਜਾਨਹਿ ਭੇਵ ॥ ਖੋਜਤਹਾਰੇ ਦੇਵ ॥ ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰ ਅਲਖ ਪਾਰਬ੍ਰਹਮ ॥'

(ਰਾਮਕਲੀ ਮ: ੫)

ਕਰਤਾਰ ਜੈਸਾ ਕਰਤਾਰ ਆਪ ਹੀ ਹੈ। 'ਗੁਰੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥'

(ਆਸਾ ਮ: ੧)

ਖਾਸ ਯਾਦਾਸ਼ਤਾਂ

ਹਿੰਦੂ ਲੋਕ ਦੁਆਦਸ ਸਿਲਾ (ਪੱਥਰ) ਦੀ ਪੂਜਾ ਕਰਦੇ ਹਨ "ਬਾਰਾਂ ਸਿਲਾ ਇਕਰ ਹਨ। ਅਥਵਾ ਬਾਰਾਂ ਦੇਵਤਿਆਂ ਦੀਆਂ ਮੂਰਤਾਂ ਜਾਂ ਬੁੱਤ ਪ੍ਰਧਾਨ ਹਨ, 'ਜਿਹਾ-ਕਿ ਲਖਮੀ ਵਿਸ਼ਨੂੰ', ਪਾਰਬਤੀ ਔਰ ਸ਼ਿਵ ਜੀ, ਸਰਸ੍ਵਤੀ ਤੇ ਬ੍ਰਹਮਾ, ਕਲੀ, ਗਣੇਸ਼, ਸੂਰਜ ਔਰ ਭੈਰਵ ਯਮ (ਧਰਮਰਾਜ) ਔਰ ਇੰਦਰਾ ਵੈਦਨਾਥ ਵਿਖੇ ਸ਼ਿਵਾਂ ਦੀ (ਸ਼ਿਵ ਦੇ ਬਾਰਾਂ ਜੋਤੀ ਲਿੰਗ) ਪਰਿਭਾਸ ਛੇਤ੍ਰ ਵਿਚ ਸੋਮ ਨਾਥ, ਕਿਸ ਕਿੰਧਾ ਪਾਸ ਸ੍ਰੀਸੈਲ. ਉਜੈਨਿ ਪੁਰੀ ਵਿਚ ਮਹਾ-ਕਾਲ ਮੰਦਰ। ਨਰਬਦਾ ਦੇ ਕਿਨਾਰੇ ਅਮਰੇਸ੍ਵਰੇ ਵਿਚ, 'ਓਅੰਕਾਰਾਂ। ਗਯਾ ਪਾਸ ਦੇਵਗੜ੍ਹ ਵਿਚ ਵੈਦਨਾਥ, ਪੂਨੇ ਪਾਸ ਸਾਕਿਨੀ ਨਦੀ ਦੇ ਕਿਨਾਰੇ ਭੀਮਸ਼ੰਕਰ।। ਲੰਕਾ ਦੇ ਪੁਲ ਪਾਸ ਰਾਮੇਸ੍ਵਰ। ਦਵਾਰਕਾ ਪਾਸ ਨਾਗੇਸ਼ਵਰ ਔਰ ਕਾਸ਼ੀ ਵਿੱਚ ਵਿਸ਼ੇਸ੍ਵਰ. ਗਦਾਵਰੀ ਦੇ ਕਿਨਾਰੇ ਪੰਜਵੱਟੀ ਪਾਸ 'ਤ੍ਰਯੰਬਕ, ਹਿਮਾਲ ਵਿਚ ਕੇਦਾਰਨਾਥ (ਬਦਰੀਨਾਰਾਇਣ) ਔਰੰਗਾਬਾਦ ਦੱਖਣ ਵਿਖੇ ਧ੍ਰਿਖਣੇਸ਼ੁਰ 'ਜੇ ਉਹ ਦੁਆਦਸ ਸਿਲਾ ਪੂਜਾਵੈ (ਰਵਿਦਾਸ ਗੋਂਡ) ਬਾਰਾਂ ਪ੍ਰਕਾਰ ਦੀ ਦੇਵ ਪੂਜਾ ਭੀ ਮੰਨੀ ਜਾਂਦੀ ਹੈ। ਜਉ ਗੁਰ ਦੇਉਤ ਦੁਆਦਸ ਸੇਵਾ (ਭੈਰਉ ਨਾਮ ਦੇਵ) ਦੁਆਦਸਿ ਮੁਦ੍ਰਾ ਭਾਵ ਬ੍ਰਹਮ-ਚਾਰੀ ਦੇ ਚਿੰਨ ਦੁਆਦਸਿ ਮੁਦ੍ਰਾ ਮਨ ਅਉਧੂਤਾ।

(ਬਿਲਾਵਲ ਮ: ੧)॥

ਕੁਤਬ ਦੀ ਲਾਠ 'ਜੋ ਦਿੱਲੀ ਵੇਖੀ ਜਾਂਦੀ ਹੈ, ਇਹ ਕੁਤਬ ਦੀਨ ਐਬਕ ਦੇ ਬਾਦ ਬਣਾਈ ਸੀ। ਇਹ ਇਕ ਗ਼ਰੀਬ ਘਰ ਦਾ ਲੜਕਾ ਸੀ। ਇਕ ਸੌਦਾਗਰ ਨੇ ਇਸਨੂੰ ਮੁੱਲ ਖਰੀਦ ਕੇ ਸਹਾਬੁਦੀਨ ਗੌਰੀ ਨੂੰ ਭੇਟਾ (ਨਜ਼ਰ) ਕੀਤਾ। ਇਸ ਦਾ ਦਰਜਾ ਗੁਲਾਮਾਂ ਵਾਲਾ ਸੀ। ਇਸ ਹੋਣਹਾਰ

ਨੂੰ ਸੰਨ ੧੧੯੨ (ਸੰਮਤ ੧੨੫੦) ਵਿਚ ਭਾਰਤ ਨੂੰ ਫਤਹਿ ਕਰਨ ਪਿਛੋਂ ਅਪਣਾ ਪ੍ਰਤੀਨਿੱਧ ਥਾਪ ਦਿਤਾ ਔਰ ਇਸਨੇ ਸਹਿਨਸ਼ਾਹ ਬਣਕੇ ਗੁਲਾਮ ਹਕੂਮਤ ਦੀ ਨੀਂਹ ਰਖੀ। ਸੰਨ ਬਾਰਾਂ ਸੌ ਦਸ ਵਿਚ ਇਹ ਘੋੜੇ ਤੋਂ ਡਿੱਗ ਕੇ ਮਰ ਗਿਆ ਸੀ। ਇਸ ਨੇ ਇਕ ਮਸਜਿਦ ਬਣਵਾਈ ਸੀ ਜਿਸ ਦਾ ਨਾਮ 'ਕਵਤੁਲ ਇਸਲਾਮ' ਰਖਿਆ, ਸਤਾਈ ਹਿੰਦੂ ਮੰਦਰਾਂ ਨੂੰ ਢਹਾ ਕੇ ਉਨ੍ਹਾਂ ਦਾ ਮਲਵਾਂ ਇਸ ਪਰ ਲਗਾਇਆ ਸੀ। ਪਿਛੋਂ ਇਸ ਦੇ ਜਵਾਈ ਸ਼ਮਸੱਦੀਨ ਅਲਿਤਮਸ਼ ਬਾਦਸ਼ਾਹ ਨੇ ਕੁਤਬਮੀਨਾਰ (ਲੋਹੇ ਦੀ ਲਾਠ) ਬਣਾਈ। ਇਹ ਮੀਨਾਰ ਦੋ ਸੌ ਚਾਲੀ ਫੁੱਟ ਉੱਚੀ ਹੈ ਪਰ ਮਸੀਤ ਹਾਲੀਂ ਤੀਕ ਅਧੂਰੀ ਪਈ ਹੈ। ਇਸੇ ਤਰ੍ਹਾਂ ਦੀ ਮਹਾਰਾਜਾ ਅਸ਼ੋਕ ਦੀ ਯਾਦਗਾਰ ਹੈ।

ਹੇਮੂ ਬਾਣੀਏ ਨੇ ਚੰਮ ਦੇ ਸਿੱਕੇ ਚਲਾਏ ਸੀ। ਇਹ ਬਾਣੀਆ ਦਿਲੀ ਪਤਿ ਸਲੀਮ ਸ਼ਾਹ ਦਾ ਅਹਿਲਕਾਰ ਸੀ। ਪਿਛੋਂ ਮਹੰਮਦ ਸ਼ਾਹ ਆਦਿਲ ਦੇ ਸਮੇਂ ਵਜ਼ੀਰ ਬਣਿਆ। ਇਸ ਨੇ ਸ਼ਾਹ ਅਕਬਰ ਦਾ ਵਿਰੋਧ ਕੀਤਾ ਸੀ ਔਰ ਮੁਗ਼ਲ ਫੌਜ ਨੂੰ ਹਰਾ ਕੇ ਇਸ ਨੇ ਆਗਰੇ ਪਰ ਕਬਜ਼ਾ ਕਰ ਲਿਆ ਔਰ ਬਾਦਸ਼ਾਹ ਅਖਵਾਉਣ ਲਗਿਆ ਆਪ ਨੂੰ ਬਿਕ੍ਰਮਾਜੀਤ ਕਹਾਉਂਦਾ। ਇਹ ਅਖੀਰ ਪਾਨੀਪਤ ਦੇ ਜੰਗ ਵਿਚ ਵਜ਼ੀਰ ਬੈਰਮ ਖਾਂ ਦੇ ਹਥੋਂ ਜ਼ਖਮੀ ਹੋ ਕੇ ਗ੍ਰਿਫਤਾਰ ਹੋਇਆ। ਇਹ ਜੰਗ ਨਵੰਬਰ ਸੰਨ ੧੫੫੬ ਵਿਚ ਹੋਈ। ਹੇਮੂ ਨੇ ਚੰਮ ਦੇ ਸਿਕੇ ਚਲਾਏ ਇਹ ਇਕ ਕਹਾਉਤ ਹੈ।

ਖਾਫ਼ੀ ਖਾਂ ਮੁੰਤਖਿਬਉਲ ਲੁਬਾਬ ਨਾਮੀਂ ਤਵਾਰੀਖ ਦਾ ਕਰਤਾ ਸੀ। ਇਸ ਨੇ ਸੰਨ ੧੫੧੯ ਤੋਂ ਲੈ ਕੇ ੧੭੧੮ ਤੱਕ ਦੇ ਹਾਲ ਲਿਖੇ ਹਨ ਭਾਵ ਬਾਦਸ਼ਾਹ ਅਕਬਰ ਤੋਂ ਲੈ ਕੇ ਮੁਹੰਮਦ ਸ਼ਾਹ ਤਕ ਦੀ ਤਾਰੀਖ ਲਿਖੀ। ਔਰੰਗਜ਼ੇਬ ਦਾ ਹੁਕਮ ਸੀ ਕਿ ਕੋਈ ਤਵਾਰੀਖ ਨ ਲਿਖੇ ਪਰ ਇਹ ਖੁਫੀਆ ਤੌਰ ਪਰ ਲਿਖਦਾ ਗਿਆ। ਇਸ ਨੇ ਆਪਣੀ ਕਿਤਾਬ ਸੰਨ ੧੭੩੨ ਵਿਚ ਪ੍ਰਗਟ ਕੀਤੀ। ਇਸ ਦਾ ਅਸਲ ਨਾਮ ਮੁਹੰਮਦ ਹਾਸ਼ਮ ਸੀ। ਖਾਫ਼ੀ ਖਾਨ ਉਸ ਦੇ ਪਿੰਡ ਖ਼ੁਆਫ ਤੋਂ ਪ੍ਰਸਿਧ ਸੀ। ਮੁਹੰਮਦ

ਸ਼ਾਹ ਨੇ ਉਸ ਨੂੰ ਖਾਫੀ ਖਾਂ ਦੀ ਉਪਾਧੀ ਦਿਤੀ ਸੀ।

'ਬਾਜਾ ਮਾਣੁ ਤਾਣੁ ਤਜਿ ਤਾਨਾ' ਰਾਮਕਲੀ ਮ: ੫ ਗੁਰਬਾਣੀ ਗਾਇਨ ਵਿਚ ਤਾਨਾ ਨੂੰ ਤਰਜੀਹ ਨਹੀਂ ਦਿਤੀ। ਸੰਗੀਤ ਦਮੋਦਰ ਦੇ ਮੱਤ ਮੂਜਬ ੪੯ ਤਾਨ ਮੰਨੇ ਹਨ। ਸੰਗੀਤਿਸਾਰ ਅਨੁਸਾਰ ਚੌਰਾਸੀ ਹਨ। ਵੈਸੇ ਮੁਖ ਦੋ ਹੀ ਹਨ ਆਰੋਹੀ ਤੇ ਅਵਰੋਹੀ। ਭਾਵ ਹੇਠੋਂ ਉੱਪਰ ਨੂੰ ਜਾਣਾ ਆਰੋਹੀ ਔਰ ਉਪਰਲੇ ਸੁਰਾਂ ਤੋਂ ਨੀਚੇ ਨੂੰ ਜਾਣਾ ਅਵਰੋਹੀ ਕਹੀਦਾ ਹੈ। ਸੁਰਾਂ ਸਤ ਹਨ ਜਿਹਾ ਕਿ ਸਾਰੇ ਗਾਮਾ ਆਦਿ ਆਤਚਿਕ, ਗਥਿਕ, ਸਾਮਿਕ, ਸੂਰਾਂਤਰ, ਓੜਵ. ਸੰਪੂਰਣ, 'ਸਤਾਂ ਸੁਰਾਂ' ਨੂੰ ਮੰਨਦੇ ਹਨ। ਤਾਨ ਦੇ ਦੋ ਭੇਦ ਕਲਪੇ ਹਨ। ਸ਼ੁਧ ਔਰ ਕੂਟਤਾਨ ਭਾਵ ਸਿਧੇ ਔਰ ਟੇਢੇ ਸੁਰ। ਪਰ ਰਾਗੁ ਅਸਲੋਂ ਪ੍ਰੇਮ ਹੈ ਅਤੇ ਪ੍ਰੇਮ ਰਹਿਤ ਇਕ ਕਰਤੱਵ ਹੀ ਹੈ।

ਜੰਤ੍ਰੀਆਂ ਵਿਚ ਸਤਾਈਸ ਨਖਯਤਰ (ਨਕੱਤ੍ਰ) ਲਿਖੇ ਹਨ 'ਇਹ ਤਾਰਾ-ਮੰਡਲ ਦਾ ਇਕ ਗਰੋਹ ਹੈ। ਜੋ ਕਿ ਚੰਦ੍ਰਮਾ ਦਾ ਰਸਤਾ ਬਣਾਉਂਦਾ ਹੈ। ਸਤਾਈਆ ਦੇ ਨਾਮ ਇਕੁਰ ਹਨ :— ਅਸ਼੍ਵਨੀ, ਭਰਣੀ, ਕ੍ਰਿਤਕਾ, ਰੋਹਿਣੀ, ਮ੍ਰਿਗ ਸ਼ਿਰਾ ਆਦ੍ਰੀ, ਮਘਾ, ਸਲੇਸ਼ਾ, ਪੁਨਰਵਸ਼, ਪੁਖਯ, ਚਿਤ੍ਰਾ, ਹਸਤ, ਉਤਰਾਫਲਗਾਨੀ, ਮੂਲ, ਪਰਵਾ ਸਾਢਾ, ਜਯੇਸ਼ਠਾਂ, ਅਨਰਾਧਾ, ਸ੍ਵਾਂਤੀ, ਵਿਸਾਖਾ, ਉਤਰਾਸਾਢਾ, ਸਤਭਿਸ਼ਾ, ਧਨਿਸ਼ਠਾ, ਸ੍ਰਵਣ, ਪੂਰਵਭ੍ਰਪਦਾ, ਉਤ੍ਰ ਭਦ੍ਰਾਪਦਾ ਔਰ ਰੇਵਤੀ। ਹਿੰਦੂਆਂ ਨੇ ਨਖਯਤ੍ਰਾਂ ਤੋਂ ਹੀ ਮਹੀਨਿਆਂ ਦੇ ਨਾਮ ਧਰੇ ਹਨ ਜਿਵੇਂ ਕਿ ਵੈਸਾਖਾ ਜਯੇਸਠਾ, ਆਦਿ ਇਕਰ ਸਤਾਂ ਦਿਨਾਂ ਦੇ ਨਾਮ ਨੌ ਗ੍ਰਹਿਆਂ ਦੇ ਨਾਮਾਂ ਪਰ ਰਖੇ ਹਨ। ਚੰਦ੍ਰਮਾ ਨਖਯੱਤ੍ਰਾਂ ਦੇ ਰਾਹ ਪ੍ਰਿਥਵੀ ਪਰ ਪਰਿਕ੍ਰਮਾ ਕਰਦਾ ਹੈ, ਜੋਤਸ਼ ਵਿਦਿਆ ਇਸੇ ਹਿਸਾਬ ਨਾਲ ਚਲਦੀ ਹੈ।

ਨਵਧਾ ਭਗਤੀ ਹਿੰਦੂ ਗ੍ਰੰਥਾਂ ਵਿਚ ਇਸ ਦਾ ਲਮਾ ਵੇਰਵਾ ਹੈ। ਜਿਨਾਂ ਦੇ ਨਾਮ ਇਕੁਰ ਹਨ :— ਸ੍ਰਵਣ, ਕੀਰਤਨ, ਸਿਮਰਣ, ਪਾਦਸ਼ੇਵਨ, ਅਰਚਨ, ਵੇਦਨ, ਸਖਯ, ਦਾਸਯ, ਆਤਮ ਨਵੇਦਨ, ਭਗਤ ਨਵੈ ਪ੍ਰਕਾਰਾ ॥ ਮ: ੫ ਨਵਧਾ ਭਗਤ ਰਿਦੇ ਅਤਿ ਜਾਗੀ। ਸਿਖ ਧਰਮ ਵਿਚ ਪ੍ਰੇਮਾ ਭਗਤੀ

ਪ੍ਰਧਾਨ ਮੰਨੀ ਹੈ। 'ਨਾਨਕ ਸੋਈ ਦਿਨਸੁ ਸੁਹਾਵੜਾ, ਜਿਤੁ ਪ੍ਰਭ ਆਵੈ ਚਿਤਿ ॥ ਗਉੜੀ ਮ: ੫ ॥

ਮਨੁ ਸਿਮ੍ਰਤੀ ਨੇ ਇੱਕੀ ਨਰਕ ਕਲਪੇ ਹਨ। ਪੜ੍ਹੋ ਅਧਿਆਇ ੪ ਦੇ ਸ਼ਲੋਕ ਅਠਾਸੀ ਤੋਂ ਚਰਾਨਵੇਂ ਤੀਕ। ਕਈਆਂ ਨੇ ਛਿਆਸੀ ਲਿਖਿਆ ਹੈ। ਅਸਲੋਂ ਸੁਕਰਮ ਸੁਵਰਗ ਹਨ ਔਰ ਕੁਕਰਮ ਨਰਕ ਹਨ। ਮੁਸਲਮਾਨਾਂ ਨੇ ਦੋਜ਼ਖ, ਜਹੱਨੁਮ ਆਦਿ ਅਡਰੇ ਦਸੇ ਹਨ। ਹਿੰਦੂ ਸਵਰਗ ਔਰ ਮੁਸਲਮਾਨ ਬਹਿਸ਼ਤ ਕਹਿੰਦੇ ਹਨ। ਕਵਨ ਨਰਕ ਕਿਆ ਸੁਰਗ ਬਿਚਾਰ, ਸੰਤਨ ਦੋ ਊਰਾਦੇ। (ਕਬੀਰ ਰਾਮਕਲੀ)

ਦਸ ਦਿਸ਼ਾ ਭਾਵ ਦਸ ਪਾਸੇ। ਆਮ ਤੌਰ ਪਰ ਦਸ ਦਿਸ਼ਾ ਮੰਨੀਆਂ ਹਨ। ਪੂਰਬ, ਪਛਮ, ਉੱਤਰ ਔਰ ਦੱਖਨ। ਇਨ੍ਹਾਂ ਦੇ ਚਾਰੇ ਕੋਨਿਆਂ ਨੂੰ ਉਪਦਿਸ਼ਾ (ਕੋਣਾ) ਕਹਿੰਦੇ ਹਨ। ਪੱਛਮ, ਦੱਖਣ ਦੇ ਵਿਚਕਾਰ ਨੈਰਿਤੀ ਕੋਣ, ਦੱਖਣ ਔਰ ਪੂਰਬ ਦੇ ਵਿਚਕਾਰਲੀ ਅਗਨ ਕੋਣ, ਪੱਛਮ ਔਰ ਉੱਤਰ ਦੇ ਵਿਚਾਲੇ ਦੀ ਵਾਯਵੀ ਕੋਣ, ਪੂਰਬ ਔਰ ਉੱਤਰ ਦੇ ਵਿਚਕਾਰ ਦੀ ਨੂੰ ਈਸ਼ਾਨ ਕੋਣ ਕਹਿੰਦੇ ਹਨ। ਉਕਤ ਅਠਾਂ ਦਿਸ਼ਾਂ ਤੋਂ ਬਿਨਾਂ ਊਰਧ ਔਰ ਅਧੋ ਭਾਵ ਹੇਠਾਂ ਉੱਪਰ (ਅਸਮਾਨ) ਦੋਨੋਂ ਮਿਲਾਕੇ ਦਸ ਹੋਈਆਂ। ਹਿੰਦੂ ਲੋਕ ਸਫਰ ਲਈ ਪੱਛਮ ਵਾਸਤੇ ਸ਼ੁਕਰ ਔਰ ਐਤਵਾਰ, ਔਰ ਉੱਤਰ ਹਿਤ ਮੰਗਲ ਔਰ ਬੁਧ, ਪੂਰਬ ਵਲ ਜਾਣ ਲਈ ਸ਼ਨੀਵਾਰ, ਦੱਖਣ ਵਲ ਸੋਮ ਔਰ ਵੀਰਵਾਰ ਚੰਗਾ ਮੰਨਦੇ ਹਨ।

ਦਿਸ਼ਾ ਦੇ ਪਾਲਣੇ ਵਾਲੇ ਦੇਵਤੇ ਦਿਕਪਾਲ ਕਹੀਦੇ ਹਨ ਜਿਹਾ ਕਿ ਪੂਰਵ ਦਾ ਇੰਦਰ, ਅਗਨਿ ਕੋਣ ਦਾ ਅਗਨ, ਦਖਣ ਦਾ ਯਮ, ਨੈਰਿਤੀ ਕੋਣ ਦਾ ਨੈਰਤਿ ਨਾਮੀਂ ਰਾਖਸ਼। ਪੱਛਮ ਦਾ ਵਰਣ ਦੇਵਤਾ। ਵਾਯਵੀ ਕੋਣ ਦਾ ਵਾਯੂ, ਉੱਤਰ ਵਲ ਦਾ ਕੁਬੇਰ, ਈਸ਼ਾਨ ਕੋਣ ਦਾ ਸ਼ਿਵ ਜੀ। ਉਪਰਲੀ ਦਿਸ਼ਾ ਵਲ ਬ੍ਰਹਮਾ, ਹੇਠਲੀ ਦਿਸ਼ਾ ਵਲ ਸ਼ੇਸ਼ ਨਾਗ, ਜਿਸ ਦਿਸ਼ਾ ਵਲ ਜਾਣਾ ਹੋਵੇ ਉਸੇ ਦੀ ਪੂਜਾ ਕਰਕੇ ਜਾਂਦੇ ਹਨ। ਕਈਆਂ ਨੇ ਦਿਗਪਤਿ ਅੱਠ ਲਿਖੇ ਹੈ, ਅੱਠ ਹਾਥੀ ਔਰ ਅੱਠ ਹੱਥਨੀਆਂ ਨੂੰ ਦਿਗਲਪਾਲ ਕਿਹਾ

ਹੈ, ਇਹ ਪ੍ਰਿਥਵੀ ਨੂੰ ਬੱਮੀ ਖਲੋਤੇ ਦਸੇ ਹਨ। (ਜੰਤ੍ਰੀਆਂ ਵਿਚ ਕਾਫੀ ਹਾਲ ਮਿਲਦੇ ਹਨ)

ਤਮਾਕੂ ਸ਼ਬਦ ਦੀ ਪਰਿਵਿਰਤੀ ਅਮਰੀਕਾ ਦੀ ਬੋਲੀ ਟੁਬੈਕੋ ਤੋਂ ਹੋਈ ਹੈ। ਦਸਿਆ ਹੈ ਕਿ ਇਸ ਦੀ ਉਤਪਤੀ ਅਮਰੀਕਾ ਵਿਚ ਹੋਈ ਸੀ। ਔਰ ਪਹਿਲਾਂ ਇਸਨੂੰ ਉਥੇ ਦੇ ਹਬਸ਼ੀ (ਜਾਂਗਲੀ) ਵਰਤਦੇ ਸਨ। ਯੂਰਪ ਵਿਚ ਇਸ ਦਾ ਪ੍ਰਚਾਰ ਸੰਨ ੧੫੬੦ ਤੋਂ ਹੋਇਆ ਸੀ। ਪਹਿਲਾਂ ਇਹ ਯੂਰਪ ਵਿਚ ਨਹੀਂ ਸੀ। ਸੰਸਕ੍ਰਿਤ ਦੇ ਗ੍ਰੰਥਾਂ ਵਿਚ ਇਸ ਨੂੰ ਤਮਾਲ ਪੱਤ੍ਰ ਔਰ ਤਾਮ੍ਰਕੂਟ ਆਦਿ ਕਿਹਾ ਹੈ। ਇਸ ਦੀ ਵਰਤੋਂ ਭਾਰਤ ਵਿਚ ਪੁਰਤਗਾਲ ਦੇ ਵਪਾਰੀਆਂ ਨੇ ਸੰਨ ੧੬੦੫ ਤੋਂ ਚਾਲੂ ਕੀਤੀ, ਔਰ ਤਮਾਕੂ ਬੀਜ ਸਮੇਤ ਭਾਰਤ ਵਿਚ ਲਿਆਂਦਾ ਸੀ। ਮੁਸਲਮਾਨਾ ਨੇ ਇਸ ਨੂੰ ਮਕਰੂਹ ਮੰਨਕੇ ਮਸੀਤਾਂ ਵਿਚ ਦਾਖਲ ਨਹੀਂ ਹੋਣ ਦਿਤਾ। ਵਹਾਬੀ ਮੁਸਲਮਾਨ ਸਖਤ ਪ੍ਰਹੇਜ਼ੀ ਹਨ। ਸਿੱਖ ਧਰਮ ਨੇ ਇਸ ਦਾ ਪੂਰਨ ਬਾਈਕਾਟ ਕਰ ਦਿਤਾ ਔਰ ਬਜਰ ਕੁਰਹਿਤ ਠਹਿਰਾਇਆ। ਇਸ ਦੇ ਸੇਵਨ ਕਰਨੇ ਵਾਲੇ ਨੂੰ ਪੱਤਤ ਮੰਨਿਆ ਹੈ। ਸਿੱਖ ਬੋਲਿਆਂ ਵਿਚ ਇਸ ਨੂੰ ਜਗਤ ਜੂਠ ਕਿਹਾ ਹੈ ਜਿਹਾ ਕਿ "ਜਗਤ ਜੂਠ ਤੇ ਰਹੀਐ ਦੂਰਿ ਗੰਦਾ ਧੂਮ ਬੰਸ ਤੇ ਤਿਆਗਹੁ ਅੰਤ ਗਲਾਂਨਿ ਇਸ ਤੇ ਧਰ ਭਾਗਹੁ (ਸੂਰਜ ਪ੍ਰਕਾਸ਼) ਇਸ ਦਾ ਨਾਮ ਬਿਖਯਾ ਹੈ। 'ਬਿਖਯਾ ਕਿਰਿਆ ਭੂਦਨ ਤਯਾਗੋ।' (ਰਹਿਤਨਾਮਾ) ਤਮਾਕੂ ਇਕ ਖਤਰਨਾਕ ਜ਼ਹਿਰ ਹੈ। 'ਦਿਲ ਔਰ ਦੀਮਾਗ਼ ਨੂੰ ਨੁਕਸਾਨ ਦੇਹ ਹੈ।'

ਨੌਸ਼ੀਰਵਾਂ ਪ੍ਰਸਿਧ ਰਾਜਾ ਜੋ ਕਿ ਇਨਸਾਫ਼ ਕਰਦਾ ਸੀ, ਇਹ ਕਬਾਦ ਦਾ ਬੇਟਾ ਅਗਨੀ ਦਾ ਪੁਜਾਰੀ ਸੀ। ਇਹ ਸੰਨ ੫੩੧ ਨੂੰ ਤਖਤ ਪਰ ਬੈਠਿਆ ਔਰ ਈਰਾਨ ਦਾ ਰਾਜਾ ਬਣਿਆ। ਅਠਤਾਲੀ ਸਾਲ ਅਦਲ ਦਾ ਰਾਜ ਕੀਤਾ। ਨੌਸ਼ੀਰਵਾਂ ਦੇ ਰਾਜ ਸਮੇਂ ਮੁਹੰਮਦ ਸਾਹਿਬ ਜਨਮਿਆ ਸੀ। ਨੌਸ਼ੀਰਵਾਂ ਦੀ ਪ੍ਰਸਿੱਧੀ ਇਸ ਕਰਕੇ ਵਧੀ ਕਿ ਉਸ ਨੇ ਕਸੂਰੀ ਸਿੱਧ ਹੋਣ ਪਰ ਆਪਣੇ ਪੁਤਰ ਨੂੰ ਫ਼ਾਂਸੀ ਪਰ ਚੜ੍ਹਾ ਦਿਤਾ ਸੀ।

ਸਰਪਾਂ ਅਥਵਾਂ ਨਾਗਾਂ ਦੀਆਂ ਪ੍ਰਸਿੱਧ ਦਸ ਕੁਲਾਂ (ਕਿਸਮਾਂ) ਮੰਨੀਆਂ ਹਨ। ਜਿਹਾ ਕਿ ਅਨੰਤ, ਵਾਸਿਕ, ਕੰਬਲ, ਕਕੋਟ, ਪਦਮ, ਮਹਾਂ ਪਦਮ, ਕੁਲਿਕ, ਸੰਖ ਤੱਖਕ ਨਾਗ ਨੂੰ ਨੌਵਾਂ ਮੰਨਿਆ ਹੈ। ਹਿੰਦੂ ਲੋਕ ਨਾਗ ਪੰਚਮੀ ਨੂੰ ਨਾਗਾਂ ਦੀ ਪੂਜਾ ਕਰਦੇ ਹਨ। ਇਸ ਦਿਨ ਬ੍ਰਹਮਾ ਨੇ ਨਾਗਾਂ ਨੂੰ ਵਰ ਦਿਤਾ ਸੀ। ਸ਼ੇਸ਼ ਨਾਗ ਨੂੰ ਨਾਗਾਂ ਦਾ ਰਾਜਾ ਕਿਹਾ ਹੈ ਜੋਕਿ ਵਿਸ਼ਨੂੰ ਦੀ ਸੇਜਾ ਦਾ ਕੰਮ ਦਿੰਦਾ ਹੈ। ਹਾਥੀਆਂ ਦਾ ਰਾਜਾ ਐਰਾਵਤ ਹਾਥੀ ਹੈ ਜੋ ਕਿ ਸਮੁੰਦਰ ਵਿਚੋਂ ਨਿੱਕਲਿਆ ਸੀ। ਨਾਗ ਮੇਧ ਭੀ ਇਕ ਯੱਗ ਹੈ। ਸਰਪਾਂ ਦੀ ਕੁਰਬਾਨੀ ਦਿੰਦੇ ਹਨ। ਰਾਜਾ ਜਨਮੇਜਾ ਨੇ ਸਰਪ ਮੇਧ ਯੱਗ ਕੀਤਾ ਸੀ।

ਪੰਜਾਬ ਵਿਚ ਸੰਨ ੧੯੬੧ ਦੀ ਮਰਦਮ ਸ਼ੁਮਾਰੀ ਅਨੁਸਾਰ ਸਿਖਾਂ ਦੀ ਗਿਣਤੀ ਅਗੇ ਲਿਖੇ ਮੂਜਬ ਹੈ। ਸਾਰੇ ਪੰਜਾਬ ਦੀ ਅਬਾਦੀ ਦੋ ਕਰੋੜ ਤਿੰਨ ਲੱਖ ੬੮੧੨ ਹੈ। ਇਸ ਵਿਚ ਹਿੰਦੂਆਂ ਦੀ ਅਬਾਦੀ ੧, ੨੯, ੨੯, ੬੪੫ ਸਿਖਾਂ ਦੀ ੬੭, ੬੯, ੧੨੯ ਅਤੇ ਦੂਜੀਆਂ ਚੋਹਾਂ ਘਟ ਗਿਣਤੀਆਂ ਦੀ ਅਬਾਦੀ ੫, ੪੪, ੦੭੫ ਹੈ।

ਸਿਖਾਂ ਦੀ ਸਭ ਤੋਂ ਵਧੇਰੇ ਵਸੋਂ ਦਾ ਜ਼ਿਲਾ ਅੰਮ੍ਰਿਤਸਰ ਹੈ ਜਿਥੇ ਸਿਖਾਂ ਦੀ ਗਿਣਤੀ ੯, ੯੦, ੩੪੪ ਹੈ ਤੇ ਦੂਜੇ ਨੰਬਰ ਤੇ ਜ਼ਿਲਾ ਫੀਰੋਜ਼ਪੁਰ ਤੇ ਤੀਜੇ ਨੰਬਰ ਤੇ ਜ਼ਿਲਾ ਬਠਿੰਡਾ ਹੈ। ਪੰਜਾਬ ਤੋਂ ਬਾਹਰ ਸਿਖਾਂ ਦੀ ਸਭ ਤੋਂ ਵਧ ਵਸੋਂ ਦਿਲੀ ਵਿਚ ੨,੦੩੯੧੬ ਹੈ, ਦੂਜੇ ਨੰਬਰ ਤੇ ਰਾਜਿਸਥਾਨ ਦਾ ਜ਼ਿਲਾ ਗੰਗਾ ਨਗਰ ਹੈ ਜਿਥੇ ਸਿਖਾਂ ਦੀ ਗਿਣਤੀ ੨,੧੪,੯੦੫ ਹੈ। ਪੰਜਾਬ ਤੋਂ ਬਾਹਰ ਸਿਖ ਵਸੋਂ ਅਨੁਸਾਰ ਉਤਰ ਪ੍ਰਦੇਸ਼ ਦਾ ਜ਼ਿਲਾ ਨੈਨੀਤਾਲ ਤੀਜੇ ਨੰਬਰ ਤੇ ਹੈ ਜਿਥੇ ੪੬, ੫੩੭ ਸਿਖ ਵਸਦੇ ਹਨ। ਚੌਥਾ ਨੰਬਰ ਜੰਮੂ ਜ਼ਿਲੇ ਦਾ ਹੈ ਜਿਥੇ ਸਿਖਾਂ ਦੀ ਗਿਣਤੀ ੩੨੭੮੮ ਹੈ, ਉਪਰੰਤ ਉਤਰ ਪ੍ਰਦੇਸ਼ ਦੇ ਜ਼ਿਲੇ ਰਾਮਪੁਰ ਦਾ ਨੰਬਰ ਹੈ ਜਿਥੇ ਸਿਖਾਂ ਦੀ ਵਸੋਂ ੨੫, ੨੪੫ ਹੈ ਉਪਰੰਤ ਕਾਨਪੁਰ (ਯੂ. ਪੀ.) ਵਿਚ ਸਿਖਾਂ ਦੀ ਵਸੋਂ ੨੪੩੯੭, ਅਲਵਰ (ਰਾਜਿਸਥਾਨ) ਵਿਚ ੨੩,੦੨੬ ਜ਼ਿਲ੍ਹਾ ਮੇਰਠ

(ਯੂ. ਪੀ.) ਵਿਚ ੨੧੭੯੮, ਡੇਹਰਾਦੂਨ (ਯੂ. ਪੀ.) ਵਿਚ ੧੭੯੦੪ ਤੇ ਯੂ. ਪੀ. ਦੇ ਜ਼ਿਲਾ ਪੀਲੀ ਭੀਤ ਵਿਚ ਸਿਖਾਂ ਦੀ ਵਸੋਂ ੧੬੬੩੧ ਹੈ।

ਭਾਰਤ ਤੋਂ ਬਾਹਰ ਰਹਿਣੇ ਵਾਲੇ ਸਿਖਾਂ ਦੀ ਆਬਾਦੀ, ਇਸ ਥੀਂ ਵਖਰੀ ਹੈ।

ਸੰਸਾਰ ਵਿਚ ਐਸਾ ਕੋਈ ਨਹੀਂ ਜੋ ਜੀਵਨਾ ਨਾ ਚਾਹੁੰਦਾ ਹੋਵੇ। ਮੌਤ ਪਾਸੋਂ ਹਰ ਇਕ ਜੀਵ ਜੰਤੂ ਅਥਵਾ ਪ੍ਰਾਣੀਮਾਤ੍ਰ ਡਰਦਾ ਹੈ। ਛਿਨ ਛਿਨ ਹਰ ਇਕ ਨੂੰ ਭੈ ਲਗਿਆ ਰਹਿੰਦਾ ਹੈ ਕਿ ਮਤਾਂ ਉਹ ਮਰ ਨਾ ਜਾਵੇ। ਦੁਖੀ ਹੋ ਕੇ ਮਰਨਾ ਯਾ ਆਤਮਘਾਤ ਕਰਨਾ ਵਖਰੀ ਚੀਜ਼ ਹੈ। ਨਿਰਾਸਾ ਜਾਂ ਹਾਦਸੇ ਆਦਿ ਨਾਲ ਮਰਨਾ ਖੁਸ਼ੀ ਦੀ ਮੌਤ ਨਹੀਂ ਹੈ। ਗੁਰਬਾਣੀ ਦਸਦੀ ਹੈ ਕਿ ਖੁਸ਼ੀ ਨਾਲ ਮਰਨਾ ਕੋਈ ਪਸੰਦ ਨਹੀਂ ਕਰਦਾ।

ਬਹੁਤਾ ਜੀਵਨ ਮੰਗੀਐ ਮੁਆ ਨ ਲੋੜੈ ਕੋਇ ॥

ਵੈਸੇ ਹਰ ਇਕ ਨੂੰ ਪਤਾ ਹੈ ਕਿ ਉਸ ਨੇ ਅਖੀਰ ਨੂੰ ਮਰਨਾ ਜ਼ਰੂਰ ਹੈ। ਸਾਥ ਹੀ ਇਹ ਭੀ ਪਤਾ ਨਹੀਂ ਹੈ ਕਿ ਉਸ ਨੇ ਕਦੋਂ ਜਾਂ ਕਿਵੇਂ ਮਰਨਾ ਹੈ। ਫੁਰਮਾਇਆ ਹੈ—

ਹਮ ਆਦਮੀ ਹਾ ਇਕ ਦਮੀ ਮੁਹਲਤ ਮੁਹਤੁ ਨ ਜਾਣਾ।
ਨਾਨਕ ਬਿਨਵੈ ਤਿਸੈ ਸਰੇਵਹੁ ਜਾਕੇ ਜੀਅ ਪਰਾਣਾ।
ਅੰਧੇ ਜੀਵਨ ਵੀਚਾਰ ਦੇਖ ਕੇਤੇ ਕੇ ਦਿਨਾ।

ਮਾਨੁਖ ਦੀ ਉਮਰ ਇਕੋ ਦਮ ਵਾਲੀ ਹੈ, ਭਾਵ ਦਮ (ਸਵਾਸ) ਨਾ ਆਇਆ ਮਰ ਗਿਆ ਹੈ। ਏਸੇ ਕਰਕੇ ਇਸ ਨੂੰ ਆਦਮੀ (ਆਇਆ ਦਮੀ) ਕਿਹਾ ਹੈ। ਸਵਾਸ ਗਰਾਸ ਦਾ ਕੋਈ ਭਰੋਸਾ ਨਹੀਂ ਰਖ ਸਕਦਾ। ਪਰ ਆਦਮੀ ਨੂੰ ਮਰਣੇ ਦੀ ਚਿੰਤਾ [ਅੰਦੇਸਾ] ਅਤੇ ਜੀਉਣ ਦੀ ਆਸਾ ਸਦਾ ਲਗੀ ਰਹਿੰਦੀ ਹੈ ਜੇ ਇਹ ਨਾ ਹੋਵੇ ਤਾਂ ਮਰਨ ਜੀਵਨ ਕੋਈ ਵਸਤੂ ਹੀ ਨਹੀਂ ਹੈ ਜੋ ਇਸ ਨੂੰ ਛਡੇ ਆਜ਼ਾਦ ਹੋ ਜਾਂਦਾ ਹੈ। ਫੁਰਮਾਇਆ ਹੈ—

ਮਰਣੈ ਕੀ ਚਿੰਤਾ ਨਹੀ ਜੀਵਨ ਕੀ ਨਹੀ ਆਸ ॥
ਸਰਬ ਜੀਆ ਪ੍ਰਤਿਪਾਲ ਹੀ ਲੇਖੈ ਸਾਸ ਗਿਰਾਸ।

ਚਿੰਤਾ ਅਤੇ ਆਸ਼ਾ ਦਾ ਤਿਆਗ ਜੀਵਤ ਭਾਵ ਤੋਂ ਮਰਨ ਦੀ ਪਹਿਲੀ ਪਉੜੀ ਹੈ। ਦੂਜੀ ਪਉੜੀ ਹੈ:

ਸੋ ਜੀਵਤ ਜਿਹ ਜੀਵਤ ਜਪਿਆ,
ਪਰਗਟ ਭਏ ਨਾਨਕ ਨਹਿ ਛਪਿਆ ॥

ਅਵਿਨਾਸੀ ਕਰਤਾਰ ਦਾ ਸਿਮਰਨ ਕਰਨਾ ਜੀਵਨ ਦੀ ਅਵਸਥਾ ਹੈ—

ਨਾਨਕ ਸੋਈ ਜੀਵਿਆ ਜਿਨ ਇਕ ਪਛਾਤਾ ॥

ਇਕ ਪਰ ਨਿਸਚਾ ਕਰਨੇ ਪਰ ਦਵੈਤਾਂ ਆਪੇ ਨਾਸ ਹੋ ਜਾਂਦੀ ਹੈ।

ਕਰਤਾਰ ਤੋਂ ਬੇਮੁਖ ਹੋਣ ਵਾਲਿਆਂ ਨੂੰ ਜ਼ਿੰਦਾ ਨਾ ਸਮਝੋ, ਇਹ ਮੁਰਦੇ ਹਨ—

ਮਤ ਜਾਣਹੁ ਜਗ ਜੀਵਦਾ ਦੂਜੈ ਭਾਇ ਮੁਇਆਸ ॥
ਬਿਨ ਸਬਦੈ ਮੂਆ ਹੈ ਸਭ ਕੋਇ।

ਪੰਜਾਂ ਤਤਾਂ ਦਾ ਸਰੀਰ ਕਿਸੇ ਦਾ ਨਹੀਂ ਰਿਹਾ ਅਤੇ ਨਾ ਹੀ ਰਹੇਗਾ। ਇਹ ਅਟੱਲ ਨਿਯਮ ਹੈ। ਵੈਸੇ ਜੀਵ ਆਤਮਾ ਅਮਰ ਹੈ—

ਮਰਨਹਾਰ ਇਹੁ ਜੀਅਰਾ ਨਾਹੀ।

ਪਰ ਇਹ ਅਗਿਆਨ ਵਸ ਹੋਣੇ ਕਰਕੇ ਚੌਰਾਸੀ ਲਖ ਜੂਨਾਂ ਵਿਚ ਭੌਂਦਾ ਜਨਮ ਮਰਨ ਦੇ ਚੱਕ੍ਰ ਵਿਚ ਫਸਕੇ ਦੁਖ ਪੌਂਦਾ ਹੈ। ਜਦੋਂ ਤੀਕਰ ਇਸ ਨੂੰ ਪੂਰਨ ਗੁਰੂ ਨਾ ਮਿਲੇ, ਸੁਤੰਤ੍ਰ ਨਹੀਂ ਹੋ ਸਕਦਾ, ਦੁਖ ਸੁਖ ਭੋਗਦਾ ਫਿਰੀ ਜਾਵੇਗਾ।

ਲੋੜ ਹੈ, ਗੁਰੂ ਨੂੰ ਧਾਰਨ ਕਰਕੇ ਗੁਰਬਾਣੀ ਅਨੁਸਾਰ ਆਪਣੇ ਜੀਵਨ ਨੂੰ ਸੁਧਾਰ ਕੇ ਜੀਵਨ ਮੁਕਤ ਪਦਵੀ ਨੂੰ ਪ੍ਰਾਪਤ ਕਰੀਏ—

ਇਹੁ ਜਗਤ ਮਮਤਾ ਮੂਆ ਜੀਵਨ ਕੀ ਬਿਧਿ ਨਾਹਿ।
ਗੁਰ ਕੈ ਭਾਣੈ ਜੋ ਚਲੈ ਤਾ ਜੀਵਣ ਪਦਵੀ ਪਾਹਿ।

ਚਉਬੋਲੇ ਮਹੱਲਾ ੫

ਗੁਰਬਾਣੀ ਫੁਨਹੇ ਦੇ ਪਿਛੋਂ ਚਉਬੋਲੇ ਨਾਮ ਹੇਠਾਂ ਗਿਆਰਾਂ ਅੰਕਾਂ ਵਿਚ ਬਾਣੀ ਲਿਖੀ ਹੋਈ ਹੈ। ਜਿਸ ਦਾ ਪਹਿਲਾ ਅੰਕ 'ਸੰਮਨ ਜਉ ਇਸ ਪ੍ਰੇਮ ਕੀ' ਤੋਂ ਆਰੰਭ ਹੋ ਕੇ 'ਨਾਨਕ ਅਧਮ ਪਤੰਗ' ਪਰ ਭੋਗ ਪੈਂਦਾ ਹੈ। ਕਈਆਂ ਦਾ ਖਿਆਲ ਹੈ ਕਿ ਚਉਬੋਲੇ ਦੇ ਅਰਥ ਚਾਰ ਬੋਲੇ ਅਰਥਾਤ ਚੌਂਹ ਵਿਅਕਤੀਆਂ ਦੀ ਰਚਨਾ ਹੈ। ਜਿਹਾ ਕਿ ਸੰਮਨ ਮੂਸਨ ਜਮਾਲ ਪਤੰਗ ਨਾਮ ਲਿਤੇ ਜਾਂਦੇ ਹਨ। ਪਰ ਅਸਲੋਂ ਚਉਬੋਲੇ ਨਾਮ ਦਾ ਇਕ ਛੰਦ ਹੈ। ਜਿਸ ਨੂੰ ਕਵੀਸ਼ਰ ਸਮਝਦੇ ਹਨ। ਇਸ ਦਾ ਛੰਦ ਲੱਛਣ ਹੈ। ਚਾਰ ਚਰਣ, ਪ੍ਰਤਿ ਚਰਣ ਪੰਦਰਾਂ ਮਾਤਰਾਂ ਅੰਤ ਲਘੁ ਗੁਰੂ ਅਤੇ ਇਹ ਚੌਪਈ ਦੀ ਤਰਜ ਦਾ ਹੈ। ਚਉਬੋਲੇ ਛੰਦਾਂ ਦੇ ਹੋਰ ਭੀ ਕਈ ਭੇਦ ਵਿਦਵਾਨਾਂ ਨੇ ਲਿਖੇ ਹਨ, ਪਰ ਇਹ ਬਾਤ ਠੀਕ ਨਹੀਂ ਹੈ ਕਿ ਇਹ ਚਾਰਾਂ ਦੀ ਬਾਣੀ ਉਚਾਰੀ ਜਾਣ ਕਰ ਕੇ ਨਾਮ ਚਉਬੋਲੇ ਪਿਆ ਹੈ। ਅਣਜਾਣ ਸਜਣਾਂ ਨੇ ਚਾਰ ਨਾਮ ਜੋ ਕਲਪਤ ਕੀਤੇ ਹਨ, ਇਹ ਠੀਕ ਨਹੀਂ ਹਨ। ਗਿਆਰਵਾਂ ਅੰਕ ਦਸਦਾ ਹੈ ਕਿ ਪਤੰਗ ਨਾਮ ਦਾ ਕੋਈ ਪੁਰਸ਼ ਨਹੀਂ ਹੈ ਬਲਕਿ ਦੀਵੇ ਦੀ ਲਾਟ ਪਰ ਕੁਰਬਾਨ ਹੋਣੇ ਵਾਲਾ ਪਤੰਗ ਹੈ। ਪਤੰਗ ਯਾ ਪਰਵਾਨੇ ਦੀ ਮਿਸਾਲ ਕੁਰਬਾਨੀ ਦੇ ਜ਼ਿਕਰ ਕਰਨ ਸਮੇਂ ਆਮ ਦਿਤੀ ਜਾਂਦੀ ਹੈ। ਸੋਈ ਜ਼ਿਕਰ ਇਸ ਬਾਣੀ ਵਿਚ ਹੈ। ਗਿਆਰਵਾਂ ਅੰਕ ਇਉਂ ਹੈ: 'ਮਗਨੁ ਭਇਓ ਪ੍ਰਿਆ ਪ੍ਰੇਮ ਸਿਉ ਸੂਧ ਨ ਸਿਮਰਤ ਅੰਗ, ਪ੍ਰਗਟਿ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ ॥ ੧੧ ॥ ਇਸ ਸ਼ਲੋਕ ਦਾ ਭਾਵ ਅਰਥ ਇਸ ਤਰ੍ਹਾਂ ਹੈ: ਭਗਤ ਜਨ ਅਕਾਲ ਪੁਰਖ ਦੀ ਪ੍ਰੇਮਾ ਭਗਤੀ ਵਿਚ ਇਉਂ ਮਗਨ ਹੁੰਦੇ ਹਨ ਕਿ ਉਨ੍ਹਾਂ ਨੂੰ ਆਪਣੇ ਸਰੀਰ ਦੀ ਭੀ ਸੂਝ ਬੂਝ ਨਹੀਂ ਰਹਿੰਦੀ ਜਿਵੇਂ ਕਿ ਪਤੰਗਾਂ (ਪਰਵਾਨਾ) ਬਲ ਰਹੇ ਦੀਵੇ ਦੀ ਅਗਨ ਲਾਟ ਪਰ ਬੇਤਹਾਸ਼ਾ ਯਾ ਮਸਤ ਹੋਕੇ ਸੜ ਸਕਦਾ ਹੈ। ਹੇ ਨਾਨਕ! ਤੁਛ ਮਾਤਰ ਪਤੰਗਾ ਇਸੇ ਕਰ ਕੇ

ਸਾਰੇ ਸੰਸਾਰ ਵਿਚ ਪ੍ਰਸਿੱਧ ਹੈ। ਇਕਰ ਭਗਤ ਜਨ ਛੋਟੀ ਹਸਤੀ ਤੋਂ ਉਪਰ ਹੋ ਕੇ ਸੰਸਾਰ ਵਿਚ ਪ੍ਰਗਟ ਹੋ ਜਾਂਦੇ ਹਨ। ਸੋ ਉਕਤ ਛੰਤ ਵਿਚ ਪਤੰਗਾ ਸ਼ਬਦ ਕਿਸੇ ਵਿਅਕਤੀ ਯਾ ਭਗਤ ਆਦਿ ਦਾ ਨਾਮ ਨਹੀਂ ਹੈ। ਹਠਧਰਮੀ ਯਾ ਪੱਖਪਾਤ ਨਾਲ ਆਖੀ ਜਾਣਾ ਇਹ ਗਲਤੀ ਹੈ ਕਿ ਇਹ ਤਾਂ ਪਤੰਗ ਭਗਤ ਦੀ ਰਚਨਾ ਹੈ ਅਰਥਾਤ ਪੰਚਮ ਗੁਰੂ ਜੀ ਦੀ ਰਚਨਾ ਨਹੀਂ ਹੈ। ਇਸ ਤਰ੍ਹਾਂ ਨੌਵੇਂ ਅੰਕ ਵਿਚ ਜਮਾਲ ਸ਼ਬਦ ਆਉਣ ਕਰ ਕੇ ਕਈ ਸਜਣ ਉਸ ਨੂੰ ਕਿਸੇ ਜਮਾਲ ਨਾਮੀ ਸਜਣ ਦੀ ਰਚਨਾ ਕਹਿ ਕੇ ਰੌਲਾ ਪਾਉਂਦੇ ਵੇਖੀਦੇ ਹਨ।

ਹੁਸਨੁਲ ਜਮਾਲ ਹੈ, ਭਾਵ ਅਕਾਲ ਪੁਰਖ ਹੁਸਨ ਔਰ ਸੁੰਦਰਤਾ ਦਾ ਖਜ਼ਾਨਾ ਹੈ ਸੋ ਇਸੇ ਤਰ੍ਹਾਂ ਉਕਤ ਛੰਦ ਵਿਚ ਜਮਾਲ ਸ਼ਬਦ ਸੁੰਦਰਤਾ ਪ੍ਰਥਾਇ ਵਰਤਿਆ ਗਿਆ ਹੈ, ਨਾ ਕਿ ਕਿਸੇ ਦਾ ਨਾਮ ਹੈ। ਉਕਤ ਛੰਦ ਦਾ ਭਾਵ ਹੈ ਕਿ ਜਿਨ੍ਹਾਂ ਵਿਚ ਅੰਤ ਨੀਵਾਂ ਹੋਣਾ ਅਤੇ ਨਿੰਮ੍ਰਤਾ ਭਾਵਨਾ ਹੈ। ਉਨ੍ਹਾਂ ਦੀ ਕਰਨੀ ਕਮਾਈ ਕਮਲ ਦੀ ਭਾਂਤ ਸੁੰਦਰਤਾ ਪੂਰਤ ਹੈ। ਜੋ ਸੱਜਣ ਬਿਨਾਂ ਅਰਥ ਭਾਵ ਸਮਝ ਕੇ ਰੌਲਾ ਪੌਂਦੇ ਰਹਿੰਦੇ ਹਨ ਕਿ ਇਹ ਰਚਨਾ ਕਿਸੇ ਕਮਾਲ ਨਾਮੀ ਵਿਯਕਤੀ ਦੀ ਹੈ, ਝੂਠੇ ਹਨ। ਯਾ ਤੇ ਚਉਬੋਲੇ ਇਹ ਇਕ ਛੰਦ ਦੀ ਚਾਲ ਪਰ ਉਚਾਰੇ ਹਨ ਨਾਕਿ ਚਾਰ ਪੁਰਸ਼ਾਂ ਦੀ ਰਚਨਾ ਦਸਣ ਵਾਸਤੇ ਹਨ।

ਏਸੇ ਤਰ੍ਹਾਂ ਚਉਬੋਲਿਆਂ ਦੇ ਆਦਿ ਪਰ 'ਸੰਮਨ ਸ਼ਬਦ ਔਣ ਕਰ ਕੇ ਇਸ ਨੂੰ ਬਾਣੀ ਸੰਮਨ ਮੂਸਨ ਦੀ ਦਸਣਾ ਮਹਾਨ ਭੁਲ ਹੈ। ਸੰਮਨ ਮੂਸਨ ਬਾਰੇ ਇਕ ਮਨ ਘੜਤ ਸਾਖੀ ਸੁਣਾਈ ਜਾਂਦੀ ਹੈ ਕਿ ਇਨ੍ਹਾਂ ਨੇ ਇਕ ਸ਼ਾਹੂਕਾਰ ਦੀ ਚੋਰੀ ਕਰਕੇ ਪੰਚਮ ਗੁਰੂ ਜੀ ਅਥਵਾ ਸਿੱਖ ਸੰਗਤਾਂ ਨੂੰ ਲੰਗਰ ਛਕਾਇਆਂ ਸੀ। ਸੋ ਇਹ ਮਨ ਕਲਪਤ ਕਥਾ ਹੈ ਅਤੇ ਬਿਲਕੁਲ ਹੀ ਝੂਠੀ ਹੈ। ਨਾ ਹੀ ਸਿਖਾਂ ਨੇ ਚੋਰੀ ਕੀਤੀ ਸੀ ਅਤੇ ਨਾ ਹੀ ਗੁਰੂ ਜੀ ਨੇ ਚੋਰੀ ਦੇ ਮਾਲ ਦਾ ਲੰਗਰ ਛਕਿਆ ਸੀ, ਇਸ ਕਥਾ ਨੂੰ ਕਵੀਸ਼ਰਾਂ ਨੇ ਵਧਾ ਕੇ ਕਿੱਸੇ ਬਣਾ ਧਰੇ ਹਨ। ਜੋ ਬਿਨਾਂ ਸੋਚੇ ਸਮਝੇਦ ਚੋਰੀ ਕਰਨ ਦਾ

ਪ੍ਰਚਾਰ ਕਰਦੇ ਰਹਿੰਦੇ ਹਨ । ਚੋਰੀਆਂ ਕਰ ਕੇ ਲੰਗਰ ਚਲਾਉਣੇ ਨਾਜਾਇਜ਼ ਹਨ । ਐਸਾ ਪਰਚਾਰ ਹਰਗਿਜ਼ ਨਹੀਂ ਕਰਨਾ ਚਾਹੀਦਾ। ਸੰਮਨ ਤੇ ਮੂਸਨ ਕਿਸੇ ਨੇ ਦੋ ਭਾਈ, ਕਿਸੇ ਨੇ ਪਿਤਾ ਪੁਤਰ ਲਿਖੇ ਹਨ। ਮੂਸਨ ਦੇ ਅਰਥ ਚੋਰੀ ਕਰਨੇ ਵਾਲਾ ਬਣਨ ਕਰ ਕੇ ਚੋਰ ਹੀ ਥਾਪ ਲਿਆ ਹੈ। ਸੰਮਨ ਨਾਮੀ ਇਕ ਬ੍ਰਹਮ ਗਿਆਨੀ ਪੰਜਵੇਂ ਗੁਰੂ ਜੀ ਦਾ ਸਿਖ ਸੀ ਜੋ ਕਿ ਸ਼ਾਹਬਾਜ਼ਪੁਰ ਦੇ ਰਹਿਣੇ ਵਾਲੇ ਸੀ। ਭਾਈ ਗੁਰਦਾਸ ਜੀ ਨੇ ਹਵਾਲਾ ਦਿਤਾ ਹੈ ਅਤੇ ਸੂਰਜ ਪ੍ਰਕਾਸ਼ ਵਿਚ ਵੀ ਇਸ ਦਾ ਪ੍ਰਸੰਗ ਹੈ। ਜਿਹਾ ਕਿ 'ਸੰਮਨ ਹੈ ਸ਼ਾਹਬਾਜ਼ਪੁਰੇ ਕੋ' ਇਸ ਬਾਰੇ ਦਸਿਆ ਹੈ ਕਿ ਭਾਈ ਸੰਮਨ ਗੁਰੂ ਕਾ ਅਨਨ ਸਿੱਖ ਸੀ, ਔਰ ਗੁਰੂ ਕਾ ਹੁਕਮ ਮਨਣ ਵਿਚ ਲਾਸਾਨੀ ਸੀ। ਸਿਖਾਂ ਦੇ ਪੁਛਣੇ ਪਰ ਪੰਚਮ ਗੁਰੂ ਜੀ ਨੇ ਫੁਰਮਾਇਆ ਸੀ ਕਿ ਭਾਈ ਸੰਮਨ ਅਸਲੀ ਗੁਰਮੁਖ ਹੈ। ਇਸ ਦੇ ਦਰਸ਼ਨ ਕਰਨੇ ਸੇ ਗੁਰਮੁਖਤਾ ਪ੍ਰਾਪਤ ਹੁੰਦੀ ਹੈ। ਉਸ ਦੇ ਸੰਬਾਦ ਯਾ ਪਰੇਮ ਵਿਚ ਗੁਰੂ ਜੀ ਨੇ ਬਾਣੀ ਵਿਚ ਸੰਮਨ ਦਾ ਨਾਮ ਵਰਤਿਆ ਹੈ। ਪਰ ਇਹ ਰਚਨਾ ਸੰਮਨ ਦੀ ਨਹੀਂ ਹੈ, ਪੰਚਮ ਗੁਰੂ ਜੀ ਦੀ ਹੈ, ਸੰਮਨ ਮੂਸਨ ਦੀ ਆਖਣੀ ਮਹਾਨ ਗ਼ਲਤੀ ਹੈ।

ਖੋਜ ਔਰ ਵਿਚਾਰ ਨਿਰਣੇ

ਨੌਵੇਂ ਗੁਰੂ ਜੀ ਦੇ ਸ਼ਲੋਕਾਂ ਵਿਚ ਪ੍ਰਸ਼ਨੋਤ੍ਰੀ ਸ਼ਕਲ ਵਿਚ ਦੋਹਰੇ ਆਉਂਦੇ ਹਨ ! ਕਈ ਸੱਜਣ ਇਨ੍ਹਾਂ ਨੂੰ ਨੌਵੇਂ ਅਤੇ ਦਸਵੇਂ ਗੁਰੂ ਜੀ ਦੇ ਸਬੰਧ ਵਿਚ ਉਚਾਰੇ ਗਏ ਮੰਨ ਕੇ ਪਾਤਸ਼ਾਹੀ ੧੦ ਮੰਨਦੇ ਅਤੇ ਲਿਖਦੇ ਹਨ। ਕਈ ਕੁ ਪੁਰਾਣੀ ਲਿਖਤੀ ਬੀੜਾਂ ਪਰ ਪਾਤਸ਼ਾਹੀ ੧੦ ਲਿਖਿਆ ਹੈ ਜੋ ਕਿ ਭੁਲ ਹੈ। "ਬਲ ਛੁਟਕਿਓ ਬੰਧਨ ਪਰੇ" ਛੰਦ ਥੀਂ ਅਗੇ "ਬਲ ਹੋਆ ਬੰਧਨ ਛੁਟੇ" ਪਰ ਪਾਤਸ਼ਾਹੀ ੧੦ ਮੰਨਦੇ ਹਨ।

ਅਸਲ ਬਾਤ ਇਹ ਹੈ ਕਿ ਜਿਸ ਵੇਲੇ ਅਨੰਦਪੁਰ ਸਾਹਿਬ ਵਿਖੇ ਨਵਮ ਗੁਰੂ ਜੀ ਦੀ ਹਜ਼ੂਰੀ ਵਿਚ ਕਸ਼ਮੀਰੀ ਪੰਡਿਤ ਆਪਣੀ ਸਹਾਇਤਾ

ਲਈ ਪੁਕਾਰ ਕਰਨ ਆਏ ਸਨ, ਉਨ੍ਹਾਂ ਦੀ ਭਾਵਨਾ ਅਨੁਸਾਰ ਬਲ ਛੁਟਕਿਓ ਵਾਲਾ ਦੋਹਰਾ ਗੁਰੂ ਜੀ ਨੇ ਆਪ ਉਚਾਰਨ ਕੀਤਾ ਸੀ। ਅਗੇ ਉਸ ਦਾ ਉਤਰ ਰੂਪ ਦੋਹਰਾ, ਬਲ ਹੋਆ ਉਚਾਰਿਆ ਹੈ। ਗੁਰਬਾਣੀ ਵਿਖੇ ਇਸ ਤਰ੍ਹਾਂ ਹੋਰ ਭੀ ਪ੍ਰਸ਼ਨੋਤ੍ਰੀ ਬਚਨ ਹਨ ਜੈਸਾ ਕਿ "ਸਿੱਧ ਗੋਸਟ" ਹੈ। ਸਿੱਧਾਂ ਦੇ ਪ੍ਰਸ਼ਨ ਅਰ ਆਪਣੇ ਉਤਰ ਸਤਿਗੁਰ ਨਾਨਕ ਦੇਵ ਜੀ ਨੇ ਆਪ ਹੀ ਗੁੰਥਨ ਕੀਤੇ।

ਨਵਮ ਗੁਰੂ ਜੀ ਨੇ ਦਿੱਲੀ ਜਾਣ ਪਰ ਕੋਈ ਬਾਣੀ ਨਹੀਂ ਉਚਾਰੀ। ਬਲ ਛੁਟਕਿਓ ਆਦਿ ਦੋਹਰੇ ਪੰਡਿਤਾਂ ਦੀਆਂ ਪੁਕਾਰਾਂ ਰੂਪ ਹਨ। ਦਸਮ ਗੁਰੂ ਜੀ ਜੋ ਕਿ ਨਵਮ ਗੁਰੂ ਜੀ ਦੇ ਸਪੁਤ੍ਰ ਹਨ ਇਸਤਰ੍ਹਾਂ ਪੁਤਰ ਅਗੇ ਪਿਤਾ ਦੀ ਪੁਕਾਰ ਜਾਂ ਦੁਖਾਂ ਦਾ ਵਿਰਲਾਪ ਕਿਵੇਂ ਭੀ ਨਹੀਂ ਬਣ ਔਂਦਾ। ਇਹ ਦੋਹਰੇ ਪੰਡਤਾਂ ਵਲੋਂ ਹਨ, ਨਵਮ ਗੁਰੂ ਜੀ ਨੇ ਕਸ਼ਮੀਰੀ ਬ੍ਰਾਹਮਣਾਂ ਨੂੰ ਧੀਰਜ ਦਿਤੀ ਸੀ।

ਪੰਚਮ ਅਤੇ ਨੌਵੇਂ ਗੁਰੂ ਜੀ ਨੇ ਮਰਨ-ਵਰਤ ਧਾਰ ਕੇ ਸ਼ਹੀਦੀ ਨਹੀਂ ਪਾਈ ਸੀ ਅਤੇ ਨਾ ਹੀ ਉਨ੍ਹਾਂ ਦੀਆਂ ਮੰਗਾਂ ਰਾਜ, ਸੂਬਾ, ਦੌਲਤ ਅਥਵਾ ਸੰਸਾਰਿਕ ਸੁਖ ਸਨ ਬਲਕਿ ਸਿੱਖ ਧਰਮ ਤਾਂ ਸ਼ਹੀਦਾਂ ਨੂੰ ਰਾਜ ਅਤੇ ਸ਼ਕਤੀਆਂ ਆਦਿਕ ਤੋਂ ਵੀ ਨਿਰਲੇਪ ਰਖਦਾ ਹੈ। ਮਰਨ ਵਰਤ ਧਾਰਨ ਕਰਨਾ ਨਿਰੋਲ ਆਤਮਘਾਤ ਕਰਨ ਦਾ ਸਾਧਨ ਹੈ। ਇਸ ਨੂੰ ਸੱਤਯਾਗ੍ਰਹਿ ਆਖਣਾ ਭਾਰੀ ਧੋਖਾਦਹੀ ਹੈ। ਇਸ ਪ੍ਰਥਾਇ ਗੁਰੂ ਵਾਕ ਹਨ:—

ਮਨ ਮੁਖਿ ਅੰਧੇ ਸੁਧ ਨ ਕਾਈ॥
ਆਤਮਘਾਤੀ ਹੈ ਜਗਤ ਕਸਾਈ॥
ਮਨਮੁਖ ਮਰਹਿ ਮਰਨ ਵਿਗਾੜਹਿ॥
ਦੂਜੇ ਭਾਇ ਆਤਮ ਸੰਘਾਰਹਿ।

ਸੋ ਮਰਨ ਵਰਤ ਰਖਨਾ ਯਾ ਇਸ ਤਰ੍ਹਾਂ ਦੀ ਮੌਤੇ ਮਰਨਾ ਆਤਮਘਾਤ ਹੈ ਇਸ ਤਰ੍ਹਾਂ ਤਾਂ ਸੰਸਾਰ ਵਿਚ ਜੀਵਨ ਤੋਂ ਨਿਰਾਸ

ਵਧੇਰੇ ਪੁਰਸ਼ ਅਥਵਾ ਦੁਖਾਂ ਰੋਜਸ਼ਾਂ ਦੇ ਫੱਟੜ ਖੁਦਕਸ਼ੀ ਕਰਦੇ ਜਾਂਦੇ ਹਨ। ਉਹ ਸ਼ਹੀਦ ਤਾਂ ਕਿਤੇ ਰਹੇ ਉਨ੍ਹਾਂ ਨੂੰ ਅਧਰਮੀਆਂ ਵਿਚ ਦਰਜਾ ਮਿਲਦਾ ਹੈ। ਆਪਣੀ ਹੱਥੀਂ ਦੁਰਲੱਭ ਮੁਨਖਾ ਦੇਹੀ ਦਾ ਨਾਸ਼ ਕਰਨਾ ਕੋਈ ਧਰਮ ਯਾ ਅਕਲਮੰਦੀ ਨਹੀਂ ਕਹਾ ਸਕਦੀ। ਮਰਨਾ ਹੈ ਤਾਂ ਆਪੇ ਨੂੰ (ਹਉਮੈ ਹੰਕਾਰ) ਮਾਰੋ।

ਨਾਨਕ ਆਪ ਨ ਕਟਾਰੀ ਆਪਸ,
ਕਉ ਲਾਈ ਮਨ ਆਪਨਾ ਕੀਨੋ ਫਾਟ।
'ਧਰਮ ਹੇਤ ਸਾਕਾ ਜਿਨ ਕੀਆ,
ਸੀਸ ਦੀਆ ਪਰ ਸਿਰਰ ਨ ਦੀਆ।"

ਸਿੱਖ ਧਰਮ ਦੇ ਅਸੂਲਾਂ ਦੀ ਦ੍ਰਿੜ੍ਹਤਾ ਵਿਚ ਸ਼ਹੀਦ ਹੋਣਾ ਸ਼ਹੀਦੀ ਮਾਰਗ ਹੈ।

ਭਾਈ ਸੁੱਖਾ ਸਿੰਘ ਪਟਨਾ ਨਿਵਾਸੀ ਨੇ ਸੰਮਤ ੧੮੫੪ ਬਿ: ਵਿਚ 'ਗੁਰ-ਬਿਲਾਸ, ਪਾਤਸ਼ਾਹੀ ੧੦' ਲਿਖਿਆ ਸੀ। ਉਸ ਨੇ ਸਭ ਨਾਲੋਂ ਪਹਿਲਾਂ ਚਮਕੌਰ ਵਿਚ ਗੁਰ-ਗੱਦੀ ਦੇਣ ਬਾਰੇ ਸਾਖੀ ਘੜੀ, ਜੋ ਗੁਰੂ ਖਾਲਸੇ ਦੀ ਜਥੇਬੰਦੀ ਤੋਂ ਉਲਟ ਸਿੱਧ ਹੋਈ। ਆਪ ਨੇ ਲਿਖਿਆ ਕਿ ਚਮਕੌਰ ਦੀ ਗੜ੍ਹੀ ਵਿਖੇ ਗੁਰੂ ਜੀ ਨੇ ਭਾਈ ਸੰਗਤ ਸਿੰਘ ਬੰਗਾਲੀ ਨੂੰ ਗੁਰੂ ਗੱਦੀ ਦਿਤੀ ਸੀ:—

ਪੁਨ ਕਰੁਨਾਨਿਧ ਚਰਿੱਤ੍ਰ ਬਨਾਯੋ। ਬੰਗੇਸ਼ਵਰ ਨਿਜ ਨਿਕਟ ਬੁਲਾਯੋ।
ਸਭ ਹਥਿਆਰ ਅੰਗ ਤਿਹ ਡਾਰੀ। ਕਲਗੀ ਜਿਗਾ ਸੀਸ ਤਿਹ ਧਾਰੀ ੧੭੯।
ਨਿਜ ਆਸਨ ਪਰ ਤਿਸੈ ਬਠਾਯੋ। ਥਾਪੀ ਦੇ ਮਨ ਮੋਦ ਬਢਾਯੋ।
ਖੁਸੀ ਸਤਿਗੁਰ ਕਰਤਾਰਾ। ਦੂਤੈ ਅੰਗ ਜਨ ਆਪ ਸੁਧਾਰਾ। ੧੮੦
ਸੰਗਤ ਸਿੰਘ ਨਾਮ ਤਹਿ ਨਰ ਕੋ। ਸੇਵਕ ਆਦਿ ਨਾਥ ਕੇ ਘਰ ਕੋ।

ਇਹ ਲੰਮਾ ਪ੍ਰਸੰਗ ਅਧਿਆਇ ੨੧ ਵਿਖੇ ਆਉਂਦਾ ਹੈ, ਜਿਸ ਦਾ ਸਿੱਟਾ ਹੈ ਕਿ ਗੁਰੂ-ਗੱਦੀ ਭਾਈ ਸੰਗਤ ਸਿੰਘ ਨੂੰ ਦਿਤੀ। ਜੇਕਰ ਭਾਈ ਸੰਗਤ ਸਿੰਘ ਦੀ ਪੜਤਾਲ ਕਰਦੇ ਹਾਂ ਤਾਂ ਸਾਬਤ ਹੁੰਦਾ ਹੈ ਕਿ ਸੰਗਤੀਆ

ਸਿੰਘ ਸੰਮਤ ੧੭੫੯ ਬਿ: ਨੂੰ ਸੱਤ ਸਿੱਖਾਂ ਸਮੇਤ ਹੁਸੈਨੀ ਜੁੱਧ ਵਿਚ ਸ਼ਹੀਦ ਹੋ ਗਿਆ ਸੀ। ਇਹ ਰਾਜਿਆਂ ਵਿਚ ਸੁਲਾਹ ਕਰਾਉਣ ਦੇ ਖਿਆਲ ਨਾਲ ਮੱਧਯਸਤ ਹੋ ਕੇ ਗਿਆ ਸੀ, ਉਸ ਸਮੇਂ ਖੰਡੇ ਦੇ ਅੰਮ੍ਰਿਤ ਦਾ ਫੈਸਲਾ ਨਹੀਂ ਹੋਇਆ ਸੀ, ਵੈਸੇ ਹੀ ਨਾਮ ਸਿੰਘ ਸੀ। ਬਚਿੱਤ੍ਰ ਨਾਟਕ ਵਿਖੇ ਲਿਖਿਆ ਹੈ—

ਸਿੰਘ ਸੰਗਤੀਆ ਤਹਾਂ ਪਠਾਏ।
ਸਾਤ ਸ੍ਵਾਰਨ ਕੇ ਸਹਿਤ ਜੂਝੇ ਸੰਗਤ ਰਾਇ।

ਆਮ ਤੌਰ ਪਰ ਇਸ ਨੂੰ ਸੰਗਤੀਆ ਹੀ ਆਖਦੇ ਹਨ। ਇਸ ਤੋਂ ਸਾਬਤ ਹੁੰਦਾ ਹੈ ਕਿ ਭਾਈ ਸੁੱਖਾ ਸਿੰਘ ਦੀ ਸਾਖੀ ਘਾੜਤ, ਮਨ-ਕਲਪਤ ਅਥਵਾ ਕਿਸੇ ਦੇ ਇਸ਼ਾਰੇ ਨਾਲ ਲਿਖੀ ਹੈ। ਸੰਮਤ ੧੮੪੧ ਬਿ: (੧੭੮੪ ਈ:) ਪਟਨੇ ਵਿਖੇ ਲਾਰਡ ਹੇਸਟਿੰਗ ਦੀ ਹਕੂਮਤ ਦਾ ਹੱਥ ਸੀ। ਸ੍ਰੀ ਗੁਰੂ ਸੋਭਾ ਗ੍ਰੰਥ, ਜੋ ਕਿ ਹਜ਼ੂਰੀ ਸਿੱਖਾਂ ਨੇ ਲਿਖਿਆ ਸੀ, ਉਸ ਵਿਚ ਭੀ ਦਸਿਆ ਹੈ ਕਿ ਸੰਗਤ ਸਿੰਘ ਪਹਿਲਾਂ ਹੀ ਸ਼ਹੀਦ ਹੋ ਗਿਆ ਸੀ। ਬਾਬਾ ਸਮੇਰ ਸਿੰਘ ਨੇ ਲਿਖਿਆ ਹੈ ਕਿ ਸੰਗਤ ਰਾਇ (ਸੰਗਤ ਸਿੰਘ) ਦੇ ਹੱਥ ਕੱਟ ਕੇ ਪਹਾੜੀਆਂ ਨੇ ਉਸ ਨੂੰ ਦੇਵੀ ਦੀ ਭੇਟ ਦਿਤਾ ਸੀ, ਪਰ ਇਸ ਦਾ ਸਬੂਤ ਕਿਧਰੋਂ ਭੀ ਨਹੀਂ ਮਿਲਦਾ। ਇਹੋ ਗੱਲ ਠੀਕ ਹੈ ਕਿ ਉਹ ਜੰਗ ਵਿਚ ਸ਼ਹੀਦ ਹੋਇਆ ਹੈ—

ਲੀਏ ਸਾਤ ਸਿਖ ਕੀਏ ਲੋਹ ਭਾਰੇ। ਜੂਝੇ ਸੰਗਤ ਸਿੰਘ ਦੁਰਗੈ ਸਿਧਾਰੇ।

(ਸ੍ਰੀ ਗੁਰੂ ਸੋਭਾ, ਅ: ੪, ਅੰਕ ੧੧੪)

ਗਿਆਨੀ ਗਿਆਨ ਸਿੰਘ ਨੇ ਵੱਖਰੀ ਸਾਖੀ ਘੜੀ ਹੈ।

ਸ਼੍ਰੋਮਣੀ ਭਾਈ ਸੰਤ ਸਿੰਘ ਨੂੰ ਦੱਸ ਕੇ ਗੁਰਤਾ ਦੇਣੀ ਲਿਖ ਦਿਤੀ। ਪੰਜਾਂ ਸਿੰਘਾਂ ਦੇ ਨਾਮ ਇਉਂ ਲਿਖੇ ਹਨ—

"ਦਿਆ ਸਿੰਘ ਅਰ ਧਰਮ ਸਿੰਘ,
ਮਾਨ ਸਿੰਘ ਤੀਜੋ ਬਲਬੀਰ।
ਸੰਗਤ ਸਿੰਘ ਸੰਤਨ ਸਿੰਘ ਪੰਚਮ,

ਤਿਨ ਹੂੰ ਬਠਾਯੋ ਦੇਕਰ ਧੀਰ।
ਗੁਰਤਾ ਅਰਪਣਾ ਲਗੇ ਖਾਲਸੇ,
ਪੰਚ ਸਿੰਘ ਤਿਸ ਸੋਹਿ ਸਰੀਰ।

(ਰੁਤ ੬, ਅੰਸੂ ੪੨)

ਇੱਕਰ ਪਹਿਲੇ ਦੋਹਾਂ ਦੀ ਚਰਚਾ ਛੱਡ ਕੇ ਤਿੰਨ ਹੋਰ ਪਾ ਕੇ ਪੰਜ ਲਿਖ ਦਿਤੇ। ਹਾਲਾਂਕਿ ਪਹਿਲੀਆਂ ਲਿਖਤਾਂ ਤੋਂ ਇਹ ਸਾਬਤ ਸੀ ਕਿ ਭਾਈ ਸੰਗਤ ਸਿੰਘ ਅਤੇ ਭਾਈ ਸੰਤ ਸਿੰਘ ਸ਼ਹੀਦ ਹੋ ਚੁਕੇ ਸਨ। ਇਨ੍ਹਾਂ ਕਥਾਵਾਂ ਦਾ ਫਲ ਇਹ ਨਿਕਲਿਆ ਕਿ ਭਾਈ ਸੰਤ ਸਿੰਘ ਤੋਂ ਨਿਰਮਲਿਆਂ ਨੇ ਪੰਥ ਚਲਾਇਆ ਅਤੇ ਭਾਈ ਮਾਨ ਸਿੰਘ ਤੋਂ ਨਿਹੰਗਾਂ ਨੇ। ਅਸਲ ਗੱਲ ਇਹ ਹੈ ਕਿ ਚਮਕੌਰ ਦੀ ਗੜ੍ਹੀ ਵਿਚ ਗੁਰਿਆਈ ਦੇਣ ਦਾ ਸਵਾਲ ਹੀ ਕੋਈ ਨਹੀਂ ਉਠਿਆ। ਗੁਰੂ ਜੀ ਚੰਗੀ ਤਰ੍ਹਾਂ ਜਾਣਦੇ ਸਨ ਕਿ ਉਨ੍ਹਾਂ ਦੀ ਸੰਸਾਰ ਯਾਤਰਾ ਬਾਕੀ ਕਿਤਨੀ ਰਹਿੰਦੀ ਹੈ ਅਤੇ ਬਾਕੀ ਕੰਮ ਕੀ ਕੀ ਕਰਨੇ ਹਨ। ਭਾਵ ਗੁਰੂ ਜੀ ਆਪਣੇ ਭਵਿਖਤ ਸਮੇਂ ਤੋਂ ਨਾਵਾਕਿਫ਼ ਨਹੀਂ ਆਖੇ ਜਾ ਸਕਦੇ।

ਗਿਆਨੀ ਗਿਆਨ ਸਿੰਘ ਨੇ ਪਿਛਲੀਆਂ ਸਾਖੀਆਂ ਤੋਂ ਉਲਟ ਸੰਤ ਸਿੰਘ ਨੂੰ ਰਹਿਤ ਹੀਣ ਲਿਖਿਆ ਹੈ। ਪਿਛਲੇ ਇਤਿਹਾਸਕਾਰਾਂ ਨੇ ਲਗ ਪਗ ਐਸੇ ਹੀ ਪ੍ਰਸੰਗ ਲਿਖੇ ਹਨ, ਜੋ ਕਿ ਖੋਜ ਦੀ ਕਸੌਟੀ ਪਰ ਨਹੀਂ ਟਿਕਦੇ।

ਭਾਈ ਸੰਤੋਖ ਸਿੰਘ ਜੀ ਕਰਤਾ ਗੁਰਪ੍ਰਤਾਪ ਸੂਰਜ ਨੇ ਇਕ ਹੋਰ ਗੱਲ ਬਹੁਤ ਅਸਚਰਜ ਲਿਖੀ ਹੈ ਕਿ ਪੰਥ ਵਿਚ ਦੋਨਾਂ ਦਾ ਝਗੜਾ ਸੀ ਕਿ ਆਇਆ ਸੰਗਤੀਆ ਸਿੰਘ ਨੂੰ ਗੁਰੂ ਗੱਦੀ ਦਿਤੀ ਕਿ ਸੰਤ ਸਿੰਘ ਨੂੰ? ਭਾਈ ਸਾਹਿਬ ਨੇ ਚਰਚਾ ਮਿਟਾਉਣ ਵਾਸਤੇ ਲਿਖ ਦਿਤਾ—

ਕਿਤਕ ਕਹਿਤ ਸੰਗਤ ਸਿੰਘ ਬੰਗਾਲੀ,
ਬੰਗਸ ਦੇਸ਼ ਵਿਖੇ ਤੇ ਆਏ।
ਤਿਸ ਕੋ ਕਰਯੋ ਸਥਾਪਨ ਤਿਸ ਛਿਨ,

ਗੁਰਤਾ ਦਈ ਜਿਸ ਪਹਿਰਾਇ ॥
ਸਤਿਗੁਰ ਕੋ ਸਿਖ ਦੋਨੋ ਗੁਰਮੁਖ,
ਤਿਨ ਮਹਿ ਦੋਊ ਬਧਉ ਬਨਾਇ।
ਤਿਸ ਪਰ ਬਾਦ ਨਹੀਂ ਕਛੁ ਵਰਨਹੁ,
ਦੋਨੋ ਕੋ ਲਿਹੁ ਚਰਨ ਮਨਾਇ।

(।੧੧। ਗੁਰਪ੍ਰਤਾਪ ਸੂਰਜ)

ਇਸ ਤਰ੍ਹਾਂ ਦੋਨਾਂ ਨੂੰ ਗੁਰੂ ਬਣੇ ਰਹਿਣ ਦਾ ਫੈਸਲਾ ਦਿਤਾ। ਜੋ ਇਤਹਾਸਿਕ ਖੋਜ ਤੋਂ ਉਲਟ ਹੈ। ਅਸਲੀ ਬਾਤ ਏਹੀ ਹੈ ਕਿ ਚਮਕੌਰ ਸਾਹਿਬ ਵਿਖੇ ਗੁਰੂ ਗੱਦੀ ਦੇਣ ਦੀ ਸਾਖੀ ਗਲਤ ਹੈ। ਇਸ ਦਾ ਪ੍ਰਚਾਰ ਬੰਦ ਕਰਨਾ ਚਾਹੀਦਾ ਹੈ।

ਜਿਸ ਵੇਲੇ ਚਮਕੌਰ ਦੀ ਗੜ੍ਹੀ ਵਿਖੇ ਸਾਰੇ ਸਿੰਘ ਸ਼ਹੀਦ ਹੋ ਗਏ ਪਿਛੋਂ ਦੋ ਪਿਆਰੇ ਭਾਈ ਦਿਆ ਸਿੰਘ, ਭਾਈ ਧਰਮ ਸਿੰਘ ਅਤੇ ਗੁਰੂ ਜੀ ਆਪ ਤਿੰਨੇ ਰਹਿ ਗਏ ਸਨ ਉਸ ਵੇਲੇ ਗੁਰੂ ਜੀ ਨੇ ਜੰਗ ਕਰਨ ਵਾਸਤੇ ਆਪ ਕਮਰ ਕਸਾ ਕੀਤਾ। ਇਸ ਬਾਰੇ 'ਸ੍ਰੀ ਗੁਰ ਸੋਭਾ ਗਰੰਥ ਵਿਖੇ ਇਸ ਤਰ੍ਹਾਂ ਲਿਖਿਆ ਹੈ:

ਦੋਹਰਾ—ਬਹੁਤ ਸਿੰਘ ਜੁਝੇ
ਤਹਾ ਜੋਧਾ ਵਡੇ ਅਪਾਰ
ਗਹਿ ਕਮਾਨ ਤਾਂ ਹੀ ਸਮੇਂ
ਭਏ ਆਪ ਅਸਵਾਰ ॥੭੦॥

ਭਾਵ ਜਦੋਂ ਸਾਰੇ ਸਿੰਘ ਸ਼ਹੀਦ ਹੋ ਗਏ ਤਦੋਂ ਗੁਰੂ ਜੀ ਆਪ ਘੋੜੇ ਪਰ ਸਵਾਰ ਹੋ ਕੇ ਚਮਕੌਰ ਦੇ ਜੰਗ-ਮੈਦਾਨ ਵਿਚ ਆਏ। ਅਗੇ ਲਿਖਿਆ ਹੈ—

ਤਬਹੀ ਗਹਿਬਾਨ ਕਮਾਨ ਗਹੀ, ਕਰ ਮੈਂ ਸਜਿਕੈ ਦਲ ਕੋ ਉਠਿ ਧਾਏ।
ਮਾਰਤ ਤੀਰ ਬਿਲੰਮ ਨਹੀਂ ਕਛ, ਚੋਟ ਪੈ ਚੋਟ ਕਰੇ ਸਨਿ ਲਾਏ।

ਤਾਂਹਿ ਸਮੇਂ ਪ੍ਰਭ ਕੌਤਕ, ਇਕ ਦੂਤਨ ਨੇ ਚੋਟ ਕਰੀ ਖੁਨ ਸਾਇ।
ਇਓ ਪ੍ਰਭ ਕਰਨੀ ਇਵ ਹੀ ਇਕ ਉਂਗਲ ਪੋਟ ਰਹੀ ਤਹਿਠਾਇ।
(੭੧) ੫੪੩ ਸ੍ਰੀ ਗੁਰ ਸੋਭਾ।

ਭਾਵ ਚਮਕੌਰ ਦੇ ਮੈਦਾਨ ਜੰਗ ਵਿਚ ਦਸਮੇਸ਼ ਜੀ ਆਪ ਲੜੇ ਸਨ ਜੰਗ ਵਿਚ ਇਕ ਦੁਸ਼ਮਨ ਦੀ ਚੋਟ ਨਾਲ ਆਪ ਦੀ ਉਂਗਲੀ ਦਾ ਪੋਟਾ ਕਟ ਗਿਆ ਸੀ।

ਇਸ ਤਰ੍ਹਾਂ ਜੰਗ ਕਰਕੇ ਗੁਰੂ ਜੀ ਨੇ ਦੁਸ਼ਮਨਾਂ ਦੀਆਂ ਸਫਾਂ ਵਿਛਾ ਛਡੀਆਂ ਸਨ ਅਤੇ ਸਭ ਨੂੰ ਲਿਤਾੜਕੇ ਇਕ ਪਾਸੇ ਨੂੰ ਨਿਕਲ ਗਏ ਲਿਖਿਆ ਹੈ—

ਪਰਭੂ ਰਚਨਾ ਐਸੀ ਭਈ ਚਲੇ ਅਵਰੁ ਦਿਸ ਸਾਇ ਪੈ ਕਿਨ ਹੂ ਪੇਖਿਆ ਨਹੀਂ, ਇਸ ਪਰਭੁ ਭਏ ਸਹਾਇ!
[੭੨] ੫੪੪ ਸ੍ਰੀ ਗੁਰ ਸੋਭਾ।

ਨੋਟ— ਸ੍ਰੀ ਗੁਰ ਸੋਭਾ ਗਰੰਥ ਗੁਰੂ ਜੀ ਦੇ ਹਜ਼ੂਰੀ ਸਿਖਾਂ ਨੇ ਸੰਮਤ ੧੭੫੮ ਬਿ: ਤੋਂ ਲਿਖਣਾ ਆਰੰਭ ਕਰਕੇ ਗੁਰੂ ਜੀ ਦੇ ਸਚ ਖੰਡ ਧਿਆਨ ਦੇ ਨਾਲ ਲਗਦਾ ਹੀ ਸਮਾਪਤ ਕੀਤਾ ਸੀ। ਇਹ ਸਾਖੀ ਝੂਠੀ ਹੈ ਕਿ ਗੁਰੂ ਜੀ ਚਮਕੌਰ ਦੀ ਗੜ੍ਹੀ ਵਿਚੋਂ ਚੁਪ ਕੀਤੇ ਨਿਕਲੇ ਸਨ ਆਪ ਜੰਗ ਕਰਦੇ ਆਏ ਸਨ।

ਗੁਰਸਨਹ ਚਿਕਾਰੇ ਕੁਨਦ ਚਿਹਲ ਨਰ,
ਕਿ ਦੌਹਲਕ ਬਰਾਯਦ ਬਰੋ ਬੇਖਬਰ।

ਬਹਾਦਰੀ ਦੀ ਭੀ ਕੋਈ ਹਦ ਹੁੰਦੀ ਹੈ। ਚਾਲੀਆਂ ਦੇ ਮੁਕਾਬਲੇ ਲਈ ਦਸ ਲੱਖ ਫੌਜ ਨੇ ਚੜ੍ਹਾਈ ਕਰਨੀ ਅਤੇ ਫਿਰ ਇਕ ਸਿੰਘ ਨੂੰ ਭੀ ਜ਼ਿੰਦਾ ਗਰਿਫ਼ਤਾਰ ਨਾ ਕਰ ਸਕਣਾ ਸ਼ਾਹੀ ਫੌਜ ਦੀ ਸਿਰੇ ਦੀ ਕਾਇਰਤਾ ਸੀ।

ਹਮ ਆਖਰ ਚਿ ਮਰਦੀ
ਕੁਨਦ ਵਕਤ ਕਾਮ

ਕਿ ਬਰ ਚਿਹਲ ਨਰ
ਆਯਦਸ਼ ਬੇਸ਼ਮਾਰ।'

ਧੰਨ ਹੈ ਉਨ੍ਹਾਂ ਚਾਲੀ ਸਿੰਘਾਂ ਦਾ ਜੀਵਨ ਜਿਨ੍ਹਾਂ ਨੇ ਕਿ ਗੁਰੂ ਸਾਹਿਬਾਨ ਦੀ ਇਸ ਸਿਖਿਆ ਨੂੰ ਹਿਰਦੇ ਪਰ ਉਕਰਕੇ ਅਮਲੀ ਵਰਤੋਂ ਕੀਤੀ। ਧੰਨ ਜਯੋ ਤਿਹ ਕੋ ਜਗ ਮੈ, ਮੁਖ ਤੇ ਹਰਿ ਚਿਤ ਮੈਂ ਜੁਧ ਬਿਚਾਰੈ ॥ ਇਨ੍ਹਾਂ ਨੇ ਸੰਸਾਰ ਵਿਚ ਉਹ ਯਸ਼ ਖੱਟਿਆ ਜੋ ਅਤਿ ਧੰਨਤਾ ਜੋਗ ਹੈ। ਇਨ੍ਹਾਂ ਬਹਾਦਰਾਂ ਦਾ ਕੀਤਾ ਧਰਮ ਜੰਗ ਰਹਿੰਦੀ ਦੁਨੀਆਂ ਤਕ ਯਾਦਗਾਰ ਬਣਿਆ ਰਹੇਗਾ। ਅਤੇ ਕਾਇਰਾਂ ਨੂੰ ਸੰਥਿਆਂ ਦੇ ਕੇ ਬਹਾਦਰੀ ਵਲ ਪਰੇਰਦਾ ਰਹੇਗਾ।

'ਸਿਖ ਅਰਦਾਸੇ ਵਿਚ ਇਨ੍ਹਾਂ ਨੂੰ ਹੀ ਚਾਲੀ ਮੁਕਤੇ ਮਨਕੇ ਸਰਬਤ ਖਾਲਸੇ ਨੂੰ ਸਿਖਿਆ ਮਿਲਦੀ ਹੈ। ਜਿਨ੍ਹਾਂ ਦੀਆਂ ਕੁਰਬਾਨੀਆਂ ਦਾ ਫਲ ਅਜ ਪੰਥ ਜ਼ਿੰਦਾ ਹੈ। ਮੁਕਤਸਰ ਵਾਲੇ ਸਿੰਘ ਟੁਟੀਆਂ ਗੰਢੋਣ ਵਾਲੇ ਸਨ ਅਸਲੀ ਮੁਕਤੇ ਚਮਕੌਰ ਦੇ ਚਾਲੀ ਸਿੰਘ ਸ਼ਹੀਦ ਹਨ।

ਸਿੱਖ ਧਰਮ ਅਤੇ ਸਿਆਸਤ ਵਖੋ ਵਖ ਮਾਰਗ ਹਨ। ਗੁਰਦੁਆਰਿਆਂ ਵਿਚ ਸਿਆਸਤ ਨੂੰ ਥਾਂ ਦੇਣੀ ਦੁਧ ਵਿਚ ਕਾਂਜੀ ਘੋਲਣ ਵਾਲੀ ਬਾਤ ਹੈ। ਇਹ ਉਹੀ ਆਖਦੇ ਹਨ, ਜ ਗੁਰਬਾਣੀ ਕੀਰਤਨ ਨੂੰ ਛੱਡਕੇ ਆਪ ਲਈ ਜ਼ਿੰਦਾਬਾਦ ਅਤੇ ਦੂਜਿਆਂ ਵਾਸਤੇ ਮੁਰਦਾਬਾਦ ਦੇ ਜਾਪ ਕਰੋਂਦੇ ਹਨ। ਗੁਰਦੁਆਰੇ ਸਰਬਤ ਦੇ ਭਲੇ ਵਾਸਤੇ ਹਨ। ਜ਼ਿੰਦਾਬਾਦ ਮੁਰਦਾਬਾਦ ਦੇ ਜਾਪ ਜਪਣ ਵਾਲੇ ਡੱਡਾਂ ਖਾਣੇ ਬਗਲਿਆਂ ਸਦਰਸ ਹਨ ਅਤੇ ਇਨ੍ਹਾਂ ਦਾ ਕੰਮ ਗੁਰੂ ਸਥਾਨਾਂ ਨੂੰ ਬਦਨਾਮ ਕਰਨਾ ਹੈ। ਗੁਰਦੁਆਰੇ ਮਨੁਸ਼ ਮਾਤਰ ਨੇ ਧਰਮ ਧਾਰਨ ਆਉਣਾ ਹੈ। ਗੁਰਦੁਆਰੇ ਵਿਚ ਕੋਈ ਮਿੱਤਰ ਦੁਸ਼ਮਣ ਦੀ ਪਰਖ ਨਹੀਂ ਹੈ।

ਸਬਦ ਗਿਆਨ ਬਿਨ ਕਰੇ ਜੁ ਬਾਤ।
ਤਾਕੇ ਕਛੂ ਨ ਆਵੈ ਹਾਥ।

(ਖਾ: ਰਹਿਤ)

ਸਿਖ ਧਰਮ ਅਤੇ ਸਿਆਸਤ ਨੂੰ ਇਕ ਦੱਸਣ ਵਾਲੇ ਇਉਂ ਮਾਲੂਮ ਹੁੰਦਾ ਹੈ ਕਿ ਗੁਰਬਾਣੀ ਸਿਧਾਂਤ ਵਲੋਂ ਜਾਣਕੇ ਅੰਧੇ ਅਤੇ ਬੋਲੇ ਬਣ ਰਹੇ ਹਨ । ਕੀ ਉਹ ਪਾਠ ਨਹੀਂ ਕਰਦੇ ਕਿ ਗੁਰੂ ਸਾਹਿਬਾਨ ਦਾ ਹੁਕਮ ਹੈ—

ਸਭੇ ਗਲਾਂ ਵਿਸਰਨ ਇਕੋ ਵਿਸਰ ਨ ਜਾਉ ।
ਧੰਧਾ ਸਭ ਜਲਾਇਕੈ ਗੁਰਨਾਮ ਦੀਆ ਸਚ ਸੁਆਉ ।

ਭਾਈ ਗੁਰਦਾਸ ਜੀ ਲਿਖਦੇ ਹਨ—

ਗੁਰਮੁਖ ਸੁਖ ਫਲ ਸਾਧ ਸੰਗ,
ਪਰਮ ਹੰਸ ਗੁਰਸਿੱਖ ਸਹੰਦੇ ।
ਇਕ ਮਨ ਇਕ ਧਿਆਇੰਦੇ,
ਦੂਜੇ ਭਾਇ ਨ ਜਾਇ ਫਿਰੰਦੇ ।
ਹੰਸਾ ਵਿਚ ਬੈਠਾ ਬਗ ਨ ਬਣਈ,
ਨਿਤ ਬੈਠਾ ਮਛੀ ਨੋ ਤਾਰੇ ਲਾਵੈ ।
ਜਾਂ ਹੰਸ ਸਭਾ ਵੀਚਾਰੁ ਕਰਿ ਦੇਖਹਿ,
ਤਾਂ ਬਗਾਂ ਨਾਲ ਜੋੜ ਕਦੇ ਨ ਆਵੈ ।
ਹੰਸ ਹੀਰੇ ਮੋਤੀ ਚੁਗਣ,
ਬਗ ਡਡਾਂ ਭਾਲਣ ਜਾਵੈ ।
ਗੁਰਸਿਖ ਭਲਕੇ ਉਠ ਕਰ,
ਅੰਮ੍ਰਿਤ ਵੇਲੇ ਸਰ ਨਾਵੰਦਾ ।
ਗੁਰਕੇ ਬਚਨ ਉਚਾਰਕੈ,
ਧਰਮਸਾਲ ਦੀ ਸੁਰਤ ਕਰੰਦਾ ।
ਸਾਧ ਸੰਗਤ ਵਿਚ ਜਾਇਕੇ,
ਗੁਰਬਾਣੀ ਦੇ ਪ੍ਰੀਤਿ ਸੁਣੰਦਾ ।
ਸੰਕਾ ਮਨਹੁ ਹਟਾਯਕੈ,
ਗੁਰ ਸਿਖਾਂ ਦੀ ਸੇਵਾ ਕਰੰਦਾ । ੪੦ । ੧ । ਭਾਈ ਗੁਰਦਾਸ

ਧਰਮਸਾਲ ਮਾਨਸਰ, ਹੰਸ ਗੁਰਸਿਖ ਵਾਹ।

ਰਤਨ ਪਦਾਰਥ ਗੁਰ ਸਬਦ, ਕਰ ਕੀਰਤਨ ਖਾਹ।

ਗੁਰਸਿਖ ਹੰਸ ਹਨ, ਅਤੇ ਗਰਦੁਆਰੇ ਮਾਨਸਰ ਹਨ। ਜ਼ਿੰਦਾਬਾਦ, ਮੁਰਦਾਬਾਦੀਏ ਤੇ ਸਿਆਪਾਦਲੀਏ, ਡੱਡਾਂ ਖਾਣੇ ਬ਼ਗਲਿਆਂ ਵਾਸਤੇ ਨਹੀਂ ਹਨ।

ਗੁਰਦੁਆਰਿਆਂ ਵਿਚਲਾ ਇਹ ਪਰੋਗਰਾਮ ਹੈ—

ਭਾਉ ਭਗਤਿ ਗੁਰਪੁਰਬ ਕਰ,
ਬੀਜਨ ਬੀਜ ਸਚ ਧਰਮਸਾਲਾ।
ਸਫਲ ਮਨੋਰਥ ਪੂਰਨ ਘਾਲਾ। ੨੬।

ਜੇ ਗੁਰ ਸਾਂਗ ਵਰਤਦਾ ਸਿੱਖ ਸਿਦਕ ਨਾ ਹਾਰ। ੨੦।

ਜੇ ਗੁਰ ਭਰਮਾਏ ਸਾਂਗ ਕਰ ਕਿਆ ਸਿੱਖ ਵਿਚਾਰਾ। ੨੨।

ਇਹ ਇਕ ਦੂਜੇ ਤੋਂ ਉਲਟ ਸਿਧਾਂਤ ਲਗਦੇ ਹਨ।

'ਸਾਂਗ ਦੇ ਅਰਥ ਨਕਲ ਯਾ ਭੇਖ ਧਾਰਨਾ ਹੈ। ਅਸਲ ਸ਼ਬਦ ਹੈ ਸਵਾਂਗ ਨਕਲ ਧਾਰਨੀ, ਬਨਾਉਟੀ ਰੂਪ ਧਾਰਨਾ ਹੈ ਜਿਸ ਨਾਲ ਦੂਜਾ ਭਰਮ ਜਾਵੇ।

ਅਨਿਕ ਸਵਾਂਗ ਕਾਛੇ ਭੇਖ ਧਾਰੀ।

ਸਤਿਗੁਰੂ ਨਾਨਕ ਦੇਵ ਜੀ ਨੇ ਗੁਰੂ ਗੱਦੀ ਦੀ ਪ੍ਰੀਖਿਆ ਵਾਸਤੇ ਕਈ ਸਵਾਂਗ ਧਾਰੇ ਸਨ। ਛੁਰਾ ਫੜਕੇ ਮਾਰਨ ਆਏ। ਅਨਜਾਣਾਂ ਨੇ ਸਮਝਿਆ ਆਪ ਦੀਵਾਨੇ ਹੋ ਗਏ ਹਨ। ਸਾਰੇ ਡਰ ਗਏ। ਪਰ ਭਾਈ ਲਹਿਣਾ ਜੀ ਨੇ ਸਿਖੀ ਸਿਦਕ ਨਹੀਂ ਹਾਰਿਆ ਸੀ ਇਸੇ ਪ੍ਰਥਾਇ ਇਹ ਬਚਨ ਹਨ। ਭਾਈ ਸਾਹਿਬ ਦੇ ਕਾਬਲ ਜਾ ਕੇ ਘੋੜੇ ਖਰੀਦਣੇ ਦੀ ਸਾਖੀ ਮਨ ਘੜਤ ਹੈ, ਭਾਈ ਜੀ ਨੂੰ ਬਦਨਾਮ ਕਰਨੇ ਵਾਲੀ ਹੈ। ਅਸਲੀ ਬਾਤ ਇਕਰ ਹੈ। ਆਪਦਾ ਇਹ ਨਿਸ਼ਾਨਾ ਸੀ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਗੁਰੂ ਅਰਜਨ ਦੇਵ ਜੀ ਦਾ ਰੂਪ ਸਨ। ਜਿਵੇਂ ਕਿ :—

ਅਰਜਨ ਕਾਇਆ ਪਲਟ ਕੇ,
ਮੂਰਤਿ ਹਰਿ ਗੋਬਿੰਦ ਸਵਾਰੀ।

ਭਾਈ ਸਾਹਿਬ ਜੀ ਨੂੰ ਪਛਾਣ ਸੀ ਕਿ ਇਹ ਗੁਰੂ ਅਰਜਨ ਦੇਵ ਹੀ ਹਨ, ਛੇਵੇਂ ਗੁਰੂ ਜੀ ਨੇ ਸਾਂਗ ਵਰਤਿਆ ਸੀ:—

ਧਰਮਸਾਲ ਕਰਿ ਬਹੀਦਾ,
ਇਕਤਿ ਥਾਂ ਨਾ ਟਿਕੈ ਟਿਕਾਇਆ।
ਪਾਤਸ਼ਾਹ ਘਰ ਆਂਵਦੇ,
ਨਠਾ ਫਿਰੇ ਡਰੇ ਨਾ ਡਰਾਇਆ।
ਮੰਜੀ ਬਹੈ ਸੰਤੋਖ ਦਾ,
ਕੁਤੇ ਰਖਿ ਸ਼ਿਕਾਰ ਖਿਲਾਇਆ।
ਬਾਣੀ ਕਰਿ ਸੁਣ ਗਾਂਵਦਾ,
ਕਥੈ ਸੁਣੇ ਨਾ ਗਾਵ ਸੁਣਾਇਆ।
ਸੇਵਕ ਪਾਸ ਨਾ ਰਖੀਅਨ,
ਦੋਖੀ ਦੁਸ਼ਟ ਆਗੂ ਮੁਹਿ ਲਾਇਆ।
ਸਚੁ ਲੁਕਾਇਆਂ ਨਾ ਲੁਕੇ,
ਚਰਨ ਕਵਲ ਸਿਖ ਭਵਰ ਲੁਭਾਇਆ।
ਅਜਰ ਜਰੈ ਨਾ ਆਪ ਜਨਾਇਆ।

ਉਸ ਸਮੇਂ ਦੀ ਛੇਵੇਂ ਗੁਰੂ ਜੀ ਦੀ ਵਰਤੋਂ ਇਸ ਪਉੜੀ ਵਿਚ ਦਸੀ ਹੈ, ਜੋ ਕਿ ਪੰਚਮ ਗੁਰੂ ਜੀ ਦੀ ਮਰਯਾਦਾ ਤੋਂ ਉਲਟ ਸਾਂਗ ਰਚ ਲਿਆ ਸੀ। ਮੱਲਾਂ ਤੇ ਅਖਾੜੇ ਲਗਾਣੇ, ਸ਼ਿਕਾਰ ਖੇਡਣਾ, ਪੈਂਦੇ ਖਾਂ ਜਹੇ ਦੁਸ਼ਟ ਪਠਾਣਾਂ ਨੂੰ ਨੌਕਰ ਰਖਕੇ ਜੰਗੀ ਫੌਜ ਤਿਆਰ ਕਰਨੀ, ਪਿਛਲੀ ਮਰਯਾਦਾ ਕਥਾ ਕੀਰਤਨ ਆਪੇ ਬੰਦ ਹੋਣਾ ਸੀ। ਇਸ ਸਾਂਗ ਨੂੰ ਵੇਖਕੇ ਅਣਜਾਣ ਸਿਖ ਭਰਮਾਏ ਸਨ। ਭਾਈ ਗੁਰਦਾਸ ਜੀ ਨੇ ਸਿਖਾਂ ਦੇ ਪੁਛਣ ਤੇ ਉਨ੍ਹਾਂ ਨੂੰ ਸਮਝਾਇਆ ਕਿ ਇਹ ਪੰਜਵੇਂ ਗੁਰੂ ਜੀ ਨੇ ਆਪਣੀ ਦੇਹੀ ਪਲਟ ਕੇ ਸਾਂਗ ਰਚਿਆ ਹੈ। ਸਿਦਕ ਭਰੋਸਾ ਰਖੋ, ਇਹ ਪੰਚਮ ਗੁਰੂ ਜੀ

ਆਪ ਹੀ ਹਨ। ਸਾਂਗ ਵਿਚ ਭਰਮਣਾ ਨਹੀਂ ਚਾਹੀਦਾ, ਆਦਿ।

ਛੇਵੇਂ ਪਾਤਸ਼ਾਹ ਕਦੇ ਕਿਲਿਆਂ ਵਿਚ ਬੰਦ ਤੇ ਕਦੇ ਬਾਦਸ਼ਾਹ ਨਾਲ ਸ਼ਿਕਾਰ ਖੇਡਣ ਵਿਚ ਹਨ। ਬਾਦਸ਼ਾਹ ਗੁਰੂ ਜੀ ਨੂੰ ਸਦ ਕੇ ਮਿਲਦੇ ਹਨ। ਚਹੁੰ ਪਾਸੀਂ ਨਠੇ ਫਿਰਨਾ, ਪੰਚਮ ਗੁਰੂ ਜੀ ਦੀ ਤਰ੍ਹਾਂ ਨਾ ਬਾਣੀ ਉਚਾਰਨੀ ਅਤੇ ਨਾ ਗੁਰ-ਗਦੀ ਉਤੇ ਬੈਠ ਕੇ ਧਰਮ ਉਪਦੇਸ਼ ਕਰਨਾ, ਇਸ ਹਾਲਤ ਨੂੰ ਵੇਖ ਕੇ ਗੁਰਸਿਖਾਂ ਵਿਚ ਭਾਰੀ ਹਿਲਜੁਲ ਮਚ ਗਈ, ਪਰ ਭਾਈ ਗੁਰਦਾਸ ਜੀ ਤੇ ਗੁਰਮੁਖ ਸਿਖ ਸਥਿਰ ਸਨ ਕਿ ਗੁਰੂ ਜੀ ਨੇ ਸਾਂਗ ਬਣਾਇਆ ਹੈ। ਇਸੇ ਕਰਕੇ ਭਾਈ ਸਾਹਿਬ ਜੀ ਨੇ ਦੂਜੀ ਪੰਗਤੀ ਲਿਖੀ ਸੀ :—

ਜੇ ਗੁਰ ਭਰਮਾਇ ਸਾਂਗ ਕਰ
ਕਿਆ ਸਿਖ ਵਿਚਾਰਾ।

ਭਾਵ— ਜਦ ਗੁਰੂ ਜੀ ਆਪ ਹੀ ਸਾਂਗ ਰਚ ਕੇ ਸਿਖਾਂ ਨੂੰ ਭਰਮਾ ਰਹੇ ਹਨ। ਆਖਰ ਸਿਖ ਵਿਚਾਰੇ ਕਰਨ ਵੀ ਕੀ? ਸਾਂਗ ਹੀ ਅਸਚਰਜ ਹੈ ਸੀ। ਇਸ ਤਰ੍ਹਾਂ ਭਾਈ ਸਾਹਿਬ ਜੀ ਨੇ ਸਤਿਗੁਰੂ ਜੀ ਨੂੰ ਭੀ ਟੁੰਬਿਆ ਸੀ। ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਨੇ ਆਪਣੇ ਸਿਖਾਂ ਵਿਚ ਓਹੀ ਸਚੇ ਪਾਤਸ਼ਾਹ ਦੇ ਰੂਪ ਵਿਚ ਦਰਸਾਇਆ। ਸਿਖਾਂ ਨੂੰ ਤਸੱਲੀ ਹੋ ਗਈ ਕਿ ਆਪ ਪੰਚਮ ਗੁਰੂ ਜੀ ਦੀ ਹੀ ਜੋਤ ਹਨ।

ਭਾਈ ਗੁਰਦਾਸ ਜੀ ਦੀ ਰਚਨਾ ਵਿਚ ਸਾਂਗ ਦਾ ਜ਼ਿਕਰ ਹੈ, ਜਿਹਾ ਕਿ :—

ਸਾਂਗੇ ਅੰਦਰ ਸਾਬਤੇ
ਜਿਸ ਗੁਰੂ ਸਹਾਇ॥

ਸੋ ਗੁਰੂ ਦੀ ਸਹਾਇਤਾ ਬਿਨਾਂ ਸਿਖ ਕੁਝ ਨਹੀਂ ਕਰ ਸਕਦਾ। ਇਸ ਤੋਂ ਵਖਰੀ ਇਸ ਦੇ ਨਾਲ ਹੀ ਇਕ ਪੰਗਤੀ ਵੀ ਹੈ :—

ਜੇ ਗੁਰ ਸਾਂਗ ਵਰਤਦਾ
ਦੁਬਿਧਾ ਚਿਤ ਨਾ ਸਿਖਾਂ ਕੇਰੇ।

ਸਤਿਗੁਰੂ ਸਾਂਗ ਵਰਤਦਾ,
ਪਿੰਡ ਵਸਾਇਆ ਫੇਰ ਅਹੀਰਾਂ।

ਇਹ ਗੋਇੰਦਵਾਲ ਵਿਚ ਤੀਸਰੇ ਗੁਰੂ ਜੀ ਦੇ ਸਵਾਂਗ ਦਾ ਜ਼ਿਕਰ ਹੈ। ਸ੍ਵਾਂਗ ਕਸੌਟੀ ਭੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਸਹਸਕ੍ਰਿਤੀ ਗਾਥਾ ਮ: ੫ ਤੋਂ ਪਿਛੋਂ ਫੁਨਹੇ ਮਹਲੇ ਦੀ ਬਾਣੀ ਔਂਦੀ ਹੈ, ਜਿਸ ਦੇ ਸਾਰੇ ਤੇਈ ਛੰਤ ਹਨ। ਫੁਨਹਾ ਇਕ ਛੰਤ ਦਾ ਨਾਮ ਹੈ, ਇਸ ਦਾ ਦੂਜਾ ਨਾਮ ਪੁਨਹਾ ਹੈ। ਪੁਨਿ ਦੇ ਅਰਥ ਹਨ ਦੋਬਾਰੇ ਜਾਂ ਫੇਰ ਫੇਰ—

ਪੁਨਹ ਯਾ ਫੁਨਹੇ ਇਕੋ ਅਰਥ ਰਖਦੇ ਹਨ।

ਪੁਨਹ ਪੁਨਹ ਨਮਸਕਾਰ।

ਇਸੇ ਛੰਦ ਨੂੰ ਚੰਦ੍ਰਾਇਣ ਅਤੇ ਪਰਿਹਾਂ ਹਰਿਹਾਂ ਨਾਮ ਭੀ ਦਿੰਦੇ ਹਨ। ਹਰਿਹਾਂ ਦੇ ਅਰਥ ਹੇ ਭਾਈ ਹਨ। ਪਰ ਸਾਡੇ ਕਈ ਕੁ ਗਿਆਨੀਆਂ ਨੇ ਹਰਿਹਾਂ ਸ਼ਬਦ ਕਈ ਵੇਰੀ ਔਣ ਕਰਕੇ ਹਰਿਹਾਂ ਨਾਮ ਪੰਚਮ ਗੁਰੂ ਜੀ ਦੀ ਸਾਲੀ ਦਾ ਕਲਪ ਲਿਆ ਹੈ ਕਿ ਫੁਨਹੇ ਬਾਣੀ ਦਾ ਉਪਦੇਸ਼ ਉਸ ਨੂੰ ਦਿਤਾ ਸੀ। ਸੋ ਇਹ ਕਲਪਣਾ ਸੋਲਾਂ ਆਨੇ ਗਲਤ ਹੈ, ਫੁਨਹੇ ਛੰਤ ਹਨ। ਹਰਿਹਾਂ ਸ਼ਬਦ ਹੇ ਭਾਈ! ਅਥਵਾਂ ਹੇ ਹਰਿ (ਹਰੀ) ਹੈ।

ਮਾਤ੍ਰ ਸੋਲਹੇ ਦੇ ਛੰਤਾਂ ਪਿਛੋਂ 'ਹੇ' ਪਾਠ ਕਈ ਵਾਰੀ ਸੰਬੋਧਨ ਵਾਸਤੇ ਹੈ। ਆਮ ਤੌਰ ਪਰ ਅੜਿਲ ਦੇ ਪਿਛੋਂ 'ਹੋ' ਲਾਉਂਦੇ ਹਨ। ਪੁਨਹੇ ਛੰਤਾਂ ਦੇ ਪਿਛੋਂ ਭੀ ਲਾਉਂਦੇ ਹਨ।

ਵਿਦਵਾਨ ਕਈ ਵਾਰੀ ਲਿਖੇ ਜਾਂ ਉਚਾਰੇ ਸ਼ਬਦ ਨੂੰ ਪੁਨਰੁਕਤ (ਉਕਤ) ਕਹਿੰਦੇ ਹਨ। ਦੂਜਾ ਸ਼ਬਦ ਹੈ ਪੁਨਰੁਕਤਿ ਆਖੇ ਹੋਏ ਵਾਕ ਨੂੰ ਫੇਰ ਕਹਿਣਾ। ਜਿਸ ਲਿਖਤ ਵਿਚ ਬਾਰੰਬਾਰ ਇਕੋ ਬਾਤ ਕਹੀ ਜਾਵੇ ਉਸ ਨੂੰ ਕਾਵਯ ਦੋਸ਼ ਭੀ ਕਹਿੰਦੇ ਹਨ।

ਇਹ ਰਚਨਾ ਸਰੋਵਰ ਬਣਨ ਤੋਂ ਪਿਛੋਂ ਉਚਾਰੀ ਹੈ ਸ਼ਾਦੀ ਦੇ ਸਮੇਂ ਗੁਰੂ ਜੀ ਗੁਰੂ ਗਦੀ ਦੇ ਮਾਲਿਕ ਨਹੀਂ ਸਨ। ਪੁਰਾਤਨ ਗਿਆਨੀ ਕਈ

ਵੈਰੀ ਮਨ ਘੜਤ ਸਾਖੀਆਂ ਲਿਖ ਦਿੰਦੇ ਹਨ।

'ਚਮਕੌਰ ਸਾਹਿਬ ਦੀ ਅਦੁਤੀ ਜੰਗ ਵਿਚ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਦਾ ਅਠ ਪੋਹ ਨੂੰ ਸ਼ਹੀਦੀ ਦਿਨ ਮਨਾਇਆ ਜਾਂਦਾ ਹੈ।' ਸ੍ਰੀ ਗੁਰੂ ਸੋਭਾ ਗਰੰਥ ਵਿਚ ਚਮਕੌਰ ਸਾਹਿਬ ਵਿਚ ਬਾਬਾ ਜ਼ੋਰਾਵਰ ਸਿੰਘ ਜੀ ਦੀ ਸ਼ਹੀਦੀ ਉਥੇ ਲਿਖੀ ਹੈ। ਸਰਦਾਰ ਅੱਲਾ ਯਾਰਖਾਨ ਨੇ ਭੀ ਏਹੀ ਬਾਤ ਆਪਣੀ ਕਵਿਤਾ ਵਿਖੇ ਲਿਖੀ ਹੈ।

'ਪਰਚਾਰ ਏਹੀ ਹੋ ਗਿਆ ਹੈ ਕਿ ਚਮਕੌਰ ਸਾਹਿਬ ਵਿਚ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਜੀ ਸ਼ਹੀਦ ਹੋਏ ਸਨ। ਬਾਬਾ ਜੁਝਾਰ ਸਿੰਘ ਜੀ ਦਾ ਜਨਮ ਸੰਮਤ ੧੭੪੭ ਬਿਕਰਮੀ ਦਾ ਹੈ, ਅਤੇ ਬਾਬਾ ਜ਼ੋਰਾਵਰ ਸਿੰਘ ਜੀ ਦਾ ਜਨਮ ਸੰਮਤ ੧੭੫੩ ਬਿਕਰਮੀ ਦਾ ਹੈ। ਬਾਬਾ ਜੁਝਾਰ ਸਿੰਘ ਜੀ ਬਾਬਾ ਜ਼ੋਰਾਵਰ ਸਿੰਘ ਜੀ ਨਾਲੋਂ ਛੀ, ਸਤ ਸਾਲ ਵਡੇ ਸਨ। ਇਹ ਬਾਤ ਵਿਚਾਰ ਗੋਚਰੀ ਹੈ।

ਸਾਹਿਬਜ਼ਾਦਿਆਂ ਦੇ ਸਬੰਧ ਵਿਚ ਹੋਰ ਭੀ ਕਈ ਇਤਿਹਾਸਕ ਉਕਾਈਆਂ ਹਨ। ਜਿਸ ਤਰ੍ਹਾਂ ਕਿ ਦਸਿਆ ਗਿਆ ਹੈ ਕਿ ਸਾਹਿਬਜ਼ਾਦਿਆਂ ਦੀਆਂ ਸ਼ਹੀਦ ਹੋ ਚੁਕੀਆਂ ਦੇਹਾਂ ਦਾ ਸਸਕਾਰ ਕਿਸੇ ਟੋਡਰ ਮਲ ਸ਼ਾਹੂਕਾਰ ਨੇ ਮੋਹਰਾਂ ਜ਼ਮੀਨ ਪਰ ਵਿਛਾ ਕੇ ਸੂਬੇ ਪਾਸੋਂ ਜਗ੍ਹਾ ਮੁਲ ਲੀਤੀ ਸੀ, ਪਰ ਖੋਜ ਭਾਲ ਤੋਂ ਟੋਡਰ ਮਲ ਜਾਂ ਉਸ ਦਾ ਖਾਨਦਾਨ ਸਰਹੰਦ ਵਿਚ ਕੋਈ ਸਿਧ ਨਹੀਂ ਹੁੰਦਾ ਅਤੇ ਨਾ ਹੀ ਕਿਸੇ ਖਾਨਦਾਨ ਨਾਲ ਇਸ ਸਾਖੀ ਦਾ ਸੰਬੰਧ ਸਾਬਤ ਹੁੰਦਾ ਹੈ। ਅਸਲੀਅਤ ਇਸ ਤਰ੍ਹਾਂ ਹੈ:

ਚੌਧਰੀ ਤਿਲਕਾ ਅਤੇ ਰਾਮਾ, ਦੋਵੇਂ ਭਾਈ ਜੋ ਕਿ ਉਸ ਸਮੇਂ ਆਪਣੇ ਇਲਾਕੇ ਦਾ ਸਰਕਾਰੀ ਮਾਮਲਾ ਤਾਰਨ ਗਏ ਸਨ (ਉਸ ਸਮੇਂ ਪ੍ਰਗਣਿਆਂ ਦੇ ਚੌਧਰੀ ਆਪ ਹੀ ਜਾ ਕੇ ਮਾਮਲਾ ਭਰਦੇ ਹੁੰਦੇ ਸਨ) ਉਨ੍ਹਾਂ ਨੂੰ ਪਤਾ ਲਗਾ ਰਾਤ ਨੂੰ ਹੀ ਦੋਨਾਂ ਭਰਾਵਾਂ ਨੇ ਤਿੰਨ ਹੋਰ ਸਿਖਾਂ ਨੂੰ ਨਾਲ ਲੈ ਕੇ ਜੋ ਕਿ ਸਰਹਿੰਦ ਵਿਖੇ ਸਰਕਾਰੀ ਨੌਕਰ ਸਨ, ਦੋਨਾਂ ਸਾਹਿਬਜ਼ਾਦਿਆਂ

ਅਤੇ ਸ੍ਰੀ ਮਾਤਾ ਗੂਜਰ ਕੌਰ ਜੀ ਦੇ ਸ਼ਹੀਦ ਹੋ ਚੁਕੇ ਸਰੀਰਾਂ ਨੂੰ ਉਠਾ ਕੇ ਇਕ ਪਾਥੀਆਂ ਦੇ ਗੁਹਾਰੇ (ਮਨੇਰ) ਵਿਚ ਰਖ ਕੇ ਸਸਕਾਰ ਕਰ ਦਿਤਾ, ਜਿਸ ਪਰ ਪੜਤਾਲ ਹੋਣ ਸਾਰ ਚੌਧਰੀ ਤਿਲੋਕਾ ਅਤੇ ਰਾਮਾ ਔਰ ਤਿੰਨੇ ਸਿੰਘ ਨੌਕਰ ਜਿਨ੍ਹਾਂ ਵਿਚੋਂ ਇਕ ਗਰੰਥੀ ਉਥੇ ਹੀ ਰਹਿੰਦਾ ਸੀ, ਗ੍ਰਿਫਤਾਰ ਕਰ ਲੀਤੇ ਸਨ, ਸਰਹਿੰਦ ਵਾਲੇ ਤਿੰਨ ਸਿਖ ਤਾਂ ਕਿਸੇ ਜੁਗਤੀ ਨਾਲ ਕੈਦ ਵਿਚੋਂ ਨਿਕਲ ਕੇ ਦੌੜ ਗਏ ਸਨ, ਅਤੇ ਬਾਬਾ ਤਿਲੋਕ ਅਤੇ ਰਾਮਾ ਜੀ ਜਾਣ ਬੁਝ ਕੇ ਦੀਵਾਨੇ (ਪਾਗਲ) ਬਣ ਗਏ ਸਨ, ਜਿਨ੍ਹਾਂ ਨੂੰ ਹਾਕਮਾਂ ਨੇ ਪਾਗਲ ਸਮਝ ਕੇ ਇਕ ਮਹੀਨੇ ਪਿਛੋਂ ਛਡ ਦਿਤਾ ਸੀ। ਇਨ੍ਹਾਂ ਨੇ ਸ੍ਰੀ ਦਸ਼ਮੇਸ਼ ਜੀ ਦੇ ਚਰਨਾਂ ਵਿਚ ਦਸ਼ਮੇਸ਼ ਸਾਹਿਬ (ਸਾਬੋ ਕੀ ਤਲਵੰਡੀ) ਪਹੁੰਚ ਕੇ ਸ੍ਰੀ ਦਸ਼ਮੇਸ਼ ਜੀ ਪਾਸੋਂ ਖੰਡੇ ਦਾ ਅੰਮ੍ਰਿਤ ਪਾਨ ਕੀਤਾ ਸੀ, ਜਿਸ ਪਰ ਇਹ ਚੌਧਰੀ ਤਿਰਲੋਕ ਸਿੰਘ ਅਤੇ ਚੌਧਰੀ ਰਾਮ ਸਿੰਘ ਪਰਸਿਧ ਹੋਏ। ਇਨ੍ਹਾਂ ਨੂੰ ਗੁਰੂ ਜੀ ਨੇ 'ਤੇਰਾ ਘਰ ਸੋ ਮੇਰਾ ਘਰ' ਹੁਕਮਨਾਮਾ ਲਿਖ ਕੇ ਦਿਤਾ ਸੀ। ਜਿਸ ਬਖਸ਼ਿਸ਼ ਦਾ ਫਲ ਅਤੇ ਸੇਵਾ ਦਾ ਫਲ, ਚੌਧਰੀ ਤਿਲੋਕੇ ਦੇ ਖਾਨਦਾਨੀ ਨਾਭੇ ਰਿਆਸਤ ਦੇ ਮਾਲਕ ਬਣੇ ਅਤੇ ਚੌਧਰੀ ਰਾਮੇ ਦੀ ਵੰਸ ਪਟਿਆਲਾ ਰਿਆਸਤ ਦੀ ਮਾਲਿਕ ਹੋਈ। ਨਾਭੇ ਦੀ ਸ਼ਾਖ ਜੀਂਦ (ਸੰਗਰੂਰ) ਰਾਜ ਬਣਿਆ।

ਜਤੀ ਭੀਸ਼ਮ ਪਿਤਾਮਾ

ਗਰੰਥ ਮਹਾਂ ਭਾਰਤ ਵਿਚ ਭੀਸ਼ਮ ਪਿਤਾਮਾ ਦਾ ਨਾਮ ਬਹੁਤ ਉੱਘਾ ਹੈ, ਉਪਨਾਮ ਤਾਂ ਇਸ ਦਾ ਭੀਸ਼ਮ ਸੀ। ਪਿਤਾਮਾ (ਪਿਤਾ ਦਾ ਪਿਤਾ) ਕਿਹਾ ਗਿਆ। ਸਾਰੇ ਕੈਰਵ ਪਾਂਡਵ ਇਸਨੂੰ 'ਦਾਦਾ ਗੁਰੂ' ਮੰਨਦੇ ਸਨ। ਗੰਗਾ ਦੇਵੀ ਦਾ ਪੁਤਰ ਹੋਣ ਕਰਕੇ ਇਸਨੂੰ ਗੰਗੇਵ ਪਿਤਾਮਾ ਭੀ ਲਿਖਿਆ ਹੈ। ਜਾਮਣੂ ਨਾਮ ਇਸਦਾ ਦੇਵ ਵਰਤ ਸੀ। ਇਸ ਦਾ ਪਿਤਾ ਕੈਰਵਾਂ ਪਾਂਡਵਾਂ ਦਾ ਵਡੇਰਾ ਰਾਜਾ ਸ਼ਾਤਨ ਸੀ। ਰਾਜਾ ਸ਼ਾਤਨ ਇਕ ਝੀਵਰ (ਮਾਛੀ) ਦੀ ਪੁਤ੍ਰੀ, ਮਤਸ਼ਯੋਦਰੀ ਪਰ ਮੋਹਿਤ ਹੋ ਗਿਆ। ਉਸ

ਲੜਕੀ ਦਾ ਜਨਮ ਕਈਆਂ ਨੇ ਮੱਛੀ ਦੇ ਪੇਟੋਂ ਹੋਣਾ ਦਸਿਆ ਹੈ। ਰਾਜਾ ਸ਼ਾਤਨ ਨੇ ਉਸ ਨਾਲ ਵਿਵਾਹ ਦੀ ਇਛਾ ਦਸੀ। ਮਾਛੀ ਨੇ ਕਿਹਾ ਅਸੀਂ ਸ਼ਾਦੀ ਨਹੀਂ ਕਰਦੇ ਕਿਉਂਕਿ ਰਾਜ ਦਾ ਮਾਲਿਕ ਤਾਂ ਤੇਰਾ ਪੁਤਰ ਦੇਵ ਵਰਤ (ਭੀਸ਼ਮ) ਹੋਵੇਗਾ। ਭੀਸ਼ਮ ਨੇ ਆਪਣੇ ਪਿਤਾ ਦੀ ਇਛਾ ਪੂਰਤੀ ਵਾਸਤੇ ਪ੍ਰਣ ਧਾਰ ਲਿਆ ਕਿ ਉਹ ਸਾਰੀ ਉਮਰ ਸ਼ਾਦੀ ਨਹੀਂ ਕਰਵਾਏਗਾ ਅਤੇ ਰਾਜ ਭੀ ਨਹੀਂ ਕਰੇਗਾ। ਜਿਸ ਕਰਕੇ ਰਾਜੇ ਨੇ ਸ਼ਾਦੀ ਕਰਵਾਈ। ਭੀਸ਼ਮ ਦੇ ਅਰਥ ਮਹਾਂ ਪ੍ਰਤੱਗਿਆ ਕਰਨ ਵਾਲਾ ਹਨ। ਸੋ ਉਸ ਨੇ ਅੰਤਮ ਸਵਾਸਾਂ ਤਕ ਕੀਤੇ ਪ੍ਰਣ ਨੂੰ ਨਿਭਾਇਆ, ਜਿਸ ਕਰਕੇ ਭੀਸ਼ਮ ਨੂੰ 'ਜਤੀ' ਮੰਨਿਆ ਗਿਆ।

ਦਸਿਆ ਹੈ ਕਿ ਰਾਜਾ ਉਪਰਿਚਰ ਦੇ ਵੀਰਜ ਤੋਂ ਮਤਸ਼ਯੋਦਰੀ ਮੱਛੀ ਦੇ ਪੇਟ ਤੋਂ ਨਿਕਲੀ ਸੀ। ਮਾਛੀਆਂ ਦੀ ਲੜਕੀ ਕਹਾਈ। ਇਸ ਉਪਰ ਰਿਸ਼ੀ ਪਰਾਸਰ ਮੋਹਿਤ ਹੋਇਆ। ਉਸ ਨੇ ਇਸ ਤੋਂ ਮਹਾਨ ਪੰਡਿਤ ਵਯਾਸ ਪੈਦਾ ਕੀਤਾ। ਇਸ ਦੇ ਸਰੀਰ ਤੋਂ ਮੱਛੀ ਦੀ ਬਦਬੂ ਆਉਂਦੀ ਸੀ। ਪਰਾਸਰ ਨੇ ਐਸਾ ਵਟਣਾ ਮਲਣ ਨੂੰ ਇਸ ਨੂੰ ਦਿਤਾ ਜਿਸ ਦੀ ਚਾਰ ਕੋਹਾਂ ਤੋਂ ਖੁਸ਼ਬੂ ਆਉਂਦੀ ਸੀ ਜਿਸ ਕਰਕੇ ਇਸ ਦਾ ਨਾਮ ਯੋਜਨਾ ਗੰਧਾਰੀ ਪਿਆ। ਇਸ ਦੇ ਸਤਯਵਤੀ, ਕਾਲਾਂਗਨੀ ਗੰਧਵਤੀ, ਮਤਯਸ਼ਗੰਧਾ ਆਦਿ ਕਈ ਨਾਮ ਹਨ। ਰਾਜਾ ਸ਼ਾਤਨ ਨੇ ਇਸ ਤੋਂ ਵਿਚਿਤ੍ਰ ਵੀਰਯ, ਚਿਤ੍ਰਾਂਗਦ ਪੈਦਾ ਕੀਤੇ। ਜੋ ਰਾਜੇ ਬਣੇ ਇਹ ਭੀ ਮਿਸਾਲ ਹੈ ਕਿ ਕੌਰਵਾਂ ਪਾਂਡਵਾਂ ਦੀ ਬੰਸਾਵਲੀ ਇਕ ਮਾਛੀ (ਸ਼ੀਵਰ) ਦੀ ਲੜਕੀ ਤੋਂ ਚਲੀ। ਵਯਾਸ ਦਾ ਪਹਿਲਾ ਨਾਮ ਕ੍ਰਿਸ਼ਨ ਦ੍ਵੈਪਾਯਨ ਸੀ।

ਜੰਗ ਸਮੇਂ ਭੀਸ਼ਮ ਪਿਤਾਮ੍ਹਾ ਕੌਰਵਾਂ ਦੀ ਫੌਜ ਦਾ ਸਿਪਾਹ-ਸਾਲਾਰ ਸੀ ਅਤੇ ਕ੍ਰਿਸ਼ਨ ਜੀ ਪਾਂਡਵਾਂ ਵਲ ਸਨ, ਜੋ ਅਰਜਨ ਦੇ ਰਥਵਾਹੀ ਬਣੇ। ਭੀਸ਼ਮ ਨੇ ਕਾਂਸ਼ੀ ਦੇ ਰਾਜੇ ਨੂੰ ਫਤਹ ਕਰਕੇ ਉਸ ਦੀਆਂ ਦੋ ਪੁਤ੍ਰੀਆਂ-ਅੰਬਿਕਾ ਔਰ ਅੰਬਾਲਿਕਾ ਦੀ ਸ਼ਾਦੀ

ਵਚਿਤ੍ਰ ਵੀਰਜ ਨਾਲ ਕੀਤੀ, ਪਰ ਉਨ੍ਹਾਂ ਦੇ ਉਲਾਦ ਨਹੀਂ ਹੋਈ। ਰਾਜੇ ਮਰ ਗਏ । ਅਖੀਰ ਪੰਡਤ ਵਯਾਸ ਨੇ ਨਯੋਗ ਦੇ ਤਰੀਕੇ ਨਾਲ ਉਨ੍ਹਾਂ ਦੇ ਪੁਤ੍ਰ ਪੈਦਾ ਕੀ ਤੇ। ਜਿਨ੍ਹਾਂ ਦਾ ਨਾਮ ਧ੍ਰਿਤਰਾਸ਼ਟਰ ਔਰ ਪਾਂਡੋ ਸੀ ਇਸ ਤੋਂ ਕੈਰਵਾਂ ਪ ਾਡਵਾਂ ਦੋ ਸ਼ਾਖਾਂ ਚਲੀਆਂ। ਧ੍ਰਿਤਰਾਸ਼ਟਰ ਦਾ ਪੁਤਰ ਦੁਰਯੋਧਨ ਸੀ, ਪੰ ਤ੍ਰ ਦੇ ਪੰਜੇ ਭਾਈ ਕੈਰਵਾਂ ਪਾਂਡਵਾਂ ਦੇ ਜੰਗ ਤੋਂ ਦਸਵੇਂ ਦਿਨ ਭੀਸ਼ਮ ਪਤਾਮਾ ਅਰਜਨ ਦੇ ਤੀਰਾਂ ਨਾਲ ਫੱਟੜ ਹੋ ਕੇ ਮਾਰਿਆ ਗਿਆ। ਯੁ ਧਿਸ਼ਟਰ ਨੇ ਇਸਨੂੰ ਆਪ ਧਰਮ ਔਰ ਮੋਖਸ਼ ਧਰਮ ਦਾ ਉਪਦੇਸ਼ ਦਿ ਤਾ, ਜੋ ਕਿ ਮਹਾਂ ਭਾਰਤ ਦੇ ਸ਼ਾਂਤਿ ਪਰਵ ਵਿਚ ਲਿਖਿਆ ਹੈ। ਭੀਸ਼ਮ ਦਾ ਪ੍ਰਣ ਸੀ ਕਿ ਮੈਂ ਜੰਗ ਵਿਚ ਕ੍ਰਿਸ਼ਨ ਪਾਸੋਂ ਹਥਿਆਰ ਜ਼ਰੂਰ ਚੁਕਾਵਾ ਗਾ ਅਤੇ ਸ੍ਰੀ ਕ੍ਰਿਸ਼ਨ ਦਾ ਪ੍ਰਣ ਨਾ ਚੁਕਣੇ ਦਾ ਸੀ। ਪਰ ਜੰਗ ਸਮੇਂ ਸ੍ਰੀ ਕ੍ਰਿਸ਼ਨ ਨੇ ਰੱਥ ਦਾ ਇਕ ਪਹੀਆ ਚਲਾਇਆ ਜੋ ਇਕ ਪ੍ਰਕਾਰ ਦਾ ਸ਼ਸਤ੍ਰ ਸੀ। ਸ੍ਰੀ ਕ੍ਰਿਸ਼ਨ ਜੀ ਨੇ ਰਥਵਾਹੀ ਦੀ ਕਾਰ ਕੀਤੀ। ਰ ਤੀਰ ਮਾਰਨ ਵਾਸਤੇ ਅਰਜਨ ਨੂੰ ਪਰੇਰਨਾ ਕਰਨਾ ਮੁਖ ਧਰਮ ਰ ਆ।

ਸੋ ਭੀਸ਼ਮ ਪਿਤਾਮਾ ਮਹਾਂ ਥੀ, ਪ੍ਰਤੱਗਿਆ ਪਾਲਕ, ਜਤੀ ਔਰ ਇਕੋ ਇਕ ਸੀ। ਗਰੰਥ ਮਹਾਂ ਭ ਰਤ ਵਿਚ ਇਸ ਦੀ ਬਹੁਤ ਮਹਿਮਾਂ ਲਿਖੀ ਹੈ। ਭੀਸ਼ਮ ਛੀ ਜਤੀਆਂ ਵਿਚ ਸ਼ੁਮਾਰ ਹੈ। ਪਾਂਡਵਾਂ ਦੀ ਬੰਸ ਅਗੇ ਚਲੀ ਕੈਰਵਾਂ ਦੀ ਬੰਸ ਖਤਮ ਹੋ ਗਈ ਸੀ। ਭਾਈ ਗੁਰਦਾਸ ਜੀ ਨੇ ਕੈਰਵਾਂ ਪਾਂਡਵਾਂ ਦੇ ਜੰਗ ਦੀ ਵਾਗ ਡੋਰ ਔਰ ਨੀਤੀ ਸੀ ਕ੍ਰਿਸ਼ਨ ਜੀ ਦੇ ਹੱਥ ਮੰਨੀ 'ਮਹਾਂ ਭਾਰਤ ਕਰਵਾਇ ਨ, ਕੈਰੋ ਪਾਂਡੋ ਕਰ ਹੈਗਣੈ' ਜੇਕਰ ਸ੍ਰੀ ਕਿਸ਼ਨ ਜੀ ਚਾਹੁੰਦੇ ਤਾਂ ਇਹ ਗ ਨਹੀਂ ਹੋ ਸਕਦਾ ਸੀ ਸ੍ਰੀ ਕ੍ਰਿਸ਼ਨ ਜੀ ਆਪ ਪਾਂਡਵਾਂ ਵਲ ਸਨ ਆਪ ੇ ਦੁਰਜੋਧਨ ਨੂੰ ਆਪਣੀ ਫੌਜ ਦੇ ਦਿਤੀ ਸੀ।

ਫੁੱਟਕਲ ਨੋਟ

ਕੁਸ਼ਾ ਦਾ ਛੱਲਾ ਬ੍ਰਾਹਮਣ ਲੋਕ ਯੱਗ ਆਦਿ ਕਰਾਉਣ ਸਮੇਂ ਚੀਚੀ ਦੇ ਪਾਸ ਦੀ ਉਂਗਲ ਵਿਚ ਪਹਿਨਾਂਦੇ ਹਨ। ਇਸ ਦਾ ਮਤਲਬ ਦਸਦੇ ਹਨ ਕਿ ਸ਼ਿਵ ਜੀ ਨੇ ਬ੍ਰਾਹਮਣ ਦਾ ਸੀਸ ਇਸ ਉਂਗਲੀ ਨਾਲ ਕਟਿਆ ਸੀ, ਜੋ ਅਪਵਿਤਰ ਮੰਨੀ ਗਈ ਹੈ। ਕੁਸ਼ਾ ਦਾ ਛੱਲਾ ਇਸ ਲਈ ਪਹਿਨਾਂਦੇ ਹਨ ਕਿ ਅਪਵਿਤਰਤਾ ਦੂਰ ਹੋ ਜਾਵੇ। ਕੁਸ਼ਾ ਇਕ ਪ੍ਰਕਾਰ ਦੀ ਦੱਭ ਹੁੰਦੀ ਹੈ ਜੋ ਪਾਣੀ ਵਿਚ ਉੱਗਦੀ ਹੈ।

ਆਰੀਆ ਵਰਤ ਆਰੀਏ ਲੋਕਾਂ ਦਾ ਇਲਾਕਾ ਜਿਸ ਦੇ ਉੱਤਰ ਨੂੰ ਹਿਮਾਲਾ ਪਹਾੜ, ਦੱਖਣ ਵਲ ਵਿੰਧੀਆਚਲ ਔਰ ਪੂਰਬ ਦੀ ਤਰਫ਼ ਬੰਗਾਲ ਦੀ ਖਾੜੀ ਅਤੇ ਪਛਮ ਵਲ ਅਰਬ ਦਾ ਸਮੁੰਦਰ ਲਗਦਾ ਹੈ। ਆਰੀਆ ਨਸਲ ਦੇ ਲੋਕ ਉਥੋਂ ਭਾਰਤ ਵਿਚ ਆਏ ਸੀ, ਅੱਜ ਕਲ ਭਾਰਤ ਨੂੰ ਭੀ ਆਰੀਆਵਰਤ ਕਹਿ ਦਿੰਦੇ ਹਨ।

ਮੁਸਲਮਾਨਾਂ ਵਿਚ ਬਾਂਗ ਦੇਣ ਨੂੰ ਅਜ਼ਾਨ ਭੀ ਕਹਿੰਦੇ ਹਨ, ਅਜ਼ਾਨ ਉੱਚੇ ਥਾਂ ਮੁਨਾਰੇ ਪਰ ਖੜੋਕੇ ਦਿੰਦੇ ਹਨ। ਅਜ਼ਾਨ ਦੇਣੇ ਵਾਲੇ ਨੂੰ ਮੁਅੱਜਿਨ ਬੋਲਦੇ ਹਨ। ਸ਼ਰਾਬੀ ਗੰਦਾ ਪੁਰਸ਼ ਅਜ਼ਾਨ ਨਹੀਂ ਦੇ ਸਕਦਾ। ਇਸਤਰੀਆਂ ਬਾਂਗ ਨਹੀਂ ਦੇ ਸਕਦੀਆਂ। ਹਜ਼ਰਤ ਮੁਹੰਮਦ ਸਾਹਿਬ ਨੇ ਮੱਕੇ ਵਲ ਮੁਖ ਕਰਕੇ ਔਰ ਕੰਨਾਂ ਵਿਚ ਉਂਗਲੀਆਂ ਦੇ ਕੇ ਬਾਂਗ ਦਿਤੀ ਸੀ। ਇਸਤ੍ਰੀਆਂ ਮਸੀਤੇ ਜਾ ਕੇ ਨਿਮਾਜ਼ ਨਹੀਂ ਪੜ੍ਹ ਸਕਦੀਆਂ, ਨਾ ਹੀ ਕੋਈ ਸੰਸਕਾਰ ਕਰਵਾ ਸਕਦੀਆਂ ਹਨ। ਇਸਲਾਮ ਮੱਤ ਵਿਚ ਹਿੰਦੂਆ ਦੀ ਭਾਂਤ ਇਸਤ੍ਰੀਆਂ ਦਾ ਦਰਜਾ ਸ਼ੂਦਰਾਂ ਦੀ ਭਾਂਤ ਦਾ ਹੈ। ਈਸਾਈ ਇਸਤਰੀਆਂ ਗਿਰਜੇ ਜਾਂਦੀਆਂ ਹਨ ਅਤੇ ਹੋਰ ਭੀ ਉਨ੍ਹਾਂ ਨੂੰ ਕਾਫ਼ੀ ਧਾਰਮਿਕ ਸਹੂਲਤਾਂ ਹਨ।

ਆਰਤੀ ਹਿੰਦੂਆਂ ਵਿਚ ਪੁਰਾਤਨ ਮਰਯਾਦਾ ਹੈ। ਕਿਸੇ ਦੇਵਤੇ ਦੇ ਅਗਰ ਭਾਗ ਥਾਲੀ ਵਿਚ ਦੀਵੇ ਰਖਕੇ ਥਾਲੀ ਘੁਮਾਉਣੀ, ਹਿੰਦੂ ਲੋਕ

ਚਾਰ ਵਾਰੀ ਚਰਨਾਂ ਦੇ ਅੱਗੇ, ਦੋ ਵਾਰੀ ਧੁੰਨੀ (ਨਾਭੀ) ਪਰ ਔਰ ਇਕ ਵਾਰ ਮੁਖ ਪਰ ਔਰ ਸਤ ਵਾਰੀ ਸਾਰੇ ਸਰੀਰ ਉੱਪਰ ਦੀ ਦੀਵੇ ਘੁਮਾਉਂਦੇ ਹਨ। ਦੀਵੇ ਇਕ ਤੋਂ ਲੈ ਕੇ ਸੌ ਤੀਕਰ ਬਾਲੇ ਜਾਂਦੇ ਹਨ, ਵਿਚ ਘਿਊ ਭੀ ਪਾਉਂਦੇ ਹਨ। ਸਤਿਗੁਰੂ ਨਾਨਕ ਜੀ ਨੇ ਜਗਨ ਨਾਥ ਦੀ ਫੇਰੀ ਸਮੇਂ ਐਸੀ ਆਰਤੀ ਦਾ ਖੰਡਣ ਕਰਕੇ ਕੁਦਰਤੀ ਹੋ ਰਹੀ ਆਰਤੀ ਦਸੀ ਸੀ।

ਸੱਤ ਭੂਮਿਕਾ ਦਾ ਜ਼ਿਕਰ ਆਮ ਸੁਣੀਂਦਾ ਹੈ। ਅਸਲੋਂ ਇਹ ਗਿਆਨ ਅਵੱਸਥਾ ਦੀਆਂ ਸੱਤ ਮੰਜ਼ਲਾਂ ਹਨ। ਯੋਗੀ ਔਰ ਵੇਦਾਂਤੀ ਭੀ ਮੰਨਦੇ ਹਨ। ਸਭ ਇਛਾ (ਮੁਕਤੀ) ਵਿਚਾਰ ਜਾ ਬਿਬੇਕ ਬੁਧ, ਸੰਕਲਪਾਂ ਦਾ ਘੱਟ ਫੁਰਨਾ, ਇਸ ਨੂੰ ਤਨਮਾਨਸਾ ਕਹਿੰਦੇ ਹਨ। ਬ੍ਰਹਮ ਗਿਆਨ ਦੀ ਪ੍ਰਾਪਤੀ ਨੂੰ ਸਤੂਤਾਪਤਿ ਔਰ ਸ਼ਕਤੀਆਂ ਤੋਂ ਮਨ ਦੀ ਨਿਰਲੇਪਤਾ ਨੂੰ ਅਸੰਸਕਿਤ, ਅਕਾਲ ਪੁਰਖ ਥੀਂ ਭਿੰਨ ਭਾਵਨੀ ਕਹਾਉਂਦੀ ਹੈ। ਭਾਵ ਅਨ-ਵਿਚਾਰਾਂ ਦਾ ਲੋਪ ਹੋਣਾ, ਤੁਰੀਯ ਪਦ ਯਾ ਤਯੰਗਾ, ਇਸ ਨੂੰ ਚੌਥੇ ਪਦ ਦੀ ਪ੍ਰਾਪਤੀ ਬੋਲਦੇ ਹਨ।

ਅਭਿਮਨਯੂ ਨਾਮੀਂ ਅਰਜਨ ਦਾ ਵਡਾ ਪੁਤਰ ਬਹਾਦਰ ਸੀ। ਇਹ ਸ੍ਰੀ ਕ੍ਰਿਸ਼ਨ ਜੀ ਦੀ ਭੈਣ ਸੁਭੱਦ੍ਰਾ ਦੇ ਉਦਰ ਤੋਂ ਜਨਮਿਆ। ਇਸ ਨੇ ਰਾਜਾ ਦੁਰਜਨ ਦੇ ਪੁਤਰ ਲਖਮਣ ਨੂੰ ਜੰਗ ਵਿਚ ਮਾਰਿਆ ਸੀ। ਅਭਿਮਨਯੂ ਜੰਗ ਵਿਚ ਤੇਰਵੇਂ ਦਿਨ ਮਹਾਨ ਬੀਰਤਾ ਨਾਲ ਲੜ ਕੇ ਮਰਿਆ ਸੀ। ਅਭਿਮਨਯੂ ਦੀ ਇਸਤਰੀ ਵਿਰਾਟਪਤੀ ਦੀ ਬੇਟੀ ਉਤਰਾ ਨਾਮੀਂ ਸੀ। ਇਸ ਦੇ ਉਦਰ ਤੋਂ ਰਾਜਾ ਪਰੀਛਤ ਹੋਇਆ। ਜੋ ਪਿਛੋਂ ਰਾਜ ਕਰਦਾ ਰਿਹਾ। ਇਸ ਦਾ ਪੁਤਰ ਅਗੇ ਪ੍ਰਸਿਧ ਰਾਜਾ ਜਨਮੇਜਾ ਹੋਇਆ। ਕੈਰਵਾਂ ਦੇ ਪਿਛੋਂ ਰਾਜ ਕਰਨੇ ਵਾਲਾ ਕੋਈ ਨਹੀਂ ਸੀ।

ਰਾਜ ਜੋਗ ਨਿਰਣੇ

ਕਟੀਐ ਤੇਰਾ ਅਹਿੰ ਰੋਗ। ਗੁਰ ਪ੍ਰਸਾਦਿ ਰਾਜ ਜੋਗ ॥

ਐਸਾ ਕੋਈ ਜਿ ਦੁਬਿਧਾ ਮਾਰ ਗਵਾਵੈ।
ਤਿਸਹਿ ਮਾਰ ਰਾਜ ਜੋਗ ਕਮਾਵੈ ॥ ਮ: ੫

ਕਈ ਸਜਣ ਗੁਰੂ ਸਾਹਿਬ ਦੇ ਧਾਰਮਿਕ ਜੰਗਾਂ ਯੁਧਾਂ ਨੂੰ, ਰਾਜ ਜੋਗ ਜਾਂ ਧਰਮ ਤੇ ਰਾਜਨੀਤੀ ਨੂੰ ਇਕੱਠਿਆਂ ਕਰਨਾ ਦਸਦੇ ਰਹਿੰਦੇ ਹਨ। ਗੁਰੂ ਸਾਹਿਬ ਨੇ ਕੋਈ ਜੰਗ ਕਿਸੇ ਮੁਲਕ ਦੇ ਫਤਹਿ ਕਰਨ ਯਾ ਰਾਜ ਸੰਭਾਲਣ ਵਾਸਤੇ ਨਹੀਂ ਕੀਤਾ ਅਤੇ ਧਰਮ ਜੁਧ ਨੂੰ ਬਦਨਾਮ ਨਹੀਂ ਕਰਨਾ ਚਾਹੀਦਾ।

"ਰਾਜ ਲੀਲਾ ਤੇਰੇ ਨਾਮ ਬਨ ਆਈ।
ਜੋਗ ਬਨਿਆ ਤੇਰਾ ਕੀਰਤਨ ਗਾਈ॥"

ਇਹ ਰਾਜ ਜੋਗ ਹੈ ਅਗੇ ਰਾਜ ਦਾ ਧਰਮ ਖੰਡਣ ਕਰਦਾ ਹੈ। "ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮ ਅਫਾਰਾ। ਸੇਜ ਸੋਹਨੀ ਚੰਦਨ ਚੋਆ। ਨਰਕ ਘੋਰ ਕਾ ਦੁਆਰਾ ॥ ਸੋਰਠ ਮ: ੫

ਵਿਚਾਰੋ ! ਧਰਮ ਦੁਆਰਾ (ਗੁਰਦੁਆਰਾ) ਅਤੇ ਨਰਕ ਘੋਰ ਕਾ ਦੁਆਰਾ ਇਕਠੇ ਕਿਵੇਂ ਹੋ ਜਾਣਗੇ ?

"ਗੁਰਮਤਿ ਵਖਰਾ ਮਾਰਗ ਹੈ। ਬਾਬਣੇ ਘਰ ਚਾਲ, ਗੁਰਮੁਖ ਗਾਡੀ ਰਾਹੁ ਚਲਾਇਆ।" ਭਾ: ਗੁਰਦਾਸ

ਗੁਰਮਤਿ ਰਾਜ ਯਾ ਹਕੂਮਤ ਕਰਨ ਨਾਲ ਸਹਿਮਤ ਨਹੀਂ ਹੈ। ਹਕੂਮਤ ਜ਼ੁਲਮ ਅਤੇ ਗੁਲਾਮੀ ਦਾ ਪ੍ਰਚਾਰ ਹੈ ਅਤੇ ਮਾਦਾ ਪ੍ਰਸਤੀ ਦਾ ਮੂਲ ਮੁਦਾ ਹੈ। ਸਿਖ ਸਿਆਸਤ ਦਾ ਰਸਤਾ ਇਹ ਹੈ— "ਜਾਇ ਤਹਾਂ ਤੈ ਧਰਮ ਚਲਾਇ। ਕੁਬੁਧ ਕਰਨ ਤੇ ਲੋਕ ਹਟਾਇ॥ ਸੰਸਾਰ ਵਿਚੋਂ ਹਰ ਇਕ ਤਰੀਕੇ ਨਾਲ ਮੰਦ ਕਰਮਾਂ ਨੂੰ ਦੂਰ ਕਰਨਾ ਗੁਰਮਤਿ ਸਿਆਸਤ ਹੈ। ਸਿਖ ਧਰਮ ਅਤੇ ਸਿਆਸਤ ਇਕਠਿਆਂ ਕਰਨਾ ਯਾ ਦਸਣਾ ਧੋਖੇਬਾਜ਼ੀ ਹੈ।

ਦਸ਼ਮੇਸ਼ ਜੀ ਨੇ ਆਪਣਾ ਆਸ਼ਾ ਸਾਫ ਦਸਿਆ ਹੈ :—

"ਮਨਮ ਕੁਸਤਨੇ ਕੋਹੀਆਂ ਬੁਤ ਫਿਤਨਮ ਕਿਆ ਬੁਤ ਪ੍ਰਸਤ ਤੰਦ,

ਮਨ ਬੁਤ ਸ਼ਿਕਨ।" ਪਹਾੜੀਏ ਬੁਤ ਪੂਜਾ ਦੇ ਪ੍ਰਚਾਰਕ ਸਨ, ਗੁਰੂ ਜੀ ਅਕਾਲ ਪੂਜਕ ਸਨ— "ਜੇ ਸਿਆਸਤ ਤੇ ਧਰਮ ਇਕਠੇ ਹੁੰਦੇ ਤਾਂ ਪਹਾੜੀਆਂ ਦਾ ਇਲਾਕਾ ਮਾਰਨਾ ਜ਼ਰੂਰੀ ਸੀ। ਸਵੈ ਰਿਛਾ ਵਾਸਤੇ ਤਲਵਾਰ ਉਠਾਣੀ ਪੂਰਨ ਧਰਮ ਹੈ। ਸਵੈ ਇਛਾ ਨਾ ਕਰਨ ਵਾਲਾ ਗੁਲਾਮ, ਕਾਇਰ ਕਰੂਪ ਹੁੰਦਾ ਹੈ।

ਬਚਿੱਤਰ ਨਾਟਕ ਵਿਚ ਦਸਮ ਗੁਰੂ ਜੀ ਨੇ ਰਾਜ ਅਤੇ ਸਿਆਸਤ ਨੂੰ ਵਖੋ ਵਖ ਦਰਸਾਇਆ ਹੈ:—

ਬਾਬੇ ਕੇ ਬਾਬਰ ਕੇ ਦੋਊ, ਆਪ ਕਰੇ ਪਰਮੇਸ਼ਰ ਜੋਊ।
ਦੀਨ ਸਾਹ ਇਨਕੋ ਜਾਨੋ।
ਦੁਨੀ ਪਤਿ ਉਨ ਕੋ ਅਨ ਮਾਨੋ॥

ਇਹਨਾਂ ਪੰਗਤੀਆਂ ਨੂੰ ਝੁਠਲਾਇਆ ਨਹੀਂ ਜਾ ਸਕਦਾ।

ਗੁਰਮਿਤ ਨੇ ਰਾਜਿਆਂ, ਹਕੂਮਤਾਂ ਦੇ ਅਨਿਆਂ, ਜ਼ੁਲਮਾਂ ਪਰ ਟੀਕਾ ਟਿਪਣੀ ਕੀਤੀ ਹੈ ਇਹੋ ਧਰਮ ਦਾ ਮੁਖ ਫਰਜ਼ ਹੈ।

ਜਿਵੇਂ ਪਾਪ ਕੀ ਜੰਞ, ਲੈ ਕਾਬਲੋਂ ਧਾਇਆ ਬਾਬਰੀ ਫੌਜ ਪਾਪਾਂ ਦਾ ਪੁੰਜ ਸੀ, ਜੋ ਧਰਮ ਜ਼ੁਲਮ ਨੂੰ ਨਹੀਂ ਹਟਾਉਂਦਾ, ਉਹ ਧਰਮ ਕਿਸ ਕੰਮ? ਤਲਵਾਰ ਉਠਾਕੇ ਜ਼ਾਲਮਾਂ ਨੂੰ ਮਾਰਨਾ ਧਰਮ ਹੈ, ਰਾਜ ਲਈ ਜਾਂ ਦੇਸ਼ ਮਲਣ ਹਿਤ ਤਲਵਾਰ ਚਲਾਉਣੀ ਕੁਧਰਮ ਹੈ। ਰਾਜ ਕੂੜ ਹੈ, ਧਰਮ ਸੱਚ ਹੈ, ਇਨ੍ਹਾਂ ਵਿਚ ਆਦਿ ਥੀਂ ਅਮੇਲ ਹੈ ਅਤੇ ਰਹੇਗਾ। ਰਾਜ ਜਾਂ ਹਕੂਮਤ ਬਿਨਾਂ ਝੂਠ ਫਰੇਬ ਦੇ ਨਹੀਂ ਚਲ ਸਕਦੀ, ਅਧਰਮ ਝੂਠ ਫਰੇਬ ਆਦਿ ਮਨੁਖਤਾ ਦਾ ਦੁਸ਼ਮਣ ਹੈ। ਰਾਜਸੀ ਸਿਆਸਤ ਧਰਮ ਦੀ ਪਕੀ ਵੈਰਨ ਹੈ। ਸਿਖ ਧਰਮੀ ਫਕੀਰਾਂ ਕਾਇਰਾਂ ਦੀ ਜਥੇਬੰਦੀ ਨਹੀ ਹੈ।

ਸਿਖ ਧਰਮ ਦਾ ਆਸ਼ਾ ਹੈ—

'ਜਹਾਂ ਤਹਾਂ ਤੁਮ ਧਰਮ ਬਿਥਾਰੋ,
ਦੁਸ਼ਟ ਦੋਖੀਅਨ ਪਕਰ ਪਛਾਰੋ,
ਧਰਮ ਚਲਾਵਨ ਸੰਤ ਬਾਉਰਨ,
ਦੁਸ਼ਟ ਸਭਿਨ ਕੋ ਮੂਲ ਉਪਾਰਨ।

ਐਸੇ ਧਰਮ ਪ੍ਰਚਾਰ ਨੂੰ ਰਾਜਨੀਤੀ ਦਸਣਾ ਅਣਜਾਣ-ਪੁਣਾ ਹੈ ।

ਰਾਜਨੀਤੀ ਤਾਂ ਰਾਜ ਵਿਰੋਧੀਆਂ ਨੂੰ ਮਾਰ ਕੇ ਗੁਲਾਮੀ ਫੈਲਾਂਦੀ ਹੈ, ਧਰਮ ਨਾਲ ਉਸ ਦਾ ਕੋਈ ਵਾਸਤਾ ਨਹੀਂ ਹੁੰਦਾ । ਕੌਰਵਾਂ ਪਾਂਡਵਾਂ ਦੇ ਜੰਗ ਜ਼ਰ, ਜੋਰੂ, ਜ਼ਮੀਨ ਦੇ ਝਗੜੇ ਸਨ ।

ਮਹਾਂ ਭਾਰਤ ਅਤੇ ਰਾਮਾਇਣ ਆਦਿ ਦੇ ਜੰਗ ਘਰੋਗੀ ਯਾ ਰਾਜਸੀ ਜੰਗ ਸਨ । ਗੁਰੂ ਸਾਹਿਬਾਨ ਨੇ ਧਰਮ ਰਛਿਆ ਹਿਤ ਜੰਗ ਕੀਤੇ । ਮੁਲਕ ਲੈਣ ਹਿਤ ਕੋਈ ਜੰਗ ਨਹੀਂ ਕੀਤਾ । ਜਿਸ ਰਾਜਨੀਤੀ ਯਾ ਸਿਆਸਤ ਨੂੰ ਅਜ ਕਲ੍ਹ ਧਰਮ ਨਾਲ ਜੋੜਿਆ ਜਾਂਦਾ ਹੈ, ਇਹ ਧਰਮ ਅਤੇ ਅਧਰਮ ਨੂੰ ਇਕਠੇ ਕਰਨ ਵਾਲੀ ਨਿਸਫ਼ਲ ਬਾਤ ਹੈ । ਸੰਸਾਰ ਦੀ ਸਿਆਸਤ ਕੂੜ ਹੈ, ਧਰਮ ਨਾਮ ਸਚ ਦਾ ਹੈ । ਇਹ ਤਿੰਨ ਕਾਲ ਭੀ ਇਕੱਠੇ ਨਹੀਂ ਹੋ ਸਕਦੇ ।

ਸਰਬ ਸਾਂਝਾ ਗੁਰੂ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਖਸ਼ਸ਼ਾਂ ਸਰਬਤ ਵਾਸਤੇ ਯਕਸਾਂ ਸਨ । ਆਪ ਨੂੰ ਕਿਸੇ ਕੌਮ ਤੇ ਜਾਤੀ ਪਾਤੀ ਨਾਲ਼ ਕੋਈ ਵੈਰ ਤੇ ਪਖਪਾਤ ਨਹੀਂ ਸੀ । ਜਿਸ ਤਰ੍ਹਾਂ ਆਪ ਨੇ ਔਰੰਗਜ਼ੇਬੀ ਤਲਵਾਰ ਤੋਂ ਹਿੰਦੂਆਂ ਦੀ ਰਛਿਆ ਕੀਤੀ ਉਸੀ ਭਾਂਤ ਦੇ ਅਨੇਕਾਂ ਮੁਸਲਮਾਨ ਭੀ ਆਪ ਪਾਸੋਂ ਵਰੋਸਾਏ । ਔਰੰਗਜ਼ੇਬ ਦਾ ਛੋਟਾ ਬੇਟਾ ਤਾਰਾ ਆਜ਼ਿਮ ਧੋਖੇ ਨਾਲ ਤਖਤ ਦਾ ਮਾਲਿਕ ਬਣ ਗਿਆ ਸੀ ਪਰ ਇਹ ਯੋਗ ਨਹੀਂ ਸੀ ਔਰੰਗਜ਼ੇਬ ਦਾ ਵੱਡਾ ਬੇਟਾ ਬਹਾਦਰ ਸ਼ਾਹ ਕਾਬਲ ਵਲ ਗਿਆ ਸੀ । ਇਸ ਨੂੰ ਗੁਰੂ ਘਰ ਨਾਲ ਕਾਫੀ ਪ੍ਰੇਮ ਸੀ । ਇਸ ਨੇ ਗੁਰੂ ਜੀ ਦੀ ਸ਼ਰਨ ਲਿਤੀ ਤੇ ਬੇਨਤੀ ਪਤ੍ਰ ਲਿਖਿਆ ।

ਕਿ ਜੇ ਮੈਨੂੰ ਦਿਲੀ ਦਾ ਤਖਤ ਦਲਾ ਦਿਉ ਤਾਂ ਮੈਂ ਆਪ ਦਾ ਸਦਾ ਅਹਿਸਾਨਮੰਦ ਤੇ ਸੇਵਾਦਾਰ ਰਹਾਂਗਾ । ਗੁਰੂ ਜੀ ਨੇ ਬਹਾਦਰ ਸ਼ਾਹ ਨੂੰ ਦੀਨ ਦੁਖੀ ਵੇਖਕੇ ਤੇ ਆਪਣੇ ਸ਼ਰਨ ਸੂਰ ਬ੍ਰਿਦ ਅਨੁਸਾਰ ਉਸ ਦੀ

ਮੱਦਦ ਕਰਨੀ ਪ੍ਰਵਾਨ ਕਰ ਲਿਤੀ । ਸ੍ਰੀ ਗੁਰੂ ਸੋਭਾ ਗਰੰਥ ਵਿਖੇ ਲਿਖਿਆ ਹੈ—

"ਇਤੀ ਬਾਤ ਪ੍ਰਭੂ ਨੇ ਸੁਨ ਪਾਈ।
ਲਿਖਿਓ ਦਿਲਾਸਾ ਤਹਿ ਪਠਾਈ।
ਸ਼ੰਕਾ ਨੈਕ ਜੀਵ ਨਹੀ ਆਨੋ।
ਨਿਸਚੇ ਰਾਜ ਆਪਣਾ ਜਾਨੋ।
ਆਨ ਜਾਜਊਂ (ਜੇਜੋਂ) ਜੁਧ ਮਚਾਯੋ।
ਆਜ਼ਮ ਮਾਰਗ ਜਾਤ ਨਾ ਪਾਯੋ।
ਆਜ਼ਮ ਪਾਇ ਮੀਠਾ ਪਾਇ ਪਾਈ ॥ ੧੧ ॥

ਤਾਰਾ ਆਜ਼ਮ ਨੂੰ ਸ੍ਰੀ ਗੁਰੂ ਜੀ ਦੇ ਤੀਰ ਨਾਲ ਮਰਨ ਦੀ ਗਵਾਹੀ ਗ੍ਰੰਥ ਸੂਰਜ ਪ੍ਰਕਾਸ਼ ਨੇ ਭੀ ਦਿਤੀ ਹੈ ।

ਤਾਰਾ ਅਜ਼ਮ ਦੇ ਗੁਰ ਜੀ ਦਾ ਸੋਨ ਮੁਖੀ ਤੀਰ ਲਗਿਆ ਵੇਖਿਆ ਗਿਆ । ਸਾਰੇ ਹਾਲ ਦਾ ਬਹਾਦਰ ਸ਼ਾਹ ਨੂੰ ਭੀ ਪਤਾ ਲਗਿਆ ਉਹ ਫ਼ਤਹ ਪਾ ਕੇ ਬਹੁਤ ਖੁਸ਼ ਹੋਇਆ ।

ਸੁਨੀ ਜੋ ਸ਼ਾਹਿ ਬਿਗਸ਼ਾਇ ਐਸ਼ ਕਹਿਓ । ਸ਼ੁਕਰ ਦਰਗਾਹ ਸਾਹਿਬ ਤੇਰੀ ਅਲਾਹੀ ਕਓਿ ਹੈ ਫੈਜ਼ ਮੁਹਿ ਆਪਨੋ ਜਾਨਕੈ ਰਹਿਮ ਕੀ ਨਜ਼ਰ ਸੇ ਫਤਹ ਪਾਈ ॥ ਬੀਰ ਜੋਧਾ ਬਲੀ ਧਾਂਕ ਜਾਂਕੀ (ਗੁਰੂ ਜੀ ਅਰ ਉਨ੍ਹਾਂ ਦੀ ਖਾਲਸਾ ਫੌਜ) ਭਲੀ ਸੰਗਥੇ ਜਾਂ ਕੇ ਖੂਬ ਸਿਪਾਹੀ ॥ ਜੀਵ ਤਾਂਕਾ ਦੀਓ ਤਾਜ ਹਮਕੋ ਅਜਬ ਹੈ ਖੇਲ ਤੇਰੇ ਸੁਦਾਹੀ ॥ ੧੫ ॥ ੬੯੯ ॥ ਸਾਬਤ ਹੈ ਕਿ ਬਹਾਦਰ ਸ਼ਾਹ ਨੇ ਤਾਜ ਅਰ ਫਤਹ ਦੀ ਪ੍ਰਾਪਤੀ ਨੂੰ ਗੁਰੂ ਜੀ ਦੀ ਬਖਸ਼ਸ਼ ਮੰਨਿਆ ।

ਰਾਜ ਮਿਲਣੇ ਪਰ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਆਗਰੇ ਵਿਖੇ ਦਰਸ਼ਨ ਦੇਣ ਹਿਤ ਪ੍ਰਾਰਥਨਾ ਕਰ ਘਲੀ ਲਿਖਿਆ ਹੈ ।

ਕਹਿ ਭੇਜੀ ਪ੍ਰਭੂ ਇਓਂ

ਤਬੈਂ ਦਯਾ ਕਰੋ ਕਰਤਾਰ ।
ਦਰਸ ਦਿਖਾਵੋ ਆਪਨਾ,
ਅਪਨੀ ਕ੍ਰਿਪਾ ਧਾਰ ।

ਗੁਰੂ ਸੋਭਾ ਗ੍ਰੰਥ ਵਿਚ ਪੂਰਨ ਹਾਲ ਦਰਜ ਹੈ ਸਤਿਗੁਰੂ ਜੀ ਖਾਨ ਖਾਨਾ ਦੀ ਰਾਹੀਂ ਆਗਰੇ ਜਾ ਕੇ ਬਹਾਦਰ ਸ਼ਾਹ ਨੂੰ ਮਿਲੇ ਸਨ, ਇਸ ਬਾਰੇ ਲਿਖਿਆ ਹੈ ।

'ਚੜ੍ਹੀ ਕਮਾਨ ਸ਼ਸਤ੍ਰ ਸਭ ਧਾਰੇ ।।
ਕਲਗੀ ਛੱਬ ਅਪਰ ਅਪਾਰੇ ।।
ਲਟਕਤ ਚਲਤ ਤਹਾਂ ਚਲਿ ਆਇ ।।
ਸ਼ਾਹ ਪਾਸ ਬੈਠੇ ਇਮਜਾਇ ।।

ਬਾਦਸ਼ਾਹ ਨੇ ਗੁਰੂ ਜੀ ਦੇ ਦਰਸ਼ਨ ਪਾਏ—

ਸ਼ਾਹ ਆਪ ਤਹਿ ਓਰ ਨਿਹਾਰਾ ।।
ਦਰਸ਼ਨ ਦੇਖ ਭਇਓ ਮਤਵਾਰਾ ।।
ਤਨ ਮਨ ਧਨ ਤੇ ਅਧਿਕ ਬਿਕਾਨਾ ।।
ਕਵਲ ਵੇਖ ਜਿਉਂ ਭਵਰ ਲੁਭਾਨਾ ।।

ਉਪਰੰਤ ਬਹਾਦਰ ਸ਼ਾਹ ਨੇ ਗੁਰੂ ਜੀ ਦੇ ਕਿਰਪਾ ਦਾ ਧੰਨਵਾਦ ਕਰਦਿਆਂ ਆਖਿਆ—

ਧੰਨੋ ! ਧੰਨ ! ਪ੍ਰਭੂ ਅਲਖ ਅਪਾਰਾ ।।
ਨਿਹਚਲ ਕੀਨੋ ਰਾਜ ਹਮਾਰਾ ।।
ਦਿਆ ਧਾਰ ਹਮਰੇ ਘਰ ਆਏ ।।
ਤਖਤ ਬਖਤ ਪ੍ਰਭੂ ਤੁਮਤੇ ਪਾਏ ।।
੩੪ ।। ੭੨੧ ।। ਸ੍ਰੀ ਗੁਰੂ ਸੋਭਾ ਗਰੰਥ ।।

ਹਿਸਾਬ ਵਿਚ ਕੌਣ ਫਾਡੀ ?

ਕੇਵਲ ਗੁਰਮੁਖੀ ਪੰਜਾਬੀ ਦੇ ਡਾਇਰੀਆਂ ਛਾਪਣੇ ਵਾਲੇ ਰਿਵਾਜਣ

ਸੰਨ ਲਿਖ ਛਡਦੇ ਹਨ, ਅਤੇ ਇਸ ਨੂੰ ਭੀ ਕੱਤਕ ਪੂਰਨਮਾਸ਼ੀ ਤੋਂ ਆਰੰਭ ਕਰਨ ਦੀ ਗਲਤੀ ਕਰਦੇ ਹਨ। ਭਾਵੇਂ ਸਤਿਗੁਰੂ ਨਾਨਕ ਜੀ ਦਾ ਜਨਮ ਵਿਸਾਖੀ ਦਾ ਹੈ, ਫੇਰ ਭੀ ਕੱਤਕ ਪੂਰਨਮਾਸ਼ੀ ਮਹੀਨੇ ਦਾ ਮੱਧ ਹੈ, ਇਸ ਤੋਂ ਇਕ ਦੋ ਆਦਿ ਤਰੀਕਾਂ ਨਹੀਂ ਚਲ ਸਕਦੀਆਂ। ਪਾਠਕਾਂ ਨੂੰ ਪਤਾ ਹੋਵੇ ਕਿ ਹਜ਼ਰਤ ਈਸਾ ਦਾ ਜਨਮ ਦਸੰਬਰ ਵਿਖੇ ਹੋਇਆ ਸੀ, ਫੇਰ ਭੀ ਸੰਨ ਈਸਵੀ ਨੂੰ ਪਹਿਲੀ ਜਨਵਰੀ ਤੋਂ ਤਰਤੀਬ ਨਾਲ ਚਲਾਇਆ ਹੈ ਜੇ ਹੋਰ ਨਹੀਂ ਤਾਂ ਸਿਖਾਂ ਨੂੰ ਦੂਸਰੀਆਂ ਕੌਮਾਂ ਤੋਂ ਹੀ ਸਿਖਿਆ ਹਾਸਲ ਕਰਨੀ ਚਾਹੀਦੀ ਹੈ। ਸਿਖ ਇਤਿਹਾਸ ਨੇ ਵਦੀਆਂ ਸੁਦੀਆਂ ਤਾਂ ਦਸੀਆਂ ਤੇ ਬਿਕਰਮੀ ਸੰਮਤ ਭੀ ਲਿਖ ਦਿਤਾ, ਪਰ ਲੇਖਾ ਕੌਣ ਕਰੇ ? ਗੁਰੂ ਨਾਨਕ ਸਮਤ ਉੱਕਾ ਨਹੀਂ ਵਰਤਿਆ ਤੇ ਨਾ ਹੀ ਕੋਈ ਖਾਲਸਾ ਸੰਮਤ ਜੋ ਵਿਸਾਖੀ ਤੋਂ ਆਰੰਭ ਹੁੰਦਾ ਹੈ ਵਰਤਦਾ ਹੈ। ਕਾਇਦੇ ਮੂਜਬ ਹੁਣ ਨਾਨਕਸ਼ਾਹੀ ਜਾਣ। ਮਿਸਾਲ ਦੇ ਤੌਰ ਪਰ ਚਾਰੇ ਸਾਹਿਬਜ਼ਾਦਿਆ ਦੇ ਸ਼ਹੀਦੀ ਦਿਨ ੭ ਪੋਹ ਅਤੇ ੧੩ ਪੋਹ ਹਮੇਸ਼ਾਂ ਸੰਕ੍ਰਾਤੀ ਤਰੀਕਾਂ ਨਾਲ ਮਨਾਏ ਜਾਂਦੇ ਹਨ ਜੋ ਕਿ ਦਸਮ ਗੁਰੂ ਜੀ ਨੇ ਤਰੀਕਾਂ ਨੀਅਤ ਕੀਤੀਆਂ ਸਨ। ਯਾਦ ਰਖੋ ਕਿ ਇਕੋ ਸਾਲ ਵਿਚ ਦੋ ਵੇਰੀ ਪੋਹ ਸੁਦੀ ਸਤਵੀਂ ਦੇ ਗੁਰਪੁਰਬ ਆ ਜਾਣੇ ਸਿਧ ਕਰਦੇ ਹਨ ਕਿ ਸਿਖਾਂ ਨੂੰ ਤਰੀਕਾਂ ਠੀਕ ਰਖਣ ਦੀ ਕੋਈ ਸੂਝ ਬੂਝ ਨਹੀਂ ਹੈ। ਛੱਡੋ ਥਿੱਤਾਂ ਦੇ ਝੰਬੇਲੇ "ਥਿੱਤੀ ਵਾਰ ਸੇਵੇਂ ਮੁਗਧ ਗਵਾਰ', ਇਸ ਬਚਨ ਨੂੰ ਹਮੇਸ਼ਾਂ ਯਾਦ ਰਖਕੇ ਸੰਕ੍ਰਾਂਤੀ ਤਰੀਕਾਂ ਨੂੰ ਵਰਤੋਂ।

ਸਤਿਗੁਰੂ ਨਾਨਕ ਜੀ ਦਾ ਸੰਮਤ ਇਕ ਵੈਸਾਖ ਦਿਨ ਐਤਵਾਰ ਤੋਂ ਚਲਦਾ ਹੈ।

ਸਿਖ ਇਤਿਹਾਸ ਅਤੇ ਹੋਰ ਤਵਾਰੀਖਾਂ ਇਸ ਗਲ ਦੀਆਂ ਗਵਾਹ ਹਨ ਕਿ ਸ੍ਰੀ ਮੁਕਤਸਰ ਦਾ ਜੰਗ ਇੱਕੀ ਵਿਸਾਖ ਸੰਮਤ ੧੭੬੨ ਨੂੰ ਹੋਇਆ ਸੀ ਇਹੋ ਸੰਮਤ ਤੇ ਤਾਰੀਖ ਸਰਕਾਰੀ ਰੀਕਾਰਡਾਂ ਤੋਂ ਵੀ ਮਿਲਦੀ ਹੈ। ਸ੍ਰੀ ਗੁਰੂ ਦਸ਼ਮੇਸ਼ ਜੀ ਮਾਲਵੇ ਦਾ ਦੌਰਾ ਕਰਦੇ ੨ ਮਾਘ ਨੂੰ ਨਗਰ

ਦੀਨੇ (ਕਾਂਗੜਾ) ਪੁਜੇ ਸਨ। ਇਥੋਂ ਆਪ ਨੇ ਜ਼ਫਰਨਾਮਾ (ਫਤਹਿ ਨਾਮਾ) ਫਾਰਸੀ ਬੋਲੀ ਵਿਚ ਲਿਖਕੇ ਭਾਈ ਦਿਆ ਸਿੰਘ ਜੀ ਪਿਆਰੇ ਦੀ ਹਥੀਂ ਬਾਦਸ਼ਾਹ ਔਰੰਗਜ਼ੇਬ ਨੂੰ ਘਲਿਆ ਸੀ ਦੀਨੇ ਵਿਖੇ ਗੁਰੂ ਜੀ ਬਰਾਬਰ ਸਾਢੇ ਕੁ ਚਾਰ ਮਹੀਨੇ ਅਟਕੇ ਸਨ ਇਥੋਂ ਹੀ ਚਾਰ ਪੰਜ ਹਜ਼ਾਰ ਖਾਲਸਾ ਫੌਜ ਤਿਆਰ ਕੀਤੀ। ਸਰਹੰਦ ਤੋਂ ਸੂਬੇਦਾਰ ਵਜ਼ੀਦ ਖਾਂ ਵੀਹ ਹਜ਼ਾਰ ਫੌਜ ਲੈ ਕੇ ਗੁਰੂ ਜੀ ਨੂੰ ਮਾਰਨ ਵਾਸਤੇ ਆਇਆ। ਸਤਿਗੁਰੂ ਜੀ ਨੇ ਦੀਨੇ ਤੋਂ ਚਲਕੇ ਖਿਦਰਾਣੇ ਦੀ ਢਾਬ ਪਰ ਮੋਰਚਾ ਬੰਦੀ ਕੀਤੀ। ਉਸੀ ਢਾਬ ਦੀ ਥਾਂ ਸਰੋਵਰ ਬਣਾਇਆ ਗਿਆ ਹੈ। ਉਸ ਵੇਲੇ ਇਸ ਢਾਬ ਤੋਂ ਨੇੜੇ ਹੋਰ ਕਿਧਰੇ ਪਾਣੀ ਨਹੀਂ ਮਿਲਦਾ ਸੀ।

ਪਰਮ ਸ਼ੋਕ ਇਸ ਦਿਨ ਨੂੰ ਭੁਲਾਕੇ ਮੁਕਤਸਰ ਵਿਚ ਹਿੰਦੂਆਂ ਦਾ ਤਿਉਹਾਰ ਮਾਘੀ ਨੂੰ ਮੇਲਾ ਹੁੰਦਾ ਹੈ ਅਤੇ ਇੱਕੀ ਵਿਸਾਖ ਵਾਲੇ ਦਿਨ ਉਥੇ ਸੁਨਸਾਨ ਬੀਤਦੀ ਹੈ ਇਹ ਅਤਿ ਅਨਿਓ ਦੀ ਬਾਤ ਹੈ ਔਰ ਅਸਲੀ ਅਤੇ ਤਵਾਰੀਖਾਂ ਦੀ ਲਿਖਤ ਤੋਂ ਵਿਰੁਧ ਹੈ।

ਪਿਛਲੇ ਸਮੇਂ ਵਿਚ ਪੱਤਰੀਆਂ ਅਕਸਰ ਪਾਂਧਿਆਂ ਪਾਸ ਹੀ ਹੁੰਦੀਆਂ ਸਨ, ਜਿਸ ਕਾਰਨ ਅਣਜਾਣ ਲੋਕ ਝੰਬੇਲੇ ਵਿਚ ਫਸੇ ਰਹਿੰਦੇ ਸਨ। ਮੁਸਲਮਾਨਾਂ ਨੇ ਇਸ ਝੰਬੇਲੇ ਤੋਂ ਨਿਕਲਣ ਵਾਸਤੇ ਆਪਣਾ ਹਿਜਰੀ ਸੰਮਤ ਚੰਦਰਮਾ ਦੀ ਚਾਲ ਨਾਲ ਤਾਂ ਰਖਿਆ, ਪਰ ਉਹ ਹਿਸਾਬੀ ਨਾ ਹੋਣ ਕਰਕੇ ਥਿਤਾਂ ਨੂੰ ਕੱਠਿਆਂ ਕਰਨ ਤੇ ਲੌਂਦ ਦਾ ਮਹੀਨਾ ਨਿਕਾਲਣਾ ਛੱਡ ਗਏ ਤੇ ਚੰਦਰਮਾ ਦੇ ਨਾਲ ਮਹੀਨੇ ਗਿਣਦੇ ਹਨ, ਜਿਸ ਕਰਕੇ ਹਿਜਰੀ ਸੰਨ ਦਾ ਬਾਰਾਂ ਸਾਲਾਂ ਪਿਛੋਂ ਇਕ ਸਾਲ ਹੋਰ ਵਧ ਜਾਂਦਾ ਹੈ। ਕਾਇਦੇ ਮੂਜਬ ਉਹ ਭਾਰੀ ਭੁਲ ਵਿਚ ਹਨ। ਹਿਜਰੀ ਦਾ ਅਸਲ ਸੰਮਤ ਉਹ ਛਡੀ ਜਾ ਰਹੇ ਹਨ, ਕਿਉਂਕਿ ਚੰਦਰਮਾ ਦੀ ਚਾਲ ਮੂਜਬ ਉਨ੍ਹਾਂ ਨੂੰ ਲੇਖਾ ਪੱਤਾ ਨਿਕਾਲਣੇ ਦੀ ਵਿਉਂਤ ਨਹੀਂ ਆਉਂਦੀ ਸੀ। ਹੁਣ ਉਹ ਇਸ ਨੂੰ ਸੁਧਾਰਨ ਵਲੋਂ ਹੀ ਅਸਮਰਥ ਜਾਪਦੇ ਹਨ। ਜੇ ਉਹ ਸੂਰਜ ਦੀ ਚਾਲ ਵਾਲਾ ੩੬੫ ਦਿਨਾਂ ਦਾ ਸਾਲ ਰਖਦੇ ਤਾਂ ਉਹ

ਠੀਕ ਹਿਸਾਬ ਲਗਾ ਸਕਦੇ ਸਨ।

ਫ਼ਿਰਕੇ-ਬੰਦੀਆਂ ਦੇ ਜਾਲ

ਹਰ ਕੌਮ ਅਤੇ ਦੇਸ਼ ਵਿਚ ਫ਼ਿਰਕੇ-ਬੰਦੀਆਂ ਪਸਰ ਰਹੀਆਂ ਹਨ, ਜੋ ਕਿ ਨਾ-ਇਤਫਾਕੀ ਅਤੇ ਧਰਮ ਨੂੰ ਵੰਡਣ ਦਾ ਕਾਰਨ ਹਨ। ਪਾਠਕਾਂ ਦੀ ਗਿਆਤ ਹਿਤ ਨਮੂਨੇ ਮਾਤਰ ਅਗੇ ਵੇਰਵਾ ਦਿਤਾ ਜਾਂਦਾ ਹੈ।

ਲਾਲ ਸਿਘ ਗਿਆਨੀ

ਜੈਨ ਮਤ ਦਾ ਬਾਨੀ ਮਹਾਤਮਾ ਰਿਸ਼ਵ ਦੇਵ ਮੰਨਿਆਂ ਹੈ। ਸੰਜਮ ਧਾਰਨੇ ਕਰ ਕੇ ਅਰਹੰਤ ਦੇਵ ਦੇ ਉਪਾਸ਼ਕ ਹਨ। ਇਹ ਜੀਵ ਅਹਿੰਸਾ ਨੂੰ ਪਰਮੋ ਧਰਮ ਮੰਨਦੇ ਹਨ। ਢੂੰਡੀਏ ਮੁਖ ਉਪਰ ਪੱਟੀ ਬੰਨ੍ਹ ਰਖਦੇ ਹਨ, ਤਾਂਕਿ ਕੋਈ ਜੀਵ ਨਾ ਮਰੇ। ਜੈਨੀਆਂ ਦਾ ਵੱਡਾ ਮੰਦਰ ਜ਼ਿਲ੍ਹਾ ਹਜ਼ਾਰੀ ਬਾਗ ਵਿਖੇ ਹੈ। ਮਹਤਮਾ ਪਾਰਸ ਨਾਥ ਈਸਵੀ ਸੰਨ ਤੋਂ ਛੇ ਕੁ ਸੌ ਸਾਲ ਪਹਿਲਾਂ ਹੋਇਆ। ਦਸਮ ਗ੍ਰੰਥ ਵਿਚ ਇਸ ਨੂੰ ਸ਼ਿਵ ਅਵਤਾਰ ਲਿਖਿਆ ਹੈ। ਜੈਨੀਆਂ ਦੇ ਦਿਗੰਬਰ ਤੇ ਸਵੈਤੰਬਰ ਦੋ ਵਡੇ ਫ਼ਿਰਕੇ ਹਨ। ਮੁਖ ਪੁਰ ਪੱਟੀ ਦੋਵੇਂ ਬੰਨ੍ਹਦੇ ਹਨ। ਜੈਨ ਮਤਿ ਵਿਚ ਵਡੇ ਵਡੇ ਧਨੀ ਸ਼ਾਮਲ ਹਨ, ਪਰ ਧਨ ਜਮ੍ਹਾਂ ਕਰਨਾ ਮਨ੍ਹਾਂ ਹੈ ਵਰਤਾਂ ਦਾ ਬਹੁਤ ਰਿਵਾਜ ਹੈ, ਜੋ ਭਾਦੋਂ ਵਦੀ ਬਾਰਾਂ ਤੋਂ ਭਾਦਰੋਂ ਸੁਦੀ ਚਾਰ ਤਕ ਹਨ। ਅਖੀਰਲੇ ਵਰਤ ਨੂੰ ਛਮਛਰੀ ਬੋਲਦੇ ਹਨ (ਭਾਵ ਪਵਿਤਰ ਦਿਨ) ਇਹ ਲੋਕ ਕਰਤਾਰ ਨੂੰ ਸੰਸਾਰ ਦਾ ਰਚਨਹਾਰ ਨਹੀਂ ਮੰਨਦੇ। ਵਾਸਤਵ ਵਿਚ ਕਰਤਾਰ ਦੀ ਹੋਂਦ ਤੋਂ ਮੁਨਕਰ ਹਨ। ਇਸ ਕਰ ਕੇ ਇਨ੍ਹਾਂ ਨੂੰ ਨਾਸਤਕ ਮਤਿ ਦੀ ਸ਼ਾਖ ਕਲਪਿਆ ਜਾਂਦਾ ਹੈ। ਮੁਕਤ ਹੋਈ ਆਤਮਾ ਨੂੰ ਹੀ ਈਸ਼ਵਰ ਕਹਿੰਦੇ ਹਨ। ਜੈਨ ਮਤਿ ਬੁਧ ਮਤਿ ਤੋਂ ਪਹਿਲਾਂ ਦਾ ਹੈ, ਪਰ ਨਿਯਮ ਮਿਲਦੇ ਜੁਲਦੇ ਹਨ। ਅਸਤੇਜ (ਚੋਰੀ ਨਹੀਂ ਕਰਨੀ) ਅਪਰਿਗ੍ਰਹਿ (ਮੋਹ ਦਾ ਤਿਆਗ) ਬ੍ਰਹਮਚਰਜ, ਸਚ ਬੋਲਨਾ, ਇਸਤਰੀ ਭੋਗ ਦਾ ਤਿਆਗ ਮੁਖ

ਨਿਯਮ ਹਨ । 'ਜੈਨ ਮਾਰਗ ਸੰਜਮ ਅਤਿ ਸਾਧਨ' ਗਉੜੀ ਮ: ੫ । ਭਾਵ ਜੈਨੀ ਅਤਿ ਸੰਜਮ ਸਾਧਨੀ ਹਨ । ਇਸ ਮਤਿ ਦੇ ਆਰੰਭਕ ਰਿਸ਼ਵ ਦੇਵ ਦਾ ਜਨਮ ਰਾਜਾ ਨਾਭਿ ਦੇ ਘਰ ਮਰਦੇਵੀ ਤੋਂ ਹੋਇਆ ਦਸਿਆ ਹੈ ਇਲਾਕਾ ਅਵੱਧ ਸੀ । ਜੈਨੀ ਕਹਿੰਦੇ ਹਨ ਕਿ ਇਕ ਲਖ ਸਾਲ ਇਸ ਨੇ ਤਪ ਕੀਤਾ ਸੀ । ਜੈਨੀਆਂ ਨੇ ਚੌਬੀਸ ਤੀਰਥੰਕਾਰ ਕਲਪੇ ਹਨ । ਪਿਛੋਂ ਮਹਾਤਮਾ ਮਹਾਂਬੀਰ ਵਧ ਪ੍ਰਸਿਧ ਹੋਇਆ । ਇਸ ਦਾ ਖ਼ਿਤਾਬ 'ਸੰਤ' ਹੈ । ਇਸ ਦੀ ਹੋਂਦ ਸੰਨ ਈਸਵੀ ਤੋਂ ਪੌਣੇ ਪੰਜ ਸੌ ਸਾਲ ਪਹਿਲਾਂ ਦੀ ਦਸੀ ਹੈ। ਚੇਲਾ ਕਰਨ ਵੇਲੇ ਸਿਰ ਦੇ ਵਾਲ ਹੱਥਾਂ ਨਾਲ ਪੁਟਦੇ ਹਨ । ਇਸਤ੍ਰੀਆਂ ਭੀ ਰੋਡੀਆਂ ਹੁੰਦੀਆਂ ਹਨ । ਇਨ੍ਹਾਂ ਨੂੰ ਸਰੇਵੜੇ ਭੀ ਆਖਦੇ ਹਨ । ਸਾਧੂਆਂ ਨੂੰ ਭਿਖਸ਼ੂ (ਮੰਗ ਖਾਣੇ) ਕਹਿੰਦੇ ਹਨ । ਚੌਬੀਸ ਪ੍ਰਸਿਧ ਪੁਰਸ਼ ਹੋਏ । ਰਿਖਵ ਨਾਤ ਨੂੰ ਆਦਿ ਨਾਥ ਕਹਿੰਦੇ ਹਨ । ਹਥਾਂ ਵਿਚ ਕਾਸੇ ਝਾੜੂ ਰਖਣੇ, ਨੰਗੇ ਪੈਰੀਂ ਰਹਿਣਾ, ਸਵਾਰੀ ਨਹੀਂ ਕਰਦੇ, ਅਨੇਕਾਂ ਫਿਰਕੇ ਹਨ, ਚੌਮਾਸੇ ਵਿਚ ਨਿਮਕ ਨਹੀਂ ਖਾਂਦੇ । ਇਹਦੇ ਸੈਂਕੜੇ ਭੇਦ ਹਨ । ਜੈਨ ਮਤਿ ਨੂੰ ਸਮਝਣਾ ਅਤਿ ਕਠਨ ਹੈ ।

ਮਹਾਨ ਵਿਦਿਆਵਾਨ ਸ਼ੰਕ੍ਰਾ ਚਾਰਜ ਜਿਸ ਨੂੰ ਸ਼ਿਵਜੀ ਦਾ ਅਵਤਾਰ ਕਹੀਦਾ ਹੈ । ਇਹ ਕੋਚਿਨ ਦੇ ਪਿੰਡੀ ਕਲਕੀ (ਕਾਲਪੀ) ਵਿਖੇ ਜਨਮੇ ਸਨ । ਸਤ ਸੌ ਅਠਾਸੀ ਈਸਵੀ ਵਿਚ ਜਨਮਿਆ ਜੋ ਸ਼ਿਵ ਗੁਰੂ ਬ੍ਰਾਹਮਣ ਗੋਬਿੰਦ ਸ੍ਵਾਮੀ ਤੋਂ ਸੰਨਿਆਸ ਲਿਤਾ 'ਇਸ ਨੇ ਮਗਧ ਰਾਜਧਾਨੀ ਦੇ ਨਗਰ ਮਹਿਖਮਤੀ ਪਹੁੰਚ ਕੇ ਮਹਾਨ ਪੰਡਿਤ ਮੰਡਨ ਮਿਸਰ ਔਰ ਉਸਦੀ ਇਸਤ੍ਰੀ ਮਹਾਨ ਪੰਡਤਾ ਭਾਰਤੀ ਨੂੰ ਚਰਚਾ ਵਿਚ ਜਿੱਤ ਲਿਆ ਸੀ ਸ਼ੰਕ੍ਰ ਨੇ ਪ੍ਰਚਾਰ ਲਈ ਕਾਫ਼ੀ ਮੱਠ ਬਣਾਏ । ਮੰਡਨ ਮਿਸਰ ਨੂੰ ਪ੍ਰਧਾਨ ਥਾਪਿਆ । ਪ੍ਰਸਿੱਧ ਸੰਗਰੇਰੀ ਦਾ ਮੱਠ ਹੈ ਜੋ ਰਾਜ ਮੈਸਰੋ ਦੇ ਜ਼ਿਲਾ ਕਦੂਰ ਵਿਚ ਹੈ । ਮੰਡਨ ਮਿਸਰ ਦਾ ਖਿਤਾਬ ਸੁਰੇਸ੍ਵਰ ਚਾਰਜ ਹੈ । ਸ਼ੰਕਰ ਨੇ ਛੋਟੀ ਉਮਰ ਵਿਚ ਚਲਾਣਾ ਕੀਤਾ ।

ਪਿੰਡ ਭਾਗਵਾਨ ਜ਼ਿਲਾ ਬੇਲਗ਼ਾਮ ਦਾ ਬ੍ਰਾਹਮਣ ਜਿਸ ਦੇ ਜਨਮ

ਸਮੇਂ ਗਲੇ ਵਿਚ ਸਿਵਲਿੰਗ ਸੀ। ਇਸ ਨੂੰ ਸ਼ਿਵਜੀ ਦੇ ਨੰਦ ਬੋਲਦਾ ਅਵਤਾਰ ਦਸਿਆ ਹੈ, ਇਸ ਨੇ ਲੰਗਯਾਤ (ਲਿੰਗਾ ਕਿਤਾ) ਫਿਰਕਾ ਜਾਰੀ ਕੀਤਾ ਸ਼ਿਵਲਿੰਗ ਦਾ ਠੱਪਾ ਲਵਾਉਂਦੇ ਹਨ ਜਿਸ ਨੂੰ ਲੋਗਯਾਤ ਸ਼ਿਵਲਿੰਗ ਬੋਲਦੇ ਹਨ । ਸਕੰਦ ਪੁਰਾਣ ਅਨੁਸਾਰ 'ਬਾਰਾਂ ਸਿਲਾ ਰੂਪ ਵਿਚ ਹੁੰਦੀ ਹੈ । ਕਹਿੰਦੇ ਹਨ 'ਸ਼ਿਵਲਿੰਗ ਦਾ ਅੰਤ ਦੇਵਤੇ ਭੀ ਨਹੀਂ ਪਾ ਸਕੇ। ਇਕ ਵੇਰੀ ਸ਼ਿਵਜੀ ਨੂੰ ਅਯੋਗ ਕਰਤੱਬ ਕਰਦੇ ਵੇਖਕੇ, ਰਿਸ਼ੀਆਂ ਨੇ ਸਰਾਪ ਦੇ ਦਿਤਾ ਕਿ ਤੇਰਾ ਲਿੰਗ ਝੜ ਜਾਵੇ, ਸੋ ਐਸਾ ਹੀ ਹੋ ਗਿਆ ਸਕੰਧ ਪੁਰਾਣ ਅਨੁਸਾਰ ਉਸ ਸਮੇਂ ਤੋਂ ਉਹ ਲਿੰਗ ਪੂਜਾ ਯੋਗ ਮੰਨਿਆ ਜਾਂਦਾ ਹੈ। ਇਸ ਮਤਿ ਦਾ ਵੱਡਾ ਪ੍ਰਚਾਰਕ ਬ੍ਰਿਖਭ ਨੂੰ ਮੰਨਿਆ ਹੈ।

ਵਾਮ ਮਾਰਗ ਪੁਰਾਣਾ ਮਤਿ ਹੈ ਜੋ ਕਿ ਸ਼ਿਵਜੀ ਦੇ ਖੱਬੇ ਅੰਗ ਤੋਂ ਚਲਦਾ ਹੈ। ਇਨ੍ਹਾਂ ਨੇ ਮੂਲ ਨੇਮਾਂ ਵਿਚ 'ਸ਼ਰਾਬ, ਮਾਸ, ਮੈਥਨ ਮੁਦ੍ਰਾਂ ਆਦਿ ਸੇਵਨ ਹੈ ਜਿਹਾ ਕਿ "ਮਦਯੰ, ਮਾਸੰਚ, ਮੀਨੰਕ ਮੁਦ੍ਰਾ ਮੇਵਚ ।। ਏਹੋ ਪੰਚ ਮਕਾਰ ਸੁਰ ਮੋਖਦਾ ਹੀ ਯੁਗੇ ਯੁਗੇ ॥ (ਕਾਲੀ ਤੰਤ੍ਰ) ਇਹ ਲੋਕ ਭੋਗ ਸਮੇਂ ਆਪ ਨੂੰ ਭੈਰਵ ਔਰ ਇਸਤ੍ਰੀਆਂ ਨੂੰ ਪਾਰਬਤੀ ਦਸ ਕੇ ਮਾਤਾ ਧੀਅ ਭੈਣ ਨਾਲ ਭੀ ਭੋਗ ਕਰਨੋ ਨਹੀਂ ਸੰਕੋਚਦੇ।

ਬਚਿੱਤ੍ਰ ਨਾਟਕ ਵਿਚ ਪਾਠ ਹੈ—'ਰਾਮਾ ਨੰਦ ਬਹੁਰ ਪ੍ਰਭ ਕਰਾ ॥ ਭੇਸ ਬੈਰਾਗੀ ਕੋ ਤਿਨ ਧਰਾ ॥ ਕੰਠੀ ਕੰਠ ਕਾਠ ਕੀ ਡਾਰੀ ॥ ਪ੍ਰਭ ਕੀ ਖਿਆ ਨ ਕਛੂ ਬਿਚਾਰੀ ॥ ਵੈਰਾਗੀਆਂ ਦੇ ਪੰਜ ਮੁਖ ਕਰਮ ਲਿਖੇ ਹਨ— ਤੀਰਥ ਦਵਾਰਕਾ ਦੀ ਯਾਤਰਾ, ਸੰਖ, ਚੱਕ੍ਰ ਆਦਿ ਵੈਸ਼ਨੂੰ ਚਿੰਨਾਂ ਦਾ ਸਰੀਰ ਪਖ ਲਗਾਓਣਾ (ਛਾਪੇ ਲਾਉਂਦੇ ਹਨ) ਛੰਦਨ ਦਾ ਤਿਲਕ ਇਹ ਕ੍ਰਿਸ਼ਨ ਜਾਂ ਰਾਮ ਮੂਰਤੀ ਦੀ ਪੂਜਾ ਕਰਦੇ ਹਨ, ਅਤੇ ਤੁਲਸੀ ਮਾਲ (ਕੰਠੀ) ਧਾਰਦੇ ਹਨ।

ਰਾਮਾ ਨੰਦ ਕਾਨਯ ਕੁਬਜ਼ ਬ੍ਰਾਹਮਣ ਭੂਕਰਮਾ ਦੇ ਗ੍ਰਿਹਿ, ਮਾਤਾ ਸੁਸ਼ੀਲਾ ਦੇ ਉਦਰ ਥੀਂ ਜਨਮਿਆ ਸੀ, ਇਹ ਸਮਾਂ ਸੰਮਤ ੧੪੨੩ ਦਾ ਸੀ। ਪਹਿਲਾ ਨਾਮ ਰਾਮਦੱਤ ਸੀ । ਇਹ ਰਾਮਾਨੁਜ ਦੀ ਸੰਪ੍ਰਦਾਇ ਦੇ

ਸਾਧੂ ਰਾਘਵਾ ਨੰਦ ਵੈਰਾਗੀ ਦਾ ਚੇਲਾ ਹੋਇਆ। ਕਾਂਸ਼ੀ ਵਿਚ ਗੰਗਾ ਦੇ ਪਜਾਂਗ ਘਾਟ ਪਰ ਡੇਰਾ ਬਣਾਇਆ। ਇਸਦੀ ਸ਼ਾਖ ਇੱਕਰ ਹੈ—

ਰਾਮਾ ਨੰਦ; ਦੇਵਾ ਨੰਦ, ਹਰਿਆ ਨੰਦ; ਰਾਘਵਾ ਨੰਦ ਆਦਿ। ਇਸ ਦਾ ਭਜਨ 'ਸੀਤਾ ਰਾਮ ਸੀ।' ਬਸੰਤ ਰਾਗ ਵਿਚ ਇਸ ਦਾ ਇਕ ਸ਼ਬਦ ਹੈ—'ਕਤ ਜਾਈਐ ਰੇ ਘਰ ਲਾਗੋ ਰੰਗ॥' ਇਸ ਦਾ ਚਲਾਣਾ ਸੰਮਤ ੧ ੨੪ ਵਿਚ ਕਾਂਸ਼ੀ ਵਿਖੇ ਹੋਇਆ। ਗੁਸਾਈ ਰਾਮਾ ਨੰਦ ਦੇ ਬਾਰਾਂ ਪਰਸਿੱਧ ਚੇਲੇ ਹੋਏ। ਜਿਹਾ ਕਿ—ਕਬੀਰ, ਪੀਪਾ, ਭਾਵਾ ਨੰਦ, ਸੈਣ, ਧਨੇਸ਼ਵਰ, ਰਮਾਦਾਸ, ਗਾਲਵਾ ਨੰਦ, ਸੁਰਸੁਰਾ, ਅਨੰਤਾ ਨੰਦ, ਸੁਖਾ ਨੰਦ, ਨਰਹਿ ਨੰਦ, ਯੋਗਾ ਨੰਦ ਆਦਿ। ਰਾਮਾ ਨੰਦ ਆਪਣੇ ਗੁਰੂ ਰਾਮਾਨੁਜ ਨਾਲੋਂ ਵਧ ਪ੍ਰਸਿੱਧੀ ਪਾ ਗਿਆ। ਪਹਿਲਾਂ ਇਹ ਵਿਸ਼ਨੂੰ ਅਤੇ ਲਛਮੀ ਦੀ ਪੂਜਾ ਕਰਦਾ ਰਿਹਾ। ਰਾਘਵਾ ਨੰਦ ਇਲਾਕਾ ਮਦਰਾਸ ਦੇ ਨਗਰ ਕਾਂਚੀ ਪੁਨ (ਭੂਤ ਨਗਰੀ) ਦਾ ਸੀ। ਸੰਮਤ ੧੦੭੩ ਵਿਚ ਜਨਮ ਕੇ ੧੧੯੪ ਵਿਚ ਚਲਾਣਾ ਕੀਤਾ।

ਵੈਸ਼ਨਵ ਮਤਿ ਵਿਸ਼ਨੂੰ ਦੇ ਉਪਾਸ਼ਕਾਂ ਦਾ ਹੈ। ਇਸ ਨੂੰ ਚਲਾਉਣ ਵਾਲਾ ਨਿੰਬਾਰਕ ਜਾਂ ਨਿੰਬਾ ਦਿਤਯ ਸੀ। ਇਹ ਮਹਾਤਮਾ ਬ੍ਰਿੰਦਾਵਾਨ ਪਾਸ ਧਰੁਮ ਨਾਮੀ ਪਹਾੜੀ ਉਪਰ ਰਹਿੰਦਾ ਸੀ। ਇਥੇ ਹੀ ਪ੍ਰਸਿੱਧ ਗੱਦੀ ਹੈ। ਇਹ ਜਗਨ ਨਾਥ ਦਾ ਪੁਤਰ ਸੀ। ਇਸ ਦੀ ਸ਼ਾਖਾ ਦਾ ਨਾਮ ਨਿੰਬਾਰਕ ਭੀ ਹੈ। ਅਸਲੋਂ ਵੈਸ਼ਨਵ ਮਤਿ ਦਾ ਮੋਢੀ ਮਾਧਵ ਚਾਰਯ ਨੂੰ ਮੰਨਿਆ ਹੈ। ਇਹ ਦੱਖਣ ਦੇਸ ਦਾ ਸੀ। ਇਸ ਦੀ ਹੋਂਦ ਬਾਹਰਵੀਂ ਸਦੀ ਈਸਵੀ ਵਿਚ ਦਸੀ ਹੈ। ਇਸ ਨੂੰ ਪਵਨ ਦੇਵਤੇ ਦਾ ਅਵਤਾਰ ਕਹਿੰਦੇ ਹਨ। ਇਸ ਦੀ ਸੰਪ੍ਰਦਾਇ ਦਾ ਨਾਮ ਮਾਧਵਾ ਹੈ। ਇਹ ਲੋਕ ਸਵਤੰਤਰ ਅਤੇ ਵਿਸ਼ਨੂੰ ਭਗਵਾਨ ਦੋਨੋਂ ਪਦਾਰਥ ਮੰਨਦੇ ਹਨ। ਅਤੇ ਜੀਵ ਨੂੰ ਪਰਤੰਤ੍ਰ ਮੰਨਦੇ ਹਨ। ਇਹ ਵਿਸ਼ਨੂੰ ਨਾਲ ਅਭੇਦ ਨਹੀਂ ਹੁੰਦਾ। ਉਪਾਸ਼ਨਾ ਕਰਕੇ ਕੇਵਲ ਮੁਕਤਿ ਹੁੰਦਾ ਹੈ। ਇਹ ਵਿਸ਼ਨੂੰ ਉਪਾਸ਼ਨਾ ਹਿਤ ਤਿੰਨ ਭੇਦ ਕਲਪਦੇ ਹਨ। ਸੰਖ ਚੱਕਰ ਦਾ ਸਰੀਰ ਪਰ ਛਾਪਾ ਲਾਉਣਾ, ਇਸ ਨੂੰ

ਅੰਕਨ ਬੋਲਦੇ ਹਨ। ਨਾਮ ਕਰਨ ਸੰਸਕਾਰ ਆਪਣੇ ਨਾਮ ਨਾਲ ਕੇਸਵ ਜਾਂ ਭਗਵਾਨ ਨਾਮ ਲਾਉਂਦੇ ਹਨ। ਤੀਜਾ ਅਸੂਲ ਹੈ ਨਾਮ ਭਜਨ ਕੀਰਤਨ ਕਰਨਾ। ਇਕ ਵਿਦਵਾਨ ਜੋ ਬਲਭ ਚਾਰਯ ਨਾਮ ਨਾਲ ਪ੍ਰਸਿੱਧ ਹੋਇਆ ਸੀ, ਇਸ ਨੇ ਕਾਂਸ਼ੀ (ਬਨਾਰਸ) ਆ ਕੇ ਸੰਨਿਆਸ ਧਾਰਨ ਕੀਤਾ ਸੀ। ਇਨ੍ਹਾਂ ਦਾ ਪੁੱਤਰ ਗੋਸਵਾਮੀ ਨਾਮ ਸੇ ਪਰਸਿੱਧ ਹੋਇਆ। ਸੂਰਦਾਸ ਆਦਿ ਭਗਤ ਇਸ ਦੇ ਚੇਲੇ ਹੋਏ। ਬਲਭ ਦਾ ਜਨਮ ਸੰਨ ੧੪੭੯ ਅਤੇ ਚਲਾਣਾ ਸੰਨ ੧੫੩੧ ਦਾ ਮੰਨਿਆਂ ਜਾਂਦਾ ਹੈ। ਇਸ ਦੇ ਚੇਲਿਆਂ ਦੀਆਂ ਸ਼ਾਖਾਂ ਨੂੰ ਵਲਭੀ ਗੋਸਵਾਮੀ ਸ਼ਾਖਾਂ ਨੂੰ ਵੈਸ਼ਨਵ ਕਹਿੰਦੇ ਹਨ।

ਰਾਮ ਸਨੇਹੀ ਫਿਰਕਾ, ਰਾਮ ਚਰਣ ਨੇ ਚਲਾਇਆ ਦੇਵਤਿਆਂ ਦੀ ਪੂਜਾ ਦਾ ਵਿਰੋਧੀ ਸੀ, ਇਹ ਸੰਨ ੧੭੭੬ ਵਿਚ ਜਨਮਿਆ ਮੁਖ ਸਥਾਨ ਸ਼ਾਹਪੁਰ ਹੈ। ਬਾਕੀ ਡੇਰੇ ਨਗੌਰ, ਉਦੇਪੁਰ, ਕੋਟਾ ਬੂੰਦੀ, ਟਾਂਕ ਆਦਿ ਹਨ। ਪਿਛੋਂ ਸਰਸਨ ਨਗਰ ਦਾ ਰਾਮਜਨ ਮਹੰਤ ਬਣਿਆ। ਇਨ੍ਹਾਂ ਦੇ ਭਜਨ ਦੇ ਕਾਫ਼ੀ ਗ੍ਰੰਥ ਮਿਲਦੇ ਹਨ।

ਦਾਦੂ ਅਹਮਦਾਬਾਦ (ਗੁਜਰਾਤ) ਦਾ ਪੀਂਜਾ ਸੀ, ਇਸ ਦੇ ਸਿਧਾਂਤ ਕਬੀਰ ਨਾਲ ਮਿਲਦੇ ਹਨ। ਵੱਡਾ ਡੇਰਾ ਨਾਰਾਇਣੇ (ਜੈ ਪੁਰ) ਹੈ। ਡੇਰੇ ਦਾ ਨਾਮ 'ਦਾਦੂ ਦੁਆਰਾ ਹੈ, ਇਸ ਨੇ ਸੰਮਤ ੧੬੬੦ ਬਿ: ਚਲਾਣਾ ਕੀਤਾ, ਦਸਮ ਗੁਰੂ ਜੀ ਹਜ਼ੂਰ ਸਾਹਿਬ ਵਲ ਜਾ ਰਹੇ ਸੰਮਤ ੧੭੬੪ ਬਿ: ਨੂੰ ਡੇਰੇ ਦੇ ਮਹੰਤ ਜੈਤ ਰਾਮ ਨੂੰ ਮਿਲੇ ਸੀ। ਇਸ ਦਾ ਚੇਲਾ ਨਿਹਚਲ ਦਾਸ ਪਿੰਡ ਧਣਾਨਾ ਦਾ ਸੀ। ਜਿਸ ਨੇ ਵਿਚਾਰ ਸਾਗਰ ਗ੍ਰੰਥ ਲਿਖਿਆ ਇਸ ਨੇ ਸੰਮਤ ੧੯੧੯ ਨੂੰ ਚਾਲੇ ਪਾਏ। ਦਾਦੂ ਪੰਥੀਏ ਇਸ ਨੂੰ ਮੰਨਦੇ ਹਨ।

"ਭਾਰਤ ਮਤਿ ਦਰਪਣ ਵਿਚ ਕਾਫ਼ੀ ਫਿਰਕੇ ਲਿਖੇ ਹਨ ਜਿਹਾ ਕਿ ਊਧਵੀ, ਉਨਮਤ (ਭਰੇਵ ਮਤਿ, ਉਦਮਤਿ, ਉੜੀਆ ਉਘੜ, ਉਘੜਮ ਆਦਿ ਬਰਾਹ, ਅਕਾਸ਼ ਮੁਖੀਏ ਅਲੇਖੀਏ, ਆਪ ਮਤੀਏ, ਅਘੋਰ ਮਤ, ਆਉਲ ਮਤ, ਆਪਾ ਪੰਥੀ, ਆਪੋ ਆਪ, ਅਨਾਮ ਅਜਾਤ ਪੰਥ,

ਅਵਧੂਤ, ਇਕ ਨਾਥੀਏ, ਸਰਬਗੀ ਸਹੇਜੀ, ਸ਼ਿਲ ਨਰੈਣੀ, ਸਖੀ ਭਾਵਕ, ਸਾਕਤ ਸਤਿਨਾਮੀ, ਸਤ ਕਰਤਾਰੀਏ, ਸੈਵ ਸੰਪ੍ਰਦਾਇ ਹਰ ਬੋਲ, ਹਰੀ ਚੰਦ੍ਰ ਕਾਚੂ ਕਟੀਏ, ਕਾਲੂ ਪੰਥੀ, ਕੁੰਭੀ ਪੰਥੀ, ਕੂੰਡਾ ਪੰਥੀ, ਕੂਕੜ ਖਾਕੀ ਮਤ ਗਰੀਬ ਦਾਸੀ, ਗੁੱਦੜ ਗਹਿਰ ਗੰਭਰੀਏ, ਗੋਸਾਂਈ, ਘੀਸਾ ਪੰਥੀ, ਚੋਲੀ ਪੰਥ, ਚਾਰਵਾਕ, ਚੂਹੜ ਪੰਥੀਏ, ਸਨਯਾਸੀ ਦਾਸ ਨਾਮੀ ਆਦਿ ਦਾਦੂ ਪੰਥੀ, ਦੇਵ ਸਮਾਜ, ਬ੍ਰਹਮ ਸਮਾਜ, ਆਰੀਆ ਸਮਾਜੀ, ਦੇਵੀ ਭਗਤ, ਦੰਗਲੀ ਦੰਡੀ, ਦੱਤਾ ਤ੍ਰੇਜ ਦੇ, ਅਨੇਕਾਂ ਪੰਥ, ਦਰਵੇਸ਼ ਪੰਥੀਏ, ਨਿਰੰਜਨੀਏ, ਅਨੇਕਾਂ ਪ੍ਰਕਾਰ ਦੇ ਜੋਗੀ ਔਰ ਨਾਥ ਪਲਟੂਦਾਸੀ, ਪੰਜ ਸਕਾਰੀਏ, ਬ੍ਰਹਮ ਸੰਪ੍ਰਦਾਵਾਂ, ਬਉਲ ਪੰਥੀ, ਵੈਰਾਗੀ ਰਾਮ ਸਨੇਹੀ, ਰਾਧਾ ਸੁਆਮੀਏ, ਵਾਮ ਮਾਰਗੀਏ, ਵੈਸਨਵਮਤ, ਰੁਦ੍ਰ ਸੰਪ੍ਰਦਾਵਾਂ, ਲੰਗਯਾਤ, ਇਕਰ ਦੇ ਭਾਰਤ ਵਿਚ ਤਿੰਨ ਚਾਰ ਸੌ ਫਿਰਕਾ ਹਨ ਜਿਸ ਦੇਸ਼ ਵਿਚ ਇਤਨੇ ਫਿਰਕੇ ਹੋਣ ਉਸ ਦਾ ਭਵਿਖਤ ਚੰਗਾ ਕਿਵੇਂ ਹੋ ਸਕਦਾ ਹੈ ? ਇਸ ਤਰ੍ਹਾਂ ਦੇ ਫਿਰਕੇ ਅਕਸਰ ਮੰਗ ਕੇ ਹੀ ਖਾਂਦੇ ਹਨ, ਇਹ ਦੇਸ਼ ਦਾ ਉਜਾੜਾ ਹੈ। ਇਕਰ ਮੁਸਲਮਾਨਾਂ, ਈਸਾਈਆਂ ਮੁਸਾਈਆਂ ਵਿਚ ਵੀ ਸੈਂਕੜੇ ਫਿਰਕੇਬੰਦੀਆਂ ਹਨ।

''ਮਹਿੰਦਰਾ ਆਰਟ ਪ੍ਰੈਸ'' ਕਚਹਿਰੀ ਰੋਡ ਲੁਧਿਆਣਾ ਵਿਚ
ਸ: ਮਹਿੰਦਰ ਸਿੰਘ ਪ੍ਰਿੰਟਰ ਦੇ ਯਤਨ ਨਾਲ ਛਪੀ।